ਐਤਵਾਰ, 1 ਨਵੰਬਰ, 2026
16 ਕੱਤਕ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 152

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • SUNDAY, 1 NOVEMBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 10+6=16

'ਆਪ' ਨੇ 40 ਮੌਜੂਦਾ ਵਿਧਾਇਕਾਂ ਨੂੰ ਬਣਾਇਆ ਉਮੀਦਵਾਰ

ਜੇਲ੍ਹ 'ਚ ਬੰਦ ਸੰਜੀਵ ਅਰੋੜਾ ਮੁੜ ਲੁਧਿਆਣਾ ਪੱਛਮੀ ਤੋਂ ਮੈਦਾਨ 'ਚ

ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)

ਆਮ ਆਦਮੀ ਪਾਰਟੀ ਨੇ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ 40 ਉਮੀਦਵਾਰਾਂ ਦੀ ਪਹਿਲੀ ਸੂਚੀ ਐਲਾਨ ਦਿੱਤੀ ਹੈ। ਜਾਰੀ ਸੂਚੀ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਅਸੈਂਬਲੀ ਹਲਕਾ ਧੂਰੀ ਤੋਂ ਚੋਣ ਲੜਨਗੇ, ਜਦੋਂ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਕੋਟਕਪੂਰਾ ਤੋਂ ਚੋਣ ਮੈਦਾਨ 'ਚ ਉਤਰਨਗੇ। ਮੁੱਖ ਮੰਤਰੀ ਨੂੰ ਮੁੜ ਧੂਰੀ ਤੋਂ ਉਮੀਦਵਾਰ ਬਣਾਏ ਜਾਣ ਨਾਲ ਉਨ੍ਹਾਂ ਸਿਆਸੀ ਚਰਚਾਵਾਂ ਨੂੰ ਬਰੇਕ ਲੱਗ ਗਈ ਹੈ, ਜਿਨ੍ਹਾਂ 'ਚ ਮੁੱਖ ਮੰਤਰੀ ਵੱਲੋਂ ਹਲਕਾ ਬਦਲੇ ਜਾਣ ਦੀ ਗੱਲ ਕਹੀ ਜਾ ਰਹੀ ਸੀ।

ਮੌਜੂਦਾ 40 ਪਾਰਟੀ ਵਿਧਾਇਕਾਂ ਨੂੰ ਮੁੜ ਉਮੀਦਵਾਰ ਬਣਾਇਆ ਹੈ, ਜਿਨ੍ਹਾਂ 'ਚ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਮੁੜ ਲੁਧਿਆਣਾ

ਪੱਛਮੀ ਤੋਂ ਉਮੀਦਵਾਰ ਐਲਾਨਿਆ ਹੈ। ਚਾਰ ਮੌਜੂਦਾ ਮਹਿਲਾ ਵਿਧਾਇਕਾਂ ਨੂੰ ਵੀ ਮੁੜ ਚੋਣ ਮੈਦਾਨ 'ਚ ਉਤਾਰਿਆ ਹੈ, ਜਿਨ੍ਹਾਂ ਵਿਚ ਮੋਗਾ ਤੋਂ ਡਾ. ਅਮਨਦੀਪ ਕੌਰ ਅਰੋੜਾ, ਨਕੋਦਰ ਤੋਂ ਇੰਦਰਜੀਤ ਕੌਰ ਮਾਨ, ਬਲਾਚੌਰ ਤੋਂ ਸੰਤੋਸ਼ ਕਟਾਰੀਆ ਅਤੇ ਤਲਵੰਡੀ ਸਾਬੋ ਤੋਂ ਬਲਜਿੰਦਰ ਕੌਰ ਦੇ ਨਾਂਅ ਸ਼ਾਮਲ ਹਨ। ਪਹਿਲੀ ਸੂਚੀ ਵਿਚ ਮਾਝੇ ਦੀਆਂ ਪੰਜ ਸੀਟਾਂ, ਦੁਆਬੇ ਦੀਆਂ 8 ਅੱਠ ਸੀਟਾਂ ਅਤੇ ਮਾਲਵੇ ਦੀਆਂ 27 ਸੀਟਾਂ ਤੋਂ ਉਮੀਦਵਾਰ ਐਲਾਨੇ ਗਏ ਹਨ। ਐਲਾਨੇ ਗਏ 40 ਉਮੀਦਵਾਰਾਂ ਵਿੱਚੋਂ 8 ਉਮੀਦਵਾਰ ਐੱਸ ਸੀ ਵਰਗ ਨਾਲ ਸੰਬੰਧਤ ਹਨ। ਇਨ੍ਹਾਂ ਵਿੱਚ ਬਲਕਾਰ ਸਿੰਘ (ਕਰਤਾਰਪੁਰ, ਜਲੰਧਰ), ਇਸ਼ਾਂਕ ਕੁਮਾਰ ਚੱਬੇਵਾਲ (ਚੱਬੇਵਾਲ, ਹੁਸ਼ਿਆਰਪੁਰ), ਗੁਰਿੰਦਰ ਸਿੰਘ 'ਗੈਰੀ' ਵੜਿੰਗ (ਅਮਲੋਹ, ਫਤਿਹਗੜ੍ਹ ਸਾਹਿਬ), ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਲੁਧਿਆਣਾ), ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਮੋਗਾ), ਅਮੋਲਕ ਸਿੰਘ (ਜੈਤੋ, ਫਰੀਦਕੋਟ), ਲਾਭ ਸਿੰਘ ਉਗੋਕੇ (ਭਦੌੜ, ਬਰਨਾਲਾ) ਅਤੇ ਕੁਲਵੰਤ ਸਿੰਘ (ਮਹਿਲ ਕਲਾਂ, ਬਰਨਾਲਾ) ਸ਼ਾਮਲ ਹਨ। ਉਮੀਦਵਾਰਾਂ ਦੀ ਪਹਿਲੀ ਸੂਚੀ ਐਲਾਨ ਕੇ ਆਮ ਆਦਮੀ ਪਾਰਟੀ ਨੇ ਪਹਿਲ ਕਰ ਦਿੱਤੀ ਹੈ। ਸ਼ਨੀਵਾਰ ਨੂੰ ਪਹਿਲੀ ਸੂਚੀ ਦੇ ਐਲਾਨ ਤੋਂ ਪਹਿਲਾਂ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਪ੍ਰਧਾਨਗੀ ਹੇਠ ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੀ ਮੀਟਿੰਗ ਹੋਈ, ਜਿਸ 'ਚ • ਬਾਕੀ ਸਫਾ 2 'ਤੇ

ਐਲਾਨੇ ਉਮੀਦਵਾਰਾਂ ਦੀ ਸੂਚੀ

ਬਟਾਲਾ - ਅਮਨਸ਼ੇਰ ਸਿੰਘ (ਸ਼ੈਰੀ ਕਲਸੀ), ਅਜਨਾਲਾ - ਕੁਲਦੀਪ ਸਿੰਘ ਧਾਲੀਵਾਲ, ਅੰਮ੍ਰਿਤਸਰ ਸਾਊਥ - ਡਾ. ਇੰਦਰਬੀਰ ਸਿੰਘ ਨਿੱਜਰ, ਤਰਨ ਤਾਰਨ - ਹਰਮੀਤ ਸਿੰਘ ਸੰਧੂ, ਖੇਮਕਰਨ-ਸਰਵਣ ਸਿੰਘ ਧੁਨ, ਨਕੋਦਰ -ਇੰਦਰਜੀਤ ਕੌਰ ਮਾਨ, ਕਰਤਾਰਪੁਰ - ਬਲਕਾਰ ਸਿੰਘ, ਦਸੂਹਾ - ਕਰਮਬੀਰ ਸਿੰਘ ਘੁੰਮਣ, ਉੜਮੁੜ - ਜਸਵੀਰ ਸਿੰਘ ਰਾਜਾ ਗਿੱਲ, ਹੁਸ਼ਿਆਰਪੁਰ - ਬ੍ਰਹਮ ਸ਼ੰਕਰ ਸ਼ਰਮਾ ਜ਼ਿੰਪਾ, ਚੱਬੇਵਾਲ - ਇਸ਼ਾਂਕ ਕੁਮਾਰ ਚੱਬੇਵਾਲ, ਗੜ੍ਹਸ਼ੰਕਰ - ਜੈ ਕਿਸ਼ਨ ਸਿੰਘ ਰੋੜੀ, ਬਲਾਚੌਰ -ਸੰਤੋਸ਼ ਕਟਾਰੀਆ, ਰੂਪਨਗਰ - ਦਿਨੇਸ਼ ਚੱਢਾ, ਐੱਸ ਏ ਐੱਸ ਨਗਰ—ਕੁਲਵੰਤ ਸਿੰਘ, ਫ਼ਤਿਹਗੜ੍ਹ ਸਾਹਿਬ - ਲਖਬੀਰ ਸਿੰਘ ਰਾਏ, ਅਮਲੋਹ-ਗੁਰਿੰਦਰ ਸਿੰਘ ਗੈਰੀ ਵੜਿੰਗ, ਸਮਰਾਲਾ - ਜਗਤਾਰ ਸਿੰਘ ਦਿਆਲਪੁਰਾ, • ਬਾਕੀ ਸਫਾ 2 'ਤੇ

.ਗਦਰੀ ਮੇਲੇ ਦੇ ਦੂਜੇ ਦਿਨ ਬਿਖੇਰੇ ਮਨਮੋਹਕ ਰੰਗ

• ਅੱਜ ਸਾਰਾ ਦਿਨ ਤੇ ਸਾਰੀ ਰਾਤ ਗੀਤ-ਸੰਗੀਤ ਤੇ ਵੰਨ-ਸੁਵੰਨੇ ਨਾਟਕ • ਡਾ. ਨਵਸ਼ਰਨ ਹੋਣਗੇ ਮੁੱਖ ਵਕਤਾ • ਦਰਸ਼ਨ ਖਟਕੜ ਲਹਿਰਾਉਣਗੇ .ਗਦਰੀ ਝੰਡਾ

ਜਲੰਧਰ (ਕੇਸਰ)-ਮੇਲਾ .ਗਦਰੀ ਬਾਬਿਆਂ ਦਾ ਦੂਜੇ ਦਿਨ ਵੰਨ-ਸੁਵੰਨੀਆਂ ਕਲਾ ਕਿਰਤਾਂ ਦੇ ਮੁਕਾਬਲੇ, ਕਵੀ ਦਰਬਾਰ ਅਤੇ ਫ਼ਿਲਮ ਸ਼ੋਅ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਦਾ ਹੋਇਆ ਪਹਿਲੀ ਨਵੰਬਰ ਨੂੰ ਤੀਜੇ ਅਤੇ ਸਿਖਰਲੇ ਦਿਨ ਸ਼ਾਨਾਮੱਤੇ ਅੰਦਾਜ਼ 'ਚ ਦਾਖ਼ਲ ਹੋ ਗਿਆ। ਦੂਜੇ ਦਿਨ ਦਾ ਆਗਾਜ਼ ਦੇਸ਼ ਭਗਤ ਯਾਦਗਾਰ ਹਾਲ 'ਚ ਲਿਫ਼ਟ ਲਾਏ ਜਾਣ ਨਾਲ ਹੋਇਆ। ਲਿਫ਼ਟ ਲਈ ਅਵਤਾਰ ਤਾਰੀ ਅਟਵਾਲ ਬਰਮਿੰਘਮ (ਯੂ ਕੇ) ਵੱਲੋਂ 13 ਲੱਖ ਰੁਪਏ ਦੀ ਸਹਾਇਤਾ ਭੇਜੇ ਜਾਣ ਦਾ ਦੇਸ਼ ਭਗਤ ਯਾਦਗਾਰ ਕਮੇਟੀ ਨੇ ਉਚੇਚਾ ਧੰਨਵਾਦ ਕੀਤਾ। ਇਸ ਮੌਕੇ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਜਿੱਥੇ ਦੂਜੇ ਦਿਨ ਮੇਲਾ ਪ੍ਰੇਮੀਆਂ ਨੂੰ ਮੁਬਾਰਕ ਦਿੱਤੀ, ਓਥੇ ਤਾਰੀ ਅਟਵਾਲ ਦੇ ਉੱਦਮ ਦੀ ਪੁਰਜ਼ੋਰ ਸ਼ਲਾਘਾ ਵੀ ਕੀਤੀ। ਸੁਰਿੰਦਰਪਾਲ ਕੋਟ ਗਰੇਵਾਲ ਨੇ ਮੇਲੇ 'ਤੇ ਸਭਨਾਂ ਨੂੰ ਮੁਬਾਰਕਬਾਦ ਦਿੱਤੀ। ਲਿਫ਼ਟ ਦਾ ਉਦਘਾਟਨ ਇੰਗਲੈਂਡ ਤੋਂ ਉਚੇਚੇ ਤੌਰ 'ਤੇ ਮੇਲੇ 'ਚ ਆਏ ਕੁਲਬੀਰ ਸੰਘੇੜਾ ਬਿਲਗਾ, ਅਜੀਤ ਰਾਮੇਵਾਲ, ਸੁਰਿੰਦਰਪਾਲ ਕੋਟ ਗਰੇਵਾਲ, ਉਹਨਾਂ ਦੀਆਂ ਭੈਣਾਂ ਅਤੇ ਭਰਾ ਸਭਨਾਂ ਨੇ ਕਮੇਟੀ ਦੇ ਅਹੁਦੇਦਾਰਾਂ, ਮੈਂਬਰਾਂ ਨਾਲ ਮਿਲ ਕੇ ਕੀਤਾ। ਕੁਇਜ਼ ਮੁਕਾਬਲੇ ਦੇ ਮੁੱਢਲੇ ਟੈਸਟ ਵਿੱਚ ਉਹਨਾਂ ਵਿਚੋਂ ਅੱਵਲ ਦਰਜਾ ਪ੍ਰਾਪਤ ਕਰਨ ਵਾਲੀਆਂ ਪੰਜ ਟੀਮਾਂ ਵਿੱਚ ਅੰਤਮ ਮੁਕਾਬਲਾ ਹੋਇਆ। ਕੁਇਜ਼ ਸੰਚਾਲਕ ਹਰਵਿੰਦਰ ਭੰਡਾਲ ਵੱਲੋਂ ਤਿੰਨ ਰਾਊਂਡ ਵਿੱਚ ਪੁੱਛੇ ਸੁਆਲਾਂ ਦੇ ਸਹੀ ਜੁਆਬ ਦੇਣ ਵਾਲੀਆਂ ਟੀਮਾਂ • ਬਾਕੀ ਸਫਾ 2 'ਤੇ

ਨਿਰਦੇਸ਼ਕ ਸੰਜੇ ਗੁਪਤਾ ਦਾ ਦੇਹਾਂਤ

ਮੁੰਬਈ (ਨ ਜ਼ ਸ)-'ਕਾਂਟੇ', 'ਸ਼ੂਟਆਊਟ ਐਟ ਲੋਖੰਡਵਾਲਾ' ਅਤੇ 'ਕਾਬਿਲ' ਵਰਗੀਆਂ ਬਿਹਤਰੀਨ ਫਿਲਮਾਂ ਦੇ ਨਿਰਦੇਸ਼ਕ ਸੰਜੇ ਗੁਪਤਾ ਦਾ ਸ਼ਨੀਵਾਰ ਇੱਥੇ ਉਨ੍ਹਾਂ ਦੀ ਰਿਹਾਇਸ਼ 'ਤੇ ਅਚਾਨਕ ਦੇਹਾਂਤ ਹੋ ਗਿਆ। ਉਹ 59 ਵਰ੍ਹਿਆਂ ਦੇ ਸਨ। ਘਰ ਅੰਦਰ ਅਚਾਨਕ ਪੈਰ ਤਿਲਕਣ ਕਾਰਨ ਉਨ੍ਹਾ ਦੇ ਸਿਰ 'ਤੇ ਡੂੰਘੀ ਸੱਟ ਲੱਗ ਗਈ ਸੀ, ਜੋ ਜਾਨਲੇਵਾ ਸਾਬਤ ਹੋਈ। ਉਨ੍ਹਾ ਦੇ ਕਰੀਬੀ ਦੋਸਤ ਅਤੇ ਫ਼ਿਲਮ ਨਿਰਦੇਸ਼ਕ ਮਿਲਾਪ ਜ਼ਾਵੇਰੀ ਨੇ ਇਸ ਦੁਖਦਾਈ ਖ਼ਬਰ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਹ ਬਹੁਤ ਵੱਡਾ ਸਦਮਾ ਹੈ। ਸੰਜੇ ਗੁਪਤਾ ਨੇ ਸਾਲ 1994 ਵਿੱਚ ਸੰਜੇ ਦੱਤ, ਆਦਿੱਤਿਆ ਪੰਚੋਲੀ ਅਤੇ ਰਵੀਨਾ ਟੰਡਨ ਸਟਾਰਰ ਫ਼ਿਲਮ 'ਆਤਿਸ਼: ਫੀਲ ਦ ਫਾਇਰ' ਰਾਹੀਂ ਬਤੌਰ ਨਿਰਦੇਸ਼ਕ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ। ਸਾਲ 2002 ਵਿੱਚ ਆਈ ਅਮਿਤਾਭ ਬੱਚਨ ਅਤੇ ਸੰਜੇ ਦੱਤ ਦੀ ਬਹੁ-ਚਰਚਿਤ ਫ਼ਿਲਮ 'ਕਾਂਟੇ' ਨੇ ਦਰਸ਼ਕਾਂ ਵਿੱਚ ਇੱਕ ਖ਼ਾਸ ਮੁਕਾਮ ਹਾਸਲ ਕੀਤਾ ਸੀ।

ਮੈਂ ਅੱਜ ਵੀ ਤੁਹਾਡਾ ਪ੍ਰਸੰਸਕ ਹਾਂ...

ਨਵੀਂ ਦਿੱਲੀ : ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਸਨਿੱਚਰਵਾਰ ਕਿਹਾ ਕਿ ਵਿਦਿਆਰਥੀ ਪ੍ਰਦਰਸ਼ਨਾਂ ਤੋਂ ਦੂਰੀ ਬਣਾਉਣ ਦੇ ਦਿਲਜੀਤ ਦੋਸਾਂਝ ਦੇ ਫੈਸਲੇ ਨੇ ਉਨ੍ਹਾ ਨੂੰ ਠੇਸ ਪਹੁੰਚਾਈ ਸੀ, ਪਰ ਗਾਇਕ ਲਈ ਉਨ੍ਹਾ ਦੀ ਪ੍ਰਸੰਸਾ ਬਰਕਰਾਰ ਹੈ। ਉਨ੍ਹਾ ਇਹ ਬਿਆਨ ਪੰਜਾਬੀ ਸੁਪਰਸਟਾਰ ਵੱਲੋਂ ਦਿੱਲੀ ਵਿੱਚ ਇੱਕ ਕੰਸਰਟ ਦੌਰਾਨ ਆਲੋਚਕਾਂ 'ਤੇ ਪਲਟਵਾਰ ਕਰਨ ਤੋਂ ਕੁਝ ਘੰਟਿਆਂ ਬਾਅਦ ਦਿੱਤਾ। ਸ਼ੁੱਕਰਵਾਰ ਸ਼ਾਮ ਜਵਾਹਰ ਲਾਲ ਨਹਿਰੂ ਸਟੇਡੀਅਮ ਵਿੱਚ ਹਜ਼ਾਰਾਂ ਪ੍ਰਸੰਸਕਾਂ ਨੂੰ ਸੰਬੋਧਨ ਕਰਦਿਆਂ ਦੋਸਾਂਝ ਨੇ ਆਪਣੀ 'ਮੈਂ ਇੱਕ ਕਲਾਕਾਰ ਹਾਂ, ਭਰਾ' ਵਾਲੀ ਟਿੱਪਣੀ ਦੁਹਰਾਈ, ਜਿਸ ਦੀ ਜੁਲਾਈ ਵਿੱਚ ਦੀਪਕੇ ਸਮੇਤ ਕਈ ਲੋਕਾਂ ਵੱਲੋਂ ਆਲੋਚਨਾ ਕੀਤੀ ਗਈ ਸੀ। ਦਿਲਜੀਤ ਨੇ ਇਸ ਬਾਰੇ ਵੀ ਗੱਲ ਕੀਤੀ ਕਿ ਕਿਵੇਂ ਉਨ੍ਹਾ ਦੀ ਫਿਲਮ 'ਸਤਲੁਜ' ਦਾ ਮਜ਼ਾਕ ਉਡਾਇਆ ਗਿਆ ਸੀ। ਇੰਸਟਾਗ੍ਰਾਮ 'ਤੇ ਪੋਸਟ ਕੀਤੇ ਗਏ ਇੱਕ ਬਿਆਨ ਵਿੱਚ ਦੀਪਕੇ ਨੇ ਕਿਹਾ, 'ਭਾਅ ਜੀ, ਜੂਨ ਵਿੱਚ ਜਦੋਂ ਅਸੀਂ ਵਿਰੋਧ ਪ੍ਰਦਰਸ਼ਨ ਕਰ ਰਹੇ ਸੀ, ਮੈਨੂੰ ਤੁਹਾਡੀ ਟਿੱਪਣੀ ਤੋਂ ਥੋੜ੍ਹੀ ਠੇਸ ਪਹੁੰਚੀ ਸੀ। ਇਸ ਲਈ ਨਹੀਂ ਕਿ ਮੇਰੇ ਮਨ ਵਿੱਚ ਤੁਹਾਡੇ ਪ੍ਰਤੀ ਨਿੱਜੀ ਤੌਰ 'ਤੇ ਕੁਝ ਸੀ, ਸਗੋਂ ਇਸ ਲਈ, ਕਿਉਂਕਿ ਮੈਂ ਹਮੇਸ਼ਾ ਤੁਹਾਨੂੰ ਅਜਿਹੇ ਵਿਅਕਤੀ ਵਜੋਂ ਦੇਖਿਆ ਹੈ, ਜੋ ਹੱਕਾਂ ਲਈ ਆਵਾਜ਼ ਉਠਾਉਂਦਾ ਹੈ, ਬਿਲਕੁਲ ਉਵੇਂ ਹੀ ਜਿਵੇਂ ਤੁਸੀਂ ਖੁਦ ਕਿਹਾ ਸੀ।'

ਇੰਡੀਆ ਬਲਾਕ ਨੇ ਗਿਆਨੇਸ਼ ਕੁਮਾਰ 'ਤੇ ਲਾਇਆ 'ਜਨਤਕ ਮਹਾਂਦੋਸ਼'

ਨਵੀਂ ਦਿੱਲੀ (ਨ ਜ਼ ਸ)

ਰਾਸ਼ਟਰ ਗੀਤ, 'ਜਨ ਗਣ ਮਨ, ਨੇ ਸ਼ਨੀਵਾਰ ਇੱਕ ਅਸਾਧਾਰਨ ਰਾਜਨੀਤਕ ਕਾਰਵਾਈ ਲਈ ਸੁਰ ਤੈਅ ਕੀਤੀ, ਜਦੋਂ ਇੰਡੀਆ ਬਲਾਕ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ 'ਤੇ 'ਜਨਤਕ ਮਹਾਂਦੋਸ਼' ਦਾ ਆਯੋਜਨ ਕਰਨ ਲਈ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦੇ ਨਿਵਾਸ ਸਥਾਨ 'ਤੇ ਇੱਕ ਮੌਕ ਸੰਸਦ ਬੁਲਾਈ, ਜਿਸ ਵਿੱਚ ਉਨ੍ਹਾਂ 'ਤੇ ਵੋਟਰ ਸੂਚੀਆਂ ਤੋਂ ਵੋਟਰਾਂ ਦੇ ਵੱਡੇ ਪੱਧਰ 'ਤੇ ਨਾਂਅ ਹਟਾਉਣ ਅਤੇ ਨਰਿੰਦਰ ਮੋਦੀ ਸਰਕਾਰ ਦੇ ਇਸ਼ਾਰੇ 'ਤੇ ਕੰਮ ਕਰਨ ਦਾ ਦੋਸ਼ ਲਗਾਇਆ ਗਿਆ। ਸਾਬਕਾ ਲੋਕ ਸਭਾ ਸਪੀਕਰ ਮੀਰਾ ਕੁਮਾਰ ਦੇ 10 ਰਾਜਾਜੀ ਮਾਰਗ 'ਤੇ ਕਾਰਵਾਈ ਦੀ ਪ੍ਰਧਾਨਗੀ ਕਰਨ ਦੇ ਨਾਲ, ਖੜਗੇ ਨੇ ਗਿਆਨੇਸ਼ ਕੁਮਾਰ ਦੇ ਖਿਲਾਫ ਪ੍ਰਸਤਾਵ ਪੇਸ਼ ਕੀਤਾ, ਜਿਸ ਵਿੱਚ 6 ਦੋਸ਼ ਲਗਾਏ ਗਏ ਅਤੇ ਉਨ੍ਹਾਂ ਨੂੰ ਹਟਾਉਣ ਦੀ ਮੰਗ ਕੀਤੀ ਗਈ। ਮੌਕ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੀ ਮੌਜੂਦ ਸਨ। ਕਾਰਵਾਈ ਦੀ ਸ਼ੁਰੂਆਤ ਕਰਦੇ ਹੋਏ, ਮੀਰਾ ਕੁਮਾਰ ਨੇ ਕਿਹਾ ਕਿ ਲੋਕ ਸਭਾ ਇਸ ਲਈ ਬੁਲਾਈ ਗਈ ਹੈ, ਕਿਉਂਕਿ ਕਰੋੜਾਂ ਵੋਟਰਾਂ ਨੂੰ ਪਾਰਦਰਸ਼ਤਾ ਜਾਂ ਜਵਾਬਦੇਹੀ ਤੋਂ ਬਿਨਾਂ ਵੋਟਰ ਸੂਚੀਆਂ ਤੋਂ ਹਟਾਇਆ ਜਾ ਰਿਹਾ ਹੈ। 'ਇਹ ਸਦਨ ਗਿਆਨੇਸ਼ ਕੁਮਾਰ ਵਿਰੁੱਧ ਜਨਤਕ ਮਹਾਂਦੋਸ਼ ਦੀ ਕਾਰਵਾਈ ਲਈ ਬੁਲਾਇਆ ਗਿਆ ਹੈ,' ਉਸ ਨੇ ਕਿਹਾ। ਇਹ ਵੀ ਕਿਹਾ ਕਿ ਇੰਡੀਆ ਬਲਾਕ ਵੱਲੋਂ ਵੋਟਰ ਸੂਚੀਆਂ ਵਿਚੋਂ ਹਟਾਏ ਨਾਵਾਂ ਬਾਰੇ ਉਠਾਏ ਗਏ ਸਵਾਲਾਂ ਦੇ ਤਸੱਲੀਬਖ਼ਸ਼ ਜਵਾਬ ਨਹੀਂ ਮਿਲੇ ਹਨ। ਵੋਟ ਪਾਉਣ ਦੇ ਅਧਿਕਾਰ ਦੀ ਮਹੱਤਤਾ ਦਾ ਜ਼ਿਕਰ ਕਰਦੇ ਹੋਏ ਮੀਰਾ ਕੁਮਾਰ ਨੇ ਕਿਹਾ, 'ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਅਤੇ ਦੂਜੇ ਦੇਸ਼ ਇਸ ਦੀ ਲੋਕਤੰਤਰੀ ਪ੍ਰਣਾਲੀ ਵੱਲ ਦੇਖਦੇ ਹਨ। ਹਰ ਕਿਸੇ ਨੂੰ ਵੋਟ ਪਾਉਣ ਦਾ ਅਧਿਕਾਰ ਹੈ। ਸਾਡਾ ਲੋਕਤੰਤਰ ਚੋਣਾਂ ਦੀ ਤਾਕਤ 'ਤੇ ਕੰਮ ਕਰਦਾ ਹੈ। ਜੇਕਰ ਇੱਕ ਵੀ ਵੋਟਰ ਨੂੰ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਕੀਤਾ ਜਾਂਦਾ ਹੈ, ਤਾਂ ਸਾਡੇ ਲੋਕਤੰਤਰ ਦੀ ਆਤਮਾ ਨੂੰ ਠੇਸ ਪਹੁੰਚਦੀ ਹੈ।' ਪ੍ਰਸਤਾਵ ਪੇਸ਼ ਕਰਦੇ ਹੋਏ ਖੜਗੇ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 326 ਅਧੀਨ ਗਰੰਟੀਸ਼ੁਦਾ ਵੋਟ ਪਾਉਣ ਦਾ ਅਧਿਕਾਰ ਗੰਭੀਰ ਖ਼ਤਰੇ ਵਿੱਚ ਹੈ। ਉਸ ਸੀ ਈ ਸੀ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਨਿਰਦੇਸ਼ਾਂ ਹੇਠ ਕੰਮ ਕਰਨ ਦਾ ਦੋਸ਼ ਲਗਾਇਆ। ਉਹਨਾ ਕਿਹਾ ਕਿ ਅਸੀਂ ਲੋਕਤੰਤਰ ਲਈ ਲੜ ਰਹੇ ਹਾਂ। ਸੀ ਈ ਸੀ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਿਹਾ ਹੈ। ਸੱਤ ਮਹੀਨੇ ਪਹਿਲਾਂ 193 ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਉਨ੍ਹਾ • ਬਾਕੀ ਸਫਾ 2 'ਤੇ

ਰਾਮਲੀਲ੍ਹਾ ਮੈਦਾਨ 'ਚ ਇੰਡੀਆ ਬਲਾਕ ਦੀ ਰੈਲੀ ਅੱਜ, ਟਰੈਫਿਕ ਪਾਬੰਦੀਆਂ ਲਾਗੂ

ਨਵੀਂ ਦਿੱਲੀ (ਨ ਜ਼ ਸ)-ਇੰਡੀਆ ਬਲਾਕ ਵੱਲੋਂ 'ਵੋਟ ਚੋਰੀ' ਦੇ ਮੁੱਦੇ 'ਤੇ ਰਾਮਲੀਲ੍ਹਾ ਮੈਦਾਨ ਵਿਖੇ ਪਹਿਲੀ ਨਵੰਬਰ ਨੂੰ 'ਮੈਗਾ ਰੈਲੀ' ਕੀਤੀ ਜਾ ਰਹੀ ਹੈ। ਮਿੰਟੋ ਰੋਡ-ਕਨਾਟ ਪਲੇਸ ਜੰਕਸ਼ਨ ਤੋਂ ਰਾਮਲੀਲ੍ਹਾ ਮੈਦਾਨ ਤੱਕ ਮਾਰਚ ਕੱਢਣ ਦੀ ਵੀ ਯੋਜਨਾ ਹੈ। ਬਲਾਕ ਵੱਲੋਂ ਵੋਟਰ ਸੂਚੀ ਬੇਨਿਯਮੀਆਂ ਨੂੰ ਲੈ ਕੇ ਮੁੱਖ ਚੋਣ ਕਮਿਸ਼ਨਰ (ਸੀ ਈ ਸੀ) ਗਿਆਨੇਸ਼ ਕੁਮਾਰ ਦੇ ਅਸਤੀਫੇ ਤੇ ਵਿਸ਼ੇਸ਼ ਵੋਟਰ ਸੁਧਾਈ (ਐੱਸ ਆਈ ਆਰ) ਰੱਦ ਕਰਨ ਦੀ ਮੰਗ ਨੂੰ ਲੈ ਕੇ ਅੰਦੋਲਨ ਚਲਾਇਆ ਜਾ ਰਿਹਾ ਹੈ। ਇੰਡੀਆ ਬਲਾਕ ਦੀ ਰੈਲੀ ਕਾਰਨ ਆਵਾਜਾਈ ਦੇ ਰੂਟ ਬਦਲੇ ਗਏ ਹਨ ਤੇ ਕੁਝ ਰੂਟਾਂ 'ਤੇ ਟਰੈਫਿਕ ਪਾਬੰਦੀਆਂ ਲਾਗੂ ਕੀਤੀਆਂ ਗਈਆਂ ਹਨ। ਕੇਂਦਰੀ ਦਿੱਲੀ ਦੇ ਮੁੱਖ ਚੌਰਾਹਿਆਂ 'ਤੇ ਟਰੈਫਿਕ ਡਾਇਵਰਸ਼ਨ ਲਾਗੂ ਕੀਤੇ ਜਾਣਗੇ, ਜਿਨ੍ਹਾਂ ਵਿੱਚ ਨੇਤਾ ਜੀ ਸੁਭਾਸ਼ ਮਾਰਗ ਟੀ-ਪੁਆਇੰਟ, ਰਾਜਘਾਟ, ਦਿੱਲੀ ਗੇਟ, ਆਈ ਟੀ ਓ ਏ-ਪੁਆਇੰਟ, ਅਜਮੇਰੀ ਗੇਟ ਰੈੱਡ ਲਾਈਟ, ਰਣਜੀਤ ਸਿੰਘ ਫਲਾਈਓਵਰ, ਝੰਡੇਵਾਲਨ ਚੌਕ, ਤੁਰਕਮਾਨ ਗੇਟ ਅਤੇ ਮੀਰਦਾਰ ਚੌਕ ਸ਼ਾਮਲ ਹਨ। ਪੁਲਸ ਨੇ ਕਿਹਾ ਕਿ ਰਾਮਲੀਲ੍ਹਾ ਮੈਦਾਨ ਵਿੱਚ ਇੰਡੀਆ ਬਲਾਕ ਰੈਲੀ ਦੇ ਮੱਦੇਨਜ਼ਰ 1 ਨਵੰਬਰ ਨੂੰ ਦਿੱਲੀ ਦੇ ਕੁਝ ਹਿੱਸਿਆਂ ਵਿੱਚ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਟਰੈਫਿਕ ਪਾਬੰਦੀਆਂ ਲਾਗੂ ਰਹਿਣਗੀਆਂ। ਦਿੱਲੀ ਟਰੈਫਿਕ ਪੁਲਸ ਨੇ ਕਿਹਾ ਕਿ ਆਈ ਟੀ ਓ ਅਤੇ ਦਿੱਲੀ ਗੇਟ ਦੇ ਵਿਚਕਾਰ ਬਹਾਦਰ ਸ਼ਾਹ ਜ਼ਫਰ ਮਾਰਗ, ਰਾਜਘਾਟ ਅਤੇ ਅਜਮੇਰੀ ਗੇਟ ਦੇ ਵਿਚਕਾਰ ਜਵਾਹਰ ਲਾਲ ਨਹਿਰੂ ਮਾਰਗ, ਅਰੁਣਾ ਆਸਫ ਅਲੀ ਰੋਡ, ਮਿੰਟੋ ਰੋਡ, ਦੇਸ਼ ਬੰਧੂ ਗੁਪਤਾ ਰੋਡ ਅਤੇ ਬਾਰਾਖੰਬਾ ਰੋਡ ਦੇ ਨਾਲ-ਨਾਲ ਕਮਲਾ • ਬਾਕੀ ਸਫਾ 2 'ਤੇ

ਮੁੱਖ ਮੁਕਾਬਲਾ ਕਾਂਗਰਸ ਤੇ 'ਆਪ' ਵਿਚਕਾਰ : ਪਾਇਲਟ

ਨਵੀਂ ਦਿੱਲੀ : ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਅਤੇ ਪੰਜਾਬ ਇੰਚਾਰਜ ਸਚਿਨ ਪਾਇਲਟ ਨੇ ਸਪੱਸ਼ਟ ਕੀਤਾ ਹੈ ਕਿ ਕਾਂਗਰਸ ਕਿਸੇ ਇੱਕ ਚਿਹਰੇ ਜਾਂ ਕੁਝ ਆਗੂਆਂ 'ਤੇ ਨਿਰਭਰ ਪਾਰਟੀ ਨਹੀਂ। ਮੀਡੀਆ ਨਾਲ ਇੱਕ ਵਿਸ਼ੇਸ਼ ਇੰਟਰਵਿਊ ਵਿੱਚ ਪਾਇਲਟ ਨੇ ਪਾਰਟੀ ਵਿੱਚ ਅੰਦਰੂਨੀ ਧੜੇਬੰਦੀ ਦੇ ਦੋਸ਼ਾਂ ਨੂੰ ਖਾਰਜ ਕਰਦਿਆਂ ਇਸ ਨੂੰ 'ਚੰਗਾ ਮੁਕਾਬਲਾ' ਕਰਾਰ ਦਿੱਤਾ। ਪਾਰਟੀ ਦੇ ਸੂਬਾ ਪ੍ਰਧਾਨ ਪਰਗਟ ਸਿੰਘ ਦੀ ਮਿਸਾਲ ਦਿੰਦਿਆਂ ਉਨ੍ਹਾ ਕਿਹਾ ਕਿ ਕਾਂਗਰਸ ਟੀਮ ਭਾਵਨਾ ਨਾਲ ਚੋਣ ਮੈਦਾਨ ਵਿੱਚ ਉਤਰੇਗੀ। ਉਨ੍ਹਾ ਕਿਹਾ ਕਿ ਕੈਪਟਨ ਉਦੋਂ ਹੀ ਮਜ਼ਬੂਤ ਹੁੰਦਾ ਹੈ, ਜਦੋਂ ਉਸ ਦੀ ਟੀਮ ਉਸ ਦੇ ਨਾਲ ਹੋਵੇ।

ਮੁੱਖ ਮੰਤਰੀ ਦੇ ਚਿਹਰੇ ਬਾਰੇ ਪਾਇਲਟ ਨੇ ਕਿਹਾ ਕਿ ਵਿਰੋਧੀ ਧਿਰ ਵਿੱਚ ਹੁੰਦਿਆਂ ਲੀਡਰਸ਼ਿਪ ਸਮੂਹਿਕ ਹੁੰਦੀ ਹੈ, ਜਿਸ ਵਿੱਚ ਵਿਰੋਧੀ ਧਿਰ ਦੇ ਨੇਤਾ, ਸੂਬਾ ਪ੍ਰਧਾਨ ਅਤੇ ਸੀਨੀਅਰ ਆਗੂ ਸ਼ਾਮਲ ਹੁੰਦੇ ਹਨ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਬੋਲਦਿਆਂ ਪਾਇਲਟ ਨੇ ਕਿਹਾ ਕਿ ਭਾਜਪਾ 'ਚ ਸ਼ਾਮਲ ਹੋਣਾ ਉਨ੍ਹਾ ਦਾ ਨਿੱਜੀ ਫੈਸਲਾ ਸੀ, ਪਰ ਉਹ ਉੱਥੇ ਖੁਸ਼ ਨਹੀਂ ਹਨ। ਉਨ੍ਹਾ ਦਾਅਵਾ ਕੀਤਾ ਕਿ ਪੰਜਾਬ ਭਾਜਪਾ ਦੇ ਜ਼ਿਆਦਾਤਰ ਪ੍ਰਮੁੱਖ ਚਿਹਰੇ ਸਾਬਕਾ ਕਾਂਗਰਸੀ ਹੀ ਹਨ।

ਸਚਿਨ ਪਾਇਲਟ ਨੇ ਸੂਬੇ ਦੀ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖੇ ਹਮਲੇ ਕੀਤੇ। ਉਨ੍ਹਾ ਦੋਸ਼ ਲਾਇਆ ਕਿ 'ਆਪ' ਨੇ 2022 ਵਿੱਚ ਮਿਲੇ 92 ਸੀਟਾਂ ਦੇ ਇਤਿਹਾਸਕ ਫਤਵੇ ਨੂੰ ਗਵਾ ਦਿੱਤਾ ਹੈ। ਪੰਜਾਬ ਵਿੱਚ ਨਸ਼ੇ ਦੀ ਸਮੱਸਿਆ • ਬਾਕੀ ਸਫਾ 2 'ਤੇ

ਕਾਰ ਖੱਡ 'ਚ ਡਿੱਗਣ ਕਾਰਨ 5 ਮੌਤਾਂ

ਸ਼ਿਮਲਾ (ਨ ਜ਼ ਸ)-ਸ਼ਨੀਵਾਰ ਇੱਥੇ ਇਕ ਕਾਰ ਖੱਡ ਵਿੱਚ ਡਿੱਗਣ ਕਾਰਨ ਇੱਕ ਵਿਅਕਤੀ ਅਤੇ ਉਸ ਦੀ ਮਾਂ ਸਮੇਤ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਹੋਰ ਜ਼ਖਮੀ ਹੋ ਗਿਆ। ਇਹ ਹਾਦਸਾ ਦਰੋਟੀ ਖੇਤਰ ਦੇ ਪਾਨੂ ਨਾਲੇ ਨੇੜੇ ਵਾਪਰਿਆ, ਜਦੋਂ ਉਹ ਵਿਅਕਤੀ ਆਪਣੀ ਮਾਂ ਸਮੇਤ ਕੁਝ ਮਜ਼ਦੂਰਾਂ ਨੂੰ ਆਪਣੇ ਖੇਤ ਵਿੱਚ ਕੰਮ ਲਈ ਲੈ ਜਾ ਰਿਹਾ ਸੀ। ਕੁਸ਼ਲ ਅਤੇ ਉਸ ਦੀ ਮਾਂ ਕਲਪਨਾ ਦੇਵੀ ਦੋਵੇਂ ਦਰੋਟੀ ਦੇ ਵਸਨੀਕ ਹਾਦਸੇ ਵਿੱਚ ਮਾਰੇ ਗਏ। ਪੁਲਸ ਨੇ ਕਿਹਾ ਕਿ ਨੇਪਾਲ ਦੀਆਂ ਤਿੰਨ ਔਰਤਾਂ ਨਿਰਮਲਾ, ਮੀਨਾ ਅਤੇ ਰੋਸ਼ਨੀ, ਜੋ ਕਿ ਇਲਾਕੇ ਵਿੱਚ ਮਜ਼ਦੂਰੀ ਦੇ ਕੰਮ ਵਿੱਚ ਲੱਗੀਆਂ ਹੋਈਆਂ ਸਨ, ਦੀ ਵੀ ਮੌਤ ਹੋ ਗਈ।

ਰਿਸ਼ਤਾ ਟੁੱਟਣ ਦੀ ਸੂਰਤ 'ਚ ਬਲਾਤਕਾਰ ਦੇ ਦੋਸ਼ ਅਣਉਚਿਤ : ਸੁਪਰੀਮ ਕੋਰਟ

ਨਵੀਂ ਦਿੱਲੀ (ਨ ਜ਼ ਸ)-'ਰਿਸ਼ਤੇ ਅਸਫਲ ਹੋਣ 'ਤੇ ਨਿਆਂ ਪ੍ਰਣਾਲੀ ਨੂੰ ਬਦਲਾ ਲੈਣ ਦੇ ਸਾਧਨ ਵਜੋਂ ਨਹੀਂ ਵਰਤਿਆ ਜਾ ਸਕਦਾ।' ਜਸਟਿਸ ਨਾਗਰਥਨਾ ਦੀ ਅਗਵਾਈ ਵਾਲੇ ਬੈਂਚ ਨੇ ਇਹ ਟਿੱਪਣੀ ਕੇਰਲਮ ਹਾਈ ਕੋਰਟ ਦੇ ਹੁਕਮਾਂ ਵਿਰੁੱਧ ਇੱਕ ਕੇਰਲਮ ਵਾਸੀ ਵਿਅਕਤੀ ਦੀ ਅਪੀਲ ਨੂੰ ਮਨਜ਼ੂਰੀ ਦਿੰਦੇ ਹੋਏ ਕੀਤੀ। ਬੈਂਚ ਨੇ ਉਸ ਨੂੰ ਬਲਾਤਕਾਰ, ਦੋ-ਵਿਆਹ ਅਤੇ ਧੋਖਾਧੜੀ ਦੇ ਦੋਸ਼ਾਂ ਤੋਂ ਮੁਕਤ ਕਰ ਦਿੱਤਾ। ਇਹ ਮੰਨਦੇ ਹੋਏ ਕਿ ਰਿਸ਼ਤੇ ਦੀ ਅਸਫਲਤਾ ਬਲਾਤਕਾਰ ਦਾ ਕੇਸ ਦਰਜ ਕਰਨ ਦਾ ਕੋਈ ਆਧਾਰ ਨਹੀਂ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਸਮਾਜ ਅਤੇ ਅਦਾਲਤਾਂ ਨੂੰ ਦੋ ਸਹਿਮਤੀ ਵਾਲੇ ਬਾਲਗਾਂ ਵਿਚਕਾਰ ਭਾਵਨਾਤਮਕ ਝਗੜੇ ਦੇ ਬਾਅਦ ਅਪਰਾਧਿਕ ਕਾਨੂੰਨ ਦੇ ਹਥਿਆਰਾਂ ਨੂੰ ਨਿਰ ਉਤਸ਼ਾਹਤ ਕਰਨਾ ਚਾਹੀਦਾ ਹੈ। ਜਸਟਿਸ ਬੀ ਵੀ ਨਾਗਰਥਨਾ ਅਤੇ ਜਸਟਿਸ ਆਰ ਮਹਾਦੇਵਨ ਦੇ ਬੈਂਚ ਨੇ ਕਿਹਾ, 'ਬਲਾਤਕਾਰ, ਇੱਕ ਘਿਨਾਉਣਾ ਅਪਰਾਧ ਹੋਣ ਕਰਕੇ ਉਹਨਾਂ ਸਥਿਤੀਆਂ ਲਈ ਰਾਖਵਾਂ ਰੱਖਿਆ ਜਾਣਾ ਚਾਹੀਦਾ ਹੈ, ਜਿੱਥੇ ਅਸਲ ਜਿਨਸੀ ਹਿੰਸਾ, ਜ਼ਬਰਦਸਤੀ ਜਾਂ ਸਹਿਮਤੀ ਨਾਲ ਹੇਰਾਫੇਰੀ ਹੁੰਦੀ ਹੈ। ਜਦੋਂ ਹਰ ਸਹਿਮਤੀ ਵਾਲਾ ਰਿਸ਼ਤਾ, ਜਿਸ ਨੂੰ ਸਰੋਤ ਬਣਾਇਆ ਜਾਂਦਾ ਹੈ, ਬਲਾਤਕਾਰ ਦੇ ਦੋਸ਼ ਵਿੱਚ ਬਦਲ ਜਾਂਦਾ ਹੈ, ਇਹ ਨਾ ਸਿਰਫ ਕਥਿਤ ਅਪਰਾਧ ਦੀ ਗੰਭੀਰਤਾ ਨੂੰ ਪਤਲਾ ਕਰਦਾ ਹੈ ਜਾਂ ਅਪਰਾਧ ਦੇ ਦੋਸ਼ ਨੂੰ ਹੀ ਨਕਾਰਦਾ ਹੈ। ਇਹ ਦੋਸ਼ੀ ਨੂੰ ਨਾ-ਮੁੜਨਯੋਗ ਕਲੰਕ, ਪਰੇਸ਼ਾਨੀ ਅਤੇ ਬੇਇਨਸਾਫ਼ੀ ਦਾ ਸ਼ਿਕਾਰ ਵੀ ਬਣਾਉਂਦਾ ਹੈ।' ਸਿਖਰਲੀ ਅਦਾਲਤ ਨੇ ਕਿਹਾ, 'ਅਜਿਹੇ ਮਾਮਲਿਆਂ ਵਿੱਚ ਅਪਰਾਧਿਕ ਨਿਆਂ ਪ੍ਰਕਿਰਿਆ ਦੀ ਦੁਰਵਰਤੋਂ ਗੰਭੀਰ ਚਿੰਤਾ ਦਾ ਵਿਸ਼ਾ ਹੈ ਅਤੇ ਇਸ ਦੀ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਇਸ ਲਈ ਅਦਾਲਤਾਂ ਨੂੰ ਪੂਰੇ ਰਿਸ਼ਤੇ ਨੂੰ ਇਸ ਦੇ ਅੰਤ ਦੇ ਦ੍ਰਿਸ਼ਟੀਕੋਣ ਤੋਂ ਦੇਖਣ ਦੀ ਬਜਾਏ ਸੰਪੂਰਨ ਤੌਰ 'ਤੇ ਦੇਖਣਾ ਹੋਵੇਗਾ।'

ਅੱਜ-ਨਾਮਾ

ਵਿਰੋਧੀ ਦਲਾਂ ਸੀ ਦਿੱਲੀ 'ਚ ਲਾਈ ਸੰਸਦ,
ਖੁੱਲ੍ਹਾ ਵਕਤ ਸੀ ਕਰਨ ਲਈ ਗੱਲ ਬੇਲੀ।
ਮਸਲੇ ਚਰਚਿਤ ਵਿਚਾਰੇ ਗਏ ਕੁੱਲ ਸਾਰੇ,
ਵਜਾਇਆ ਦੇਸ਼ ਦੇ ਸਾਹਮਣੇ ਟੱਲ ਬੇਲੀ।
ਜਨਤਾ ਤੀਕ ਆ ਬਾਤ ਜਦ ਆਣ ਪਹੁੰਚੀ,
ਚਲੀ ਗਈ ਹੋਣੀ ਸਰਕਾਰ ਦੇ ਵੱਲ ਬੇਲੀ।
ਵਿਰੋਧੀ ਧਿਰਾਂ ਗਿਣਾਏ ਕਈ ਮੂਲ ਮਸਲੇ,
ਪੁੱਛਿਆ ਮਗਰੋਂ ਸਰਕਾਰ ਤੋਂ ਹੱਲ ਬੇਲੀ।
ਜਿਹੜੇ ਵੀ ਮੁੱਦੇ ਵਿਰੋਧ ਦੀ ਧਿਰ ਕਹਿੰਦੀ,
ਦੇਸ਼ ਵਿੱਚ ਲੋਕ ਜਾਂ ਜਾਣੇ ਸਰਕਾਰ ਬੇਲੀ।
ਚਰਚਾ ਕਰਨ ਲਈ ਸੰਸਦ ਤਾਂ ਕਰ ਦਿੱਤੀ,
ਪੁੱਜਣਾ ਸਿਰੇ ਨਹੀਂ ਕਿਸੇ ਤਕਰਾਰ ਬੇਲੀ।

-ਤੀਸ ਮਾਰ ਖਾਂ

ਕਾਂਗਰਸ ਵੱਲੋਂ 2027 ਵਿਧਾਨ ਸਭਾ ਚੋਣਾਂ 'ਤੇ ਮੰਥਨ

ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ 4 ਨਵੰਬਰ ਨੂੰ ਸੰਗਰੂਰ ਵਿਖੇ ਹੋਣ ਵਾਲੀ 'ਇਨਸਾਫ਼ ਰੈਲੀ' ਦੀਆਂ ਤਿਆਰੀਆਂ ਤੇ ਸਾਲ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੀ ਸਿਆਸੀ ਰਣਨੀਤੀ ਘੜਨ ਲਈ ਸ਼ਨੀਵਾਰ ਪਾਰਟੀ ਦੇ ਮੁੱਖ ਦਫ਼ਤਰ ਇੰਦਰਾ ਭਵਨ ਵਿਖੇ ਸੂਬਾਈ ਲੀਡਰਸ਼ਿਪ ਨਾਲ ਉਚ-ਪੱਧਰੀ ਮੀਟਿੰਗ ਕੀਤੀ। ਆਲ ਇੰਡੀਆ ਕਾਂਗਰਸ ਕਮੇਟੀ (ਏ ਆਈ ਸੀ ਸੀ) ਦੇ ਜਨਰਲ ਸਕੱਤਰ (ਜਥੇਬੰਦਕ) ਕੇ ਸੀ ਵੇਣੂਗੋਪਾਲ ਦੀ ਮੌਜੂਦਗੀ ਵਿੱਚ ਹੋਈ ਇਸ ਵਿਸ਼ੇਸ਼ ਮੀਟਿੰਗ ਵਿੱਚ ਪੰਜਾਬ ਮਾਮਲਿਆਂ ਦੇ ਇੰਚਾਰਜ ਸਚਿਨ ਪਾਇਲਟ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪਰਗਟ ਸਿੰਘ, ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਸਿੰਘ ਰੰਧਾਵਾ ਅਤੇ ਵਿਜੈ ਇੰਦਰ ਸਿੰਗਲਾ ਸਮੇਤ ਕਈ ਸੀਨੀਅਰ ਆਗੂ ਸ਼ਾਮਲ ਹੋਏ। ਮੀਟਿੰਗ ਦੌਰਾਨ ਮੁੱਖ ਤੌਰ 'ਤੇ ਸੰਗਰੂਰ ਰੈਲੀ ਦੀ ਸਫ਼ਲਤਾ ਅਤੇ ਸੂਬੇ ਦੀ ਹਾਕਮ ਧਿਰ ਆਮ ਆਦਮੀ ਪਾਰਟੀ ਨੂੰ ਘੇਰਨ ਲਈ ਜ਼ਮੀਨੀ ਪੱਧਰ 'ਤੇ ਲਾਮਬੰਦੀ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਖੜਗੇ ਨੇ 'ਆਪ' ਸਰਕਾਰ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਪੰਜਾਬ ਦੇ ਲੋਕ ਇੱਕ ਨਿਰਣਾਇਕ ਸਿਆਸੀ ਤਬਦੀਲੀ ਵੱਲ ਵੇਖ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਹਾਕਮ ਧਿਰ ਨੇ ਵੱਡੇ-ਵੱਡੇ ਵਾਅਦੇ ਕਰਕੇ ਲੋਕਾਂ ਨਾਲ ਵਿਸ਼ਵਾਸਘਾਤ ਕੀਤਾ ਹੈ ਅਤੇ ਸੂਬੇ ਵਿੱਚ ਭ੍ਰਿਸ਼ਟਾਚਾਰ, ਨਸ਼ਿਆਂ ਦਾ ਕਹਿਰ, ਗੈਂਗਸਟਰਵਾਦ ਅਤੇ ਅਸੁਰੱਖਿਆ ਦਾ ਮਾਹੌਲ ਬਣ ਚੁੱਕਾ ਹੈ। ਖੜਗੇ ਨੇ ਦਾਅਵਾ ਕੀਤਾ ਕਿ ਪੰਜਾਬ ਦੀ ਗੁਆਚੀ ਸ਼ਾਨ ਬਹਾਲ ਕਰਨ, ਤਰੱਕੀ ਅਤੇ ਅਮਨ-ਸ਼ਾਂਤੀ ਕਾਇਮ ਕਰਨ ਲਈ ਕਾਂਗਰਸ ਪਾਰਟੀ ਕੋਈ ਕਸਰ ਬਾਕੀ ਨਹੀਂ ਛੱਡੇਗੀ। ਕੇ ਸੀ ਵੇਣੂਗੋਪਾਲ ਨੇ ਕਿਹਾ ਕਿ ਰਾਹੁਲ ਗਾਂਧੀ ਅਤੇ ਖੜਗੇ ਦੀ ਅਗਵਾਈ ਹੇਠ ਹੋਏ ਇਸ ਮੰਥਨ ਵਿੱਚ ਵਿਧਾਨ ਸਭਾ ਚੋਣਾਂ ਦੀ ਰੂਪ-ਰੇਖਾ ਉਲੀਕੀ ਗਈ ਹੈ। ਉਨ੍ਹਾ ਦਾਅਵਾ ਕੀਤਾ ਕਿ ਕਾਂਗਰਸ ਨੇ ਹਮੇਸ਼ਾ ਤਜਰਬੇ ਅਤੇ ਇਮਾਨਦਾਰੀ ਨਾਲ ਪੰਜਾਬ ਦੀ ਸੇਵਾ ਕੀਤੀ ਹੈ ਅਤੇ ਸੂਬੇ ਦੀ ਜਨਤਾ 2027 ਦੀਆਂ ਚੋਣਾਂ ਵਿੱਚ 'ਆਪ' ਅਤੇ ਪੰਜਾਬ ਵਿਰੋਧੀ ਭਾਜਪਾ ਦੋਵਾਂ ਨੂੰ ਨਕਾਰ ਕੇ ਕਾਂਗਰਸ ਨੂੰ ਭਾਰੀ ਬਹੁਮਤ ਨਾਲ ਜਿਤਾਏਗੀ।

ਅਡਾਨੀ ਦੇ ਆਸਟਰੇਲੀਆ ਵਿਚਲੇ ਕੋਲਾ ਕਾਰੋਬਾਰ ਨੂੰ ਝਟਕਾ

ਸਿਡਨੀ (ਨ ਜ਼ ਸ)-ਭਾਰਤੀ ਅਰਬਪਤੀ ਗੌਤਮ ਅਡਾਨੀ ਦੀ ਆਸਟਰੇਲੀਆਈ ਕੰਪਨੀ ਬ੍ਰੇਵਸ ਦੇ ਮੁੱਖ ਕਾਰਜਕਾਰੀ ਅਧਿਕਾਰੀ ਮਿਕ ਕ੍ਰੋਅ ਨੇ ਅਸਤੀਫ਼ੇ ਦਾ ਐਲਾਨ ਕੀਤਾ ਹੈ, ਹਾਲਾਂ ਕਿ ਉਨ੍ਹਾ ਇਸ ਦਾ ਕਾਰਨ ਪਰਵਾਰਕ ਦੱਸਿਆ ਹੈ। ਕੁਈਨਜ਼ਲੈਂਡ ਦੀ ਕਾਰਮਾਈਕਲ ਕੋਲਾ ਖਾਣ ਤੱਕ ਜਾਂਦੀ 96 ਕਿਲੋਮੀਟਰ ਸੜਕ ਨੂੰ ਲੈ ਕੇ ਕੰਪਨੀ ਦੀ ਆਈਜ਼ੈਕ ਕੌਂਸਲ ਨਾਲ ਕਾਨੂੰਨੀ ਲੜਾਈ ਜਾਰੀ ਹੈ। ਕੰਪਨੀ ਨੇ 2.2 ਕਰੋੜ ਡਾਲਰ ਦਾ ਦਾਅਵਾ ਕੀਤਾ ਹੈ। ਕੌਂਸਲ ਹੁਣ ਤੱਕ ਕਰੀਬ 25 ਲੱਖ ਡਾਲਰ ਕਾਨੂੰਨੀ ਖ਼ਰਚਿਆਂ ਉਤੇ ਲਗਾ ਚੁੱਕੀ ਹੈ। ਸੁਣਵਾਈ ਹੁਣ ਅਗਲੇ ਸਾਲ ਦੇ ਅੱਧ 'ਚ ਹੋਵੇਗੀ। ਕੰਪਨੀ ਸਾਲਾਨਾ ਕੋਲਾ ਉਤਪਾਦਨ ਇੱਕ ਕਰੋੜ ਟਨ ਤੋਂ ਵਧਾ ਕੇ 1.6 ਕਰੋੜ ਟਨ ਕਰਨ ਦੀ ਯੋਜਨਾ ਬਣਾ ਰਹੀ ਹੈ। ਦੂਜੇ ਪਾਸੇ, 'ਸਟਾਪ ਅਡਾਨੀ' ਮੁਹਿੰਮ ਅਤੇ ਆਦਿ ਵਾਸੀ ਵਿਰੋਧੀ ਧੜੇ ਵਾਤਾਵਰਨ, ਧਰਤੀ ਹੇਠਲੇ ਪਾਣੀ ਅਤੇ ਪਵਿੱਤਰ ਡੂੰਗਮਾਬੁਲਾ ਚਸ਼ਮਿਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਜ਼ਾਹਰ ਕਰਦਿਆਂ ਖੁਦਾਈ ਦਾ ਵਿਰੋਧ ਕਰ ਰਹੇ ਹਨ। ਉਨ੍ਹਾ ਦਾ ਕਹਿਣਾ ਹੈ ਕਿ ਖੁਦਾਈ ਨਾਲ ਆਦਿ ਵਾਸੀਆਂ 'ਤੇ ਪ੍ਰਤੀਕੂਲ ਅਸਰ ਪਵੇਗਾ।

ਡੀ ਬੀ ਯੂ ਦੀ ਵਿਦਿਆਰਥਣ ਨੇ ਜਿੱਤਿਆ ਸੋਨੇ ਦਾ ਤਮਗਾ

ਮੰਡੀ ਗੋਬਿੰਦਗੜ੍ਹ (ਮੁਕੰਦ ਭਾਰਦਵਾਜ)-ਦੇਸ਼ ਭਗਤ ਯੂਨੀਵਰਸਿਟੀ (ਡੀ.ਬੀ.ਯੂ.) ਨੇ ਆਪਣੀਆਂ ਖੇਡ ਪ੍ਰਾਪਤੀਆਂ ਦੀ ਲੜੀ ਵਿੱਚ ਇੱਕ ਹੋਰ ਸ਼ਾਨਦਾਰ ਪ੍ਰਾਪਤੀ ਜੋੜਦਿਆਂ ਮਾਣ ਹਾਸਲ ਕੀਤਾ ਹੈ। ਯੂਨੀਵਰਸਿਟੀ ਦੇ ਸਰੀਰਕ ਸਿੱਖਿਆ ਦੇ ਪੋਸਟ ਗ੍ਰੈਜੂਏਟ ਕੋਰਸ (ਐੱਮ.ਪੀ.ਐੱਡ.) ਦੇ ਪਹਿਲੇ ਸਾਲ ਦੀ ਵਿਦਿਆਰਥਣ ਨਰਿੰਦਰ ਕੌਰ ਨੇ ਵੱਕਾਰੀ ਰਾਜ ਪੱਧਰੀ ਖੇਡ ਮੁਕਾਬਲੇ 'ਖੇਡਾਂ ਵਤਨ ਪੰਜਾਬ ਦੀਆਂ-ਸੀਜ਼ਨ 4' ਵਿੱਚ ਮਹਿਲਾਵਾਂ ਦੇ 86 ਕਿਲੋਗ੍ਰਾਮ ਤੋਂ ਵੱਧ ਭਾਰ ਵਰਗ ਦੇ ਭਾਰ ਚੁੱਕਣ ਦੇ ਮੁਕਾਬਲੇ ਵਿੱਚ ਸੋਨੇ ਦਾ ਤਮਗਾ ਜਿੱਤ ਕੇ ਪਹਿਲਾ ਸਥਾਨ ਹਾਸਲ ਕੀਤਾ। ਇਹ ਮੁਕਾਬਲਾ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੇ ਸ਼ਹਿਰ ਸੁਨਾਮ ਵਿਖੇ ਕਰਵਾਇਆ ਗਿਆ। ਨਰਿੰਦਰ ਕੌਰ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਸਦਕਾ ਆਪਣੇ ਭਾਰ ਵਰਗ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਉਸ ਦੀ ਇਹ ਪ੍ਰਾਪਤੀ ਬੇਮਿਸਾਲ ਸਰੀਰਕ ਤਾਕਤ, ਦ੍ਰਿੜ੍ਹ ਇਰਾਦੇ, ਅਨੁਸ਼ਾਸਨ ਅਤੇ ਮੁਕਾਬਲੇ ਦੀ ਭਾਵਨਾ ਦਾ ਪ੍ਰਤੀਕ ਹੈ। ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ, ਪ੍ਰੈਜ਼ੀਡੈਂਟ ਪ੍ਰੋ. (ਡਾ.) ਸੰਦੀਪ ਸਿੰਘ, ਉਪ-ਕੁਲਪਤੀ ਪ੍ਰੋ. (ਡਾ.) ਹਰਸ਼ ਸਦਾਵਰਤੀ ਅਤੇ ਖੇਡ ਨਿਰਦੇਸ਼ਕ ਡਾ. ਪਰਵੀਨ ਕੁਮਾਰ ਨੇ ਨਰਿੰਦਰ ਕੌਰ ਨੂੰ ਉਸ ਦੇ ਸ਼ਾਨਦਾਰ ਪ੍ਰਦਰਸ਼ਨ ਅਤੇ ਸੋਨੇ ਦਾ ਤਮਗਾ ਜਿੱਤਣ 'ਤੇ ਵਧਾਈ ਦਿੱਤੀ।

ਬੱਚਿਆਂ ਦੇ ਅਧਿਕਾਰਾਂ ਦੀ ਰਾਖੀ ਕਰਨਾ ਸਮਾਜ ਦੇ ਹਰੇਕ ਵਰਗ ਦੀ ਜ਼ਿੰਮੇਵਾਰੀ : ਮਨਚੰਦਾ

ਭਵਾਨੀਗੜ੍ਹ (ਰਾਜ ਖੁਰਮੀ)-ਬੱਚਿਆਂ ਦੇ ਅਧਿਕਾਰਾਂ ਦੀ ਰਾਖੀ ਕਰਨ ਤੇ ਉਨ੍ਹਾਂ ਨੂੰ ਸੁਰੱਖਿਅਤ ਮਾਹੌਲ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸੰਗਰੂਰ ਵੱਲੋਂ ਸੁਰੱਖਿਅਤ ਬਚਪਨ ਮੁਹਿੰਮ ਤਹਿਤ ਪੀ.ਐੱਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੰਨਿਆ ਭਵਾਨੀਗੜ੍ਹ ਵਿਖੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ।ਇਸ ਮੌਕੇ ਵਿਦਿਆਰਥਣਾਂ ਨੂੰ ਬਾਲ ਅਧਿਕਾਰਾਂ, ਬਾਲ ਸ਼ੋਸ਼ਣ ਤੋਂ ਬਚਾਅ, ਸੁਰੱਖਿਅਤ ਬਚਪਨ ਦੀ ਮਹੱਤਤਾ ਤੇ ਕਾਨੂੰਨੀ ਸਹਾਇਤਾ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਇਸ ਦੇ ਨਾਲ ਹੀ ਬੱਚਿਆਂ ਨੂੰ ਜਾਗਰੂਕ ਕਰਨ ਲਈ ਰੈਲੀ ਵੀ ਕੱਢੀ ਗਈ, ਜਿਸ ਰਾਹੀਂ ਸਮਾਜ ਨੂੰ ਬੱਚਿਆਂ ਦੀ ਸੁਰੱਖਿਆ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਦਾ ਸੁਨੇਹਾ ਦਿੱਤਾ ਗਿਆ।ਇਹ ਪ੍ਰੋਗਰਾਮ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸੰਗਰੂਰ ਦੇ ਸਕੱਤਰ ਤੇ ਸਿਵਲ ਜੱਜ (ਸੀਨੀਅਰ ਡਿਵੀਜ਼ਨ) ਸ੍ਰੀ ਅਸ਼ੀਸ਼ ਠਠਈ ਦੀ ਦੇਖ-ਰੇਖ ਹੇਠ ਕਰਵਾਇਆ ਗਿਆ।ਇਸ ਮੌਕੇ ਐਡਵੋਕੇਟ ਵਿਕਰਮ ਮਨਚੰਦਾ ਤੇ ਪੈਰਾ-ਲੀਗਲ ਵਲੰਟੀਅਰ (ਪੀ.ਐੱਲ.ਵੀ.) ਰਾਜ ਕੁਮਾਰ ਖੁਰਮੀ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਬੱਚਿਆਂ ਦੇ ਅਧਿਕਾਰਾਂ ਤੇ ਉਨ੍ਹਾਂ ਦੀ ਸੁਰੱਖਿਆ ਨਾਲ ਜੁੜੇ ਅਹਿਮ ਪਹਿਲੂਆਂ ਬਾਰੇ ਜਾਣੂ ਕਰਵਾਇਆ।ਇਸ ਮੌਕੇ ਸਕੂਲ ਦੇ ਮੁਖੀ ਮਨਜੀਤ ਸਿੰਘ ਤੋਂ ਇਲਾਵਾ ਮਾਲਵਿੰਦਰ ਸਿੰਘ, ਤਨਵੰਤ ਸਿੰਘ, ਹਰਵਿੰਦਰ ਪਾਲ ਸਿੰਘ, ਸਤਿੰਦਰ ਪਾਲ ਸਿੰਘ, ਸਿਕੰਦਰ ਸਿੰਘ ਤੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

ਗੋਲਡੀ ਵੱਲੋਂ ਡਿਜੀਟਲ ਲਾਇਬ੍ਰੇਰੀ ਦਾ ਉਦਘਾਟਨ

ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)-ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ ਪੰਜਾਬ ਵੱਲੋਂ ਮਾਨਯੋਗ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਜੀ ਦੀ ਗਤੀਸ਼ੀਲ ਅਗਵਾਈ ਹੇਠ ਬਾਰ ਐਸੋਸੀਏਸ਼ਨ ਜਲਾਲਾਬਾਦ ਵਿਖੇ (ਰੰਗਲਾ ਪੰਜਾਬ ਸਕੀਮ) ਤਹਿਤ ਬਣਾਈ ਗਈ ਡਿਜੀਟਲ ਲਾਇਬ੍ਰੇਰੀ ਦਾ ਉਦਘਾਟਨ ਮਾਨਯੋਗ ਵਿਧਾਇਕ ਹਲਕਾ ਜਲਾਲਾਬਾਦ ਸ੍ਰੀ ਜਗਦੀਪ ਕੰਬੋਜ ਗੋਲਡੀ ਵੱਲੋਂ ਕੀਤਾ ਗਿਆ। ਇਸ ਮੌਕੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ 'ਰੰਗਲਾ ਪੰਜਾਬ' ਬਣਾਉਣ ਲਈ ਵਚਨਬੱਧ ਹੈ। ਇਸ ਸਕੀਮ ਤਹਿਤ ਹਰ ਵਰਗ ਲਈ ਆਧੁਨਿਕ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਡਿਜੀਟਲ ਲਾਇਬ੍ਰੇਰੀ ਨਾਲ ਜਲਾਲਾਬਾਦ ਦੇ ਵਕੀਲ ਸਾਹਿਬਾਨ, ਕਾਨੂੰਨ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਬਹੁਤ ਲਾਭ ਮਿਲੇਗਾ। ਹੁਣ ਇੱਕ ਕਲਿੱਕ 'ਤੇ ਹੀ ਸੁਪਰੀਮ ਕੋਰਟ, ਹਾਈਕੋਰਟ ਦੇ ਫੈਸਲੇ, ਕਾਨੂੰਨ ਦੀਆਂ ਕਿਤਾਬਾਂ ਤੇ ਵੱਖ-ਵੱਖ ਕੇਸਾਂ ਦੀ ਸਟੱਡੀ ਆਸਾਨੀ ਨਾਲ ਹੋ ਸਕੇਗੀ। ਬਾਰ ਐਸੋਸੀਏਸ਼ਨ ਦੀ ਇਹ ਮੰਗ ਲੰਬੇ ਸਮੇਂ ਤੋਂ ਸੀ, ਜਿਸ ਨੂੰ ਅੱਜ ਪੂਰਾ ਕੀਤਾ ਗਿਆ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਬਾਰ ਐਸੋਸੀਏਸ਼ਨ ਦੀ ਹੋਰ ਕੋਈ ਵੀ ਮੰਗ ਹੋਵੇਗੀ ਤਾਂ ਉਸ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾਵੇਗਾ ਤੇ ਵਕੀਲ ਭਾਈਚਾਰੇ ਦੇ ਭਲੇ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਸੁਸ਼ੀਲ ਕੁੱਕੜ ਐਡਵੋਕੇਟ, ਵਾਈਸ ਪ੍ਰਧਾਨ ਸ੍ਰੀ ਅਮਿਤ ਕੱਕੜ ਐਡਵੋਕੇਟ, ਵਾਈਸ ਪ੍ਰਧਾਨ ਮਿਸ ਅਨਾਮਿਕਾ ਟੰਡਨ ਐਡਵੋਕੇਟ, ਸਕੱਤਰ ਸ੍ਰੀ ਨਤਮ ਮੁੰਜਾਲ ਐਡਵੋਕੇਟ, ਜੁਆਇੰਟ ਸਕੱਤਰ ਮਿਸ ਰਾਜਵਿੰਦਰ ਕੌਰ ਹਾਂਡਾ ਐਡਵੋਕੇਟ ਤੇ ਖਜ਼ਾਨਚੀ ਸ੍ਰੀ ਉਤਕਰਸ਼ ਵਾਧਵਾ ਐਡਵੋਕੇਟ ਸਮੇਤ ਸਮੂਹ ਵਕੀਲ ਸਾਹਿਬਾਨ ਹਾਜ਼ਰ ਸਨ ਅਤੇ ਉਨ੍ਹਾਂ ਐੱਮ.ਐੱਲ.ਏ. ਸਾਹਿਬ ਦਾ ਧੰਨਵਾਦ ਕੀਤਾ।

ਬੀਬੀ ਰਾਜਵਿੰਦਰ ਕੌਰ ਸਿਆਲ ਵੱਲੋਂ ਹਲਕੇ 'ਚ ਸਰਗਰਮੀਆਂ ਤੇਜ਼

ਫਿਰੋਜ਼ਪੁਰ (ਗੁਰਬਚਨ ਸਿੰਘ)-ਵਿਧਾਨ ਸਭਾ ਹਲਕਾ ਫਿਰੋਜ਼ਪੁਰ ਦਿਹਾਤੀ ਵਿੱਚ ਭਾਜਪਾ ਦੀ ਸੀਨੀਅਰ ਆਗੂ ਤੇ ਪੰਜਾਬ ਮਹਿਲਾ ਮੋਰਚਾ ਦੀ ਸੂਬਾ ਸਕੱਤਰ ਬੀਬੀ ਰਾਜਵਿੰਦਰ ਕੌਰ ਸਿਆਲ ਵੱਲੋਂ ਸਿਆਸੀ ਤੇ ਜਥੇਬੰਦਕ ਸਰਗਰਮੀਆਂ ਤੇਜ਼ ਕੀਤੀਆਂ ਜਾ ਰਹੀਆਂ ਹਨ।ਉਹ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਪਾਰਟੀ ਆਗੂਆਂ, ਵਰਕਰਾਂ ਤੇ ਸਥਾਨਕ ਲੋਕਾਂ ਨਾਲ ਮੁਲਾਕਾਤਾਂ ਕਰਕੇ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਤੇ ਲੋਕਾਂ ਨਾਲ ਬਿਹਤਰ ਤਾਲਮੇਲ ਬਣਾਉਣ ਲਈ ਵਿਚਾਰ-ਵਟਾਂਦਰਾ ਕਰ ਰਹੇ ਹਨ।ਬੀਬੀ ਰਾਜਵਿੰਦਰ ਕੌਰ ਸਿਆਲ ਵੱਲੋਂ ਪਿੰਡ ਪੱਧਰ 'ਤੇ ਪਾਰਟੀ ਵਰਕਰਾਂ ਨਾਲ ਸੰਪਰਕ ਕਾਇਮ ਕਰਕੇ ਬੂਥ ਪੱਧਰੀ ਜਥੇਬੰਦੀ ਨੂੰ ਮਜ਼ਬੂਤ ਕਰਨ, ਲੋਕਾਂ ਦੀਆਂ ਸਮੱਸਿਆਵਾਂ ਸੁਣਨ ਤੇ ਉਨ੍ਹਾਂ ਦੇ ਮੁੱਦਿਆਂ ਨੂੰ ਸਬੰਧਤ ਮੰਚਾਂ ਤੱਕ ਪਹੁੰਚਾਉਣ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।ਇਨ੍ਹਾਂ ਮੁਲਾਕਾਤਾਂ ਦੌਰਾਨ ਪਾਰਟੀ ਦੀਆਂ ਗਤੀਵਿਧੀਆਂ, ਭਵਿੱਖੀ ਪ੍ਰੋਗਰਾਮਾਂ ਤੇ ਇਲਾਕੇ ਦੇ ਵਿਕਾਸ ਨਾਲ ਸਬੰਧਤ ਮੁੱਦਿਆਂ ਬਾਰੇ ਵੀ ਚਰਚਾ ਕੀਤੀ ਜਾ ਰਹੀ ਹੈ।ਉਨ੍ਹਾਂ ਪਾਰਟੀ ਆਗੂਆਂ ਤੇ ਵਰਕਰਾਂ ਨੂੰ ਵੀ ਆਪਸੀ ਤਾਲਮੇਲ ਨਾਲ ਲੋਕਾਂ ਦੇ ਵਿਚਕਾਰ ਰਹਿ ਕੇ ਕੰਮ ਕਰਨ ਦੀ ਅਪੀਲ ਕੀਤੀ।ਇਸ ਮੌਕੇ ਭਾਜਪਾ ਦੇ ਸੀਨੀਅਰ ਆਗੂ ਸੁਖਮੰਦਰ ਸਿੰਘ, ਡਾ. ਕੁਲਦੀਪ ਸਿੰਘ ਧੀਰਾ ਪੱਤਰਾਂ, ਸਟੇਟ ਕਾਰਜਕਾਰਨੀ ਮੈਂਬਰ, ਐੱਸ.ਸੀ. ਮੋਰਚਾ ਪੰਜਾਬ, ਕਮਲ ਗਿੱਲ ਸੋਨੂੰ ਸਹਿ-ਇੰਚਾਰਜ ਕਿਸਾਨ ਮੋਰਚਾ ਆਈ.ਟੀ. ਸੈੱਲ ਪੰਜਾਬ, ਭਾਜਪਾ ਆਗੂ ਜਗਮੋਹਨ ਸਿੰਘ, ਹਰਪ੍ਰੀਤ ਸਿੰਘ, ਬਾਬਾ ਸੂਰਜ ਸਿੰਘ ਤੇ ਬਾਬਾ ਹਰਮਨ ਸਿੰਘ ਤੋਂ ਇਲਾਵਾ ਹੋਰ ਪਾਰਟੀ ਆਗੂ ਤੇ ਵਰਕਰ ਹਾਜ਼ਰ ਸਨ।

ਬੀ ਕੇ ਯੂ ਏਕਤਾ ਉਗਰਾਹਾਂ ਦਾ ਵਫ਼ਦ ਡੀ ਆਰ ਸਹਿਕਾਰੀ ਸਭਾਵਾਂ ਨੂੰ ਮਿਲਿਆ

ਲੁਧਿਆਣਾ (ਸਤੀਸ਼ ਸਚਦੇਵਾ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਲੁਧਿਆਣਾ ਦਾ ਵਫ਼ਦ ਜ਼ਿਲ੍ਹਾ ਪ੍ਰਧਾਨ ਚਰਨ ਸਿੰਘ ਨੂਰਪੁਰਾ ਦੀ ਅਗਵਾਈ ਹੇਠ ਡੀ ਆਰ ਸਹਿਕਾਰੀ ਸਭਾਵਾਂ ਸ੍ਰ. ਤਾਜੇਸਵਰ ਸਿੰਘ ਲੁਧਿਆਣਾ ਨੂੰ ਮਿਲਿਆ। ਵਫਦ ਨੇ ਕਿਸਾਨਾਂ ਦੀਆਂ ਮੰਗਾਂ ਜਿਵੇਂ ਹਿੱਸੇਦਾਰੀ ਦੀ ਰਕਮ ਤਕਰੀਬਨ ਦੁੱਗਣੀ ਕਰਨ, ਦੋ ਲੱਖ ਰੁਪਏ ਤੋਂ ਉੱਪਰ ਦੀ ਰਕਮ ਬਦਲੇ ਜ਼ਮੀਨ ਆਡ ਰਹਿਣ ਕਰਨ, ਕੇਂਦਰ ਸਰਕਾਰ ਵੱਲੋਂ ਸਹਿਕਾਰਤਾ ਵਿਭਾਗ ਵਿੱਚ ਦਖਲ ਅੰਦਾਜ਼ੀ ਬੰਦ ਕਰਨ, ਸੁਸਾਇਟੀਆਂ ਵਿੱਚ ਡੀ ਏ ਪੀ ਤੇ ਯੂਰੀਆ ਖਾਦ ਦੀ ਕਿੱਲਤ ਖਤਮ ਕਰਨ ਆਦਿ ਮੰਗਾਂ ਨੂੰ ਜ਼ੋਰਦਾਰ ਢੰਗ ਨਾਲ ਰੱਖਿਆ ਗਿਆ।ਲੰਮੀ ਚੱਲੀ ਗੱਲਬਾਤ ਤੋਂ ਬਾਅਦ ਡੀ ਆਰ ਸਾਹਿਬ ਨੇ ਇਸ ਸੀਜ਼ਨ ਵਿੱਚ ਪੁਰਾਣੇ ਤਰੀਕਿਆਂ ਨਾਲ ਸੀਜ਼ਨ ਚਲਾਉਣ ਦਾ ਵਿਸ਼ਵਾਸ ਦਿਵਾਇਆ।ਖਾਦਾਂ ਦੀ ਕਿੱਲਤ ਤੇ ਉਨ੍ਹਾਂ ਪੂਰੇ ਤਾਣ ਨਾਲ ਸੁਸਾਇਟੀਆਂ ਨੂੰ ਭੇਜਣ ਦਾ ਵੀ ਵਿਸ਼ਵਾਸ ਦਿਵਾਇਆ ਗਿਆ।ਇਸ ਵੇਲੇ ਇਨ੍ਹਾਂ ਨਾਲ ਜ਼ਿਲ੍ਹਾ ਜਨਰਲ ਸਕੱਤਰ ਸੁਦਾਗਰ ਸਿੰਘ ਘੁਡਾਣੀ, ਮਨੋਹਰ ਸਿੰਘ ਕਲਾਹੜ, ਰਜਿੰਦਰ ਸਿੰਘ ਸਿਆੜ, ਬਲਵੰਤ ਸਿੰਘ ਘੁਡਾਣੀ, ਤੀਰਥ ਸਿੰਘ ਤਲਵੰਡੀ ਤੇ ਹੋਰ ਕਿਸਾਨ ਵੀ ਸ਼ਾਮਲ ਸਨ।

ਸਿੱਧੂ ਨੇ ਲਾਭਪਾਤਰੀਆਂ ਨੂੰ ਸਿਹਤ ਬੀਮਾ ਕਾਰਡ ਵੰਡੇ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਬਿਹਤਰ ਤੇ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਸਰਕਾਰੀ ਸਿਵਲ ਹਸਪਤਾਲ ਰਾਮਪੁਰਾ ਫੂਲ ਵਿਖੇ ਹਜ਼ਾਰਾਂ ਲਾਭਪਾਤਰੀਆਂ ਨੂੰ ਸਿਹਤ ਬੀਮਾ ਕਾਰਡ ਵੰਡੇ ਗਏ।ਇਹ ਕਾਰਡ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਵੱਲੋਂ ਲਾਭਪਾਤਰੀਆਂ ਨੂੰ ਸੌਂਪੇ ਗਏ। ਇਸ ਮੌਕੇ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਿਹਤ ਸੇਵਾਵਾਂ ਨੂੰ ਆਮ ਲੋਕਾਂ ਦੀ ਪਹੁੰਚ ਵਿੱਚ ਲਿਆਉਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ।ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਮਕਸਦ ਲੋਕਾਂ ਨੂੰ ਮਹਿੰਗੇ ਇਲਾਜ ਦੇ ਖ਼ਰਚਿਆਂ ਤੋਂ ਰਾਹਤ ਦਿਵਾਉਣਾ ਤੇ ਆਰਥਿਕ ਤੰਗੀ ਕਾਰਨ ਕਿਸੇ ਵੀ ਪਰਵਾਰ ਨੂੰ ਇਲਾਜ ਤੋਂ ਵਾਂਝਾ ਨਾ ਰਹਿਣ ਦੇਣਾ ਹੈ।ਉਨ੍ਹਾਂ ਕਿਹਾ ਕਿ ਸਿਹਤ ਬੀਮਾ ਕਾਰਡ ਆਮ ਤੇ ਲੋੜਵੰਦ ਪਰਵਾਰਾਂ ਲਈ ਮੁਸ਼ਕਲ ਸਮੇਂ ਵਿੱਚ ਵੱਡੀ ਰਾਹਤ ਸਾਬਿਤ ਹੋਣਗੇ।ਵਿਧਾਇਕ ਨੇ ਕਿਹਾ ਕਿ ਸਿਹਤ ਬੀਮਾ ਯੋਜਨਾ ਤੇ ਆਮ ਆਦਮੀ ਕਲੀਨਿਕਾਂ ਵਰਗੇ ਲੋਕ-ਪੱਖੀ ਉਪਰਾਲਿਆਂ ਰਾਹੀਂ ਪੰਜਾਬ ਸਰਕਾਰ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਵਚਨਬੱਧ ਹੈ, ਤਾਂ ਜੋ ਸੂਬੇ ਦੇ ਹਰ ਵਰਗ ਦੇ ਲੋਕਾਂ ਨੂੰ ਸਮੇਂ ਸਿਰ ਤੇ ਮਿਆਰੀ ਇਲਾਜ ਦੀ ਸਹੂਲਤ ਮਿਲ ਸਕੇ।

18 ਨਵੰਬਰ ਨੂੰ ਪੱਕੇ ਮੋਰਚੇ 'ਚ ਸ਼ਮੂਲੀਅਤ ਕਰਾਂਗੇ : ਤਾਲਮੇਲ ਕਮੇਟੀ

ਮੋਗਾ (ਇਕਬਾਲ ਸਿੰਘ ਖਹਿਰਾ)-ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਤੇ ਸਾਂਝਾ ਮੁਲਾਜ਼ਮ ਮੰਚ ਪੰਜਾਬ ਦੀ ਤਾਲਮੇਲ ਕਮੇਟੀ ਜ਼ਿਲ੍ਹਾ ਮੋਗਾ ਦੀ ਮੀਟਿੰਗ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿੱਚ ਹੋਈ।ਮੀਟਿੰਗ ਦੀ ਪ੍ਰਧਾਨਗੀ ਭਜਨ ਸਿੰਘ ਗਿੱਲ ਨੇ ਕੀਤੀ।ਮੀਟਿੰਗ ਵਿੱਚ ਜਗਦੀਸ਼ ਸਿੰਘ ਚਾਹਲ ਕਨਵੀਨਰ, ਦਲਜੀਤ ਸਿੰਘ ਭੁੱਲਰ, ਭੂਪਿੰਦਰ ਸਿੰਘ ਸੇਖੋਂ, ਨਰੇਸ਼ ਕੁਮਾਰ, ਜਗਰੂਪ ਸਿੰਘ, ਗੁਰਮੇਲ ਸਿੰਘ ਮੰਡੀ ਬੋਰਡ, ਗੁਰਮੇਲ ਸਿੰਘ ਨਾਹਰ, ਮਨਜੀਤ ਸਿੰਘ ਧਰਮਕੋਟ, ਜੋਗਿੰਦਰ ਸਿੰਘ, ਕੁਲਬੀਰ ਸਿੰਘ ਢਿੱਲੋਂ, ਸੁਰਿੰਦਰ ਸਿੰਘ ਬਰਾੜ, ਰਜਿੰਦਰ ਸਿੰਘ ਰਿਆੜ, ਸੁਰਿੰਦਰ ਰਾਮ ਕੁੱਸਾ, ਸੁਰਜੀਤ ਸਿੰਘ ਗਗੜਾ, ਕੁਲਦੀਪ ਸਿੰਘ ਪੀਐਸਐਮਐਸ, ਸੁਖਮੰਦਰ ਸਿੰਘ ਬਾਘਾ ਪੁਰਾਣਾ, ਗੁਰਸੇਵਕ ਸਿੰਘ, ਦਲਜੀਤ ਸਿੰਘ, ਰਾਮ ਕ੍ਰਿਸ਼ਨ, ਜਗਰਾਜ ਸਿੰਘ, ਦਰਸ਼ਨ ਲਾਲ, ਗੁਰਜੰਟ ਸਿੰਘ ਕੋਕਰੀ, ਬੂਟਾ ਸਿੰਘ ਭੱਟੀ, ਹਰੀ ਬਹਾਦਰ ਬਿੱਟੂ, ਚਮਨ ਲਾਲ ਸੰਗੇਲੀਆ, ਕੁਲਵੰਤ ਸਿੰਘ ਘਾਲੀ, ਬਲੌਰ ਸਿੰਘ ਘਾਲੀ, ਗਿਆਨ ਸਿੰਘ, ਗੁਰਚਰਨ ਕੌਰ ਆਦਿ ਆਗੂਆਂ ਨੇ ਭਾਗ ਲਿਆ। ਮੀਟਿੰਗ ਵਿੱਚ ਸ਼ਾਮਿਲ ਆਗੂਆਂ ਨੇ ਆਪਣੇ ਵਿਚਾਰ ਰੱਖਦਿਆਂ ਪੰਜਾਬ ਸਰਕਾਰ ਦੀ ਮੁਲਾਜ਼ਮ ਅਤੇ ਪੈਨਸ਼ਨਰਾਂ ਨੂੰ ਅਣਗੌਲਿਆ ਕਰਨ ਦੀ ਨੀਤੀ ਦੀ ਜ਼ੋਰਦਾਰ ਨਿਖੇਧੀ ਕੀਤੀ। ਉਹਨਾਂ ਕਿਹਾ ਕਿ ਇਹ ਆਮ ਆਦਮੀ ਦੀ ਸਰਕਾਰ ਪਿਛਲੀਆਂ ਸਾਰੀਆਂ ਹੀ ਸਰਕਾਰਾਂ ਨਾਲੋਂ ਵੱਧ ਕੇ ਮੁਲਾਜ਼ਮਾਂ, ਮਜ਼ਦੂਰਾਂ, ਕਿਸਾਨਾਂ ਦੀ ਦੋਖੀ ਸਾਬਤ ਹੋਈ ਹੈ।ਮੀਟਿੰਗ ਵਿੱਚ ਸਰਬ ਸੰਮਤੀ ਦੇ ਨਾਲ ਫੈਸਲਾ ਕੀਤਾ ਗਿਆ ਕਿ ਸਟੇਟ ਤਾਲਮੇਲ ਕਮੇਟੀ ਦੇ ਫੈਸਲਿਆਂ ਨੂੰ ਲਾਗੂ ਕਰਦੇ ਹੋਏ 18 ਨਵੰਬਰ ਨੂੰ ਲਾਏ ਜਾ ਰਹੇ ਪੱਕੇ ਮੋਰਚੇ ਵਿੱਚ ਮੋਗਾ ਜ਼ਿਲ੍ਹੇ ਵੱਲੋਂ ਤਨਦੇਹੀ ਨਾਲ ਸ਼ਮੂਲੀਅਤ ਕੀਤੀ ਜਾਵੇਗੀ।

ਸ਼ਾਂਤਮਈ ਧਰਨਾ ਦੇ ਰਹੇ ਸਾਥੀਆਂ 'ਤੇ 307 ਦਾ ਪਰਚਾ ਦਰਜ ਕਰਨਾ ਨਿੰਦਣਯੋਗ : ਰਾਜੀਵ ਲਵਲੀ

■ ਗ੍ਰਿਫ਼ਤਾਰ ਆਗੂ ਬਿਨਾਂ ਸ਼ਰਤ ਰਿਹਾਅ ਕੀਤੇ ਜਾਣ

ਜਗਰਾਉਂ (ਸੰਜੀਵ ਅਰੋੜਾ)-ਅਕਾਲੀ ਦਲ ਵਾਰਿਸ ਪੰਜਾਬ ਦੇ ਹਲਕਾ ਜਗਰਾਉਂ ਤੋਂ ਸੇਵਾਦਾਰ ਰਾਜੀਵ ਲਵਲੀ ਨੇ ਮਾਨਸਾ ਵਿਖੇ ਪਿਛਲੇ ਕਰੀਬ 17-18 ਦਿਨਾਂ ਤੋਂ ਚੱਲ ਰਹੇ ਧਰਨੇ ਦੌਰਾਨ ਪੁਲਸ ਵੱਲੋਂ ਲੱਖਾ ਸਿਧਾਣਾ, ਮੋਹਨਜੀਤ ਸਿੰਘ ਸ਼ੇਰੋਂ ਸਮੇਤ ਹੋਰ ਸਾਥੀਆਂ ਨੂੰ ਗ੍ਰਿਫ਼ਤਾਰ ਕਰਨ ਤੇ ਉਨ੍ਹਾਂ ਖ਼ਿਲਾਫ਼ ਧਾਰਾ 307 ਤਹਿਤ ਮਾਮਲਾ ਦਰਜ ਕਰਨ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਕੌਮੀ ਸ਼ਹੀਦ ਕਰਾਰ ਦਿੱਤੇ ਗਏ ਭਾਈ ਪਰਵਿੰਦਰ ਸਿੰਘ ਝੋਟਾ ਦੇ ਕਤਲ ਦੇ ਵਿਰੋਧ ਵਿੱਚ ਸ਼ਾਂਤਮਈ ਢੰਗ ਨਾਲ ਧਰਨਾ ਲਗਾਤਾਰ ਚੱਲ ਰਿਹਾ ਹੈ। ਉਸੇ ਦੌਰਾਨ ਹੀ ਮਾਨਸਾ ਦੇ ਪਿੰਡ ਭੰਮੇ ਕਲਾਂ ਵਿਖੇ ਇਕ ਨੌਜਵਾਨ ਦੀ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੋ ਗਈ, ਜਿਸ ਕਾਰਨ ਧਰਨੇ ਵਿੱਚ ਬੈਠੇ ਆਗੂਆਂ ਨੇ ਆਪਣਾ ਰੋਸ ਜ਼ਾਹਿਰ ਕਰਨਾ ਚਾਹਿਆ ਤਾਂ ਉਪਰੋਕਤ ਆਗੂਆਂ ਨੂੰ ਪੁਲਸ ਵੱਲੋਂ ਜਬਰੀ ਚੁੱਕ ਲਿਆ ਗਿਆ, ਪੁਲਸ ਵੱਲੋਂ ਅਜਿਹੀ ਕਾਰਵਾਈ ਕਰਨਾ ਬੇਹੱਦ ਨਿੰਦਣਯੋਗ ਹੈ। ਪ੍ਰਸ਼ਾਸਨ ਨੇ ਲੋਕਾਂ ਦੇ ਰੋਹ ਤੋਂ ਡਰਦਿਆਂ ਲੱਖਾ ਸਿਧਾਣਾ ਤੇ ਸਾਥੀਆਂ ਨੂੰ ਵੀਡੀਓ ਕਾਨਫਰੰਸ ਰਹਿਣ ਅਦਾਲਤ ਵਿੱਚ ਪੇਸ਼ ਕੀਤਾ ਤੇ 4 ਦਿਨ ਦਾ ਰਿਮਾਂਡ ਲਿਆ। ਇਹ ਅਤਿ ਨਿੰਦਣਯੋਗ ਕਾਰਵਾਈ ਹੈ। ਰਾਜੀਵ ਲਵਲੀ ਨੇ ਕਿਹਾ ਕਿ ਲੋਕਤੰਤਰ ਵਿੱਚ ਹਰ ਨਾਗਰਿਕ ਨੂੰ ਸ਼ਾਂਤਮਈ ਢੰਗ ਨਾਲ ਆਪਣੀ ਗੱਲ ਰੱਖਣ ਤੇ ਰੋਸ ਪ੍ਰਗਟਾਉਣ ਦਾ ਸੰਵਿਧਾਨਕ ਹੱਕ ਹੈ। ਜੇਕਰ ਸ਼ਾਂਤਮਈ ਧਰਨਾ ਦੇਣਾ ਵੀ ਗੁਨਾਹ ਬਣ ਜਾਵੇ ਤਾਂ ਡਾ. ਭੀਮ ਰਾਓ ਅੰਬੇਡਕਰ ਵੱਲੋਂ ਲਿਖੇ ਸੰਵਿਧਾਨ ਦੀ ਮਹੱਤਤਾ ਹੀ ਖ਼ਤਮ ਹੋ ਕੇ ਰਹਿ ਜਾਂਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੁਲਸ ਨੇ ਸਰਕਾਰ ਅਤੇ ਉੱਚ ਪੱਧਰੀ ਦਬਾਅ ਹੇਠ ਆ ਕੇ ਸਾਥੀਆਂ ਖ਼ਿਲਾਫ਼ ਗੰਭੀਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਉਨ੍ਹਾਂ ਪੁਲਿਸ ਵੱਲੋਂ ਮ੍ਰਿਤਕ ਨੌਜਵਾਨ ਦੀ ਦੇਹ ਪਰਿਵਾਰ ਅਤੇ ਧਰਨਾਕਾਰੀਆਂ ਤੋਂ ਆਪਣੇ ਕਬਜ਼ੇ ਵਿੱਚ ਲੈ ਕੇ ਬਠਿੰਡਾ ਏਮਜ਼ ਵਿਖੇ ਪੋਸਟਮਾਰਟਮ ਕਰਵਾਉਣ ਤੇ ਦੇਹ ਮੋਰਚਰੀ ਵਿੱਚ ਰੱਖਣ ਦੀ ਕਾਰਵਾਈ 'ਤੇ ਵੀ ਸਵਾਲ ਉਠਾਏ। ਉਨ੍ਹਾਂ ਕਿਹਾ ਕਿ ਮ੍ਰਿਤਕ ਦੇਹ ਦਾ ਸਨਮਾਨ ਕਰਨਾ ਤੇ ਪਰਿਵਾਰ ਨੂੰ ਅੰਤਿਮ ਰਸਮਾਂ ਨਿਭਾਉਣ ਦਾ ਮੌਕਾ ਦੇਣਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਮੰਗ ਕੀਤੀ ਕਿ ਗ੍ਰਿਫ਼ਤਾਰ ਕੀਤੇ ਗਏ ਸਾਰੇ ਸਾਥੀਆਂ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕੀਤਾ ਜਾਵੇ ਤੇ ਉਨ੍ਹਾਂ ਖ਼ਿਲਾਫ਼ ਦਰਜ ਕੀਤੇ ਗਏ ਮਾਮਲੇ ਤੁਰੰਤ ਰੱਦ ਕੀਤੇ ਜਾਣ।

ਪੰਡੋਰੀ ਨੂੰ ਮੁੜ ਟਿਕਟ ਮਿਲਣ 'ਤੇ ਪਾਰਟੀ ਵਰਕਰਾਂ 'ਚ ਖੁਸ਼ੀ ਦੀ ਲਹਿਰ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਪੰਜਾਬ ਵਿਧਾਨ ਸਭਾ ਚੋਣਾਂ 2027 ਦੇ ਮੱਦੇਨਜ਼ਰ ਆਮ ਆਦਮੀ ਪਾਰਟੀ (ਆਪ) ਵੱਲੋਂ ਆਪਣੀਆਂ ਚੋਣ ਤਿਆਰੀਆਂ ਤੇਜ਼ ਕਰਦਿਆਂ 40 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੇ ਜਾਣ ਦੀ ਜਾਣਕਾਰੀ ਸਾਹਮਣੇ ਆਈ ਹੈ।ਇਸ ਸੂਚੀ ਵਿੱਚ ਮਹਿਲ ਕਲਾਂ (ਰਾਖਵਾਂ) ਹਲਕੇ ਤੋਂ ਮੌਜੂਦਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੂੰ ਮੁੜ ਉਮੀਦਵਾਰ ਬਣਾਏ ਜਾਣ ਦਾ ਐਲਾਨ ਕੀਤਾ ਗਿਆ ਹੈ।ਇਸ ਤਰ੍ਹਾਂ ਪਾਰਟੀ ਨੇ ਉਨ੍ਹਾਂ 'ਤੇ ਲਗਾਤਾਰ ਤੀਜੀ ਵਾਰ ਭਰੋਸਾ ਪ੍ਰਗਟਾਇਆ ਹੈ।ਜ਼ਿਕਰਯੋਗ ਹੈ ਕਿ ਰਾਜਨੀਤੀ ਵਿੱਚ ਸਰਗਰਮ ਹੋਣ ਤੋਂ ਪਹਿਲਾਂ ਕੁਲਵੰਤ ਸਿੰਘ ਪੰਡੋਰੀ ਪੱਤਰਕਾਰਤਾ ਦੇ ਖੇਤਰ ਨਾਲ ਜੁੜੇ ਰਹੇ ਹਨ।ਉਨ੍ਹਾਂ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਪਹਿਲੀ ਵਾਰ ਚੋਣ ਜਿੱਤ ਕੇ ਵਿਧਾਨ ਸਭਾ ਵਿੱਚ ਕਦਮ ਰੱਖਿਆ ਸੀ।ਇਸ ਤੋਂ ਬਾਅਦ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਉਨ੍ਹਾਂ ਨੇ ਜਿੱਤ ਦਰਜ ਕਰਕੇ ਲਗਾਤਾਰ ਦੂਜੀ ਵਾਰ ਵਿਧਾਇਕ ਬਣਨ ਦਾ ਮਾਣ ਹਾਸਲ ਕੀਤਾ।ਵਿਧਾਇਕ ਵਜੋਂ ਆਪਣੀ ਭੂਮਿਕਾ ਨਿਭਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ (ਪ੍ਰਿਵਿਲੇਜ ਕਮੇਟੀ) ਦਾ ਚੇਅਰਮੈਨ ਵੀ ਨਿਯੁਕਤ ਕੀਤਾ ਗਿਆ ਸੀ।ਹਲਕੇ ਦੀ ਰਾਜਨੀਤੀ ਵਿੱਚ ਉਨ੍ਹਾਂ ਦੀ ਸਰਗਰਮੀ ਤੇ ਪਿਛਲੀਆਂ ਦੋ ਚੋਣਾਂ ਵਿੱਚ ਮਿਲੀ ਸਫ਼ਲਤਾ ਨੂੰ ਦੇਖਦਿਆਂ ਪਾਰਟੀ ਨੇ 2027 ਦੀਆਂ ਚੋਣਾਂ ਲਈ ਮੁੜ ਉਨ੍ਹਾਂ ਨੂੰ ਮੈਦਾਨ ਵਿੱਚ ਉਤਾਰਨ ਦਾ ਫ਼ੈਸਲਾ ਕੀਤਾ ਹੈ।ਪੰਡੋਰੀ ਨੂੰ ਤੀਜੀ ਵਾਰ ਟਿਕਟ ਮਿਲਣ ਦੀ ਖ਼ਬਰ ਨਾਲ ਹਲਕਾ ਮਹਿਲ ਕਲਾਂ ਦੇ ਆਮ ਆਦਮੀ ਪਾਰਟੀ ਦੇ ਵਰਕਰਾਂ ਤੇ ਸਮਰਥਕਾਂ ਵਿੱਚ ਖ਼ੁਸ਼ੀ ਦਾ ਮਾਹੌਲ ਹੈ।

ਸਫਾ 1 ਦੇ ਬਾਕੀ...

'ਆਪ' ਨੇ 40 ਮੌਜੂਦਾ...

ਪਾਰਟੀ ਉਮੀਦਵਾਰਾਂ ਦੀ ਪਹਿਲੀ ਸੂਚੀ 'ਤੇ ਮੋਹਰ ਲਗਾਈ ਗਈ। ਮੀਟਿੰਗ 'ਚ ਮੁੱਖ ਮੰਤਰੀ ਭਗਵੰਤ ਮਾਨ, ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਹਾਜ਼ਰ ਸਨ। ਪਹਿਲੀ ਸੂਚੀ 'ਚ ਸੰਜੀਵ ਅਰੋੜਾ ਨੂੰ ਛੱਡ ਕੇ ਕੈਬਨਿਟ ਵਜ਼ੀਰਾਂ ਦੇ ਨਾਂਅ ਹਾਲੇ ਬਾਹਰ ਰੱਖੇ ਗਏ ਹਨ। ਸੰਜੀਵ ਅਰੋੜਾ ਇਸ ਵੇਲੇ ਜੇਲ੍ਹ 'ਚ ਹਨ। ਦੱਸਣਯੋਗ ਹੈ ਕਿ ਆਮ ਆਦਮੀ ਪਾਰਟੀ ਵੱਲੋਂ ਜੋ ਨਵੇਂ ਕਰੀਬ 19 ਹਲਕਾ ਇੰਚਾਰਜ ਲਗਾਏ ਗਏ ਹਨ, ਉਨ੍ਹਾਂ ਦਾ ਐਲਾਨ ਦੂਜੀ ਸੂਚੀ 'ਚ ਹੋਣ ਦੀ ਸੰਭਾਵਨਾ ਹੈ। ਇਸ ਵੇਲੇ 'ਆਪ' ਦੇ 117 ਮੈਂਬਰੀ ਪੰਜਾਬ ਵਿਧਾਨ ਸਭਾ ਵਿੱਚ 94 ਵਿਧਾਇਕ ਹਨ। ਮਾਨ ਨੇ ਕਿਹਾ ਕਿ ਪਾਰਟੀ ਨੇ ਉਮੀਦਵਾਰਾਂ ਦੀ ਚੋਣ ਲਈ ਲੋਕ ਸਰਵੇਖਣ ਨੂੰ ਅਧਾਰ ਬਣਾਇਆ ਹੈ, ਜਿਸ ਉਮੀਦਵਾਰ ਨੂੰ ਹਲਕੇ ਦੇ ਲੋਕਾਂ ਨੇ ਹਮਾਇਤ ਕੀਤੀ ਹੈ, ਉਸ ਨੂੰ ਉਮੀਦਵਾਰ ਬਣਾਇਆ ਗਿਆ ਹੈ। ਉਨ੍ਹਾ ਐਲਾਨੇ ਉਮੀਦਵਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਨਵੇਂ ਚਿਹਰੇ ਵੀ ਚੋਣ ਮੈਦਾਨ 'ਚ ਉਤਾਰੇ ਜਾਣਗੇ। ਮੌਜੂਦਾ ਪੰਜ ਵਿਧਾਇਕਾਂ ਨੂੰ ਤੀਜੀ ਵਾਰ ਪਾਰਟੀ ਤਰਫ਼ੋਂ ਚੋਣ ਮੈਦਾਨ 'ਚ ਉਤਾਰਨ ਦਾ ਫ਼ੈਸਲਾ ਕੀਤਾ ਗਿਆ ਹੈ, ਜਿਨ੍ਹਾਂ 'ਚ ਕੋਟਕਪੂਰਾ ਤੋਂ ਕੁਲਤਾਰ ਸਿੰਘ ਸੰਧਵਾਂ, ਤਲਵੰਡੀ ਸਾਬੋ ਤੋਂ ਬਲਜਿੰਦਰ ਕੌਰ, ਮਹਿਲ ਕਲਾਂ ਤੋਂ ਕੁਲਵੰਤ ਸਿੰਘ ਪੰਡੋਰੀ, ਨਿਹਾਲ ਸਿੰਘ ਵਾਲਾ ਤੋਂ ਮਨਜੀਤ ਸਿੰਘ ਬਿਲਾਸਪੁਰ ਅਤੇ ਗੜ੍ਹਸ਼ੰਕਰ ਤੋਂ ਜੈ ਕ੍ਰਿਸ਼ਨ ਰੋੜੀ ਦੇ ਨਾਂਅ ਸ਼ਾਮਲ ਹਨ। ਇਸੇ ਤਰ੍ਹਾਂ ਮੌਜੂਦਾ 35 ਵਿਧਾਇਕ ਸਮੇਤ ਮੁੱਖ ਮੰਤਰੀ ਭਗਵੰਤ ਮਾਨ ਦੂਸਰੀ ਵਾਰ ਪਾਰਟੀ ਤਰਫ਼ੋਂ ਚੋਣ ਮੈਦਾਨ 'ਚ ਹਨ।

ਐਲਾਨੇ ਉਮੀਦਵਾਰਾਂ...

ਲੁਧਿਆਣਾ ਈਸਟ - ਦਲਜੀਤ ਸਿੰਘ ਗਰੇਵਾਲ ਭੋਲਾ, ਆਤਮ ਨਗਰ - ਕੁਲਵੰਤ ਸਿੰਘ ਸਿੱਧੂ, ਲੁਧਿਆਣਾ ਸੈਂਟਰਲ - ਅਸ਼ੋਕ ਪਰਾਸ਼ਰ ਪੱਪੀ, ਲੁਧਿਆਣਾ ਵੈੱਸਟ - ਸੰਜੀਵ ਅਰੋੜਾ, ਲੁਧਿਆਣਾ ਨਾਰਥ - ਚੌਧਰੀ ਮਦਨ ਲਾਲ ਬੱਗਾ, ਪਾਇਲ - ਮਨਵਿੰਦਰ ਸਿੰਘ ਗਿਆਸਪੁਰਾ, ਨਿਹਾਲ ਸਿੰਘ ਵਾਲਾ - ਮਨਜੀਤ ਸਿੰਘ ਬਿਲਾਸਪੁਰ, ਬਾਘਾ ਪੁਰਾਣਾ - ਅੰਮ੍ਰਿਤਪਾਲ ਸਿੰਘ ਸੁਖਾਨੰਦ, ਮੋਗਾ - ਡਾ. ਅਮਨਦੀਪ ਕੌਰ ਅਰੋੜਾ, ਧਰਮਕੋਟ - ਦੇਵਿੰਦਰਜੀਤ ਸਿੰਘ ਲਾਡੀ ਢੋਸ, ਜਲਾਲਾਬਾਦ - ਜਗਦੀਪ ਕੰਬੋਜ ਗੋਲਡੀ, ਫਾਜ਼ਿਲਕਾ- ਨਰਿੰਦਰਪਾਲ ਸਿੰਘ ਸਵਨਾ, ਮੁਕਤਸਰ - ਜਗਦੀਪ ਸਿੰਘ ਕਾਕਾ ਬਰਾੜ, ਕੋਟਕਪੂਰਾ - ਕੁਲਤਾਰ ਸਿੰਘ ਸੰਧਵਾਂ, ਜੈਤੋ - ਅਮੋਲਕ ਸਿੰਘ, ਤਲਵੰਡੀ ਸਾਬੋ -ਬਲਜਿੰਦਰ ਕੌਰ, ਸਰਦੂਲਗੜ੍ਹ - ਗੁਰਪ੍ਰੀਤ ਸਿੰਘ ਬਣਾਂਵਾਲੀ, ਭਦੌੜ-ਲਾਭ ਸਿੰਘ ਉਗੋਕੇ, ਮਹਿਲ ਕਲਾਂ - ਕੁਲਵੰਤ ਸਿੰਘ ਪੰਡੋਰੀ, ਅਮਰਗੜ੍ਹ - ਜਸਵੰਤ ਸਿੰਘ ਗੱਜਣਮਾਜਰਾ, ਧੂਰੀ-ਭਗਵੰਤ ਮਾਨ ਤੇ ਪਟਿਆਲਾ - ਅਜੀਤਪਾਲ ਸਿੰਘ ਕੋਹਲੀ।

ਇੰਡੀਆ ਬਲਾਕ ਨੇ ਗਿਆਨੇਸ਼...

ਨੂੰ ਹਟਾਉਣ ਦੀ ਮੰਗ ਕਰਦੇ ਹੋਏ ਇੱਕ ਨੋਟਿਸ ਦਿੱਤਾ ਸੀ। ਸਾਡੇ ਨੋਟਿਸ ਰੱਦ ਕਰ ਦਿੱਤੇ ਗਏ ਸਨ। ਅੱਜ ਅਸੀਂ ਸੰਵਿਧਾਨ ਅਤੇ ਲੋਕਤੰਤਰ ਨੂੰ ਬਚਾਉਣ ਲਈ ਇਹ ਪ੍ਰਸਤਾਵ ਲਿਆਏ ਹਾਂ। ਉਨ੍ਹਾਂ ਦੋਸ਼ ਲਗਾਇਆ ਕਿ ਭਾਜਪਾ ਨੇ 2014 ਤੋਂ ਸੱਤਾ ਬਰਕਰਾਰ ਰੱਖਣ ਲਈ ਹਰ ਢੰਗ ਵਰਤਿਆ ਹੈ, ਜਿਸ ਵਿੱਚ ਉਨ੍ਹਾਂ ਨੇ ਸੰਸਦ ਦੀ ਕਥਿਤ ਚੋਰੀ, ਰਾਜਨੀਤਕ ਪਾਰਟੀਆਂ ਦੀ ਵੰਡ, ਸਰਕਾਰਾਂ ਨੂੰ ਡੇਗਣ, ਚੋਣ ਬਾਂਡ ਅਤੇ ਕੇਂਦਰੀ ਏਜੰਸੀਆਂ ਜਿਵੇਂ ਕਿ ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਸੀ ਬੀ ਆਈ ਦੀ ਵਰਤੋਂ ਦਾ ਹਵਾਲਾ ਦਿੱਤਾ। ਉਨ੍ਹਾਂ ਸੱਤਾਧਾਰੀ ਪਾਰਟੀ 'ਤੇ 'ਵੋਟ ਚੋਰੀ' ਦਾ ਸਹਾਰਾ ਲੈਣ ਦਾ ਦੋਸ਼ ਲਗਾਇਆ। ਕੁਮਾਰ ਵਿਰੁੱਧ ਲਗਾਏ ਗਏ ਛੇ ਦੋਸ਼ਾਂ ਵਿੱਚ ਰਾਸ਼ਟਰੀ ਅਤੇ ਰਾਜ ਚੋਣਾਂ ਨੂੰ ਪ੍ਰਭਾਵਤ ਕਰਨ ਦੀ ਸਾਜ਼ਿਸ਼ ਰਚਣਾ, ਵੋਟਰ ਸੂਚੀਆਂ ਤੋਂ 13.2 ਕਰੋੜ ਵੋਟਰਾਂ ਨੂੰ ਹਟਾਉਣਾ, ਸੰਸਦੀ ਨਿਗਰਾਨੀ ਤੋਂ ਬਿਨਾਂ ਫਾਰਮ 6 ਨੂੰ ਦੁਬਾਰਾ ਲਿਖਣਾ, ਵੋਟਰ ਸੂਚੀਆਂ ਦਾ ਕੰਟਰੋਲ ਲੈਣਾ, ਹੋਰ ਦੋ ਚੋਣ ਕਮਿਸ਼ਨਰਾਂ ਨੂੰ ਮੁੱਖ ਫੈਸਲਿਆਂ ਤੋਂ ਬਾਹਰ ਰੱਖਣਾ ਅਤੇ ਮੋਦੀ ਅਤੇ ਸ਼ਾਹ ਦੇ ਇਸ਼ਾਰੇ 'ਤੇ ਕੰਮ ਕਰਨਾ ਸ਼ਾਮਲ ਹੈ। ਖੜਗੇ ਨੇ ਦਾਅਵਾ ਕੀਤਾ ਕਿ ਇੰਡੀਆ ਬਲਾਕ ਦੇ ਸੰਸਦ ਮੈਂਬਰ ਦੇਸ਼ ਦੀ 60 ਪ੍ਰਤੀਸ਼ਤ ਆਬਾਦੀ ਦੀ ਨੁਮਾਇੰਦਗੀ ਕਰਦੇ ਹਨ। ਉਹਨਾ ਕਿਹਾ ਕਿ ਸਾਰੀਆਂ ਵਿਰੋਧੀ ਪਾਰਟੀਆਂ ਚੋਣ ਹੇਰਾਫੇਰੀ ਦੇ ਦੋਸ਼ਾਂ ਦੀ ਜਾਂਚ ਕਰਨ ਤੋਂ ਬਾਅਦ ਇਕੱਠੀਆਂ ਹੋਈਆਂ ਹਨ।

ਰਾਮਲੀਲ੍ਹਾ ਮੈਦਾਨ 'ਚ...

ਮਾਰਕੀਟ ਅਤੇ ਹਮਦਰਦ ਚੌਕ ਦੇ ਆਲੇ-ਦੁਆਲੇ ਦੇ ਹਿੱਸਿਆਂ 'ਤੇ ਭੀੜ ਦਾ ਸਾਹਮਣਾ ਕਰਨ ਦੀ ਸੰਭਾਵਨਾ ਹੈ। ਵਾਹਨਾਂ ਦੀ ਆਵਾਜਾਈ ਨੂੰ ਨਿਯਮਤ ਕਰਨ, ਯਾਤਰੀਆਂ ਨੂੰ ਨਿਰਧਾਰਤ ਪਾਰਕਿੰਗ ਖੇਤਰਾਂ ਵਿੱਚ ਮਾਰਗਦਰਸ਼ਨ ਕਰਨ ਅਤੇ ਸਥਾਨ ਦੇ ਆਲੇ-ਦੁਆਲੇ ਭੀੜ ਨੂੰ ਰੋਕਣ ਲਈ ਕੇਂਦਰੀ ਰੇਂਜ ਵਿੱਚ ਵਾਧੂ ਟਰੈਫਿਕ ਕਰਮਚਾਰੀ ਤਾਇਨਾਤ ਕੀਤੇ ਜਾਣਗੇ। ਐਮਰਜੈਂਸੀ ਵਾਹਨਾਂ ਲਈ ਲੋਕ ਨਾਇਕ ਜੈ ਪ੍ਰਕਾਸ਼ (ਐੱਲ ਐੱਨ ਜੇ ਪੀ) ਹਸਪਤਾਲ ਦੇ ਨੇੜੇ ਇੱਕ ਵੱਖਰਾ ਰਸਤਾ ਪ੍ਰਦਾਨ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਹਸਪਤਾਲ ਦੇ ਸਾਹਮਣੇ ਰੇਲਵੇ ਪਾਰਕਿੰਗ ਏਰੀਆ, ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ (ਡੀ ਐੱਮ ਆਰ ਸੀ) ਪਾਰਕਿੰਗ ਸਥਾਨਾਂ ਅਤੇ ਰਾਜਘਾਟ 'ਤੇ ਪਾਰਕਿੰਗ ਦੇ ਪ੍ਰਬੰਧ ਕੀਤੇ ਗਏ ਹਨ। ਨਵੀਂ ਦਿੱਲੀ ਰੇਲਵੇ ਸਟੇਸ਼ਨ ਜਾਣ ਵਾਲੇ ਯਾਤਰੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਆਪਣੀ ਯਾਤਰਾ ਦੀ ਪਹਿਲਾਂ ਤੋਂ ਯੋਜਨਾ ਬਣਾਉਣ। ਡੀ ਬੀ ਜੀ ਰੋਡ ਵਾਲੇ ਪਾਸੇ ਤੋਂ ਸਟੇਸ਼ਨ 'ਤੇ ਪਹੁੰਚਣ ਵਾਲੇ ਲੋਕ ਚੈਮਸਫੋਰਡ ਰੋਡ, ਕਨਾਟ ਪਲੇਸ ਦੇ ਆਊਟਰ ਸਰਕਲ, ਮਿੰਟੋ ਰੋਡ ਅਤੇ ਭਵਭੂਤੀ ਮਾਰਗ ਲੈ ਸਕਦੇ ਹਨ। ਪੂਰਬੀ ਦਿੱਲੀ ਤੋਂ ਆਉਣ ਵਾਲੇ ਯਾਤਰੀ ਸਟੇਸ਼ਨ ਤੱਕ ਪਹੁੰਚਣ ਲਈ ਆਈ ਟੀ ਓ, ਦੀਨ ਦਿਆਲ ਉਪਾਧਿਆਏ ਮਾਰਗ ਅਤੇ ਭਵਭੂਤੀ ਮਾਰਗ ਦੀ ਵਰਤੋਂ ਕਰ ਸਕਦੇ ਹਨ। ਮਿੰਟੋ ਰੋਡ-ਕਨਾਟ ਪਲੇਸ ਜੰਕਸ਼ਨ ਤੋਂ ਰਾਮਲੀਲ੍ਹਾ ਮੈਦਾਨ ਤੱਕ ਮਾਰਚ ਕੱਢਣ ਦੀ ਵੀ ਯੋਜਨਾ ਬਣਾਈ ਗਈ ਹੈ।

ਮੁੱਖ ਮੁਕਾਬਲਾ ਕਾਂਗਰਸ...

ਦੀ ਭਿਆਨਕ ਤਸਵੀਰ ਪੇਸ਼ ਕਰਦਿਆਂ ਉਨ੍ਹਾ ਕਿਹਾ ਕਿ ਹਾਲ ਹੀ ਵਿੱਚ ਉਨ੍ਹਾ ਪੂਰੇ ਸੂਬੇ ਦਾ ਵਿਆਪਕ ਦੌਰਾ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜੇਕਰ ਤੁਸੀਂ ਘਰ ਜਾਂ ਪਿੰਡ ਵਿੱਚ ਬੈਠੇ ਹੋਵੋ, ਤਾਂ 'ਬਲਿੰਕਿਟ' ਜਾਂ 'ਜ਼ੋਮੈਟੋ' ਰਾਹੀਂ ਖਾਣਾ ਮੰਗਵਾਉਣ ਵਿੱਚ 45 ਮਿੰਟ ਲੱਗ ਜਾਂਦੇ ਹਨ, ਜਦ ਕਿ 'ਚਿੱਟਾ' ਅਤੇ ਹੋਰ ਨਸ਼ੇ 20 ਮਿੰਟਾਂ ਵਿੱਚ ਹੀ ਤੁਹਾਡੇ ਦਰਵਾਜ਼ੇ 'ਤੇ ਪਹੁੰਚ ਜਾਂਦੇ ਹਨ। ਭਾਵ ਨਸ਼ਿਆਂ ਦੀ 'ਹੋਮ ਡਿਲੀਵਰੀ' ਹੁੰਦੀ ਹੈ। ਸੂਬੇ ਦੀ ਆਰਥਿਕ ਸਥਿਤੀ 'ਤੇ ਚਿੰਤਾ ਪ੍ਰਗਟਾਉਂਦਿਆਂ ਪਾਇਲਟ ਨੇ ਕਿਹਾ ਕਿ ਪੰਜਾਬ ਸਿਰ ਕਰਜ਼ਾ 2.5 ਲੱਖ ਕਰੋੜ ਤੋਂ ਵਧ ਕੇ 4.5 ਲੱਖ ਕਰੋੜ ਰੁਪਏ ਹੋ ਗਿਆ ਹੈ। ਉਦਯੋਗ ਅਤੇ ਨਿਵੇਸ਼ ਬਾਹਰ ਜਾ ਰਹੇ ਹਨ, ਫਿਰੌਤੀਆਂ ਲਈ ਧਮਕੀਆਂ ਮਿਲ ਰਹੀਆਂ ਹਨ ਅਤੇ ਨਸ਼ਿਆਂ ਨੇ ਸਮਾਜਿਕ ਤਾਣੇ-ਬਾਣੇ ਨੂੰ ਕਮਜ਼ੋਰ ਕਰ ਦਿੱਤਾ ਹੈ। ਉਨ੍ਹਾ ਦਾਅਵਾ ਕੀਤਾ ਕਿ ਆਗਾਮੀ ਚੋਣਾਂ ਵਿੱਚ ਮੁੱਖ ਮੁਕਾਬਲਾ ਕਾਂਗਰਸ ਤੇ 'ਆਪ' ਵਿਚਕਾਰ ਹੀ ਹੋਵੇਗਾ।

.ਗਦਰੀ ਮੇਲੇ ਦੇ ਦੂਜੇ ...

ਵਿੱਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਗੁਰੂ ਹਰਗੋਬਿੰਦ ਪਬਲਿਕ ਸੈਕੰਡਰੀ ਸਕੂਲ ਜੋੜਕੀਆਂ (ਮਾਨਸਾ), ਸਿੱਖ ਨੈਸ਼ਨਲ ਕਾਲਜ (ਬੰਗਾ), ਐੱਸ ਡੀ ਮਾਡਲ ਸਕੂਲ, (ਜਲੰਧਰ ਕੈਂਟ) ਟੀਮਾਂ ਨੇ ਹਾਸਲ ਕੀਤਾ। ਪੇਂਟਿੰਗ ਮੁਕਾਬਲੇ ਦੇ ਗਰੁੱਪ ਏ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਕਰਮਵਾਰ ਕਿਰਨਜੋਤ ਕੌਰ (ਗੌਰਮਿੰਟ ਕਾਲਜ ਆਫ਼ ਐਜੂਕੇਸ਼ਨ, ਜਲੰਧਰ), ਮੰਨਤ (ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ, ਕਪੂਰਥਲਾ), ਨੰਦਨੀ (ਗੌਰਮਿੰਟ ਕਾਲਜ ਆਫ਼ ਐਜੂਕੇਸ਼ਨ, ਜਲੰਧਰ), ਗਰੁੱਪ ਬੀ ਵਿੱਚ ਅਰਮਾਨ ਸਿੱਧੂ (ਐੱਸ ਡੀ ਮਾਡਲ ਸਕੂਲ, ਜਲੰਧਰ), ਤਨਵੀਨ ਪਾਲ (ਐੱਸ ਡੀ ਮਾਡਲ ਸਕੂਲ, ਜਲੰਧਰ), ਅਸ਼ਮੀਤ ਸਿੰਘ (ਐੱਸ ਆਰ ਟੀ ਡੀ ਏ ਵੀ ਸਕੂਲ, ਬਿਲਗਾ) ਅਤੇ ਗਰੁੱਪ ਸੀ ਵਿੱਚ ਮਹਿਕਪ੍ਰੀਤ ਕੌਰ (ਐੱਸ ਡੀ ਮਾਡਲ ਸਕੂਲ, ਜਲੰਧਰ) ਤੇ ਵਿਰਾਟ ਪਾਲ (ਡੀ ਏ ਵੀ ਪਬਲਿਕ ਸਕੂਲ, ਬਿਲਗਾ), ਆਭਾ (ਐੱਸ ਡੀ ਮਾਡਲ ਸਕੂਲ, ਜਲੰਧਰ) ਤੇ ਸਿਮਰਨ (ਜਲੰਧਰ ਮਾਡਲ ਸੀਨੀਅਰ ਸੈਕੰਡਰੀ ਸਕੂਲ, ਜਲੰਧਰ), ਗੀਤਿਕਾ (ਡੀ.ਏ.ਵੀ. ਪਬਲਿਕ ਸਕੂਲ, ਬਿਲਗਾ) ਤੇ ਸਮਰਜੋਤ (ਲਾਅਨਜ਼ ਪਬਲਿਕ ਸਕੂਲ) ਨੇ ਪ੍ਰਾਪਤ ਕੀਤਾ। ਸਭਨਾਂ ਮੁਕਾਬਲਿਆਂ ਦੇ ਜੇਤੂਆਂ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਨਕਦ ਰਾਸ਼ੀ, ਪੁਸਤਕਾਂ ਅਤੇ ਸਰਟੀਫਿਕੇਟ ਨਾਲ ਸਨਮਾਨ ਕੀਤਾ ਗਿਆ। ਸਭਨਾਂ ਮੁਕਾਬਲਿਆਂ ਵਿੱਚ ਹੌਸਲਾ-ਵਧਾਊ ਇਨਾਮ ਵੀ ਦਿੱਤੇ ਗਏ। ਪੇਂਟਿੰਗ ਮੁਕਾਬਲੇ ਦੇ ਜੱਜ ਸਾਹਿਬਾਨ ਗੁਰਦੀਸ਼ ਸਿੰਘ ਪੰਨੂ, ਏਕਮ ਸਿੰਘ ਪੰਨੂ ਅਤੇ ਇੰਦਰਜੀਤ ਸਿੰਘ ਆਰਟਿਸਟ ਜਲੰਧਰ ਦਾ ਕਮੇਟੀ ਨੇ ਸਨਮਾਨ ਕਰਦਿਆਂ ਮਾਣ ਮਹਿਸੂਸ ਕੀਤਾ। ਕਾਕੋਰੀ ਕਾਂਡ ਅਤੇ ਨੌਜਵਾਨ ਭਾਰਤ ਸਭਾ ਨੂੰ ਸਮਰਪਤ ਬਣਾਏ ਪੰਡਾਲ 'ਚ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਕਲਾ ਕਿਰਤਾਂ ਨਾਲ ਜੁੜੀ ਟੀਮ ਨੇ ਵਿਗਿਆਨਕ ਚੇਤਨਾ ਦਾ ਚਾਨਣ ਵੰਡਦੀਆਂ ਕਲਾ ਕਿਰਤਾਂ ਪੇਸ਼ ਕੀਤੀਆਂ। ਤਰਕਸ਼ੀਲ ਸੁਸਾਇਟੀ ਪੰਜਾਬ ਦੀ ਟੀਮ ਜਸਵਿੰਦਰ ਫਗਵਾੜਾ, ਸੁਮੀਤ ਅੰਮ੍ਰਿਤਸਰ, ਸੁਖਦੇਵ ਫਗਵਾੜਾ, ਸੁਖਜੀਤ ਅੱਭੋਵਾਲ, ਬਲਵਿੰਦਰ ਕੋਠੇ ਜੱਟਾਂ ਅਤੇ ਸੁਰਿੰਦਰ ਪੱਦੀ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਨਮਾਨਤ ਕੀਤਾ ਗਿਆ। ਇਸ ਸੈਸ਼ਨ ਦਾ ਮੰਚ ਸੰਚਾਲਨ ਡਾ. ਸੈਲੇਸ਼ ਨੇ ਕੀਤਾ। ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਹਾਲ ਵਿੱਚ ਹੋਈ ਵਿਚਾਰ-ਚਰਚਾ ਮੌਕੇ ਮੁੱਖ ਵਕਤਾ ਪ੍ਰਜੋਏ ਗੁਹਾ ਠਾਕੁਰਤਾ ਨੇ ਸੰਬੋਧਨ 'ਚ ਕਿਹਾ ਕਿ ਵੋਟ ਚੋਰੀ ਗਿਣੀ ਮਿਥੀ ਸਾਜ਼ਿਸ਼ ਹੈ। ਜ਼ਰੂਰੀ ਦਸਤਾਵੇਜ਼ੀ 'ਕਾਗਜ਼ ਦਿਖਾਓ ਮੁਹਿੰਮ' ਵਿਸ਼ੇਸ਼ ਫ਼ਿਰਕਿਆਂ ਨੂੰ ਚੋਣਵਾਂ ਨਿਸ਼ਾਨਾ ਬਣਾਉਣ ਲਈ ਹੈ। ਉਹਨਾਂ ਕਿਹਾ ਕਿ ਵਿਸ਼ਵ ਸਾਮਰਾਜੀ ਤਾਕਤਾਂ ਅਤੇ ਭਾਰਤੀ ਕਾਰਪੋਰੇਟ ਘਰਾਣੇ ਆਪਣੇ ਆਰਥਕ, ਰਾਜਨੀਤਕ ਮਨੋਰਥਾਂ ਦੀ ਪੂਰਤੀ ਲਈ ਜਮਹੂਰੀ ਹੱਕਾਂ ਦਾ ਘਾਣ ਕਰ ਰਹੇ ਹਨ। ਉਹਨਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਚੇਤਨ ਅਵਾਮੀ ਲਹਿਰ ਹੀ ਲੋਕਾਂ ਦੀ ਸਹੀ ਮਾਰਗ-ਦਰਸ਼ਕ ਹੋ ਸਕਦੀ ਹੈ।

ਵਿਚਾਰ-ਚਰਚਾ ਮੌਕੇ ਮੰਚ 'ਤੇ ਕਮੇਟੀ ਦੇ ਮੀਤ ਪ੍ਰਧਾਨ ਡਾ. ਪਰਮਿੰਦਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ, ਸਹਾਇਕ ਸਕੱਤਰ ਗੋਪਾਲ ਸਿੰਘ ਬੁੱਟਰ ਅਤੇ ਕਮੇਟੀ ਮੈਂਬਰ ਕੁਲਬੀਰ ਸੰਘੇੜਾ ਸੁਸ਼ੋਭਿਤ ਸਨ। ਇਸ ਸੈਸ਼ਨ 'ਚ ਮੰਚ ਸੰਚਾਲਨ ਕਮੇਟੀ ਦੇ ਮੀਤ ਪ੍ਰਧਾਨ ਡਾ. ਪਰਮਿੰਦਰ ਸਿੰਘ ਨੇ ਕੀਤਾ।

ਸ਼ਾਮ 4 ਵਜੇ ਹੋਏ ਕਵੀ-ਦਰਬਾਰ ਦਾ ਆਗਾਜ਼ ਦਰਜਨਾਂ ਹੀ ਕਿਤਾਬਾਂ ਲੋਕ-ਅਰਪਣ ਕਰਨ ਨਾਲ ਹੋਇਆ। ਜੋ ਮੇਲੇ ਦੀ ਵੱਡੀ ਪ੍ਰਾਪਤੀ ਹੈ। ਕਮੇਟੀ ਮੈਂਬਰ ਹਰਵਿੰਦਰ ਭੰਡਾਲ ਦੇ ਮੰਚ ਸੰਚਾਲਨ 'ਚ ਹੋਏ ਕਵੀ ਦਰਬਾਰ ਵਿੱਚ ਦਰਸ਼ਨ ਖਟਕੜ, ਮੰਗਤ ਰਾਮ ਪਾਸਲਾ, ਸੁਰਜੀਤ ਜੱਜ, ਸੁਸ਼ੀਲ ਦੁਸਾਂਝ ਪ੍ਰਧਾਨਗੀ ਮੰਡਲ 'ਚ ਸੁਸ਼ੋਭਿਤ ਸਨ। ਸ਼ਬਦੀਸ਼, ਹਰਮੀਤ ਵਿਦਿਆਰਥੀ, ਮੱਖਣ ਕੋਹਾੜ, ਤਲਵਿੰਦਰ ਸ਼ੇਰਗਿੱਲ, ਓਂਕਾਰਪ੍ਰੀਤ, ਕਮਲਦੀਪ ਜਲੂਰ, ਮਨਪ੍ਰੀਤ ਜੱਸ, ਮਨਜਿੰਦਰ ਕਮਲ, ਭੁਪਿੰਦਰ ਦੂਲੇ, ਜਗਵਿੰਦਰ ਜੋਧਾ, ਮਨਜੀਤ ਔਲਖ, ਗੁਰਮੀਤ ਕੜਿਆਲਵੀ, ਜਸਦੇਵ ਸਿੰਘ ਲਲਤੋਂ ਨੇ ਕਵੀ ਦਰਬਾਰ 'ਚ ਆਪਣੇ ਕਲਾਮ ਪੇਸ਼ ਕੀਤੇ। ਪੀਪਲਜ਼ ਵਾਇਸ (ਕੁਲਵਿੰਦਰ, ਡਾ. ਸੈਲੇਸ਼) ਵੱਲੋਂ ਦਸਤਾਵੇਜ਼ੀ ਫ਼ਿਲਮ 'ਚੜ੍ਹਦੀ ਕਲਾ' (ਦਿੱਲੀ ਕਿਸਾਨ ਮੋਰਚੇ ਬਾਰੇ) ਨਕੁਲ ਸਾਹਨੀ ਦੀ ਨਿਰਦੇਸ਼ਨਾ 'ਚ ਵਿਖਾਈ ਗਈ। ਪਹਿਲੀ ਨਵੰਬਰ ਨੂੰ ਸਾਰਾ ਦਿਨ ਸਾਰੀ ਰਾਤ ਨਾਟਕ, ਗੀਤ-ਸੰਗੀਤ, ਭੈਣੀ ਸਾਹਿਬ ਜੱਥੇ ਦਾ ਹੱਲਾ, ਝੰਡੇ ਦਾ ਗੀਤ ਅਤੇ ਵੰਨ-ਸੁਵੰਨੇ ਨਾਟਕ ਖੇਡੇ ਜਾਣਗੇ। ਮੇਲੇ 'ਚ ਮੈਡੀਕਲ ਸਹਾਇਤਾ ਕੈਂਪ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ (ਪ੍ਰਧਾਨ ਧੰਨਾ ਮੱਲ ਗੋਇਲ) ਦੀ ਅਗਵਾਈ ਵਿੱਚ ਲਾਇਆ ਗਿਆ।

ਚੰਨੂ 'ਚ ਨੌਜਵਾਨ ਦਾ ਕਤਲ

ਮਲੋਟ (ਰਜਿੰਦਰ ਜੁਨੇਜਾ)-ਮਲੋਟ ਸਬ ਡਵੀਜ਼ਨ ਦੇ ਪਿੰਡ ਚੰਨੂ ਵਿਖੇ ਸ਼ਨੀਵਾਰ ਸਵੇਰੇ ਪੁਰਾਣੀ ਰੰਜਿਸ਼ ਦੇ ਚੱਲਦਿਆਂ ਇੱਕ 19 ਸਾਲਾ ਨੌਜਵਾਨ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ।ਮ੍ਰਿਤਕ ਦੀ ਪਛਾਣ ਜਸ਼ਨਪ੍ਰੀਤ ਸਿੰਘ ਵਜੋਂ ਹੋਈ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਦੇ ਹੀ ਮਨਿੰਦਰ ਸਿੰਘ ਨੇ ਕਥਿਤ ਤੌਰ 'ਤੇ ਪੁਰਾਣੀ ਰੰਜਿਸ਼ ਕਾਰਨ ਜਸ਼ਨਪ੍ਰੀਤ ਸਿੰਘ 'ਤੇ ਕੁਹਾੜੀ ਨਾਲ ਹਮਲਾ ਕਰ ਦਿੱਤਾ। ਹਮਲਾਵਰ ਵੱਲੋਂ ਉਸ ਦੀ ਗਰਦਨ ਤੇ ਹੱਥਾਂ 'ਤੇ ਤੇਜ਼ਧਾਰ ਹਥਿਆਰ ਨਾਲ ਵਾਰ ਕੀਤੇ ਗਏ, ਜਿਸ ਕਾਰਨ ਉਸ ਦੀ ਮੌਤ ਹੋ ਗਈ।ਘਟਨਾ ਦੀ ਸੂਚਨਾ ਮਿਲਣ 'ਤੇ ਥਾਣਾ ਲੰਬੀ ਦੀ ਪੁਲਸ ਨੇ ਮ੍ਰਿਤਕ ਦੀ ਮਾਤਾ ਦੇ ਬਿਆਨਾਂ ਦੇ ਆਧਾਰ 'ਤੇ ਮੁਲਜ਼ਮ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।ਪੁਲਸ ਵੱਲੋਂ ਮਾਮਲੇ ਦੀ ਜਾਂਚ ਤੇ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

ਕਿਸਾਨਾਂ ਦੇ ਅਦਾ ਕੀਤੇ ਪੁਰਾਣੇ ਕਰਜ਼ਿਆਂ ਦੇ ਦੁਬਾਰਾ ਵਸੂਲੀ ਲਈ ਮਹਿਕਮੇ ਨੇ ਭੇਜੇ ਨੋਟਿਸ

ਮੋਗਾ (ਇਕਬਾਲ ਸਿੰਘ ਖਹਿਰਾ)-ਪਿੰਡ ਮਹੇਸਰੀ ਦੀ ਕੋਆਪ੍ਰੇਟਿਵ ਸੁਸਾਇਟੀ ਦੇ ਰਿੱਜਦਾਰ ਕਿਸਾਨਾਂ ਨੇ ਅਧਿਕਾਰੀਆਂ ਉੱਪਰ ਦੋਸ਼ ਲਾਏ ਹਨ ਕਿ ਉਨ੍ਹਾਂ ਵੱਲੋਂ ਅਦਾ ਕੀਤੇ ਗਏ ਪੁਰਾਣੇ ਕਰਜ਼ਿਆਂ ਦੇ ਦੁਬਾਰਾ ਵਸੂਲੀ ਲਈ ਮਹਿਕਮੇ ਵੱਲੋਂ ਨੋਟਿਸ ਭੇਜੇ ਜਾ ਰਹੇ ਹਨ।ਡਿਪਟੀ ਰਜਿਸਟਰਾਰ ਕੋਆਪ੍ਰੇਟਿਵ ਸੁਸਾਇਟੀ ਨੂੰ ਦਰਖ਼ਾਸਤ ਦੇਣ ਉਪਰੰਤ ਕਿਸਾਨਾਂ ਨੇ ਕਿਹਾ ਕਿ ਦਸ, ਵੀਹ, ਤੀਹ ਜਾਂ ਇਸ ਤੋਂ ਪਹਿਲਾਂ ਤੱਕ ਵੀ ਕਿਸਾਨਾਂ ਵੱਲੋਂ ਮੋੜੇ ਗਏ ਕਰਜ਼ਿਆਂ ਦੀ ਦੁਬਾਰਾ ਵਸੂਲੀ ਦੇ ਨੋਟਿਸ ਭੇਜ ਕੇ ਕਿਸਾਨਾਂ ਨੂੰ ਮਾਨਸਿਕ ਤੌਰ ਉੱਤੇ ਜ਼ਲੀਲ ਕੀਤਾ ਜਾ ਰਿਹਾ ਹੈ। ਕਿਸਾਨ ਆਗੂ ਬਲਦੇਵ ਸਿੰਘ ਬੱਬੀ, ਪਰਮਜੀਤ ਸਿੰਘ ਪੰਮਾ, ਤੇਜ ਸਿੰਘ ਅਤੇ ਸੁਖਜਿੰਦਰ ਮਹੇਸਰੀ ਨੇ ਕਿਹਾ ਕਿ ਅਸਲ ਵਿੱਚ ਸੁਸਾਇਟੀ ਵਿੱਚ ਵੱਡੇ ਪੱਧਰ ਉੱਤੇ ਭ੍ਰਿਸ਼ਟਾਚਾਰ ਹੋਇਆ ਹੈ।ਸੈਕਟਰੀ ਤੋਂ ਲੈ ਕੇ ਉੱਚ ਅਧਿਕਾਰੀਆਂ ਨੇ ਸਲਾਨਾ ਆਡਿਟ ਕਰਕੇ ਸੁਸਾਇਟੀ ਨੂੰ ਮੁਨਾਫ਼ਾ ਢੰਗ ਨਾਲ ਚਲਾਉਣ ਦੀ ਬਜਾਏ, ਕਿਸਾਨਾਂ ਨੂੰ ਡਿਫਾਲਟਰ ਸਾਬਤ ਕਰਕੇ, ਆਪਣੇ ਭ੍ਰਿਸ਼ਟਾਚਾਰ ਉੱਤੇ ਪਰਦਾ ਪਾਇਆ ਜਾ ਰਿਹਾ ਹੈ।ਉਨ੍ਹਾਂ ਡਿਪਟੀ ਰਜਿਸਟਰਾਰ ਨੂੰ ਦਰਖ਼ਾਸਤ ਦੇ ਕੇ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ ਤਾਂ ਜੁ ਕਿਸਾਨਾਂ ਦੀ ਬਜਾਏ ਦੋਸ਼ੀ ਅਧਿਕਾਰੀ ਸਾਹਮਣੇ ਆਉਣ ਅਤੇ ਸੁਸਾਇਟੀ ਨੂੰ ਵਿੱਤੀ ਨੁਕਸਾਨ ਪੁਚਾਉਣ ਵਾਲਿਆਂ ਤੋਂ ਘਾਟੇ ਦੀ ਵਸੂਲੀ ਕੀਤੀ ਜਾਵੇ।ਕਿਸਾਨਾਂ ਦਾ ਕਹਿਣਾ ਹੈ ਕਿ ਜੇਕਰ ਪੂਰੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰਕੇ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਦਿਆਂ ਵਸੂਲੀ ਕੀਤੀ ਜਾਵੇ ਤਾਂ ਵੱਡੀ ਰਕਮ ਸੁਸਾਇਟੀ ਦੇ ਖਾਤੇ 'ਚ ਜਮ੍ਹਾਂ ਹੋ ਸਕਦੀ ਹੈ ਅਤੇ ਉਸੇ ਰਕਮ ਨਾਲ ਸੁਸਾਇਟੀ ਲਈ ਨਵੀਂ ਮਸ਼ੀਨਰੀ ਖਰੀਦ ਕੇ ਕਿਸਾਨਾਂ ਨੂੰ ਲਾਭ ਦਿੱਤਾ ਜਾ ਸਕਦਾ ਹੈ।

ਕੈਬਨਿਟ ਮੰਤਰੀ ਨੇ 3 ਪਿੰਡਾਂ 'ਚ ਮਾਲਕੀ ਹੱਕਾਂ ਸੰਬੰਧੀ ਦਸਤਾਵੇਜ਼ ਵੰਡੇ

ਮਲੋਟ/ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਪੰਜਾਬ ਸਰਕਾਰ ਵੱਲੋਂ ਲਾਲ ਲਕੀਰ ਅੰਦਰ ਵਸਦੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਮਾਲਕੀ ਹੱਕ ਪ੍ਰਦਾਨ ਕਰਨ ਲਈ ਚਲਾਈ ਜਾ ਰਹੀ 'ਮੇਰਾ ਘਰ ਮੇਰੇ ਨਾਮ' ਮੁਹਿੰਮ ਤਹਿਤ ਸਮਾਜਿਕ ਸੁਰੱਖਿਆ, ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਪੰਜਾਬ ਡਾ. ਬਲਜੀਤ ਕੌਰ ਨੇ ਮਲੋਟ ਹਲਕੇ ਦੇ ਪਿੰਡ ਨੰਦਗੜ੍ਹ, ਚੱਕ ਮਹਾਂਬੱਧਰ ਤੇ ਤਾਮਕੋਟ ਦੇ ਲਾਲ ਲਕੀਰ ਅੰਦਰ ਵਸਦੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਮਾਲਕੀ ਹੱਕਾਂ ਸਬੰਧੀ ਦਸਤਾਵੇਜ਼ ਪ੍ਰਦਾਨ ਕੀਤੇ।ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਮੇਰਾ ਘਰ ਮੇਰੇ ਨਾਮ' ਮੁਹਿੰਮ ਦਾ ਉਦੇਸ਼ ਲਾਲ ਲਕੀਰ ਦੇ ਅੰਦਰ ਰਹਿ ਰਹੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੀ ਮਾਲਕੀ ਦਾ ਅਧਿਕਾਰਤ ਦਸਤਾਵੇਜ਼ ਮੁਹੱਈਆ ਕਰਵਾਉਣਾ ਹੈ।ਉਨ੍ਹਾਂ ਕਿਹਾ ਕਿ ਆਪਣੇ ਘਰ ਦਾ ਮਾਲਕੀ ਹੱਕ ਹਰ ਪਰਵਾਰ ਲਈ ਬਹੁਤ ਮਹੱਤਵਪੂਰਨ ਹੁੰਦਾ ਹੈ ਤੇ ਇਸ ਮੁਹਿੰਮ ਤਹਿਤ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਸਬੰਧੀ ਅਧਿਕਾਰਤ ਦਸਤਾਵੇਜ਼ ਮਿਲਣ ਨਾਲ ਉਨ੍ਹਾਂ ਦੀ ਜਾਇਦਾਦ ਸਬੰਧੀ ਸਥਿਤੀ ਹੋਰ ਸਪੱਸ਼ਟ ਤੇ ਮਜ਼ਬੂਤ ਹੋਵੇਗੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਉਨ੍ਹਾਂ ਦੇ ਜਾਇਦਾਦੀ ਹੱਕ ਪ੍ਰਦਾਨ ਕਰਨ ਦੇ ਨਾਲ-ਨਾਲ ਸਰਕਾਰੀ ਸੇਵਾਵਾਂ ਤੇ ਸਹੂਲਤਾਂ ਦੀ ਪਹੁੰਚ ਵੀ ਯਕੀਨੀ ਬਣਾਈ ਜਾ ਰਹੀ ਹੈ।ਕੈਬਨਿਟ ਮੰਤਰੀ ਨੇ ਕਿਹਾ ਕਿ ਪ੍ਰਾਪਰਟੀ ਕਾਰਡ ਜਾਂ ਮਾਲਕੀ ਹੱਕਾਂ ਸਬੰਧੀ ਦਸਤਾਵੇਜ਼ ਲੋਕਾਂ ਲਈ ਮਹੱਤਵਪੂਰਨ ਰਿਕਾਰਡ ਵਜੋਂ ਕੰਮ ਕਰਨਗੇ।ਇਸ ਨਾਲ ਲੋਕਾਂ ਨੂੰ ਆਪਣੀ ਜਾਇਦਾਦ ਸਬੰਧੀ ਅਧਿਕਾਰਤ ਦਸਤਾਵੇਜ਼ ਉਪਲਬਧ ਹੋਵੇਗਾ ਤੇ ਭਵਿੱਖ ਵਿੱਚ ਜਾਇਦਾਦ ਨਾਲ ਸਬੰਧਤ ਵੱਖ-ਵੱਖ ਕੰਮਾਂ ਲਈ ਵੀ ਸਹੂਲਤ ਮਿਲੇਗੀ।

ਕਾਮਰੇਡ ਖੀਵਾ ਦੇ ਜੀਵਨ 'ਤੇ ਅਧਾਰਤ ਪੁਸਤਕ 'ਮੇਰਾ ਮੁਝ ਮੇਂ ਕਿਛੁ ਨਾਹੀ' ਲੋਕ ਅਰਪਣ

ਮਾਨਸਾ (ਆਤਮਾ ਸਿੰਘ ਪਮਾਰ)-ਸੀਪੀਆਈ (ਐੱਮ ਐੱਲ) ਲਿਬਰੇਸ਼ਨ ਦੇ ਸੀਨੀਅਰ ਆਗੂ ਕਾਮਰੇਡ ਨਛੱਤਰ ਸਿੰਘ ਖੀਵਾ ਦੇ ਜੀਵਨ ਬਿਰਤਾਂ 'ਤੇ ਅਧਾਰਤ ਕਿਤਾਬ 'ਮੇਰਾ ਮੁਝ ਮੇਂ ਕਿਛੁ ਨਾਹੀ' ਆਰ ਐੱਮ ਪੀ ਆਈ ਦੇ ਪ੍ਰਮੁੱਖ ਆਗੂ ਤੇ ਖੀਵਾ ਜੀ ਦੇ ਅਧਿਆਪਕ ਤੇ ਗਰਾਈਂ ਕਾਮਰੇਡ ਛੱਜੂ ਰਾਮ ਰਿਸ਼ੀ ਵੱਲੋਂ ਲੋਕ ਅਰਪਣ ਕੀਤੀ ਗਈ।ਸਥਾਨਕ ਬਾਬਾ ਬੂਝਾ ਸਿੰਘ ਯਾਦਗਾਰ ਭਵਨ ਵਿਖੇ ਹੋਏ ਇਸ ਸੰਖੇਪ ਸਮਾਗਮ ਨੂੰ ਸੰਬੋਧਨ ਕਰਦਿਆਂ ਕਾਮਰੇਡ ਰਿਸ਼ੀ ਨੇ ਨਛੱਤਰ ਸਿੰਘ ਖੀਵਾ ਦੇ ਜੀਵਨ ਬਾਰੇ ਤੇ ਪ੍ਰੋਫੈਸਰ ਬੀ ਅਲੈਕਸੇਈ ਵੱਲੋਂ ਉਨ੍ਹਾਂ ਦੇ ਜੀਵਨ ਤੇ ਇਨਕਲਾਬੀ ਘਾਲਣਾ ਬਾਰੇ ਸੰਪਾਦਤ ਕੀਤੀ ਤੇ ਇਸ ਬਾਰੇ ਸੰਖੇਪ ਜਾਣਕਾਰੀ ਦਿੱਤੀ।ਇਸ ਮੌਕੇ ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਲਿਬਰੇਸ਼ਨ ਦੇ ਸੂਬਾਈ ਆਗੂ ਕਾਮਰੇਡ ਸੁਰਿੰਦਰ ਪਾਲ ਸ਼ਰਮਾ, ਜਸਬੀਰ ਕੌਰ ਨੱਤ, ਆਲ ਇੰਡੀਆ ਕਿਸਾਨ ਮਹਾਂਸਭਾ ਦੀ ਸੂਬਾ ਇਕਾਈ ਦੇ ਸੀਨੀਅਰ ਮੀਤ ਪ੍ਰਧਾਨ ਗੁਰਜੰਟ ਸਿੰਘ ਮਾਨਸਾ, ਕਿਸਾਨ ਆਗੂ ਕਰਨੈਲ ਸਿੰਘ ਮਾਨਸਾ, ਸੁਖਚਰਨ ਸਿੰਘ ਦਾਨੇਵਾਲਾ, ਸਾਧੂ ਸਿੰਘ ਬੁਰਜ ਢਿੱਲਵਾਂ, ਨਰਿੰਦਰ ਕੌਰ ਬੁਰਜ ਹਮੀਰਾ, ਪਾਰਟੀ ਦੇ ਬਜ਼ੁਰਗ ਆਗੂ ਮੁਖਤਿਆਰ ਸਿੰਘ ਕੁਲਹਿਰੀ ਮੌਜੂਦ ਸਨ।ਜ਼ਿਕਰਯੋਗ ਹੈ ਕਿ ਇਸ ਕਿਤਾਬ 'ਚ ਕਾਮਰੇਡ ਖੀਵਾ ਵੱਲੋਂ ਇਨਕਲਾਬੀ ਲਹਿਰ 'ਚ ਪਾਏ ਯੋਗਦਾਨ ਬਾਰੇ ਸੀਪੀਆਈ ਐੱਮ ਐੱਲ ਲਿਬਰੇਸ਼ਨ ਦੇ ਜਨਰਲ ਸਕੱਤਰ ਕਾਮਰੇਡ ਦੀਪਾਂਕਰ ਭੱਟਾਚਾਰੀਆ, ਕੇਂਦਰੀ ਕਮੇਟੀ ਵੱਲੋਂ ਪੰਜਾਬ ਦੇ ਇੰਚਾਰਜ ਕਾਮਰੇਡ ਪ੍ਰਸ਼ੋਤਮ ਸ਼ਰਮਾ ਤੇ ਸੁਖਦਰਸ਼ਨ ਸਿੰਘ ਨੱਤ ਸਮੇਤ ਪਾਰਟੀ ਦੇ ਕਈ ਸੂਬਾਈ ਤੇ ਜ਼ਿਲ੍ਹਾ ਪੱਧਰ ਦੇ ਆਗੂਆਂ, ਵਰਕਰਾਂ ਤੇ ਪਰਿਵਾਰਕ ਮੈਂਬਰਾਂ ਵੱਲੋਂ ਕਾਮਰੇਡ ਖੀਵਾ ਜੀ ਬਾਰੇ ਆਪੋ ਆਪਣੀਆਂ ਯਾਦਾਂ ਤੇ ਪ੍ਰਭਾਵ ਸਾਂਝੇ ਕੀਤੇ ਗਏ ਹਨ।ਕੁੱਝ ਯਾਦਗਾਰੀ ਤਸਵੀਰਾਂ ਤੋਂ ਇਲਾਵਾ ਕਾਮਰੇਡ ਖੀਵਾ ਦੀਆਂ ਆਪਣੀਆਂ ਕੁਝ ਲਿਖਤਾਂ ਵੀ ਕਿਤਾਬ ਵਿੱਚ ਸ਼ਾਮਲ ਹਨ।

4 ਦੀ ਰੈਲੀ ਨੂੰ ਲੈ ਕੇ ਹਰਦੀਪ ਦੌਲਤਪੁਰ ਦੇ ਗ੍ਰਹਿ ਵਿਖੇ ਮੀਟਿੰਗ

ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)-ਆਗਾਮੀ 4 ਨਵੰਬਰ ਨੂੰ ਸੰਗਰੂਰ ਵਿਖੇ ਇੰਡੀਅਨ ਨੈਸ਼ਨਲ ਕਾਂਗਰਸ ਵੱਲੋਂ ਸੰਗਰੂਰ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੈਲੀ ਦੀਆਂ ਤਿਆਰੀਆਂ ਦੇ ਸਿਲਸਿਲੇ ਵਿੱਚ ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਹਲਕਾ ਧੂਰੀ ਤੋਂ ਪ੍ਰਮੁੱਖ ਆਗੂ ਹਰਦੀਪ ਸਿੰਘ ਦੌਲਤਪੁਰ ਦੇ ਗ੍ਰਹਿ ਵਿਖੇ ਹੋਈ ਮੀਟਿੰਗ ਵਿੱਚ ਵਰਕਰਾਂ ਦੀ ਲਾਮਬੰਦੀ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾਂਗਰਸ ਦੇ ਸਹਿ-ਪ੍ਰਭਾਰੀ ਸੂਰਜ ਠਾਕੁਰ, ਸਾਬਕਾ ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ ਤੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਭੁੱਲਰ ਨੇ ਸਾਂਝੇ ਤੌਰ 'ਤੇ ਕਿਹਾ ਕਿ ਪੰਜਾਬ ਅੱਜ ਬੇਹੱਦ ਨਾਜ਼ੁਕ ਦੌਰ ਵਿੱਚੋਂ ਗੁਜ਼ਰ ਰਿਹਾ ਹੈ।ਸੂਬੇ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਚਰਮਰਾ ਚੁੱਕੀ ਹੈ ਤੇ ਆਮ ਲੋਕਾਂ ਦੇ ਹੱਕਾਂ ਦਾ ਘਾਣ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਕਾਂਗਰਸ ਦੇ ਕੌਮੀ ਆਗੂ ਰਾਹੁਲ ਗਾਂਧੀ ਦੀ ਅਗਵਾਈ ਹੇਠ 4 ਨਵੰਬਰ ਨੂੰ ਸੰਗਰੂਰ ਵਿਖੇ ਹੋਣ ਜਾ ਰਹੀ ਨੂੰਇਨਸਾਫ਼ ਰੈਲੀ' ਪੰਜਾਬੀਆਂ ਦੀ ਆਵਾਜ਼ ਨੂੰ ਦੇਸ਼ ਭਰ ਵਿੱਚ ਬੁਲੰਦ ਕਰੇਗੀ।ਇਹ ਰੈਲੀ ਮੌਜੂਦਾ ਸਰਕਾਰ ਖ਼ਿਲਾਫ਼ ਇੱਕ ਵੱਡਾ ਸ਼ੰਖਨਾਦ ਸਾਬਿਤ ਹੋਵੇਗੀ।ਕਾਂਗਰਸੀ ਆਗੂਆਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਤਿੱਖੇ ਹਮਲੇ ਬੋਲਦਿਆਂ ਕਿਹਾ ਕਿ ਅੱਜ ਪੰਜਾਬ ਦੀ ਬਾਗਡੋਰ ਇੱਕ ਅਜਿਹੀ ਸਰਕਾਰ ਦੇ ਹੱਥ ਹੈ, ਜੋ ਖ਼ੁਦਤਖ਼ਤਿਆਰ ਨਹੀਂ, ਬਲਕਿ ਦਿੱਲੀ ਬੈਠੇ ਆਕਾਵਾਂ ਦੇ ਰਿਮੋਟ ਕੰਟਰੋਲ ਨਾਲ ਚੱਲ ਰਹੀ ਹੈ।ਉਨ੍ਹਾਂ ਕਿਹਾ ਕਿ 'ਬਦਲਾਅ' ਦੇ ਵੱਡੇ-ਵੱਡੇ ਦਾਅਵੇ ਕਰਨ ਵਾਲੀ ਇਹ ਸਰਕਾਰ ਸਿਰਫ਼ ਕਾਗਜ਼ੀ ਸ਼ੇਰ ਸਾਬਿਤ ਹੋਈ ਹੈ ਤੇ ਜ਼ਮੀਨੀ ਹਕੀਕਤ ਵਿੱਚ ਲੋਕਾਂ ਦੇ ਪੱਲੇ ਨਿਰਾਸ਼ਾ ਤੋਂ ਇਲਾਵਾ ਕੁਝ ਨਹੀਂ ਪਿਆ।ਇਸ ਮੌਕੇ ਹਲਕਾ ਧੂਰੀ ਦੇ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਆਏ ਹੋਏ ਸੀਨੀਅਰ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਹਲਕਾ ਧੂਰੀ ਤੋਂ ਰਿਕਾਰਡ ਗਿਣਤੀ ਵਿੱਚ ਵਰਕਰ ਤੇ ਆਮ ਲੋਕ ਇਸ ਰੈਲੀ ਵਿੱਚ ਸ਼ੁਮਾਰ ਹੋਣਗੇ।ਮੀਟਿੰਗ ਦੌਰਾਨ ਵਰਕਰਾਂ ਦਾ ਉਤਸ਼ਾਹ ਦੇਖਣਯੋਗ ਸੀ ਤੇ ਸਾਰਿਆਂ ਨੇ ਰੈਲੀ ਨੂੰ ਸਫ਼ਲ ਬਣਾਉਣ ਦਾ ਪ੍ਰਣ ਲਿਆ।

ਪੰਜਾਬ ਦੇ ਮੁਲਾਜ਼ਮਾਂ ਨੂੰ 63 ਫੀਸਦੀ ਡੀ ਏ ਦੇਣ ਦਾ ਕੇਵਲ ਸਿੰਘ ਢਿੱਲੋਂ ਦਾ ਐਲਾਨ ਸ਼ਲਾਘਾਯੋਗ : ਗੁਰਜੀਤ ਕੋਹਲੀ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਸ੍ਰ. ਕੇਵਲ ਸਿੰਘ ਢਿੱਲੋਂ ਵੱਲੋਂ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨ ਉਪਰੰਤ ਸੂਬੇ ਦੇ ਸਰਕਾਰੀ ਮੁਲਾਜ਼ਮਾਂ ਨੂੰ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਦੇ ਬਰਾਬਰ 63 ਫੀਸਦੀ ਮਹਿੰਗਾਈ ਭੱਤਾ (ਡੀ ਏ) ਦੇਣ ਤੇ ਬਕਾਇਆ ਡੀ ਏ ਦੀ ਅਦਾਇਗੀ ਕਰਨ ਸਬੰਧੀ ਕੀਤੇ ਐਲਾਨ ਦਾ ਭਾਜਪਾ ਆਗੂ ਗੁਰਜੀਤ ਸਿੰਘ ਕੋਹਲੀ ਨੇ ਜ਼ੋਰਦਾਰ ਸਵਾਗਤ ਕੀਤਾ ਹੈ।ਕੋਹਲੀ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਮੁਲਾਜ਼ਮ ਸੂਬੇ ਦੀ ਪ੍ਰਸ਼ਾਸਨਕ ਵਿਵਸਥਾ ਦੀ ਰੀੜ੍ਹ ਦੀ ਹੱਡੀ ਹਨ।ਉਨ੍ਹਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਤੇ ਕੇਂਦਰ ਦੇ ਮੁਲਾਜ਼ਮਾਂ ਦੇ ਬਰਾਬਰ ਡੀ ਏ ਮਿਲਣਾ ਚਾਹੀਦਾ ਹੈ।ਮਹਿੰਗਾਈ ਦੇ ਇਸ ਦੌਰ ਵਿੱਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਹਰ ਜ਼ਿੰਮੇਵਾਰ ਸਰਕਾਰ ਦੀ ਪਹਿਲ ਹੋਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਸ. ਕੇਵਲ ਸਿੰਘ ਢਿੱਲੋਂ ਵੱਲੋਂ ਮੁਲਾਜ਼ਮਾਂ ਦੇ ਬਕਾਇਆ ਡੀ ਏ ਨੂੰ ਕਲੀਅਰ ਕਰਨ ਤੇ ਭਵਿੱਖ ਵਿੱਚ ਸਮੇਂ ਸਿਰ ਅਦਾਇਗੀ ਯਕੀਨੀ ਬਣਾਉਣ ਦੀ ਗੱਲ ਪੰਜਾਬ ਦੇ ਲੱਖਾਂ ਮੁਲਾਜ਼ਮ ਪਰਵਾਰਾਂ ਲਈ ਇੱਕ ਮਹੱਤਵਪੂਰਨ ਤੇ ਸਵਾਗਤਯੋਗ ਵਚਨਬੱਧਤਾ ਹੈ।ਗੁਰਜੀਤ ਸਿੰਘ ਕੋਹਲੀ ਨੇ ਕਿਹਾ ਮੈਂ ਸ੍ਰ. ਕੇਵਲ ਸਿੰਘ ਢਿੱਲੋਂ ਦੇ ਇਸ ਐਲਾਨ ਦਾ ਪੂਰਾ ਸਮਰਥਨ ਕਰਦਾ ਹਾਂ।ਪੰਜਾਬ ਦੇ ਮੁਲਾਜ਼ਮਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਮਿਲਣਾ ਚਾਹੀਦਾ ਹੈ ਤੇ ਡੀ ਏ ਦੇ ਮਾਮਲੇ ਵਿੱਚ ਉਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਵਿਤਕਰਾ ਨਹੀਂ ਹੋਣਾ ਚਾਹੀਦਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Executive Editor : **Resham Singh** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਕਾਰਜਕਾਰੀ ਸੰਪਾਦਕ : **ਰੇਸ਼ਮ ਸਿੰਘ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

ਔਰੰਗਾਬਾਦ ਦੀ ਧਰਤੀ 'ਤੇ ਖਾਲਸਾਈ ਜਾਹੋ-ਜਲਾਲ ਨਾਲ ਸਜਾਇਆ ਵਿਸ਼ਾਲ ਨਗਰ ਕੀਰਤਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਰਾਸ਼ਟਰ ਦੇ ਸੰਭਾਜੀ ਨਗਰ (ਔਰੰਗਾਬਾਦ) ਦੀ ਧਰਤੀ 'ਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਜੀ 96 ਕਰੋੜੀ ਦੀ ਅਗਵਾਈ ਹੇਠ ਖਾਲਸਈ ਜਾਹੋ-ਜਲਾਲ ਨਾਲ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਲੰਗਰ ਸਾਹਿਬ ਤੋਂ ਆਰੰਭ ਹੋ ਕੇ ਗੁਰਦੁਆਰਾ ਗੁਰੂ ਸਿੰਘ ਸਭਾ ਵਿਖੇ ਪਹੁੰਚਿਆ। ਇਸ ਦੌਰਾਨ ਸੰਗਤਾਂ ਵੱਲੋਂ ਗੁਰੂ ਸਾਹਿਬ ਦੇ ਚਰਨਾਂ ਵਿੱਚ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ। ਨਗਰ ਕੀਰਤਨ ਵਿੱਚ ਖਾਲਸਾਈ ਰਵਾਇਤਾਂ, ਪੁਰਾਤਨ ਸਿੱਖ ਪਰੰਪਰਾਵਾਂ ਅਤੇ ਗੁਰੂ ਸਾਹਿਬ ਪ੍ਰਤੀ ਸੰਗਤਾਂ ਦੀ ਅਥਾਹ ਸ਼ਰਧਾ ਦਾ ਮਨਮੋਹਕ ਪ੍ਰਗਟਾਵਾ ਹੋਇਆ। ਗੁਰਦੁਆਰਾ ਗੁਰੂ ਸਿੰਘ ਸਭਾ ਵਿਖੇ ਪਹੁੰਚਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਇਸ ਮੌਕੇ ਭਾਈ ਸੁਖਜੀਤ ਸਿੰਘ ਕਨ੍ਹਈਆ ਨੇ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਜੀਵਨ, ਗੁਰਮਤਿ ਸਿੱਖਿਆਵਾਂ ਅਤੇ ਸਿੱਖ ਪੰਥ ਲਈ ਕੀਤੀਆਂ ਮਹਾਨ ਸੇਵਾਵਾਂ ਤੋਂ ਜਾਣੂ ਕਰਵਾਇਆ। ਇਸ ਉਪਰੰਤ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਜੀ 96 ਕਰੋੜੀ ਨੇ ਸੰਗਤਾਂ ਨੂੰ ਸਿੱਖਾਂ ਦੇ ਅਮੀਰ ਵਿਰਸੇ ਅਤੇ ਸ਼ਸਤਰ ਪਰੰਪਰਾ ਨਾਲ ਜੋੜਦਿਆਂ ਸ਼ਸਤਰਾਂ ਦੇ ਦਰਸ਼ਨ ਕਰਵਾਏ। ਉਨ੍ਹਾਂ ਨੇ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਅਤੇ ਨਗਰ ਕੀਰਤਨ ਵਿੱਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਵਾਲੀ ਸਮੂਹ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ ਵੱਖ-ਵੱਖ ਗੁਰੂ ਘਰਾਂ ਦੇ ਪ੍ਰਬੰਧਕ ਸਾਹਿਬਾਨ ਅਤੇ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। ਇਸ ਮੌਕੇ ਹਾਜ਼ਰ ਗੁਰੂ ਘਰਾਂ ਦੇ ਪ੍ਰਬੰਧਕ ਸਾਹਿਬਾਨ ਜਿਨ੍ਹਾਂ ਵਿੱਚ ਗੁਰਦੁਆਰਾ ਗੁਰੂ ਸਿੰਘ ਸਭਾ, ਸੰਭਾਜੀ ਨਗਰ ਔਰੰਗਾਬਾਦ ਦੇ ਹਰਵਿੰਦਰ ਸਿੰਘ ਬਿੰਦਰਾ-ਪ੍ਰਧਾਨ, ਜਸਪਾਲ ਸਿੰਘ ਓਬਰਾਏ-ਮੀਤ ਪ੍ਰਧਾਨ, ਕੁਲਦੀਪ ਸਿੰਘ ਨਿਰੂ-ਸਕੱਤਰ, ਇੰਦਰਜੀਤ ਸਿੰਘ ਚਟਵਾਲ-ਖ਼ਜ਼ਾਨਚੀ, ਭਾਈ ਪ੍ਰਿਤਪਾਲ ਸਿੰਘ-ਗ੍ਰੰਥੀ, ਓਂਕਾਰ ਸਿੰਘ ਓਬਰਾਏ ਅਤੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਲੰਗਰ ਸਾਹਿਬ ਦੇ ਅਵਤਾਰ ਸਿੰਘ ਚਾਬੜਾ-ਪ੍ਰਧਾਨ, ਜਗਦੇਵ ਸਿੰਘ ਗੁਰਦਿੱਤੇ-ਮੀਤ ਪ੍ਰਧਾਨ, ਕੁਨਾਲ ਸਿੰਘ ਗੁਰਦਿੱਤੇ-ਸਕੱਤਰ, ਹਰਪਾਲ ਸਿੰਘ ਮੁਛਾਲ-ਜੁਆਇੰਟ ਸਕੱਤਰ, ਤ੍ਰਿਲੋਚਨ ਸਿੰਘ ਚਾਬੜਾ-ਖ਼ਜ਼ਾਨਚੀ, ਰਣਜੀਤ ਸਿੰਘ ਚਾਬੜਾ, ਸਤਨਾਮ ਸਿੰਘ ਗੁਲਾਟੀ ਅਤੇ ਨਾਲ ਗੁਰਦੁਆਰਾ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਜੀ ਦੇ ਨਰਿੰਦਰ ਸਿੰਘ ਜਬਿੰਦਾ-ਪ੍ਰਧਾਨ, ਅਜੀਤ ਸਿੰਘ ਸ਼ਿਲੇਦਾਰ-ਮੀਤ ਪ੍ਰਧਾਨ, ਸਰਬਜੀਤ ਹਰੀ ਸਿੰਘ-ਸਕੱਤਰ, ਗੋਲਡੀ ਸਿੰਘ ਢੋਡੀ-ਖ਼ਜ਼ਾਨਚੀ, ਮਨਬੀਰ ਸਿੰਘ ਧਕਾਨ, ਹਰੀ ਸਿੰਘ ਸਮੂਹ ਗੁਰੂ ਘਰਾਂ ਦੇ ਪ੍ਰਬੰਧਕ ਸਾਹਿਬਾਨ, ਸੇਵਾਦਾਰਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਇਹ ਧਾਰਮਿਕ ਸਮਾਗਮ ਗੁਰੂ ਸਾਹਿਬ ਦੀਆਂ ਖੁਸ਼ੀਆਂ ਅਤੇ ਖਾਲਸਾਈ ਚੜ੍ਹਦੀ ਕਲਾ ਦਾ ਪ੍ਰਤੀਕ ਹੋ ਨਿਬੜਿਆ।

ਵਿਧਾਇਕ ਸ਼ੈਰੀ ਕਲਸੀ ਵੱਲੋਂ ਵਡਾਲਾ ਗ੍ਰੰਥੀਆਂ ਵਿਖੇ ਖੇਡ ਗਰਾਊਂਡ ਦਾ ਉਦਘਾਟਨ

ਬਟਾਲਾ, (ਡਾ. ਮਲਵਿੰਦਰ ਸਿੰਘ)- ਪੰਜਾਬ [illegible]

ਸੇਂਟ ਸੋਵਰੇਨ ਕਾਨਵੈਂਟ ਸਕੂਲ ਚਵਿੰਡਾ ਦੇਵੀ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਦਾ ਆਯੋਜਨ

ਚਵਿੰਡਾ ਦੇਵੀ (ਖੁਸ਼ਪਾਲ ਸੁੰਦਰ)- ਸੇਂਟ ਸੋਵਰੇਨ ਕਾਨਵੈਂਟ ਸਕੂਲ ਚਵਿੰਡਾ ਦੇਵੀ [illegible]

ਰਾਜ ਪੱਧਰੀ ਜੂਡੋ ਮੁਕਾਬਲਿਆਂ 'ਚ ਤਰਨਦੀਪ ਕੌਰ ਨੇ ਜਿੱਤਿਆ ਸਿਲਵਰ ਮੈਡਲ

ਕਲਾਨੌਰ (ਮਨਦੀਪ ਕੋਹਲੀ)- ਬਾਬਾ ਦੀਪ ਸਿੰਘ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਸੰਗਤਪੁਰ ਦੀ ਗਿਆਰਵੀਂ ਜਮਾਤ ਦੀ ਵਿਦਿਆਰਥਣ ਤਰਨਦੀਪ ਕੌਰ ਨੇ ਸਟੇਟ ਲੈਵਲ ਖੇਡ ਮੁਕਾਬਲਿਆਂ [illegible]

[illegible] ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਤਰਨਦੀਪ ਕੌਰ ਦੀ ਇਹ ਪ੍ਰਾਪਤੀ ਹੋਰਨਾਂ ਵਿਦਿਆਰਥੀਆਂ ਲਈ ਵੀ ਪ੍ਰੇਰਨਾ ਦਾ ਸਰੋਤ ਹੈ।ਉਨ੍ਹਾਂ ਨੇ ਵਿਦਿਆਰਥਣ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਿਆਂ ਕਿਹਾ ਕਿ ਮਿਹਨਤ, ਲਗਨ ਅਤੇ ਦ੍ਰਿੜ੍ਹ ਇਰਾਦੇ ਨਾਲ ਹਰ ਮੁਕਾਮ ਹਾਸਲ ਕੀਤਾ ਜਾ ਸਕਦਾ ਹੈ।ਤਰਨਦੀਪ ਕੌਰ ਦੀ ਇਸ ਪ੍ਰਾਪਤੀ ਨੇ ਸਾਬਤ ਕਰ ਦਿੱਤਾ ਹੈ ਕਿ ਧੀਆਂ ਵੀ ਖੇਡਾਂ ਦੇ ਮੈਦਾਨ ਵਿੱਚ ਆਪਣੀ ਮਿਹਨਤ ਅਤੇ ਹੁਨਰ ਨਾਲ ਨਵੀਆਂ ਬੁਲੰਦੀਆਂ ਛੂਹ ਸਕਦੀਆਂ ਹਨ।

253 ਅਧਿਆਪਕਾਂ ਦੀ ਨੌਕਰੀ ਬਹਾਲ ਕਰਵਾਉਣ ਲਈ ਅਧਿਆਪਕ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਸਾਢੇ ਤਿੰਨ ਸਾਲਾਂ ਤੋਂ ਸਿੱਖਿਆ ਵਿਭਾਗ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਹੇ 4161 ਮਾਸਟਰ ਕਾਡਰ ਭਰਤੀ ਦੇ 253 ਅਧਿਆਪਕਾਂ ਨੂੰ [illegible]

[illegible] ਜ਼ਿੰਦਗੀ ਦੇ ਕੀਮਤੀ ਸਾਲ ਵਿਭਾਗ ਨੂੰ ਸਮਰਪਿਤ ਕੀ[illegible] ਅਤੇ ਹੁਣ ਉਨ੍ਹਾਂ ਨੂੰ ਨੌਕਰੀ ਤੋਂ ਵਾਂਝਾ ਕਰਨਾ ਉਨ੍ਹਾਂ [illegible] ਬੇਇਨਸਾਫ਼ੀ ਹੈ।ਅਧਿਆਪਕ ਜਥੇਬੰਦੀਆਂ ਨੇ ਸਰਕ[illegible] ਮੰਗ ਕੀਤੀ ਕਿ ਟਰਮੀਨੇਟ ਕੀਤੇ ਸਾਰੇ 253 ਅਧਿਆ[illegible] [illegible] ਨੌਕਰੀਆਂ ਹਾਸਲ ਕੀਤੀਆਂ ਸਨ।ਉਨ੍ਹਾਂ ਕਿਹਾ ਕਿ ਭਰਤੀ ਦੌਰਾਨ ਹੋਈਆਂ ਗ਼ਲਤੀਆਂ ਜਾਂ ਮੈਰਿਟ ਸੂਚੀਆਂ ਵਿੱਚ ਕੀਤੀਆਂ ਸੋਧਾਂ ਲਈ ਅਧਿਆਪਕਾਂ ਨੂੰ ਜ਼ਿੰਮੇਵਾਰ ਠਹਿਰਾਉਣਾ ਕਿਸੇ ਵੀ ਤਰ੍ਹਾਂ ਵਾਜਬ ਨਹੀਂ ਹੈ, ਕਿਉਂਕਿ ਇਨ੍ਹਾਂ ਅਧਿਆਪਕਾਂ ਵੱਲੋਂ ਨਾ ਤਾਂ ਕੋਈ ਗ਼ਲਤ ਜਾਣਕਾਰੀ ਦਿੱਤੀ ਗਈ ਅਤੇ ਨਾ ਹੀ ਕਿਸੇ ਕਿਸਮ ਦੀ ਧੋਖਾਧੜੀ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਅਧਿਆਪਕਾਂ ਨੇ ਆਪਣੀ [illegible] ਈਟੀਯੂ ਯੂਨੀਅਨ ਤੋਂ ਸੁਖਵਿੰਦਰ ਸਿੰਘ ਧਾਮੀ, ਅਧਿਆਪਕ ਦਲ ਤੋਂ ਰਾਜਬੀਰ ਸਿੰਘ ਜੌਹਲ, ਐੱਸਸੀ ਤੇ ਬੀਸੀ ਯੂਨੀਅਨ ਤੋਂ ਹਰਪਾਲ ਸਿੰਘ,ਜੀਐੱਸਟੀਯੂ ਤੋਂ ਅੰਮ੍ਰਿਤਪਾਲ ਸਿੰਘ ਬਾਕੀਪੁਰ, ਭੁਪਿੰਦਰ ਸਿੰਘ ਨਾਗੀ, ਸਵਿੰਦਰ ਸਿੰਘ ਸੰਧੂ, ਬਰਿੰਦਰ ਸਿੰਘ, ਗੁਰਬੀਰ ਸਿੰਘ, ਉਪਦੀਪ ਸਿੰਘ, ਮੰਗਲ ਸਿੰਘ, ਸੁਖਪਾਲ ਕੌਰ, ਜਤਿੰਦਰਜੀਤ ਕੌਰ, ਰਜਿੰਦਰਪਾਲ ਕੌਰ ਆਦਿ ਹਾਜ਼ਰ ਸਨ।

ਆਮ ਆਦਮੀ ਪਾਰਟੀ ਨੇ ਮੈਨੇਜਰ ਅਤਰ ਸਿੰਘ ਨੂੰ ਜ਼ਿਲ੍ਹਾ ਵਾਈਸ ਪ੍ਰਧਾਨ ਦੀ ਦਿੱਤੀ ਜ਼ਿੰਮੇਵਾਰੀ

ਬਟਾਲਾ, (ਤਰਲੋਕ ਭੰਗੂ)- ਆਮ ਆਦਮੀ ਪਾਰਟੀ [illegible]

[illegible] ਕੇ ਨਿਵਾਜਿਆ ਗਿਆ ਹੈ।ਉਨ੍ਹਾਂ ਮੈਨੇਜਰ ਅਤਰ ਸਿੰਘ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਪਾਰਟੀ ਦੇ ਹਿੱਤ ਵਿੱਚ ਕੰਮ ਕੀਤਾ ਹੈ ਅਤੇ ਪਾਰਟੀ ਦੀ ਚੜ੍ਹਦੀ ਕਲਾ ਲਈ ਹਮੇਸ਼ਾ ਵੱਡਮੁੱਲਾ ਯੋਗਦਾਨ ਪਾਇਆ ਹੈ।ਉਨ੍ਹਾਂ ਦੱਸਿਆ ਕਿ ਮੈਨੇਜਰ ਅਤਰ ਸਿੰਘ ਡੋਰ ਟੂ ਡੋਰ ਮੁਹਿੰਮ ਦੇ ਜਰੀਏ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾ ਰਹੇ ਹਨ।ਵਿਧਾਇਕ ਸ਼ੈਰੀ ਕਲਸੀ [illegible] ਸਾਥੀਆਂ ਨਾਲ ਤਾਲਮੇਲ ਕਰਕੇ ਹਲਕੇ ਅੰਦਰ ਪਾਰਟੀ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਲੰਟੀਅਰ ਪਾਰਟੀ ਦੀ ਰੀੜ ਦੀ ਹੱਡੀ ਹਨ ਅਤੇ ਮਿਹਨਤ ਤੇ ਲਗਨ ਨਾਲ ਕੰਮ ਕਰਨ ਵਾਲੇ ਵਲੰਟੀਅਰ ਦਾ ਪਾਰਟੀ ਵੱਲੋਂ ਪੂਰਾ ਮਾਣ ਸਤਿਕਾਰ ਕੀਤਾ ਜਾਂਦਾ ਹੈ ਅਤੇ ਉਹ ਪਾਰਟੀ ਵਲੋਂ ਦਿੱਤੀ ਜ਼ਿੰਮੇਵਾਰੀ ਨੂੰ ਪੂਰੀ ਮਿਹਨਤ ਨਾਲ ਨਿਭਾਉਣਗੇ।

ਕੀਰਤਨ ਦਰਬਾਰ ਸੁਸਾਇਟੀ ਗਰਾਊਂਡ 'ਚ ਦੋ ਰੋਜ਼ਾ ਵਾਲੀਬਾਲ ਟੂਰਨਾਮੈਂਟ ਸ਼ੁਰੂ

ਅਜਨਾਲਾ (ਸੁਖਜਿੰਦਰ ਸਿੰਘ ਰਾਜੂ)- [illegible]

[illegible]

ਗਲੋਬਲ ਕ੍ਰਿਸ਼ਚੀਅਨ ਐਕਸ਼ਨ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਹੋਈ ਨਸ਼ਿਆਂ ਖਿਲਾਫ ਮੀਟਿੰਗ

ਅਜਨਾਲਾ (ਸੁਖਜਿੰਦਰ ਸਿੰਘ ਰਾਜੂ)- ਅਜਨਾਲਾ ਕ੍ਰਿਸ਼ਚੀਅਨ ਗਲੋਬਲ ਫਰੰਟ ਦੇ ਪ੍ਰਧਾਨ ਜਤਿੰਦਰ ਮਸੀਹ ਗੌਰਵ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਹੇਠ ਇੱਕ ਨਸ਼ਿਆਂ ਦੇ ਖਿਲਾਫ ਇੱਕ ਮੀਟਿੰਗ ਕੀਤੀ ਗਈ ਇਹ ਮੀਟਿੰਗ ਅਜਨਾਲਾ ਦੇ ਨਿਜਰ ਪੈਲੇਸ ਵਿੱਚ ਕ੍ਰਿਸ਼ਚੀਅਨ ਭਾਈਚਾਰੇ ਦੇ ਸਰਗਰਮ ਆਗੂ ਵਲੈਤ ਮਸੀਹ ਬੰਟੀ ਅਤੇ ਐੱਸਐੱਸਪੀ ਦਿਹਾਤੀ ਕਮਲਪ੍ਰੀਤ ਸਿੰਘ ਦੀ ਸਾਂਝੀ ਅਗਵਾਈ ਹੇਠ ਹੋਈ। ਇਸ ਵਿੱਚ ਨਸ਼ੇ ਦੇ ਖਿਲਾਫ ਨਸ਼ਾ ਵੇਚਣ ਵਾਲਿਆਂ ਨੂੰ ਸਖਤ ਤਾੜਨਾ ਕੀਤੀ ਗਈ ਕਿ ਜੇ ਕੋਈ ਵੀ ਨਸ਼ੇ ਦਾ ਸੌਦਾਗਰ ਨਸ਼ਾ ਵੇਚਦਾ ਫੜਿਆ ਗਿਆ, ਉਸ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ ਅਤੇ ਨਸ਼ਾ ਪੀਣ ਵਾਲੇ ਨੌਜਵਾਨਾਂ ਨੂੰ ਵੀ ਨਸ਼ਿਆਂ ਤੋਂ ਬਚਣ ਲਈ ਕਿਹਾ ਗਿਆ। ਇਸ ਮੌਕੇ ਐੱਸਐੱਸਪੀ ਦਿਹਾਤੀ ਕਮਲਪ੍ਰੀਤ ਸਿੰਘ, ਡੀਐੱਸਪੀ ਅਜਨਾਲਾ ਧਰਮਿੰਦਰ ਕਲਿਆਣ, ਐੱਸ ਐੱਚ ਓ ਅਜਨਾਲਾ ਨਰਿੰਦਰ ਸਿੰਘ ਅਤੇ ਕ੍ਰਿਸ਼ਚੀਅਨ ਭਾਈਚਾਰੇ ਵੱਲੋਂ ਵੱਖ-ਵੱਖ ਪ੍ਰਧਾਨ ਹਾਜ਼ਰ ਸਨ।ਇਸ ਮੌਕੇ ਜਤਿੰਦਰ ਗੌਰਵ, ਵਲੈਤ ਮਸੀਹ ਬੰਟੀ, ਜੱਸ ਸੋਨੂੰ, ਜਸਬੀਰ ਅਵਾਨ, ਗੁਰਨਾਮ ਮਸੀਹ,ਜੱਗਾ, ਲਵਪ੍ਰੀਤ, ਸਾਜਨ, ਰੈਣੀ, ਮੇਜਰ, ਅਜੀਤ ਸ਼ਾਹ, ਮਨੀ,ਚੰਦੀ ਗਿੱਲ, ਜਤਿੰਦਰ ਆਦਿ ਹਾਜ਼ਰ ਸਨ।

ਕਾਲਾ ਨੰਗਲ 'ਚ ਹਲਕਾ ਇੰਚਾਰਜ ਰਮਨ ਬਹਿਲ ਨੇ 160 ਪਰਿਵਾਰਾਂ ਨੂੰ ਪ੍ਰਾਪਰਟੀ ਕਾਰਡ ਵੰਡੇ

ਗੁਰਦਾਸਪੁਰ, (ਦਿਨੇਸ਼ ਕੁਮਾਰ)- ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦਾ ਕਾਨੂੰਨੀ ਮਾਲਕੀ ਹੱਕ ਦੇਣ ਲਈ ਚਲਾਈ ਜਾ ਰਹੀ 'ਮੇਰਾ ਘਰ, ਮੇਰੇ ਨਾਮ' ਯੋਜਨਾ ਤਹਿਤ ਪਿੰਡ ਕਾਲਾ ਨੰਗਲ ਵਿਖੇ ਪ੍ਰਾਪਰਟੀ ਕਾਰਡ ਵੰਡ ਸਮਾਰੋਹ ਕਰਵਾਇਆ ਗਿਆ।ਇਸ ਮੌਕੇ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਹਲਕਾ ਇੰਚਾਰਜ ਰਮਨ ਬਹਿਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਪਿੰਡ ਕਾਲਾ ਨੰਗਲ ਦੇ ਲਾਲ ਲਕੀਰ ਅੰਦਰ ਆਉਂਦੇ 160 ਘਰਾਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੇ ਮਾਲਕੀ ਹੱਕਾਂ ਸਬੰਧੀ ਪ੍ਰਾਪਰਟੀ ਕਾਰਡ ਸੌਂਪੇ।ਇਸ ਮੌਕੇ ਗੱਲਬਾਤ ਕਰਦਿਆਂ ਰਮਨ ਬਹਿਲ ਨੇ ਕਿਹਾ ਕਿ 'ਮੇਰਾ ਘਰ ਮੇਰੇ ਨਾਮ' ਯੋਜਨਾ ਪੰਜਾਬ ਸਰਕਾਰ ਦੀ ਇੱਕ ਬਹੁਤ ਹੀ ਲੋਕ-ਪੱਖੀ ਅਤੇ ਇਤਿਹਾਸਕ ਪਹਿਲਕਦਮੀ ਹੈ।ਇਸ ਯੋਜਨਾ ਦਾ ਮੁੱਖ ਉਦੇਸ਼ ਉਨ੍ਹਾਂ ਪਰਿਵਾਰਾਂ ਨੂੰ ਉਨ੍ਹਾਂ ਦੇ ਘਰਾਂ ਦਾ ਕਾਨੂੰਨੀ ਮਾਲਕੀ ਹੱਕ ਦਿਵਾਉਣਾ ਹੈ, ਜੋ ਲੰਮੇ ਸਮੇਂ ਤੋਂ ਲਾਲ ਲਕੀਰ ਅੰਦਰ ਰਹਿ ਰਹੇ ਹਨ, ਪਰ ਉਨ੍ਹਾਂ ਕੋਲ ਆਪਣੇ ਘਰਾਂ ਦੀ ਮਾਲਕੀ ਸਾਬਤ ਕਰਨ ਲਈ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਸੀ। ਉਨ੍ਹਾਂ ਕਿਹਾ ਕਿ ਪ੍ਰਾਪਰਟੀ ਕਾਰਡ ਮਿਲਣ ਨਾਲ ਹੁਣ ਇਨ੍ਹਾਂ 160 ਪਰਿਵਾਰਾਂ ਨੂੰ ਆਪਣੇ ਘਰਾਂ ਦੀ ਮਾਲਕੀ ਦਾ ਕਾਨੂੰਨੀ ਸਬੂਤ ਮਿਲਿਆ ਹੈ।ਇਹ ਸਿਰਫ਼ ਇੱਕ ਕਾਰਡ ਨਹੀਂ, ਸਗੋਂ ਇਨ੍ਹਾਂ ਪਰਿਵਾਰਾਂ ਲਈ ਸਨਮਾਨ, ਸੁਰੱਖਿਆ ਅਤੇ ਆਤਮ-ਵਿਸ਼ਵਾਸ ਦਾ ਪ੍ਰਤੀਕ ਹੈ। ਇਸ ਨਾਲ ਲੋਕਾਂ ਨੂੰ ਆਪਣੇ ਘਰਾਂ ਸਬੰਧੀ ਕਾਨੂੰਨੀ ਅਧਿਕਾਰ ਪ੍ਰਾਪਤ ਹੋਣਗੇ ਅਤੇ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਇਸ ਦਾ ਲਾਭ ਮਿਲੇਗਾ।ਰਮਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਦੀਆਂ ਚਿਰਾਂ ਤੋਂ ਲਟਕਦੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਲਗਾਤਾਰ ਯਤਨਸ਼ੀਲ ਹੈ।ਇਸ ਮੌਕੇ ਪਿੰਡ ਕਾਲਾ ਨੰਗਲ ਦੇ ਸਰਪੰਚ ਸੁਖਵਿੰਦਰ ਸਿੰਘ, ਬਲਾਕ ਸੰਮਤੀ ਦੇ ਚੇਅਰਮੈਨ ਰਣਜੀਤ ਸਿੰਘ ਰਾਣਾ, ਸਰਪੰਚ ਗੁਰਜੀਵ ਸਿੰਘ ਟਿੰਕੂ ਬੱਬਰੀ, ਸਰਪੰਚ ਗੁਰਦੇਵ ਸਿੰਘ ਸਿੱਧਵਾਂ ਜਮੀਤਾ, ਸਰਪੰਚ ਸਿਕੰਦਰ ਸਿੰਘ ਗਿੱਦੜ ਪਿੰਡੀ, ਸਰਪੰਚ ਜਸਪਾਲ ਸਿੰਘ ਤੁੰਗ, ਹਲਕਾ ਯੂਥ ਪ੍ਰਧਾਨ ਸੰਦੀਪ ਸਿੰਘ ਸ਼ੇਰਾ, ਸਰਪੰਚ ਬਲਰਾਜ ਸਿੰਘ ਨਰਪੁਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਰਣਜੀਤ ਸਿੰਘ ਅਤੇ ਯੂਥ ਆਗੂ ਤਲਵਿੰਦਰ ਸਿੰਘ ਜੀਵਨਵਾਲ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

ਚਾਟੀਵਿੰਡ ਲੇਹਲ ਦੇ ਵੱਡੀ ਗਿਣਤੀ 'ਚ ਲੋਕ ਅਕਾਲੀ ਦਲ 'ਚ ਸ਼ਾਮਿਲ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡ ਚਾਟੀਵਿੰਡ ਲੇਹਲ ਤੋਂ ਆਮ ਆਦਮੀ ਪਾਰਟੀ ਨੂੰ ਵੱਡਾ ਝਟਕਾ ਲਗਾ ਜਦੋਂ ਅੱਧੀ ਦਰਜਨ ਦੇ ਕਰੀਬ ਪਰਿਵਾਰਾਂ ਵੱਲੋਂ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿੰਦਿਆਂ ਸਾਬਕਾ ਕੈਬਨਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਹਾਜ਼ਰੀ ਵਿੱਚ ਅਕਾਲੀ ਦਲ ਵਿੱਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ। ਇਸ ਮੌਕੇ ਸੰਬੋਧਨ ਕਰਦਿਆਂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਪੰਜਾਬ ਦੇ ਲੋਕ ਹੋਣ ਚੰਗੀ ਤਰ੍ਹਾਂ ਸਮਝ ਚੁੱਕੇ ਹਨ ਕਿ ਪੰਜਾਬ ਸਿਰਫ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਹੀ ਸੁਰੱਖਿਤ ਰਹਿ ਸਕਦਾ ਹੈ, ਇਸ ਲਈ ਹੁਣ ਸੂਝਵਾਨ ਲੋਕ ਆਮ ਆਦਮੀ ਪਾਰਟੀ ਨੂੰ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਿਲ ਹੋ ਰਹੇ। ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿੰਦਿਆਂ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋਣ ਵਾਲਿਆਂ ਵਿੱਚ ਪਵਨਦੀਪ ਸਿੰਘ, ਸ. ਰਵਿੰਦਰ ਸਿੰਘ (ਸਾਬਕਾ ਸਰਪੰਚ), ਸ. ਦਵਿੰਦਰ ਸਿੰਘ (ਮੈਂਬਰ ਪੰਚਾਇਤ), ਸ. ਜਗਰੂਪ ਸਿੰਘ (ਮੈਂਬਰ ਪੰਚਾਇਤ), ਸ. ਕੁਲਵਿੰਦਰ ਸਿੰਘ ਫ਼ੌਜੀ (ਮੈਂਬਰ ਪੰਚਾਇਤ), ਸ. ਰਾਜਵਿੰਦਰ ਸਿੰਘ ਰਾਜੂ (ਸਾਬਕਾ ਮੈਂਬਰ ਪੰਚਾਇਤ), ਸ. ਹਰਦੀਪ ਸਿੰਘ ਅਤੇ ਸ. ਇੰਦਰਜੀਤ ਸਿੰਘ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹਨ।ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋਣ ਵਾਲਿਆਂ ਨੂੰ ਬਿਕਰਮ ਸਿੰਘ ਮਜੀਠੀਆ ਵੱਲੋਂ ਸਿਰੋਪੇ ਦੇ ਕੇ ਸਨਮਾਨਿਤ ਕਰਦਿਆਂ ਪਾਰਟੀ ਵਿੱਚ ਬਣਦਾ ਮਾਣ-ਸਤਿਕਾਰ ਦੇਣ ਦਾ ਭਰੋਸਾ ਦਿੱਤਾ ਗਿਆ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਚੇਅਰਮੈਨ ਸੁਖਵਿੰਦਰ ਸਿੰਘ ਗੋਲਡੀ, ਰਾਜਵਿੰਦਰ ਸਿੰਘ ਰਾਜਾ ਲਧੇਹ, ਗੁਰਪ੍ਰੀਤ ਸਿੰਘ ਗੋਪੀ ਅਤੇ ਹੋਰ ਆਗੂ ਹਾਜ਼ਰ ਸਨ ।

ਡਾ. ਇੰਦਰਪਾਲ ਨੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ



ਛੇਹਰਟਾ, (ਮਨੋਜ ਕੁਮਾਰ) : ਵਿਧਾਨਸਭਾ ਹਲਕਾ ਪੱਛਮੀ ਦੀ ਵਾਰਡ ਨੰਬਰ 71, ਦਸਮੇਸ਼ ਨਗਰ ਵਿੱਚ ਕੇਵਲ ਦੀ ਬੰਬੀ 'ਤੇ ਸਰਬਜੀਤ ਸਿੰਘ ਸੰਧੂ ਤੇ ਕਾਕਾ ਪ੍ਰਧਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿਚ ਆਮ ਆਦਮੀ ਪਾਰਟੀ ਐੱਸ. ਸੀ. ਵਿੰਗ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਇੰਦਰਪਾਲ ਵਿਸ਼ੇਸ਼ ਤੌਰ 'ਤੇ ਪੁੱਜੇ। ਮੀਟਿੰਗ ਵਿਚ ਪੰਕਜ ਸ਼ਰਮਾ ਵੀ ਸ਼ਾਮਲ ਹੋਏ। ਦੋਵੇਂ ਆਗੂਆਂ ਨੇ ਮਾਨ ਸਰਕਾਰ ਦੀਆਂ ਉਪਲੱਬਧੀਆਂ ਗਿਣਵਾਉਂਦਿਆਂ ਇਲਾਕਾ ਵਾਸੀਆਂ ਨੂੰ 2027 ਦੀਆਂ ਵਿਧਾਨਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਵੋਟ ਪਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਾਹਿਬ ਸਿੰਘ, ਰਾਮੇਸ਼ ਥਾਪਾ, ਹਰਸ਼ ਮਜੀਠੀਆ, ਮਨਪ੍ਰੀਤ ਸਿੰਘ ਮਜੀਠੀਆ, ਸਾਬ੍ਹਾ ਚੀਨੀਆਂ, ਨਿਰਮਲਜੀਤ ਕੌਰ, ਧਰਮਪਾਲ, ਸੋਹਨ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਇਲਾਕਾ ਵਾਸੀਆਂ ਨੇ ਆਪਣੀਆਂ ਮੁਸ਼ਕਲਾਂ ਦੱਸੀਆਂ। ਡਾਕਟਰ ਇੰਦਰਪਾਲ ਨੇ ਇਹ ਮੁਸ਼ਕਲਾਂ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਭਰੋਸਾ ਦਿੱਤਾ।

ਝੰਡੇ ਬਾਜਵਾ ਪੈਟਰੋਲ ਪੰਪ ਉੱਪਰ ਲਗਾਇਆ ਗੰਨੇ ਦੇ ਰਸ ਦਾ ਲੰਗਰ

ਜੈਂਤੀਪੁਰ (ਸੁਖਬੀਰ ਸਿੱਧੂ)- ਸਿੱਖਾਂ ਦੇ ਚੌਥੇ ਗੁਰੂ ਧੰਨ ਧੰਨ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪਿੰਡ ਝੰਡੇ ਅਤੇ ਬਾਜਵਾ ਫਿਲਿੰਗ ਵੱਲੋਂ ਗੰਨੇ ਦੇ ਰਸ ਦਾ ਲੰਗਰ ਲਗਾਇਆ ਗਿਆ। ਪਿੰਡ ਦੇ ਸਰਪੰਚ ਗੁਰਪਿੰਦਰ ਸਿੰਘ ਵੱਲੋਂ ਦੱਸਿਆ ਗਿਆ ਕਿ ਗੁਰੂ ਰਾਮਦਾਸ ਜੋ ਕਿ ਸਿੱਖਾਂ ਦੇ ਚੌਥੇ ਗੁਰੂ ਸਨ, ਦੇ ਜੀਵਨ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਜੋ ਪਰਮਾਤਮਾ ਨੂੰ ਹਮੇਸ਼ਾ ਯਾਦ ਰੱਖਦਾ ਹੈ ਉਹ ਕਦੇ ਵੀ ਕੱਲਾ ਨਹੀਂ ਹੁੰਦਾ। ਅੱਜ ਉਨ੍ਹਾਂ ਦੀ ਬਦੌਲਤ ਅਸੀਂ ਆਪਣੇ ਘਰਾਂ ਵਿੱਚ ਆਨੰਦ ਮਾਣ ਰਹੇ ਹਾਂ, ਸਾਨੂੰ ਜੋ ਪਰਮਾਤਮਾ ਨੇ ਦਿੱਤਾ ਹੈ ਉਸ ਵਿੱਚੋਂ ਅਸੀਂ ਦਸਵੰਧ ਕੱਢ ਕੇ ਵੱਖ-ਵੱਖ ਤਰ੍ਹਾਂ ਦੇ ਲੰਗਰ ਭੰਡਾਰੇ ਚਲਾਉਂਦੇ ਹਾਂ ਅਤੇ ਸਾਨੂੰ ਗੁਰੂਆਂ ਦੇ ਸੰਦੇਸ਼ਾਂ 'ਤੇ ਚੱਲਣਾ ਚਾਹੀਦਾ ਹੈ, ਸਾਨੂੰ ਬਾਣੀ ਪੜ੍ਹਨੀ ਚਾਹੀਦੀ ਹੈ ਤੇ ਬਾਣੀ ਦੇ ਨਾਲ ਜੁੜਨਾ ਚਾਹੀਦਾ ਹੈ।ਇਸ ਮੌਕੇ ਦਲਬੀਰ ਸਿੰਘ, ਵਰਿੰਦਰਦੀਪ ਸਿੰਘ, ਗੁਰਦੇਵ ਸਿੰਘ, ਸੰਦੀਪ ਸਿੰਘ, ਹਰਪ੍ਰੀਤ ਸਿੰਘ, ਗੁਰਸੇਵਕ ਸਿੰਘ, ਹਰਪਾਲ ਸਿੰਘ, ਗੁਰਪਿੰਦਰ ਸਿੰਘ ਸਰਪੰਚ, ਲਵਪ੍ਰੀਤ ਲਾਲੀ, ਜੋਬਨ ਸਿੰਘ ਆਦਿ ਹਾਜ਼ਰ ਸਨ।

ਵਾਤਾਵਰਨ ਸੰਭਾਲ ਤੇ ਵਾਤਾਵਰਨ ਬਚਾਓ ਸਬੰਧੀ ਕੈਂਪ ਲਗਾਇਆ

ਚੇਤਨਪੁਰਾ (ਸੁਖਵੰਤ ਚੇਤਨਪੁਰੀ)- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁਰਾਦਪੁਰਾ ਵਿਖੇ ਖੇਤੀਬਾੜੀ ਵਿਭਾਗ ਵੱਲੋਂ ਵਾਤਾਵਰਨ ਸੰਭਾਲ ਤੇ ਵਾਤਾਵਰਨ ਬਚਾਓ ਸਬੰਧੀ ਇੱਕ ਕੈਂਪ ਲਗਾਇਆ ਗਿਆ।ਸਮਾਗਮ ਸਮੇਂ ਵਿਸਥਾਰ ਅਫਸਰ ਸ: ਪ੍ਰਭਦੀਪ ਸਿੰਘ ਗਿੱਲ ਚੇਤਨਪੁਰਾ, ਪ੍ਰਿੰਸੀਪਲ ਨਵਨੀਤ ਕੌਰ ਲੈਕਚਰਾਰ ਅਤੇ ਹਰਗੁਰਬੀਰ ਸਿੰਘ ਸੰਧੂ ਨੇ ਹੋਣਹਾਰ ਬੱਚਿਆਂ ਨੂੰ ਇਨਾਮ ਤਕਸੀਮ ਕੀਤੇ।ਇਸ ਮੌਕੇ ਸੰਦੀਪ ਕੁਮਾਰ ਸਬ-ਇੰਸਪੈਕਟਰ, ਹਰਪਰੀਤ ਸਿੰਘ, ਜਰਮਨਜੀਤ ਸਿੰਘ, ਅਮਰਬੀਰ ਸਿੰਘ, ਨਵਨੀਤ ਕੌਰ ਇੰਗਲਿਸ਼ ਟੀਚਰ, ਨਵਜੋਤ ਕੌਰ, ਜਸਪ੍ਰੀਤ ਕੌਰ, ਪਰਮਿੰਦਰ ਕੌਰ, ਕੋਆਰਡੀਨੇਟਰ ਰਮਿੰਦਰਜੀਤ ਕੌਰ, ਨਿਤਾਸਾ ਪਰਾਸ਼ਰ, ਰਜਵੰਤ ਕੌਰ ਨੇ ਵੀ ਵਿਦਿਆਰਥੀਆਂ ਨੂੰ ਪਰਾਲੀ ਦੀ ਰਹਿੰਦ-ਖੂੰਹਦ ਪ੍ਰਬੰਧਨ ਸਕੀਮ, ਪਰਾਲੀ ਦੀ ਸਾਂਭ-ਸੰਭਾਲ ਦੇ ਢੰਗ ਤਰੀਕੇ, ਪਰਾਲੀ ਨੂੰ ਸਾੜਨ ਦੇ ਨੁਕਸਾਨ, ਪਰਾਲੀ ਨਾ ਸਾੜਨ ਦੇ ਫਾਇਦਿਆਂ ਸਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ।ਇਸ ਸਮੇਂ ਪੇਂਟਿੰਗ ਅਤੇ ਭਾਸ਼ਣ ਮੁਕਾਬਲੇ ਵੀ ਕਰਾਏ ਗਏ ਜਿਸ ਵਿੱਚ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਸਕੂਲ ਬੈਗ, ਬੋਤਲ, ਕਾਪੀਆਂ,ਪੈਨ, ਸ਼ੀਲਡਾਂ, ਸਨਮਾਨ ਪੱਤਰ ਦੇ ਕੇ ਦੀ ਹੌਸਲਾ ਅਫਜ਼ਾਈ ਕੀਤੀ।



ਮਾਣੋਚਾਹਲ ਤੋਂ ਕਈ ਪਰਿਵਾਰਾਂ ਨੇ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜਿਆ

ਤਰਨ ਤਾਰਨ (ਪ੍ਰਿਤਪਾਲ ਸਿੰਘ)- ਵਿਧਾਨ ਸਭਾ ਹਲਕਾ ਸ੍ਰੀ ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਵੇਲ਼ੇ ਵੱਡਾ ਬਲ਼ ਮਿਲ਼ਿਆ ਜਦ ਹਲਕਾ ਇੰਚਾਰਜ ਰਮਨਦੀਪ ਕੌਰ ਸ਼ੇਰੋਂ ਤੇ ਸਰਪੰਚ ਅਵਤਾਰ ਸਿੰਘ ਬਿੱਲਾ ਸ਼ੇਰੋਂ ਦੀ ਹਾਜ਼ਰੀ ਵਿੱਚ ਪਿੰਡ ਮਾਣੋਚਾਹਲ ਕਲਾਂ ਦੇ 52 ਪਰਿਵਾਰ ਨੇ ਕਾਂਗਰਸ ਤੇ ਆਮ ਆਦਮੀ ਪਾਰਟੀ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫ਼ੜਿਆ।

ਰਮਨਦੀਪ ਸੇਰੋਂ ਤੇ ਬਿੱਲਾ ਸ਼ੇਰੋਂ ਨੇ ਕਿਹਾ ਕਿ ਇਹ ਪਰਿਵਾਰ ਯੂਥ ਅਕਾਲੀ ਆਗੂ ਅੰਮ੍ਰਿਤਪਾਲ ਸਿੰਘ ਦੀ ਮਿਹਨਤ ਸਦਕਾ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋਏ ਹਨ।ਸਵਰਨ ਸਿੰਘ, ਬਲਵਿੰਦਰ ਸਿੰਘ, ਚਰਨ ਸਿੰਘ, ਅਮਰਜੀਤ ਸਿੰਘ,ਸੁਖਦੇਵ ਸਿੰਘ, ਸਤਨਾਮ ਸਿੰਘ, ਗੁਰਜੀਤ ਸਿੰਘ, ਸੁਨੀਲ ਕੁਮਾਰ, ਕਸ਼ਮੀਰ ਸਿੰਘ, ਮੰਗਾ ਸਿੰਘ, ਕਾਲਾ ਸਿੰਘ, ਗੁਰਪ੍ਰੀਤ ਸਿੰਘ, ਸੋਨੀ ਸਿੰਘ, ਅਰਸ਼ਦੀਪ ਸਿੰਘ, ਹਰਦੀਪ ਸਿੰਘ, ਮਿੰਟੂ ਸਿੰਘ, ਬੁੱਲ੍ਹਾ ਸਿੰਘ, ਸੋਨੂੰ ਸਿੰਘ, ਪੱਲੋ ਸਿੰਘ,ਧਰਮਿੰਦਰ ਸਿੰਘ, ਮੰਗਾਂ ਸਿੰਘ, ਬੀਰ ਸਿੰਘ, ਕੁਲਬੀਰ ਸਿੰਘ, ਗੁਰਪੇਜ ਸਿੰਘ, ਅੰਗਰੇਜ਼ ਸਿੰਘ, ਕੁਲਵੰਤ ਸਿੰਘ, ਕਾਕਾ, ਬਗ਼ੀਚਾ ਸਿੰਘ, ਸਕੱਤਰ ਸਿੰਘ, ਕਸ਼ਮੀਰ ਸਿੰਘ, ਜਗੀਰ ਸਿੰਘ, ਸ਼ੇਰਾ ਸਿੰਘ, ਸੁਖਦੇਵ ਸਿੰਘ, ਲਵਪ੍ਰੀਤ ਸਿੰਘ,ਮਨਦੀਪ ਸਿੰਘ,ਅੰਗਰੇਜ ਸਿੰਘ, ਅਕਾਸ਼ਦੀਪ ਸਿੰਘ, ਗੁਰਮੀਤ ਕੌਰ ਪ੍ਰਧਾਨ, ਸੋਨੀ, ਅਸੀਸ ਸਿੰਘ ਅਤੇ ਬਲਦੇਵ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੀ ਨੀਤੀਆ ਤੋਂ ਖੁਸ਼ ਹੋ ਕੇ ਅਕਾਲੀ ਦਲ ਦਾ ਪੱਲਾ ਫ਼ੜਿਆ ਹੈ।

ਜਲ ਸਰੋਤਾਂ ਨੂੰ ਸਾਫ਼ ਰੱਖਣਾ ਹਰ ਨਾਗਰਿਕ ਦਾ ਫ਼ਰਜ਼ : ਗੁਰਜੀਤ ਔਜਲਾ

ਛੇਹਰਟਾ, (ਮਨੋਜ ਕੁਮਾਰ) : ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਨੇ ਤਾਰਾਂ ਵਾਲੇ ਪੁਲ ਤੋਂ ਲੰਘਦਿਆਂ ਨਹਿਰ ਦੇ ਪਾਣੀ ਦੀ ਹਾਲਤ ਦੇਖ ਕੇ ਚਿੰਤਾ ਪ੍ਰਗਟਾਈ ਹੈ। ਨਹਿਰ ਵਿਚ ਧਾਰਮਿਕ ਤਸਵੀਰਾਂ, ਪੂਜਾ ਸਮੱਗਰੀ, ਪਲਾਸਟਿਕ ਤੇ ਹੋਰ ਕੂੜਾ ਸੁੱਟੇ ਜਾਣ 'ਤੇ ਉਨ੍ਹਾਂ ਲੋਕਾਂ ਨੂੰ ਅਜਿਹਾ ਨਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਧਰਮ ਤੇ ਆਸਥਾ ਦੇ ਨਾਂ 'ਤੇ ਜਲ ਸਰੋਤਾਂ ਨੂੰ ਗੰਦਾ ਕਰਨਾ ਨਾ ਸਿਰਫ਼ ਵਾਤਾਵਰਨ ਲਈ ਨੁਕਸਾਨਦਾਇਕ ਹੈ, ਸਗੋਂ ਇਸ ਨਾਲ ਮਨੁੱਖਾਂ ਦੇ ਨਾਲ-ਨਾਲ ਬੇਜ਼ੁਬਾਨ ਜੀਵ-ਜੰਤੂਆਂ ਦੀ ਜਾਨ ਵੀ ਖ਼ਤਰੇ ਵਿਚ ਪੈਂਦੀ ਹੈ। ਔਜਲਾ ਨੇ ਕਿਹਾ ਕਿ ਨਹਿਰ ਦਾ ਪਾਣੀ ਸਿਰਫ਼ ਮਨੁੱਖਾਂ ਲਈ ਹੀ ਨਹੀਂ, ਸਗੋਂ ਧਰਤੀ 'ਤੇ ਰਹਿਣ ਵਾਲੇ ਹਰ ਜੀਵ ਲਈ ਜੀਵਨ ਦਾ ਆਧਾਰ ਹੈ। ਉਨ੍ਹਾਂ ਕਿਹਾ ਕਿ ਲੋਕ ਘਰਾਂ ਵਿਚ ਧਾਰਮਿਕ ਸਮਾਗਮ ਕਰਨ ਤੋਂ ਬਾਅਦ ਦੇਵੀ-ਦੇਵਤਿਆਂ ਦੀਆਂ ਤਸਵੀਰਾਂ, ਧਾਰਮਿਕ ਵਸਤਾਂ ਤੇ ਹੋਰ ਸਮੱਗਰੀ ਨਹਿਰ ਵਿਚ ਸੁੱਟ ਜਾਂਦੇ ਹਨ। ਇਸ ਨਾਲ ਪਾਣੀ ਵਿਚ ਗੰਦਗੀ ਵਧਦੀ ਹੈ ਅਤੇ ਜਲ ਸਰੋਤਾਂ ਦੀ ਸਫ਼ਾਈ ਪ੍ਰਭਾਵਿਤ ਹੁੰਦੀ ਹੈ। ਹਾਂ? ਸੰਸਦ ਮੈਂਬਰ ਨੇ ਕਿਹਾ ਕਿ ਇਸੇ ਨਹਿਰ ਤੋਂ ਪਾਣੀ ਸਰੋਵਰ ਤਕ ਪਹੁੰਚਦਾ ਹੈ ਅਤੇ ਸ਼ਹਿਰ ਨੂੰ ਸਾਫ਼ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਵਾਲੇ ਪ੍ਰਾਜੈਕਟਾਂ ਵਿਚ ਵੀ ਇਸ ਪਾਣੀ ਦੀ ਵਰਤੋਂ ਕੀਤੀ ਜਾ ਰਹੀ ਹੈ। ਅਜਿਹੇ ਵਿਚ ਪਾਣੀ ਵਿਚ ਕੂੜਾ ਸੁੱਟਣਾ ਬੇਹੱਦ ਗ਼ੈਰ-ਜ਼ਿੰਮੇਵਾਰਾਨਾ ਵਿਹਾਰ ਹੈ। ਜੇ ਇਸੇ ਤਰ੍ਹਾਂ ਗੰਦਗੀ ਸੁੱਟੀ ਜਾਂਦੀ ਰਹੀ ਤਾਂ ਪਾਣੀ ਦੀ ਗੁਣਵੱਤਾ 'ਤੇ ਅਸਰ ਪੈ ਸਕਦਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਪਾਣੀ ਨੂੰ ਪੀਣ ਤੇ ਹੋਰ ਵਰਤੋਂ ਦੇ ਯੋਗ ਬਣਾਈ ਰੱਖਣਾ ਵੀ ਚੁਣੌਤੀ ਬਣ ਸਕਦਾ ਹੈ।

ਖਾਲਸਾ ਕਾਲਜ ਵਿਖੇ ਖੇਤੀਬਾੜੀ ਵਿਭਾਗ ਵੱਲੋਂ ਵਿਦਿਆਰਥੀਆਂ ਲਈ ਇੰਟਰਨਸ਼ਿਪ ਪ੍ਰੋਗਰਾਮ ਆਯੋਜਿਤ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਖਾਲਸਾ ਕਾਲਜ ਦੇ ਖੇਤੀਬਾੜੀ ਵਿਭਾਗ ਦੁਆਰਾ ਕਰਵਾਏ ਗਏ ਇੰਟਰਨਸ਼ਿਪ ਪ੍ਰੋਗਰਾਮ ਤਹਿਤ ਐਫ. ਐਮ. ਸੀ. ਕੰਪਨੀ ਵੱਲੋਂ ਬੀ. ਐੱਸ. ਸੀ. (ਆਨਰਜ਼) ਐਗਰੀਕਲਚਰ ਦੇ ਅੰਤਿਮ ਸਾਲ ਦੇ 15 ਵਿਦਿਆਰਥੀਆਂ ਦੀ ਚੋਣ ਕੀਤੀ ਗਈ। ਇਸ ਦੌਰਾਨ ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਕਿਹਾ ਕਿ ਅਜੋਕੇ ਸਮੇਂ 'ਚ ਖੇਤੀਬਾੜੀ ਦੇ ਖੇਤਰ 'ਚ ਰਵਾਇਤੀ ਗਿਆਨ ਦੇ ਨਾਲ-ਨਾਲ ਆਧੁਨਿਕ ਤਕਨੀਕਾਂ ਅਤੇ ਉਦਯੋਗਿਕ ਹੁਨਰਾਂ ਦੀ ਜਾਣਕਾਰੀ ਹੋਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਇੰਟਰਨਸ਼ਿਪ ਪ੍ਰੋਗਰਾਮ ਵਿਦਿਆਰਥੀਆਂ ਨੂੰ ਕਿਤਾਬੀ ਗਿਆਨ ਦੇ ਨਾਲ ਵਿਹਾਰਕ ਤਜਰਬਾ ਹਾਸਲ ਕਰਨ ਅਤੇ ਉਦਯੋਗਿਕ ਖੇਤਰ ਦੀਆਂ ਲੋੜਾਂ ਨੂੰ ਸਮਝਣ ਦਾ ਮੌਕਾ ਪ੍ਰਦਾਨ ਕਰਦੇ ਹਨ। ਉਨ੍ਹਾਂ ਐੱਫ. ਐੱਮ. ਸੀ. ਕੰਪਨੀ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਵਿਦਿਆਰਥੀਆਂ ਦੇ ਆਤਮ-ਵਿਸ਼ਵਾਸ 'ਚ ਵਾਧਾ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਰੁਜ਼ਗਾਰ ਦੇ ਮੌਕਿਆਂ ਨੂੰ ਵੀ ਵਧਾਉਂਦੀਆਂ ਹਨ। ਇਸ ਮੌਕੇ ਵਿਭਾਗ ਮੁਖੀ ਡਾ. ਗੁਰਬਖ਼ਸ਼ ਸਿੰਘ ਅਤੇ ਉਨ੍ਹਾਂ ਦੀ ਟੀਮ 'ਚ ਪਲੇਸਮੈਂਟ ਕੋਆਰਡੀਨੇਟਰ ਡਾ. ਲਵਲੀਨ ਕੌਰ ਅਤੇ ਸਹਾਇਕ ਪਲੇਸਮੈਂਟ ਕੋਆਰਡੀਨੇਟਰ ਡਾ. ਗੁਰਬੀਰ ਸਿੰਘ ਤੇ ਡਾ. ਸ਼ਿਲਪਾ ਰਾਣੀ ਵੱਲੋਂ ਉਲੀਕੇ ਉਕਤ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਪ੍ਰਿੰ: ਡਾ. ਰੰਧਾਵਾ ਨੇ ਕਿਹਾ ਕਿ ਵਿਦਿਆਰਥੀਆਂ ਨੇ ਖੇਤੀਬਾੜੀ ਉਦਯੋਗ ਨਾਲ ਸਬੰਧਿਤ ਹੁਨਰਾਂ ਨੂੰ ਵਿਕਸਿਤ ਕਰਨ 'ਚ ਦਿਲਚਸਪੀ ਦਿਖਾਈ। ਇਸ ਪ੍ਰੋਗਰਾਮ ਮੌਕੇ ਡਾ. ਗੁਰਬਖ਼ਸ਼ ਸਿੰਘ ਨੇ ਕਿਹਾ ਕਿ ਇਹ ਇੰਟਰਨਸ਼ਿਪ ਵਿਦਿਆਰਥੀਆਂ ਨੂੰ ਡਿਗਰੀ ਪੂਰੀ ਕਰਨ ਤੋਂ ਬਾਅਦ ਰੁਜ਼ਗਾਰ ਪ੍ਰਾਪਤ ਕਰਨ 'ਚ ਸਹਾਇਕ ਸਿੱਧ ਹੋਵੇਗਾ। ਇਸ ਮੌਕੇ ਡਾ. ਕੰਵਲਜੀਤ ਸਿੰਘ, ਡਾ. ਅਮਰਜੀਤ ਸਿੰਘ ਤੋਂ ਇਲਾਵਾ ਹੋਰ ਸਟਾਫ਼ ਵੀ ਹਾਜ਼ਰ ਸੀ।

ਚੀਫ਼ ਖ਼ਾਲਸਾ ਦੀਵਾਨ ਦਾ 124ਵਾਂ ਸਥਾਪਨਾ ਦਿਵਸ ਮਨਾਇਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਸਿੱਖ ਪੰਥ ਦੀ ਸਿਰਮੌਰ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦਾ 124ਵਾਂ ਸਥਾਪਨਾ ਦਿਵਸ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਵਸਾਈ ਗਈ ਪਵਿੱਤਰ ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ 450ਵੇਂ ਸਥਾਪਨਾ ਦਿਵਸ ਨੂੰ ਸਮਰਪਿਤ ਕਰਕੇ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਸੰਗਤੀ ਰੂਪ ਵਿਚ ਕਰਨ ਉਪਰੰਤ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਜੀ.ਟੀ.ਰੋਡ ਦੇ ਵਿਦਿਆਰਥੀਆਂ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸਮਾਗਮ ਵਿਚ ਪੁੱਜੇ ਉੱਘੇ ਸਿੱਖਿਆ ਸ਼ਾਸਤਰੀ ਐਡੀਸ਼ਨਲ ਡਾਇਰੈਕਟਰ (ਅਕੈਡਮਿਕਸ, ਸੀ.ਬੀ.ਐਸ.ਈ) ਡਾ. ਮਨਜੀਤ ਸਿੰਘ ਦਾ ਦੀਵਾਨ ਪ੍ਰਬੰਧਕਾਂ ਅਤੇ ਡਿਪਟੀ ਡਾਇਰੈਕਟਰ ਸ੍ਰੀਮਤੀ ਉਰਮਿੰਦਰ ਕੌਰ ਵੱਲੋਂ ਨਿੱਘਾ ਸੁਆਗਤ ਕੀਤਾ ਗਿਆ ਅਤੇ ਦੀਵਾਨ ਮੈਨੇਜਮੈਂਟ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਸਥਾਪਨਾ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਅਤੇ ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਦਾ ਇਤਿਹਾਸ ਸਿੱਖ ਧਰਮ ਅਤੇ ਪੰਥਕ ਵਿਰਾਸਤ ਨਾਲ ਗਹਿਰਾਈ ਨਾਲ ਜੁੜਿਆ ਹੈ। ਚੀਫ਼ ਖ਼ਾਲਸਾ ਦੀਵਾਨ ਲਈ ਬੇਹੱਦ ਮਾਣ ਵਾਲੀ ਗੱਲ ਹੈ ਕਿ ਸੰਸਥਾ ਦੇ 125ਵੇਂ ਵਰ੍ਹੇ ਦੌਰਾਨ ਪਵਿੱਤਰ ਸ਼ਹਿਰ ਸ੍ਰੀ ਅੰਮ੍ਰਿਤਸਰ ਸਾਹਿਬ ਦਾ 450ਵਾਂ ਸਥਾਪਨਾ ਦਿਵਸ ਵੀ ਮਨਾਇਆ ਜਾ ਰਿਹਾ ਹੈ।



ਪਿੰਡ ਮੰਮਣ 'ਚ ਕਰਵਾਇਆ ਤੀਸਰਾ ਵਾਲੀਬਾਲ ਟੂਰਨਾਮੈਂਟ ਤੇ ਪੇਂਡੂ ਖੇਡ ਮੇਲਾ

ਕਲਾਨੌਰ (ਮਨਦੀਪ ਕੋਹਲੀ)- ਪਿੰਡ ਮੰਮਣ 'ਚ ਤੀਸਰਾ ਵਾਲੀਬਾਲ ਟੂਰਨਾਮੈਂਟ ਤੇ ਪੇਂਡੂ ਖੇਡ ਮੇਲਾ ਕਰਵਾਇਆ ਗਿਆ। ਮੇਲੇ 'ਚ ਵਿਸ਼ੇਸ਼ ਤੌਰ ਪਹੁੰਚੇ ਹਲਕਾ ਡੇਰਾ ਬਾਬਾ ਨਾਨਕ ਤੋਂ ਭਾਜਪਾ ਦੇ ਸੀਨੀਅਰ ਆਗੂ ਅਤੇ ਉੱਘੇ ਸਮਾਜ ਸੇਵਕ ਤੇ ਕਾਰੋਬਾਰੀ ਵਿਜੇ ਸੋਨੀ ਵੱਲੋਂ ਖਿਡਾਰੀਆਂ ਨਾਲ ਜਾਣ ਪਛਾਣ ਕੀਤੀ ਗਈ। ਇਸ ਖੇਡ ਮੇਲੇ ਜਿਥੇ ਵਾਲੀਬਾਲ ਦੀਆਂ ਨਾਮਵਰ ਟੀਮਾਂ ਪਹੁੰਚੀਆਂ ਉਥੇ ਹੀ ਪਿੰਡ ਮੰਮਣ ਵਾਸੀਆਂ ਵੱਲੋਂ ਕੁਸ਼ਤੀਆਂ ਦੇ ਮੁਕਾਬਲੇ ਵੀ ਕਰਵਾਏ ਗਏ ਜਿਸਦੀ ਸ਼ੁਰੂਆਤ ਭਾਜਪਾ ਆਗੂ ਵਿਜੇ ਸੋਨੀ ਵੱਲੋਂ ਕਰਵਾਈ ਗਈ ਤੇ ਜੇਤੂ ਪਹਿਲਵਾਨਾਂ ਨੂੰ ਇਨਾਮ ਵੀ ਤਕਸੀਮ ਕੀਤੇ ਗਏ।ਗੱਲਬਾਤ ਕਰਦਿਆਂ ਪਿੰਡ ਦੇ ਨੌਜਵਾਨਾਂ ਤੇ ਟੂਰਨਾਮੈਂਟ ਪ੍ਰਬੰਧਕਾਂ ਵੱਲੋਂ ਭਾਜਪਾ ਆਗੂ ਵਿਜੇ ਸੋਨੀ ਮੋਹਲੋਵਾਲੀ ਦਾ ਇਸ ਮੇਲੇ 'ਚ ਯੋਗਦਾਨ ਪਾਉਣ ਲਈ ਧੰਨਵਾਦ ਕੀਤਾ ਗਿਆ।ਵਿਜੇ ਸੋਨੀ ਮੋਹਲੋਵਾਲੀ ਨੇ ਕਿਹਾ ਕਿ ਨੌਜਵਾਨ ਨੂੰ ਖੇਡਾਂ ਨਾਲ ਜੋੜਨ ਲਈ ਅਤੇ ਨਸ਼ਿਆਂ ਤੋਂ ਬਚਾਉਣ ਲਈ ਪਿੰਡ ਪਿੰਡ ਇਹੋ ਅਜਿਹੇ ਖੇਡ ਮੇਲੇ ਅਤੇ ਟੂਰਨਾਮੈਂਟ ਕਰਵਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਜਿਥੇ ਸਰਕਾਰਾ ਦਾ ਫਰਜ਼ ਬਣਦਾ ਹੈ ਇਹੋ ਅਜਿਹੇ ਖੇਡ ਮੇਲੇ ਹੋਣੇ ਚਾਹੀਦੇ ਹਨ ਉਥੇ ਹੀ ਸਾਡੇ ਇਸ ਮੰਮਣ ਪਿੰਡ ਦੇ ਵਾਸੀਆਂ ਵੱਲੋਂ ਇਲਾਕਾ ਨਿਵਾਸੀਆਂ ਤੇ ਐੱਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਹਨ ਤੀਸਰੇ ਇਸ ਪੇਂਡੂ ਖੇਡ ਮੇਲੇ ਅਤੇ ਵਾਲੀਬਾਲ ਟੂਰਨਾਮੈਂਟ ਨੇ ਪੂਰੇ ਇਲਾਕੇ 'ਚ ਮਿਸਾਲ ਪੇਸ਼ ਕੀਤੀ ਗਈ ਹੈ।ਵਿਜੇ ਸੋਨੀ ਮੋਹਲੋਵਾਲੀ ਨੇ ਕਿਹਾ ਕਿ ਖੇਡਾਂ ਜਿੱਥੇ ਸਾਨੂੰ ਸਰੀਰਕ ਤੌਰ ਤੇ ਤੰਦਰੁਸਤ ਰੱਖਦੀਆਂ ਹਨ ਉਥੇ ਹੀ ਖੇਡਾਂ ਸਾਨੂੰ ਮਾਨਸਿਕ ਤੌਰ ਤੇ ਮਜ਼ਬੂਤ ਬਣਾਉਂਦੀਆਂ ਹਨ।ਭਾਜਪਾ ਆਗੂ ਵਿਜੇ ਸੋਨੀ ਮੋਹਲੋਵਾਲੀ ਵੱਲੋਂ ਅੰਤ 'ਚ ਕਾਂਗਰਸ ਪਾਰਟੀ ਵੱਲੋਂ ਕਲਾਨੌਰ ਥਾਣੇ 'ਚ ਲਾਏ ਗਏ ਧਰਨੇ ਦੀ ਜੰਮ ਕੇ ਨਿੰਦਾ ਕੀਤੀ ਗਈ। ਇਸ ਮੌਕੇ ਸੁਖਰਾਜ ਸਿੰਘ ਫੌਜੀ ਸਾਬੀ ਮੰਮਣ, ਜਥੇਦਾਰ ਸੋਹਣ ਸਿੰਘ ਮੰਮਣ, ਟੂਰਨਾਮੈਂਟ ਪ੍ਰਬੰਧਕ ਪਟਵਾਰੀ ਸੋਨੂੰ ਮਸੀਹ, ਪਰਮਪਾਲ ਸਿੰਘ, ਮੇਹਰਬਾਨ ਸਿੰਘ, ਸੁਖਰਾਜ ਸਿੰਘ ਫੌਜੀ, ਰਾਜਵਿੰਦਰ ਸਿੰਘ ਰਾਜਾ ਮੰਮਣ ਸੀਨੀਅਰ ਖਿਡਾਰੀ ਵਾਲੀਬਾਲ, ਹਰਮੀਤ ਸਿੰਘ ਮਸੀਹ ਪਹਿਲਵਾਨ, ਰਾਜੂ ਮਸੀਹ, ਪੱਤਰਕਾਰ ਮਲਕੀਤ ਸਿੰਘ ਮੰਮਣ, ਕਵਲਜੀਤ ਸਿੰਘ ਮੰਮਣ, ਪਰਮਪਾਲ ਸਿੰਘ ਕਲੱਬ ਸੈਕਟਰੀ ਅਤੇ ਹੋਰ ਪਿੰਡ ਵਾਸੀ ਹਾਜ਼ਰ ਸਨ।

'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਵਾਰਡ ਡਿਫੈਂਸ ਕਮੇਟੀ ਤੇ ਲੋਕਾਂ ਨਾਲ ਮੀਟਿੰਗ

ਬਟਾਲਾ, (ਡਾ. ਮਲਵਿੰਦਰ ਸਿੰਘ)- ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜ਼ਿਲ੍ਹਾ ਗੁਰਦਾਸਪੁਰ ਅੰਦਰ ਵੀ. ਡੀ. ਸੀਜ਼ ਅਤੇ ਵਾਰਡ ਡਿਫੈਂਸ ਕਮੇਟੀਆਂ ਮੀਟਿੰਗਾਂ ਕਰਕੇ ਨਸ਼ਿਆਂ ਨੂੰ ਖਤਮ ਕਰਨ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਜਿਸ ਦੇ ਚੱਲਦਿਆਂ ਬਟਾਲਾ ਵਿਖੇ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਤਹਿਤ ਵਾਰਡ ਨੰਬਰ 50 ਵਿਚ ਮੀਟਿੰਗ ਕੀਤੀ ਗਈ ਅਤੇ ਨਸ਼ਿਆਂ ਦੇ ਕੋਹੜ ਨੂੰ ਖ਼ਤਮ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਪਰਦੀਪ ਕੁਮਾਰ ਸੀਨੀਅਰ ਆਪ ਆਗੂ, ਬਿਕਰਮਜੀਤ ਸਿੰਘ ਬਿੱਕਾ ਸੈਨ ਸਮਾਜ ਦੇ ਚੇਅਰਮੈਨ ਜਸਪਾਲ ਸਿੰਘ, ਨਸ਼ਾ ਮੁਕਤੀ ਮੋਰਚਾ ਦੇ ਵਾਈਸ ਕੁਆਰਡੀਨੇਟਰ ਸੰਧੂ ਭੱਟੀ ਅਤੇ ਵਾਰਡ ਵਾਸੀ ਮੌਜੂਦ ਸਨ।ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਜਿਥੇ ਨਸ਼ਿਆਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ ਉਸਦੇ ਨਾਲ ਨਸ਼ਿਆਂ ਦੀ ਗ੍ਰਿਫ਼ਤ ਵਿੱਚੋਂ ਬਾਹਰ ਨਿਕਲ ਰਹੇ ਨੌਜਵਾਨਾਂ ਨੂੰ ਆਤਮ-ਨਿਰਭਰ ਬਣਾਉਣ ਅਤੇ ਸਮਾਜ ਦੀ ਮੁੱਖ ਧਾਰਾ ਨਾਲ ਜੋੜਨ ਦੀ ਦਿਸ਼ਾ ਵਿੱਚ ਪਹਿਲਕਦਮੀਆਂ ਕੀਤੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ, ਨਸ਼ਾ ਮੁਕਤੀ ਤੋਂ ਬਾਅਦ ਉਨ੍ਹਾਂ ਨੂੰ ਮੁੜ ਜੀਵਨ ਦੀ ਮੁੱਖ ਧਾਰਾ ਨਾਲ ਜੋੜਨ ਅਤੇ ਉਨ੍ਹਾਂ ਦੇ ਭਵਿੱਖ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਉਨ੍ਹਾਂ ਸਮੂਹ ਵਾਰਡ ਵਾਸੀਆਂ ਨੂੰ ਨਸ਼ਿਆਂ ਵਿਰੁੱਧ ਇਕੱਠੇ ਹੋ ਕੇ ਲੜਨ ਲਈ ਸਹਿਯੋਗ ਦੀ ਅਪੀਲ ਕੀਤੀ।

ਨੈਸ਼ਨਲ ਸਕੂਲ ਗੇਮਜ਼ 'ਚ ਈਸ਼ਦੀਪ ਸਿੰਘ ਨੇ ਚਮਕਾਇਆ ਪੰਜਾਬ ਦਾ ਨਾਂਅ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)- ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ, ਜੰਡਿਆਲਾ ਗੁਰੂ ਦੇ ਹੋਣਹਾਰ ਵਿਦਿਆਰਥੀ ਈਸ਼ਦੀਪ ਸਿੰਘ ਨੇ ਰਾਸ਼ਟਰੀ ਪੱਧਰ 'ਤੇ ਸ਼ਾਨਦਾਰ ਪ੍ਰਾਪਤੀ ਕਰਕੇ ਆਪਣੇ ਮਾਤਾ-ਪਿਤਾ, ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ।23 ਤੋਂ 28 ਅਕਤੂਬਰ ਤੱਕ ਦਿੱਲੀ ਵਿਖੇ ਆਯੋਜਿਤ 70ਵੀਆਂ ਨੈਸ਼ਨਲ ਸਕੂਲ ਗੇਮਜ਼ ਗਤਕਾ ਚੈਂਪੀਅਨਸ਼ਿਪ 2026-27 ਵਿੱਚ ਸਕੂਲ ਦੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਈਸ਼ਦੀਪ ਸਿੰਘ ਨੇ ਪੰਜਾਬ ਦੀ ਨੁਮਾਇੰਦਗੀ ਕਰਦਿਆਂ ਫਰੀ ਸੋਟੀ ਦੇ ਟੀਮ ਵਰਗ ਵਿੱਚ ਤੀਜਾ ਸਥਾਨ ਹਾਸਲ ਕਰਕੇ ਕਾਂਸੀ ਦਾ ਤਗਮਾ ਜਿੱਤਿਆ।ਇਸ ਮੁਕਾਬਲੇ ਦੌਰਾਨ ਉਸ ਨੇ ਆਪਣੇ ਬੇਮਿਸਾਲ ਹੁਨਰ, ਅਨੁਸ਼ਾਸਨ, ਮਿਹਨਤ ਅਤੇ ਖੇਡ ਭਾਵਨਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਨੇ ਈਸ਼ਦੀਪ ਸਿੰਘ ਅਤੇ ਉਸ ਦੇ ਮਾਤਾ-ਪਿਤਾ ਨੂੰ ਇਸ ਸ਼ਾਨਦਾਰ ਸਫਲਤਾ ਲਈ ਵਧਾਈ ਦਿੱਤੀ। ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਡਾਕਟਰ ਅਮਰਪ੍ਰੀਤ ਕੌਰ ਨੇ ਕਿਹਾ ਕਿ ਈਸ਼ਦੀਪ ਸਿੰਘ ਦੀ ਇਹ ਪ੍ਰਾਪਤੀ ਸਮੁੱਚੇ ਸਕੂਲ ਪਰਿਵਾਰ ਲਈ ਬੇਹੱਦ ਮਾਣ ਵਾਲੀ ਗੱਲ ਹੈ।

ਕੋਟ ਧਰਮ ਚੰਦ ਖੁਰਦ ਵਿਖੇ ਕਾਂਗਰਸ ਦੇ ਪਰਿਵਾਰ 'ਚ ਹੋਇਆ ਵਾਧਾ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਹਲਕਾ ਖਡੂਰ ਸਾਹਿਬ ਦੇ ਪਿੰਡ ਕੋਟ ਧਰਮ ਚੰਦ ਖੁਰਦ ਵਿਖੇ ਕਾਂਗਰਸ ਪਾਰਟੀ ਨੂੰ ਉਸ ਸਮੇਂ ਵੱਡੀ ਸਿਆਸੀ ਮਜ਼ਬੂਤੀ ਮਿਲੀ ਜਦੋਂ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਸੈਂਕੜੇ ਪਰਿਵਾਰਾਂ ਨੇ ਆਪਣੀਆਂ ਪੁਰਾਣੀਆਂ ਪਾਰਟੀਆਂ ਨੂੰ ਅਲਵਿਦਾ ਆਖਦਿਆਂ ਕਾਂਗਰਸ ਪਾਰਟੀ ਵਿੱਚ ਸ਼ਮੂਲੀਅਤ ਕੀਤੀ। ਕਾਂਗਰਸ ਵਿੱਚ ਸ਼ਾਮਲ ਹੋਣ ਵਾਲੇ ਪ੍ਰਮੁੱਖ ਸਾਥੀਆਂ ਵਿੱਚ ਲਖਵਿੰਦਰ ਸਿੰਘ, ਜੋਬਨ ਸਿੰਘ, ਪ੍ਰਿੰਸ ਸਿੰਘ, ਅੰਮ੍ਰਿਤ ਸਿੰਘ, ਜੱਗੀ ਸਿੰਘ ਹਲਵਾਈ, ਟਹਿਲ ਸਿੰਘ, ਜਸਪਾਲ ਸਿੰਘ, ਬਲਵਿੰਦਰ ਸਿੰਘ, ਸਤਪਾਲ ਸਿੰਘ, ਸੁਖਰਾਜ ਸਿੰਘ, ਬਾਬਾ ਮੰਗਲ ਸਿੰਘ, ਤਰਲੋਕ ਸਿੰਘ, ਲੱਖਾ ਸਿੰਘ ਚੌਧਰੀ, ਇੰਦਰਜੀਤ ਸਿੰਘ, ਮੁਖਤਾਰ ਸਿੰਘ ਲੰਬੜਦਾਰ, ਜਸਵਿੰਦਰ ਸਿੰਘ ਜੱਸਾ, ਸੁਖਦੇਵ ਸਿੰਘ ਜੇਠੂਵਾਲੀਏ, ਸੁਰਜੀਤ ਸਿੰਘ ਬਾਠ, ਹਰਜਿੰਦਰ ਸਿੰਘ ਮਿਸਤਰੀ, ਸਤਨਾਮ ਸਿੰਘ, ਨਿਰਵੈਲ ਸਿੰਘ, ਜਸਬੀਰ ਸਿੰਘ ਬੱਬੀ ਅਤੇ ਗੁਰਭੇਜ ਸਿੰਘ ਕਾਲਾ ਸਮੇਤ ਹੋਰ ਅਨੇਕਾਂ ਸਾਥੀ ਸ਼ਾਮਲ ਹਨ।ਪਿੰਡ ਵਾਸੀਆਂ ਦੀ ਇਸ ਵੱਡੀ ਸ਼ਮੂਲੀਅਤ ਨੇ ਇਹ ਸੰਦੇਸ਼ ਦਿੱਤਾ ਹੈ ਕਿ ਹਲਕਾ ਖਡੂਰ ਸਾਹਿਬ ਵਿੱਚ ਕਾਂਗਰਸ ਪਾਰਟੀ ਦਾ ਜਨ-ਆਧਾਰ ਲਗਾਤਾਰ ਮਜ਼ਬੂਤ ਹੋ ਰਿਹਾ ਹੈ।ਸਰਦਾਰ ਰਮਨਜੀਤ ਸਿੰਘ ਸਿੱਕੀ ਨਾਲ ਲੋਕਾਂ ਦਾ ਪਿਆਰ, ਵਿਸ਼ਵਾਸ ਅਤੇ ਸਾਂਝ ਪਾਰਟੀ ਦੇ ਹੌਸਲੇ ਨੂੰ ਹੋਰ ਬੁਲੰਦ ਕਰ ਰਹੀ ਹੈ।ਸਿੱਕੀ ਦੇ ਹੱਕ ਵਿੱਚ ਵਧਦਾ ਲੋਕਾਂ ਦਾ ਪਿਆਰ, ਕਾਂਗਰਸ ਦੀ ਮਜ਼ਬੂਤੀ ਦਾ ਅਧਾਰ ਬਣ ਰਿਹਾ ਹੈ।



ਜੱਜ ਗੀਤਾ ਰਾਣੀ ਦਾ ਭਾਈ ਬਹਿਲੋ ਪਬਲਿਕ ਸੈਕੰਡਰੀ ਸਕੂਲ ਵੱਲੋਂ ਸਨਮਾਨ

ਬਠਿੰਡਾ (ਰਾਜੀਵ ਗੋਇਲ)-ਕਸਬਾ ਭਗਤਾ ਭਾਈਕਾ ਦੇ ਇਲਾਕੇ ਵਿੱਚ ਪਿਛਲੇ ਕਈ ਦਹਾਕਿਆਂ ਤੋਂ ਵਿੱਦਿਆ ਦਾ ਚਾਨਣ ਬਖੇਰਨ ਲਈ ਸਵ. ਮੋਹਣ ਸਿੰਘ ਬਰਾੜ ਵੱਲੋਂ ਸ਼ੁਰੂ ਕੀਤੀ ਗਈ ਵਿੱਦਿਅਕ ਸੰਸਥਾ ਵਿਖੇ ਐਡੀਸ਼ੀਨਲ ਸਿਵਲ ਜੱਜ ਵੂਲ ਮੈਡਮ ਗੀਤਾ ਰਾਣੀ ਦਾ ਸਮੂਹ ਸਕੂਲ ਟੀਮ ਵੱਲੋਂ ਵਿਸ਼ੇਸ ਸਨਮਾਨ ਕੀਤਾ ਗਿਆ। ਸਕੂਲ ਪ੍ਰਿੰਸੀਪਲ ਜਸਮੀਤ ਸਿੰਘ ਤੇ ਮੈਨੇਜਰ ਕੁਲਦੀਪ ਸਿੰਘ ਬਰਾੜ ਵੱਲੋਂ ਦੱਸਿਆ ਗਿਆ ਕਿ ਸਕੂਲ ਵੱਲੋਂ 'ਸੁਰੱਖਿਅਤ ਬਚਪਨ ਅਭਿਆਨ' ਤਹਿਤ ਸੈਮੀਨਰ ਕਰਾਇਆ ਗਿਆ ਸੀ, ਜਿਸ ਵਿੱਚ ਜੱਜ ਮੈਡਮ ਗੀਤਾ ਰਾਣੀ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਜੱਜ ਸਾਹਿਬ ਵੱਲੋਂ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਸ਼ੋਸਲ ਮੀਡੀਆ ਦੀ ਸਹੀ ਵਰਤੋਂ ਕਰਨ ਸੰਬੰਧੀ ਚਾਨਣ ਪਾਉਂਦੇ ਹੋਏ ਮਾੜੀਆਂ ਕੁਰੀਤੀਆਂ ਤੋਂ ਦੂਰ ਰਹਿਣ, ਪੜ੍ਹਾਈ ਦੇ ਨਾਲ-ਨਾਲ ਖੇਡਾਂ 'ਚ ਵੀ ਵਿਸ਼ੇਸ ਰੁਚੀ ਰੱਖਣ ਸੰਬੰਧੀ ਚਾਨਣਾ ਪਾਇਆ ਗਿਆ। ਉਧਰ ਦੂਜੇ ਪਾਸੇ ਸਕੂਲ ਪ੍ਰਬੰਧਕਾਂ ਤੇ ਬੱਚਿਆਂ ਵੱਲੋਂ ਜੱਜ ਸਾਹਿਬਾ ਦਾ ਸਕੂਲ ਪਹੁੰਚਣ 'ਤੇ ਭਰਵਾਂ ਸਵਾਗਤ ਕਰਦੇ ਹੋਏ ਉਨ੍ਹਾਂ ਨੂੰ ਜੀ ਆਇਆਂ ਆਖਿਆ ਗਿਆ ਅਤੇ ਉਹਨਾਂ ਦਾ ਸਨਮਾਨ ਕੀਤਾ ਗਿਆ।

ਡਾ. ਸੁਖਪਾਲ ਕੌਰ ਐਕਸੀਲੈਂਸ ਐਵਾਰਡ ਨਾਲ ਸਨਮਾਨਤ

ਸਮਰਾਲਾ (ਸੁਰਜੀਤ ਸਿੰਘ)-ਨੈਸ਼ਨਲ ਇੰਸਟੀਚਿਊਟ ਆਫ ਨਰਸਿੰਗ ਐਜੂਕੇਸ਼ਨ ਪੀ ਜੀ ਆਈ ਚੰਡੀਗੜ੍ਹ ਦੀ ਪ੍ਰਿੰਸੀਪਲ ਡਾ. ਸੁਖਪਾਲ ਕੌਰ ਨੂੰ ਨਵੀਂ ਦਿੱਲੀ ਵਿੱਚ ਆਯੋਜਿਤ 18ਵੇਂ 'ਫਿਕੀ' ਦੇ ਹੈਲਥਕੇਅਰ ਐਕਸੀਲੈਂਸ ਅਵਾਰਡ ਸਮਾਰੋਹ ਵਿੱਚ ਐਕਸੀਲੈਂਸ ਇਨ ਨਰਸਿੰਗ ਸਰਵਿਸਿਜ਼ (ਪਬਲਿਕ ਹਸਪਤਾਲ) ਸ਼੍ਰੇਣੀ ਵਿੱਚ ਵੱਕਾਰੀ ਫਿਕੀ ਹੈਲਥਕੇਅਰ ਐਕਸੀਲੈਂਸ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਡਾ ਸੁਖਪਾਲ ਕੌਰ ਦੇ ਕੰਮ ਦਾ ਇੱਕ ਮੁੱਖ ਖੇਤਰ ਨਿਊਰੋਟੌਕਸਿਕ ਕੀਮੋਥੈਰੇਪੀ ਪ੍ਰਾਪਤ ਕਰਨ ਵਾਲੇ ਕੈਂਸਰ ਮਰੀਜ਼ਾਂ ਵਿੱਚ ਕੀਮੋਥੈਰੇਪੀ-ਪ੍ਰੇਰਿਤ ਪੈਰੀਫਿਰਲ ਨਿਊਰੋਪੈਥੀ ਨੂੰ ਰੋਕਣ ਵਿੱਚ ਮਦਦ ਲਈ ਸਵਦੇਸ਼ੀ, ਲਾਗਤ-ਪ੍ਰਭਾਵਸ਼ਾਲੀ ਕ੍ਰਾਇਓਥੈਰੇਪੀ ਦਸਤਾਨੇ ਅਤੇ ਜੁਰਾਬਾਂ ਦਾ ਵਿਕਾਸ ਹੈ।

ਡਾ. ਕਪਾਨੀ ਦੇ ਨਾਂਅ 'ਤੇ ਬਣੇਗੀ ਲਾਇਬ੍ਰੇਰੀ

ਮੋਗਾ (ਇਕਬਾਲ ਸਿੰਘ ਖਹਿਰਾ)-ਵਿਸ਼ਵ ਪੱਧਰ 'ਤੇ ਫਾਈਬਰ ਆਪਟਿਕ ਤਕਨਾਲੋਜੀ ਦੇ ਵਿਕਾਸ 'ਚ ਅਹਿਮ ਯੋਗਦਾਨ ਪਾਉਣ ਵਾਲੇ ਤੇ ਫਾਈਬਰ ਆਪਟਿਕਸ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਮਹਾਨ ਵਿਗਿਆਨੀ ਨਰਿੰਦਰ ਸਿੰਘ ਕਪਾਨੀ ਦੀ 100ਵੀਂ ਜਨਮ ਵਰ੍ਹੇਗੰਢ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦੋ ਰੋਜ਼ਾ ਵਿਗਿਆਨ ਪ੍ਰਦਰਸ਼ਨੀ ਦੀ ਸ਼ੁਰੂਆਤ ਹੋਈ ਹੈ।ਇਸ ਪ੍ਰਦਰਸ਼ਨੀ 'ਚ ਜ਼ਿਲ੍ਹੇ ਦੇ ਲਗਭਗ 40 ਸਕੂਲਾਂ ਦੇ ਵਿਦਿਆਰਥੀ ਆਪਣੇ ਵਿਗਿਆਨਕ ਮਾਡਲਾਂ, ਨਵੀਨਤਮ ਵਿਚਾਰਾਂ ਤੇ ਖੋਜਾਂ ਨਾਲ ਭਾਗ ਲੈ ਰਹੇ ਹਨ।ਪ੍ਰਦਰਸ਼ਨੀ ਦਾ ਉਦਘਾਟਨ ਕਰਦਿਆਂ ਡਿਪਟੀ ਕਮਿਸ਼ਨਰ ਸ੍ਰੀ ਸਾਗਰ ਸੇਤੀਆ ਨੇ ਕਿਹਾ ਕਿ ਨਰਿੰਦਰ ਸਿੰਘ ਕਪਾਨੀ ਨੇ ਆਪਣੀ ਵਿਗਿਆਨਕ ਪ੍ਰਤਿਭਾ ਤੇ ਖੋਜਾਂ ਰਾਹੀਂ ਨਾ ਸਿਰਫ਼ ਭਾਰਤ, ਸਗੋਂ ਪੂਰੀ ਦੁਨੀਆ ਵਿੱਚ ਮੋਗਾ ਦਾ ਨਾਂਅ ਰੌਸ਼ਨ ਕੀਤਾ ਹੈ।ਉਨ੍ਹਾਂ ਦੀ ਜੀਵਨ ਯਾਤਰਾ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਦਾ ਸਰੋਤ ਹੈ।ਉਨ੍ਹਾਂ ਕਿਹਾ ਕਿ ਅਜਿਹੇ ਮਹਾਨ ਵਿਗਿਆਨੀਆਂ ਨੂੰ ਯਾਦ ਕਰਨ ਦਾ ਅਸਲ ਮਕਸਦ ਨੌਜਵਾਨਾਂ ਵਿੱਚ ਖੋਜ, ਨਵੀਨਤਾ ਤੇ ਵਿਗਿਆਨਕ ਸੋਚ ਨੂੰ ਉਤਸ਼ਾਹਤ ਕਰਨਾ ਹੈ। ਡਿਪਟੀ ਕਮਿਸ਼ਨਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਹਰ ਗੱਲ ਨੂੰ ਤਰਕ ਦੀ ਕਸੌਟੀ 'ਤੇ ਪਰਖਣ, ਸਵਾਲ ਪੁੱਛਣ ਅਤੇ ਨਵੀਆਂ ਚੀਜ਼ਾਂ ਸਿੱਖਣ ਦੀ ਜਗਿਆਸਾ ਬਣਾਈ ਰੱਖਣ।ਨਰਿੰਦਰ ਸਿੰਘ ਕਪਾਨੀ ਦੇ ਪੁੱਤਰ ਸ੍ਰੀ ਰਾਜ ਸਿੰਘ ਕਪਾਨੀ ਨੇ ਅਮਰੀਕਾ ਤੋਂ ਵੀਡੀਓ ਕਾਨਫਰੰਸ ਰਾਹੀਂ ਸਮਾਗਮ ਵਿੱਚ ਸ਼ਿਰਕਤ ਕੀਤੀ।ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਪਣੇ ਪਿਤਾ ਦੀ 100ਵੀਂ ਜਨਮ ਵਰ੍ਹੇਗੰਢ ਨੂੰ ਸਮਰਪਤ ਵਿਗਿਆਨ ਪ੍ਰਦਰਸ਼ਨੀ ਕਰਾਉਣ ਤੇ ਨੌਜਵਾਨਾਂ ਵਿੱਚ ਵਿਗਿਆਨਕ ਸੋਚ ਨੂੰ ਪ੍ਰਫੁੱਲਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ।ਸਮਾਗਮ ਦੌਰਾਨ ਨਰਿੰਦਰ ਸਿੰਘ ਕਪਾਨੀ ਦੇ ਜੀਵਨ, ਖੋਜਾਂ ਤੇ ਵਿਗਿਆਨ ਦੇ ਖੇਤਰ ਵਿੱਚ ਉਨ੍ਹਾਂ ਦੇ ਯੋਗਦਾਨ ਬਾਰੇ ਇੱਕ ਵਿਸ਼ੇਸ਼ ਡਾਕੂਮੈਂਟਰੀ ਵੀ ਦਿਖਾਈ ਗਈ।ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਭਾਗੀ ਮੁਖੀਆਂ ਪ੍ਰੋ. ਐੱਮ.ਐੱਲ. ਸਿੰਘ ਤੇ ਅਤੁਲ ਖੰਨਾ ਆਦਿ ਵੱਲੋਂ ਪ੍ਰਦਰਸ਼ਨੀ ਦੌਰਾਨ ਪਾਏ ਗਏ ਯੋਗਦਾਨ ਲਈ ਸਨਮਾਨਤ ਵੀ ਕੀਤਾ ਗਿਆ।

ਵਿਰੋਧੀ ਪਾਰਟੀਆਂ ਕੋਲ ਕੋਈ ਮੁੱਦਾ ਨਹੀਂ, ਉਹ ਸਿਰਫ ਰਾਜਨੀਤੀ ਚਮਕਾਉਣਾ ਚਾਹੁੰਦੇ : ਆਸ਼ਾ ਰਾਣੀ, ਰਜੇਸ਼ ਉੱਪਲ

ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਨਗਰ ਕੌਂਸਲ ਸਰਹਿੰਦ ਦੀ ਪ੍ਰਧਾਨ ਆਸ਼ਾ ਰਾਣੀ ਤੇ ਕੌਂਸਲਰ ਰਜੇਸ਼ ਉੱਪਲ ਨੇ ਦੱਸਿਆ ਕਿ ਵਾਰਡ ਨੰਬਰ 15 ਦੇ ਨਰਿੰਦਰ ਪ੍ਰਿੰਸ ਵੱਲੋਂ ਸੋਸ਼ਲ ਮੀਡੀਆ ਉੱਤੇ ਵੀਡੀਓ ਪਾ ਕੇ ਆਪਣੇ ਆਪ ਨੂੰ ਚਮਕਾਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਜਦਕਿ ਉਨ੍ਹਾਂ ਨੂੰ ਮੇਰੀ ਦੁਕਾਨ ਮੇਰੇ ਨਾਂਅ ਵਾਲੇ ਨੋਟੀਫਿਕੇਸ਼ਨ ਦੀ ਪੂਰੀ ਜਾਣਕਾਰੀ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਨਰਿੰਦਰ ਕੁਮਾਰ ਪ੍ਰਿੰਸ ਵੱਲੋਂ ਸੋਸ਼ਲ ਮੀਡੀਆ ਉੱਤੇ ਕੂੜ ਪ੍ਰਚਾਰ ਕੀਤਾ ਗਿਆ ਕਿ ਨਗਰ ਕੌਂਸਲ ਸਰਹਿੰਦ ਵੱਲੋਂ ਮੇਰੀ ਦੁਕਾਨ ਮੇਰੇ ਨਾਂਅ ਵਾਲੇ ਮਤੇ ਨੂੰ ਏਜੰਡੇ ਵਿੱਚ ਨਹੀਂ ਰੱਖਿਆ ਗਿਆ।ਉਨ੍ਹਾਂ ਦੱਸਿਆ ਕਿ ਮੇਰੀ ਦੁਕਾਨ ਮੇਰੇ ਨਾਂਅ ਵਾਲੇ ਮਤੇ ਨੂੰ ਨੋਟੀਫਿਕੇਸ਼ਨ ਦੇ ਅਨੁਸਾਰ ਸਟੈਪ ਅੱਠ ਤੇ ਹਾਊਸ ਦੇ ਵਿੱਚ ਰੱਖਿਆ ਜਾਵੇਗਾ।ਉਸ ਤੋਂ ਪਹਿਲਾਂ ਸੱਤ ਸਟੈਪ ਪੂਰੇ ਕਰਨੇ ਹਨ, ਜਿਨ੍ਹਾਂ ਵਿੱਚ 6 ਨਵੰਬਰ ਤੱਕ ਨਗਰ ਕੌਂਸਲ ਨੂੰ ਅਰਜ਼ੀਆਂ ਦਿੱਤੀਆਂ ਜਾਣੀਆਂ ਹਨ।ਇਸ ਤੋਂ ਬਾਅਦ ਨਗਰ ਕੌਂਸਲ ਦੀ ਟੀਮ ਵੱਲੋਂ ਕਾਨੂੰਨੀ ਪ੍ਰਕਿਰਿਆ ਅਮਲ ਦੇ ਵਿੱਚ ਲਿਆਂਦੀ ਜਾਵੇਗੀ।7 ਸਟੈਪ ਪੂਰੇ ਹੋਣ ਉਪਰੰਤ ਉਕਤ ਮਤੇ ਨੂੰ ਹਾਊਸ ਦੇ ਵਿੱਚ ਰੱਖਿਆ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੀਤ ਪ੍ਰਧਾਨ ਜਤਿੰਦਰ ਕੌਰ ਬਾਤਿਸ਼, ਸੰਦੀਪ ਭੱਲ ਮਾਜਰਾ ਤੇ ਨੰਬਰਦਾਰ ਤਜਿੰਦਰ ਸਿੰਘ ਟਿਵਾਣਾ ਆਦਿ ਵੀ ਹਾਜ਼ਰ ਸਨ।

ਰੇਲਵੇ ਸਟੇਸ਼ਨਾਂ 'ਤੇ 'ਰੇਲ ਜਨ ਸੰਵਾਦ' ਪ੍ਰੋਗਰਾਮ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ ਮੰਡਲ ਦੇ ਪ੍ਰਮੁੱਖ ਤੇ ਛੋਟੇ ਰੇਲਵੇ ਸਟੇਸ਼ਨਾਂ 'ਤੇ ਸਫਾਈ ਪਖਵਾੜਾ-2026 ਦੇ ਤਹਿਤ 'ਰੇਲ ਜਨ ਸੰਵਾਦ' ਦੇ ਮਾਧਿਅਮ ਨਾਲ ਸਫਾਈ ਪ੍ਰਤੀ ਜਾਗਰੂਕਤਾ ਅਤੇ ਜਨਤਕ ਭਾਗੀਦਾਰੀ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ। 30 ਅਕਤੂਬਰ ਨੂੰ ਅੰਮ੍ਰਿਤਸਰ, ਜਲੰਧਰ ਸਿਟੀ, ਜਲੰਧਰ ਕੈਂਟ, ਲੁਧਿਆਣਾ, ਫ਼ਿਰੋਜ਼ਪੁਰ ਕੈਂਟ, ਬਿਆਸ, ਫਗਵਾੜਾ, ਢੰਡਾਰੀ ਕਲਾਂ ਤੇ ਫਿਲੌਰ ਰੇਲਵੇ ਸਟੇਸ਼ਨਾਂ 'ਤੇ 'ਰੇਲ ਜਨ ਸੰਵਾਦ' ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਪ੍ਰੋਗਰਾਮਾਂ ਦੌਰਾਨ ਰੇਲਵੇ ਅਧਿਕਾਰੀਆਂ ਤੇ ਨਿਗਰਾਨਾਂ (ਸੁਪਰਵਾਈਜ਼ਰਾਂ) ਨੇ ਯਾਤਰੀਆਂ ਅਤੇ ਖਾਸ ਕਰਕੇ ਨੌਜਵਾਨਾਂ ਨਾਲ ਸਿੱਧਾ ਸੰਵਾਦ ਕੀਤਾ। ਗੱਲਬਾਤ ਦੌਰਾਨ ਨੌਜਵਾਨਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਦੌਰਾਨ ਅਧਿਕਾਰੀਆਂ ਤੇ ਨਿਗਰਾਨਾਂ ਨੇ ਯਾਤਰੀਆਂ ਨਾਲ ਗੱਲਬਾਤ ਕਰਕੇ ਸਟੇਸ਼ਨ ਦੀ ਸਫਾਈ, ਸਫਾਈ ਦੀ ਵਿਵਸਥਾ, ਯਾਤਰੀ ਸਹੂਲਤਾਂ ਤੇ ਸੁਰੱਖਿਅਤ ਯਾਤਰਾ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਜਾਣਕਾਰੀ ਦਿੱਤੀ। ਯਾਤਰੀਆਂ ਤੋਂ ਸਫ਼ਾਈ ਤੇ ਸਟੇਸ਼ਨ ਦੀਆਂ ਸਹੂਲਤਾਂ ਬਾਰੇ ਸੁਝਾਅ ਅਤੇ ਫੀਡਬੈਕ ਵੀ ਲਿਆ ਗਿਆ।

ਤਾਜ ਸਿਟੀ ਕਲੋਨੀ ਦੀਆਂ ਸੜਕਾਂ ਸੰਬੰਧੀ ਅਹਿਮ ਮੀਟਿੰਗ



ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)-ਨਗਰ ਕੌਂਸਲ ਦੇ ਪ੍ਰਧਾਨ ਮਨਪ੍ਰੀਤ ਬਾਂਸਲ ਨਾਲ ਸੜਕਾਂ ਦੇ ਨਿਰਮਾਣ ਸੰਬੰਧੀ ਮੀਟਿੰਗ ਕੀਤੀ ਗਈ।ਇਸ ਮੌਕੇ ਨਵੀਨ ਗਰਗ (ਲੱਕੀ) ਜਤਿੰਦਰ ਸਿੰਘ ਮਾਦਾ, ਅਸ਼ੋਕ ਸਿੰਗਲਾ, ਅੰਮ੍ਰਿਤਪਾਲ, ਪ੍ਰਗਟ ਸਿੰਘ ਬੰਟੀ, ਬਲਵਿੰਦਰ ਲਾਲਾ, ਕਮਲ ਜੈਨ, ਐਡਵੋਕੇਟ ਵਿਨੇ ਖੋਸਲਾ, ਮੋਨੂੰ ਅਰੋੜਾ ਤੇ ਗੁਰਮੇਲ ਸਿੰਘ ਹਾਜ਼ਰ ਸਨ। ਪ੍ਰਧਾਨ ਵੱਲੋਂ ਪੂਰਨ ਭਰੋਸਾ ਦਿੱਤਾ ਗਿਆ ਕਿ ਸੜਕਾਂ ਦਾ ਕੰਮ ਆਉਣ ਵਾਲੇ ਇੱਕ-ਦੋ ਦਿਨ ਵਿੱਚ ਸ਼ੁਰੂ ਹੋ ਜਾਵੇਗਾ।

ਬੁੱਧ ਸ਼ਾਕਿਆ ਸਮਿਤੀ ਕੋਟਕਪੂਰਾ ਦੀ ਅਹਿਮ ਮੀਟਿੰਗ

ਕੋਟਕਪੂਰਾ (ਰਛਪਾਲ ਭੁੱਲਰ)-ਬੁੱਧ ਸ਼ਾਕਿਆ ਸਮਿਤੀ ਕੋਟਕਪੂਰਾ ਦੀ ਇਕ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਪਰਮਪਾਲ ਸ਼ਾਕਯ ਤੇ ਪ੍ਰਧਾਨ ਸ੍ਰੀ ਸ਼ਿਆਮਬੀਰ ਸ਼ਾਕਯ ਦੀ ਯੋਗ ਅਗਵਾਈ ਹੇਠ ਉਨ੍ਹਾਂ ਦੀ ਨਿੱਜੀ ਰਿਹਾਇਸ਼ ਵਿਖੇ ਹੋਈ।ਇਸ ਮੀਟਿੰਗ ਦਰਮਿਆਨ ਸਮਾਜ ਦੇ ਵਿਕਾਸ ਤੇ ਭਲਾਈ ਨਾਲ ਜੁੜੇ ਕਈ ਅਹਿਮ ਮੁੱਦਿਆਂ 'ਤੇ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਮੀਟਿੰਗ ਦਾ ਮੁੱਖ ਮੰਤਵ ਭਾਈਚਾਰੇ ਵਿੱਚ ਆਪਣੇ ਅਮੀਰ ਇਤਿਹਾਸ ਤੇ ਵਿਰਸੇ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਸੀ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਪਰਮਪਾਲ ਸ਼ਾਕਯ ਤੇ ਸ਼ਿਆਮਬੀਰ ਸ਼ਾਕਯ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੱਚਿਆਂ ਨੂੰ ਉੱਚ ਤੇ ਮਿਆਰੀ ਸਿੱਖਿਆ ਦਿਵਾਉਣਾ ਸਮੇਂ ਦੀ ਮੁੱਖ ਲੋੜ ਹੈ, ਤਾਂ ਜੋ ਉਹ ਸਿੱਖਿਅਤ ਹੋ ਕੇ ਆਪਣੇ ਉੱਜਵਲ ਭਵਿੱਖ ਦੀ ਸਿਰਜਣਾ ਕਰ ਸਕਣ ਤੇ ਸਮਾਜ ਵਿੱਚ ਸਤਿਕਾਰਯੋਗ ਸਥਾਨ ਹਾਸਲ ਕਰ ਸਕਣ।ਇਸ ਤੋਂ ਇਲਾਵਾ ਮੀਟਿੰਗ ਵਿੱਚ ਸਮਾਜ ਦੇ ਲੋਕਾਂ ਨੂੰ ਉੱਤਰ ਪ੍ਰਦੇਸ਼ ਦੇ ਇਤਿਹਾਸਕ ਅਸਥਾਨ ਸੰਕੀਸਾ ਵਿਖੇ ਕੀਤੇ ਜਾ ਰਹੇ ਕਟਕੀ ਪੂਰਨਿਮਾ ਮੇਲੇ ਵਿੱਚ ਵਧ-ਚੜ੍ਹ ਕੇ ਸਰਗਰਮੀ ਨਾਲ ਹਿੱਸਾ ਲੈਣ ਲਈ ਵੀ ਪ੍ਰੇਰਿਤ ਕੀਤਾ ਗਿਆ।ਮੀਟਿੰਗ ਦੌਰਾਨ ਕੋਟਕਪੂਰਾ ਸ਼ਹਿਰ ਵਿੱਚ ਬੁੱਧ ਵਿਹਾਰ ਦੀ ਇਮਾਰਤ ਦੀ ਉਸਾਰੀ ਦੇ ਕਾਰਜ ਨੂੰ ਜਲਦ ਨੇਪਰੇ ਚਾੜ੍ਹਨ ਤੇ ਇਸ ਦੀ ਯੋਜਨਾਬੰਦੀ 'ਤੇ ਵਿਸ਼ੇਸ਼ ਚਰਚਾ ਕੀਤੀ ਗਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਹੁਦੇਦਾਰਾਂ ਤੇ ਮੈਂਬਰਾਂ ਵਿੱਚ ਸਕੱਤਰ ਰਜਿੰਦਰ ਕੁਮਾਰ, ਖਜ਼ਾਨਚੀ ਸੁਰੇਸ਼ ਕੁਮਾਰ, ਯਸ਼ਵੀਰ ਸਿੰਘ, ਰਾਜਵੀਰ ਸਿੰਘ, ਭੂਰੇ ਸਿੰਘ, ਰਾਇਸ ਪਾਲ, ਰਾਮ ਪ੍ਰਕਾਸ਼, ਹਰਿੰਦਰ ਕੁਮਾਰ, ਦੇਵ ਦੱਤ, ਸਰਬਣ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸਮਿਤੀ ਦੇ ਹੋਰ ਮੈਂਬਰ ਹਾਜ਼ਰ ਸਨ।

ਅਧਿਆਪਕਾਂ ਨੂੰ ਨੌਕਰੀਓਂ ਕੱਢਣ ਵਿਰੁੱਧ ਸਰਕਾਰ ਦੀ ਅਰਥੀ ਫੂਕੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)-ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ 253 ਮਾਸਟਰ ਕਾਡਰ ਅਧਿਆਪਕਾਂ ਨੂੰ ਟਰਮੀਨੇਟ ਕਰਨ ਦੇ ਫ਼ੈਸਲੇ ਖ਼ਿਲਾਫ਼ ਸਥਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਪਾਰਕ ਵਿਖੇ ਇਕੱਤਰਤਾ ਕਰਨ ਉਪਰੰਤ ਰੋਸ ਮਾਰਚ ਕਰਦਿਆਂ ਕੋਟਕਪੂਰਾ ਚੌਕ ਵਿੱਚ ਪੰਜਾਬ ਸਰਕਾਰ ਦੀ ਅਰਥੀ ਫੂਕੀ।ਸਰਕਾਰ ਦੇ ਅਧਿਆਪਕ ਵਿਰੋਧੀ ਫੈਸਲੇ ਦੀ ਤਿੱਖੇ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਇਸ ਨੂੰ ਸਰਕਾਰ ਦੀ ਅਧਿਆਪਕ ਵਿਰੋਧੀ, ਨੌਜਵਾਨ ਵਿਰੋਧੀ ਤੇ ਲੋਕ ਵਿਰੋਧੀ ਨੀਤੀ ਦਾ ਜਿਉਂਦਾ-ਜਾਗਦਾ ਸਬੂਤ ਕਰਾਰ ਦਿੱਤਾ ਹੈ।ਡੀ ਟੀ ਐੱਫ (ਸਬੰਧਤ ਡੀ ਐੱਮ ਐੱਫ) ਦੇ ਜ਼ਿਲ੍ਹਾ ਪ੍ਰਧਾਨ ਪਵਨ ਕੁਮਾਰ, ਡੀ ਟੀ ਐੱਫ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਹਰੀਕੇ, ਗੌਰਮਿੰਟ ਟੀਚਰਜ਼ ਯੂਨੀਅਨ ਦੇ ਮਨੋਹਰ ਲਾਲ ਸ਼ਰਮਾ, ਗੌਰਮਿੰਟ ਟੀਚਰਜ਼ ਯੂਨੀਅਨ ਵਿਗਿਆਨਕ ਦੇ ਪ੍ਰਗਟ ਸਿੰਘ ਜੰਬਰ, ਈ ਟੀ ਟੀ ਟੀਚਰਜ਼ ਯੂਨੀਅਨ ਦੇ ਗੁਰਪ੍ਰੀਤ ਸਿੰਘ, ਐਲੀਮੈਂਟਰੀ ਟੀਚਰਜ਼ ਯੂਨੀਅਨ ਦੇ ਸੁਖਦੇਵ ਸਿੰਘ ਨੇ ਕਿਹਾ ਕਿ ਆਪਣੇ ਆਪ ਨੂੰ ਇਨਕਲਾਬੀ ਤੇ ਆਮ ਲੋਕਾਂ ਦੀ ਹਮਦਰਦ ਅਖਵਾਉਣ ਵਾਲੀ ਸਰਕਾਰ ਨੇ 253 ਅਧਿਆਪਕ ਪਰਵਾਰਾਂ ਦੀ ਰੋਜ਼ੀ-ਰੋਟੀ 'ਤੇ ਕੁਹਾੜਾ ਮਾਰ ਰਹੀ ਹੈ।ਆਗੂਆਂ ਮੰਗ ਕੀਤੀ ਕਿ 253 ਅਧਿਆਪਕਾਂ ਦੀਆਂ ਸੇਵਾਵਾਂ ਖ਼ਤਮ ਕਰਨ ਦੇ ਫ਼ੈਸਲੇ 'ਤੇ ਮੁੜ ਵਿਚਾਰ ਕਰਕੇ ਇਸ ਨੂੰ ਵਾਪਸ ਲਿਆ ਜਾਣਾ ਬਣਦਾ ਹੈ।ਆਗੂਆਂ ਨੇ ਚਿਤਾਵਨੀ ਦਿੱਤੀ ਕਿ ਅਧਿਆਪਕਾਂ ਦੇ ਰੁਜ਼ਗਾਰ ਤੇ ਸਨਮਾਨ ਨਾਲ ਖਿਲਵਾੜ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਜਿਹੜੀ ਸਰਕਾਰ ਅਧਿਆਪਕਾਂ ਨੂੰ ਇਨਸਾਫ਼ ਦੇਣ ਦੀ ਬਜਾਏ ਉਨ੍ਹਾਂ ਦੀ ਆਵਾਜ਼ ਦਬਾਉਣ ਵਾਲੇ ਕਦਮ ਚੁੱਕਦੀ ਹੈ, ਉਸ ਨੂੰ ਲੋਕਾਂ ਦੇ ਸਵਾਲਾਂ ਤੇ ਅਧਿਆਪਕਾਂ ਦੇ ਸੰਘਰਸ਼ ਦਾ ਸਾਹਮਣਾ ਕਰਨਾ ਪਵੇਗਾ।

ਮਾਨਸਾ (ਆਤਮਾ ਸਿੰਘ ਪਮਾਰ) : ਇੱਕ ਪ੍ਰਾਈਵੇਟ ਕੰਪਨੀ ਦੀ ਅਣਗਹਿਲੀ ਕਾਰਨ 253 ਅਧਿਆਪਕਾਂ ਨੂੰ ਆਪਣੀ ਨੌਕਰੀ ਤੋਂ ਹੱਥ ਧੋਣੇ ਪੈ ਰਹੇ ਹਨ।ਪੰਜਾਬ ਸਰਕਾਰ ਦੀ ਇਸ ਮਸਲੇ ਪ੍ਰਤੀ ਬੇਰੁਖੀ ਤੇ ਰੁਜ਼ਗਾਰ ਖੋਹਣ ਦੀ ਨੀਤੀ ਖਿਲਾਫ਼ ਮਾਨਸਾ ਜ਼ਿਲ੍ਹੇ ਦੇ ਸਮੂਹ ਅਧਿਆਪਕਾਂ ਨੇ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਰੋਸ ਪ੍ਰਦਰਸ਼ਨ ਵੀ ਕੀਤਾ। ਅਧਿਆਪਕ ਆਗੂਆਂ ਅਮੋਲਕ ਡੇਲੂਆਣਾ, ਕਰਮਜੀਤ ਤਾਮਕੋਟ ਤੇ ਲਖਵਿੰਦਰ ਮਾਨ, ਦਰਸ਼ਨ ਅਲੀਸ਼ੇਰ ਨੇ ਦੱਸਿਆ ਕਿ ਨਾਈਲੈਂਟ ਨਾਂ ਦੀ ਇੱਕ ਪ੍ਰਾਈਵੇਟ ਕੰਪਨੀ ਨੇ ਇਨ੍ਹਾਂ ਅਧਿਆਪਕਾਂ ਦਾ ਟੈਸਟ ਲਿਆ ਸੀ, ਜਿਸ ਦੇ 83 ਪ੍ਰਸ਼ਨਾਂ ਦੇ ਉੱਤਰ ਗ਼ਲਤ ਪਾਏ ਗਏ। ਇਸ ਤੋਂ ਇਲਾਵਾ ਮਾਣਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ਾਂ ਅਨੁਸਾਰ ਇਨ੍ਹਾਂ ਅਧਿਆਪਕਾਂ ਨੂੰ ਰੁਜ਼ਗਾਰ ਮਿਲ ਵੀ ਗਿਆ, ਪ੍ਰੰਤੂ ਹੁਣ ਦੁਬਾਰਾ ਪੁਰਾਣੀ ਉੱਤਰ ਪੱਤਰੀ ਨੂੰ ਅਧਾਰ ਮੰਨ ਕੇ ਪੰਜਾਬ ਸਰਕਾਰ ਨੇ ਇੱਕੋ ਝਟਕੇ ਨਾਲ ਇਨ੍ਹਾਂ 253 ਅਧਿਆਪਕਾਂ ਦੀਆਂ ਸੇਵਾਵਾਂ ਖ਼ਤਮ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ, ਜਿਸ ਕਰਕੇ ਇਨ੍ਹਾਂ ਅਧਿਆਪਕਾਂ ਦੇ ਭਵਿੱਖ 'ਤੇ ਸੁਆਲੀਆ ਨਿਸ਼ਾਨ ਲੱਗ ਗਿਆ ਹੈ।ਰਾਜਵਿੰਦਰ ਬਹਿਣੀਵਾਲ, ਸਤੀਸ਼ ਕੁਮਾਰ, ਹੰਸਾ ਸਿੰਘ ਤੇ ਗੁਰਜੰਟ ਸਿੰਘ ਆਗੂਆਂ ਨੇ ਇਨ੍ਹਾਂ ਅਧਿਆਪਕਾਂ ਦੇ ਰੁਜ਼ਗਾਰ ਉਜਾੜੇ ਦੇ ਨਾਦਰਸ਼ਾਹੀ ਫ਼ੁਰਮਾਨਾਂ ਦੀ ਤਿੱਖੀ ਆਲੋਚਨਾ ਕਰਦਿਆਂ ਇਨ੍ਹਾਂ ਹੁਕਮਾਂ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ।ਆਗੂਆਂ ਨੇ ਕਿਹਾ ਕਿ ਸਮੇਂ ਸਮੇਂ ਦੀਆਂ ਸਰਕਾਰਾਂ ਦੀਆਂ ਗਲਤੀਆਂ ਦਾ ਖਮਿਆਜ਼ ਅਧਿਆਪਕ ਵਰਗ ਨੂੰ ਭੁਗਤਣਾ ਪੈਂਦਾ ਹੈ।ਉਨ੍ਹਾ ਕਿਹਾ ਕਿ ਬੇਅੰਤ ਸਿੰਘ ਸਰਕਾਰ ਸਮੇਂ ਵੀ 89 ਦਿਨਾਂ ਵਾਲੇ ਅਧਿਆਪਕਾਂ ਨੂੰ ਨੌਕਰੀ ਤੋਂ ਜਵਾਬ ਦੇ ਕੇ ਘਰੇ ਤੋਰ ਦਿੱਤਾ ਸੀ, ਪ੍ਰੰਤੂ ਲੰਮੇ ਜਾਨ ਹੂਲਵੇਂ ਤੇ ਲਗਾਤਾਰ ਸੰਘਰਸ਼ ਕਾਰਨ ਸਰਕਾਰ ਨੂੰ ਮੂੰਹ ਦੀ ਖਾਣੀ ਪਈ ਤੇ ਉਨ੍ਹਾਂ ਅਧਿਆਪਕਾਂ ਨੂੰ ਮੁੜ ਨੌਕਰੀ 'ਤੇ ਰੱਖਣਾ ਪਿਆ।ਇਸ ਮੌਕੇ ਸ਼ਿੰਗਾਰਾ ਸਿੰਘ, ਹਰਭਜਨ ਸਿੰਘ, ਗੁਰਪ੍ਰੀਤ ਭੀਖੀ, ਇਕਬਾਲ ਸਿੰਘ, ਦਮਨਜੀਤ ਸਿੰਘ, ਸਮਰਜੀਤ ਅਤਲਾ, ਕੁਲਵਿੰਦਰ ਸਿੰਘ, ਰਣਜੀਤ ਸਿੰਘ, ਸੁਰਿੰਦਰ ਬੌਬੀ, ਕੁਲਵੰਤ ਚਾਹਲ ਆਦਿ ਆਗੂ ਹਾਜ਼ਰ ਸਨ।

ਬੀ ਬੀ ਐੱਸ ਬੀ ਕਾਨਵੈਂਟ ਸਕੂਲ ਵੱਲੋਂ ਵਿਦਿਆਰਥੀਆਂ ਲਈ ਟਰੈਂਪੋਲਿਨ ਟੂਰ

ਜਗਰਾਉਂ (ਅਮਿਤ ਖੰਨਾ)

ਬੀ.ਬੀ.ਐਸ.ਬੀ ਕਾਨਵੈਂਟ ਸਕੂਲ ਸਿੱਧਵਾਂ ਬੇਟ ਦਾ ਟੂਰ ਜੈਪ ਲੁਧਿਆਣਾ ਵਿਖੇ ਭੇਜਿਆ ਗਿਆ। ਇਸ ਟੂਰ 'ਚ ਨਰਸਰੀ ਤੋਂ ਪਹਿਲੀ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਇਹ ਟੂਰ ਵਿਦਿਆਰਥੀਆਂ ਨੂੰ ਅਨੰਦ ਭਰਪੂਰ ਕਰਕੇ ਅਨੁਸ਼ਾਸਨ ਵਿੱਚ ਰਹਿਣ, ਮਿਲਣਵਰਤਣ ਦੀ ਭਾਵਨਾ, ਸਮਾਜਿਕ ਜਾਣਕਾਰੀ ਦੇ ਨਾਲ-ਨਾਲ ਨੈਤਿਕ ਗੁਣ ਵੀ ਪ੍ਰਦਾਨ ਕਰਦੇ ਹਨ।ਇਹ ਟੂਰ ਸਕੂਲ ਦੀ ਮੈਨੇਜਮੈਂਟ ਕਮੇਟੀ ਤੇ ਪ੍ਰਿੰਸੀਪਲ ਮੈਡਮ ਮੋਨਾ ਠਾਕੁਰ ਵਲੋਂ ਆਯੋਜਤ ਕੀਤਾ ਗਿਆ।ਵਿਦਿਆਰਥੀਆਂ ਨੂੰ ਸਵੇਰ ਸਮੇਂ ਪ੍ਰਿੰਸੀਪਲ ਮੈਡਮ ਮੋਨਾ ਠਾਕੁਰ ਨੇ ਆਪਣੀ ਰਹਿਨੁਮਾਈ ਹੇਠ ਬੱਚਿਆਂ ਨੂੰ ਸ਼ੁਭ ਕਾਮਨਾਵਾਂ ਦੇ ਕੇ ਰਵਾਨਾ ਕੀਤਾ।ਜੈਪ ਲੁਧਿਆਣਾ ਵਿਖੇ ਪਹੁੰਚ ਕੇ ਬੱਚਿਆਂ ਨੇ ਬਹੁਤ ਸਾਰੀਆਂ ਰਾਈਡਜ਼ ਜਿਵੇਂ ਪੈਂਡੂਲਮ, ਟਰੇਨ, 5ਡੀ ਮੂਵੀ ਆਦਿ ਦਾ ਅਨੰਦ ਮਾਣਿਆ ਤੇ ਬਹੁਤ ਮਸਤੀ ਕੀਤੀ।ਇਸ ਤੋਂ ਬਾਅਦ ਵਿਦਿਆਰਥੀਆਂ ਨੂੰ ਟਰੈਂਪੋਲਿਨ ਵਿੱਚ ਲਿਜਾਇਆ ਗਿਆ, ਜਿੱਥੇ ਬੱਚਿਆਂ ਨੇ ਜੰਪਿੰਗ ਆਦਿ ਦਾ ਆਨੰਦ ਮਾਣਿਆ।ਉਥੇ ਵੱਖ-ਵੱਖ ਸੰਗੀਤਕ ਧੁਨਾਂ ਉੱਤੇ ਡਾਂਸ ਕਰਕੇ ਵੀ ਆਪਣਾ ਮਨਪ੍ਰਚਾਵਾ ਕੀਤਾ।ਰਾਈਡਜ ਲੈਣ ਤੋਂ ਬਾਅਦ ਬੱਚਿਆਂ ਵਿੱਚ ਊਰਜਾ ਭਰਨ ਲਈ ਸੰਤੁਲਤ ਭੋਜਨ ਖਵਾਇਆ ਗਿਆ।ਵਾਪਸੀ ਤੇ ਸਕੂਲ ਪ੍ਰਬੰਧਕੀ ਕਮੇਟੀ ਤੇ ਪ੍ਰਿੰਸੀਪਲ ਮੈਡਮ ਵੱਲੋਂ ਵਿਦਿਆਰਥੀਆਂ ਦਾ ਸਵਾਗਤ ਕੀਤਾ ਗਿਆ।ਇਸ ਤੋਂ ਉਪਰੰਤ ਬੱਚਿਆਂ ਨੂੰ ਆਪਣੇ-ਆਪਣੇ ਸਟੇਸ਼ਨਾਂ ਲਈ ਰਵਾਨਾ ਕੀਤਾ ਗਿਆ।ਇਸ ਤਰ੍ਹਾਂ ਇਹ ਟੂਰ ਸਮੂਹ ਸਟਾਫ਼ ਤੇ ਵਿਦਿਆਰਥੀਆਂ ਲਈ ਇੱਕ ਯਾਦਗਾਰੀ ਟੂਰ ਹੋ ਨਿੱਬੜਿਆ।ਸਕੂਲ ਦੀ ਪ੍ਰਬੰਧਕੀ ਕਮੇਟੀ, ਜਿਸ ਵਿੱਚ ਚੇਅਰਮੈਨ ਸਨੀ ਅਰੋਰਾ, ਪ੍ਰੈਜ਼ੀਡੈਂਟ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਕਟਰ ਸ਼ਾਮ ਸੁੰਦਰ ਭਾਰਦਵਾਜ, ਜਨਰਲ ਸੈਕਰੇਟਰੀ ਅੰਜੂ ਬਾਲਾ, ਗਗਨਦੀਪ ਬਾਵਾ ਤੇ ਪ੍ਰਿੰਸੀਪਲ ਮੈਡਮ ਮੋਨਾ ਠਾਕੁਰ ਨੇ ਬੱਚਿਆਂ ਤੇ ਅਧਿਆਪਕਾਂ ਨੂੰ ਵਧਾਈ ਦਿੱਤੀ।

ਕੰਪਿਊਟਰ ਅਧਿਆਪਕਾਂ ਦੇ ਸੰਘਰਸ਼ ਦੀ ਹਮਾਇਤ

ਲੁਧਿਆਣਾ (ਸਤੀਸ਼ ਸਚਦੇਵਾ)-ਕੰਪਿਊਟਰ ਅਧਿਆਪਕਾਂ ਦੇ ਸੰਘਰਸ਼ ਦੀ ਕੀਤੀ ਹਮਾਇਤ ਡੈਮੋਕ੍ਰੇਟਿਕ ਕਰੇਟਿਕ ਟੀਚਰ ਫਰੰਟ ਤੇ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਨੇ ਚੱਲ ਰਹੇ ਕੰਪਿਊਟਰ ਅਧਿਆਪਕਾਂ ਦੇ ਸੰਘਰਸ਼ ਦੀ ਹਮਾਇਤ ਕਰਦਿਆਂ ਪ੍ਰੈੱਸ ਬਿਆਨ ਜਾਰੀ ਕਰਦਿਆਂ ਰਮਨਜੀਤ ਸਿੰਘ ਸੰਧੂ, ਰੁਪਿੰਦਰਪਾਲ ਗਿੱਲ, ਸੁਖਵਿੰਦਰ ਸਿੰਘ ਲੀਲ੍ਹ, ਰਜਿੰਦਰ ਜੰਡਿਆਲੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਕੰਪਿਊਟਰ ਅਧਿਆਪਕਾਂ ਦੇ ਬਣਦੇ ਜਾਇਜ਼ ਲਾਭ ਰੋਕ ਕੇ ਸੰਗਰੂਰ ਡੀ ਸੀ ਦਫਤਰ ਦੇ ਬਾਹਰ ਕੰਪਿਊਟਰ ਅਧਿਆਪਕ ਵੱਲੋਂ ਲਗਾਏ ਗਏ ਧਰਨੇ ਦੇ 39 ਦਿਨ ਬੀਤ ਜਾਣ ਉਪਰੰਤ ਵੀ ਸਰਕਾਰ ਵੱਲੋਂ ਸਾਰ ਨਹੀਂ ਲਈ ਗਈ, ਕਿਉਂਕਿ ਅਧਿਆਪਕਾਂ ਦੀ ਅਜੇ ਤੱਕ ਕੋਈ ਖਬਰਸਾਰ, ਜਥੇਬੰਦੀ ਦੇ ਆਗੂਆਂ ਨੇ ਆਰ-ਪਾਰ ਦੀ ਜੰਗ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਜਲਦੀ ਉਨ੍ਹਾਂ ਦੀਆਂ ਮੰਗਾਂ ਦਾ ਕੋਈ ਹੱਲ ਨਾ ਕੱਢਿਆ ਤਾਂ ਉਹ 01 ਨਵੰਬਰ ਨੂੰ ਸੰਗਰੂਰ ਵਿਖੇ ਕੀਤੇ ਜਾ ਰਹੇ ਪ੍ਰਦਰਸ਼ਨ ਦੀ ਹਮਾਇਤ ਵਿੱਚ ਅਧਿਆਪਕ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ। ਆਗੂਆਂ ਨੇ ਕਿਹਾ ਕਿ 2.12.2010 ਦਾ ਨੋਟੀਫਿਕੇਸ਼ਨ, ਚੋਣ ਮੈਨੀਫੈਸਟੋ ਵਿੱਚ ਕੀਤਾ ਵਾਅਦਾ ਤੇ 15 ਸਤੰਬਰ 2022 ਨੂੰ ਸਿੱਖਿਆ ਮੰਤਰੀ ਵੱਲੋਂ ਕੀਤਾ ਅਧਿਕਾਰਤ ਐਲਾਨ ਇੰਨ-ਬਿੰਨ ਲਾਗੂ ਕੀਤਾ ਜਾਵੇ।

ਜਲਾਲਾਬਾਦ ਫੁੱਟਬਾਲ ਕੱਪ ਤੇ ਖੁੱਲ੍ਹਾ ਅਖਾੜਾ ਭਲਕ ਤੋਂ

ਜਲਾਲਾਬਾਦ (ਜੀਤ ਕੁਮਾਰ/ਜੰਗੀਰ ਕੌਰ)-ਇਲਾਕੇ ਦੇ ਖੇਡ ਪ੍ਰੇਮੀਆਂ ਤੇ ਸਰੋਤਿਆਂ ਲਈ ਖੁਸ਼ਖਬਰੀ ਹੈ ਕਿ ਸਟੇਡੀਅਮ ਡੱਬਵਾਲਾ ਕਲਾਂ, ਅਰਨੀਵਾਲਾ ਮੰਡੀ (ਫਾਜ਼ਿਲਕਾ) ਵਿਖੇ ਜਲਾਲਾਬਾਦ ਫੁੱਟਬਾਲ ਕੱਪ ਤੇ ਖੁੱਲ੍ਹਾ ਅਖਾੜਾ ਦਾ ਆਯੋਜਨ 02 ਨਵੰਬਰ ਤੋਂ 04 ਨਵੰਬਰ 2026 ਤੱਕ ਕਰਵਾਇਆ ਜਾ ਰਿਹਾ। ਇਹ ਜਾਣਕਾਰੀ ਜਲਾਲਾਬਾਦ ਦੇ ਵਿਧਾਇਕ ਸ੍ਰੀ ਜਗਦੀਪ ਕੰਬੋਜ ਗੋਲਡੀ ਵੱਲੋਂ ਦਿੱਤੀ ਗਈ। ਵਿਧਾਇਕ ਗੋਲਡੀ ਵੱਲੋਂ ਸਮੂਹ ਖੇਡ ਪ੍ਰੇਮੀਆਂ ਤੇ ਇਲਾਕਾ ਨਿਵਾਸੀਆਂ ਨੂੰ ਇਸ ਖੇਡ ਮੇਲੇ ਤੇ ਖੁੱਲ੍ਹੇ ਅਖਾੜੇ ਵਿੱਚ ਵੱਧ-ਚੜ੍ਹ ਕੇ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਖੇਡਾਂ ਦੇ ਨਾਲ-ਨਾਲ ਦਰਸ਼ਕਾਂ ਦੇ ਮਨੋਰੰਜਨ ਲਈ 4 ਨਵੰਬਰ 2026 ਨੂੰ ਦੁਪਹਿਰ 12:30 ਵਜੇ 'ਖੁੱਲ੍ਹਾ ਅਖਾੜਾ' ਲਗਾਇਆ ਜਾਵੇਗਾ।

ਇਸ ਖੁੱਲ੍ਹੇ ਅਖਾੜੇ ਵਿੱਚ ਪੰਜਾਬੀ ਗਾਇਕ ਗਗਨ ਕੋਕਰੀ (ਚੇਅਰਮੈਨ ਫੁੱਟਬਾਲ ਐਸੋਸੀਏਸ਼ਨ, ਪੰਜਾਬ) ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਤੇ ਆਪਣੇ ਗੀਤਾਂ ਨਾਲ ਰੰਗ ਬੰਨ੍ਹਣਗੇ।

ਸ਼ਹੀਦ ਊਧਮ ਸਿੰਘ ਕਾਲਜ 'ਚ ਨਸ਼ਾ ਮੁਕਤ ਭਾਰਤ ਦੇ ਸੰਦੇਸ਼ ਨਾਲ ਮੈਰਾਥਾਨ

ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)

ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਵਿਖੇ ਕਾਲਜ ਦੇ ਪ੍ਰਿੰਸੀਪਲ ਸ੍ਰੀ ਸ਼ਾਮ ਸੁੰਦਰ ਸ਼ਰਮਾ ਦੀ ਰਹਿਨੁਮਾਈ ਹੇਠ ਐਨਐਸਐਸ ਵਿਭਾਗ ਅਤੇ ਐਨਸੀਸੀ ਵਿਭਾਗ ਵੱਲੋਂ ਸਾਂਝੇ ਤੌਰ 'ਤੇ 'ਨਸ਼ਾ ਮੁਕਤ ਵਿਕਸਤ ਭਾਰਤ' ਮੁਹਿੰਮ ਤਹਿਤ ਮੈਰਾਥਾਨ ਦਾ ਆਯੋਜਨ ਕੀਤਾ ਗਿਆ।

ਐਸਡੀਐਮ ਸੁਨਾਮ ਸ੍ਰੀ ਗਗਨਦੀਪ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਉਨ੍ਹਾਂ ਨਾਲ ਐਨਐਸਐਸ ਵਿਭਾਗ ਵੱਲੋਂ ਗੋਦ ਲਏ ਪਿੰਡ ਮਾਡਲ ਟਾਊਨ ਸ਼ੇਰੋਂ ਦੇ ਸਰਪੰਚ ਸ੍ਰੀ ਸਿਕੰਦਰ ਸਿੰਘ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਮੀਡੀਆ ਭਾਈਚਾਰੇ ਵੱਲੋਂ ਸ੍ਰੀ ਰਕੇਸ਼ ਕੁਮਾਰ ਸ਼ਰਮਾ ਤੇ ਸ੍ਰੀ ਮੋਹਨ ਸ਼ਰਮਾ ਨੇ ਵੀ ਸ਼ਿਰਕਤ ਕੀਤੀ।ਪ੍ਰੋਗਰਾਮ ਦੀ ਸ਼ੁਰੂਆਤ ਮੌਕੇ ਪ੍ਰਿੰਸੀਪਲ ਸ੍ਰੀ ਸ਼ਾਮ ਸੁੰਦਰ ਸ਼ਰਮਾ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ।ਇਸ ਉਪਰੰਤ ਐਸਡੀਐਮ ਸ੍ਰੀ ਗਗਨਦੀਪ ਸਿੰਘ ਨੇ ਵਿਦਿਆਰਥੀਆਂ ਤੇ ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਨਸ਼ਿਆਂ ਤੋਂ ਦੂਰ ਰਹਿਣ ਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਨਸ਼ਾ ਮੁਕਤ ਭਾਰਤ ਬਣਾਉਣਾ ਕੇਂਦਰ ਤੇ ਪੰਜਾਬ ਸਰਕਾਰ ਦਾ ਸੁਪਨਾ ਹੈ ਅਤੇ ਇਸ ਟੀਚੇ ਦੀ ਪ੍ਰਾਪਤੀ ਲਈ ਨੌਜਵਾਨਾਂ ਨੂੰ ਅੱਗੇ ਆ ਕੇ ਆਪਣੀ ਅਹਿਮ ਭੂਮਿਕਾ ਨਿਭਾਉਣੀ ਚਾਹੀਦੀ ਹੈ।ਉਨ੍ਹਾਂ ਨੌਜਵਾਨਾਂ ਨੂੰ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।ਇਸ ਤੋਂ ਬਾਅਦ ਐਸਡੀਐਮ ਸ੍ਰੀ ਗਗਨਦੀਪ ਸਿੰਘ ਨੇ ਹਰੀ ਝੰਡੀ ਦਿਖਾ ਕੇ ਮੈਰਾਥਾਨ ਦੀ ਸ਼ੁਰੂਆਤ ਕਰਾਈ।ਇਸ ਮੌਕੇ ਸਰਪੰਚ ਸ੍ਰੀ ਸਿਕੰਦਰ ਸਿੰਘ, ਪ੍ਰਿੰਸੀਪਲ ਸ੍ਰੀ ਸ਼ਾਮ ਸੁੰਦਰ ਸ਼ਰਮਾ, ਐਨਐਸਐਸ ਵਿਭਾਗ ਦੇ ਪ੍ਰੋਗਰਾਮ ਅਫ਼ਸਰ ਡਾ. ਮਨੀਤਾ ਜੋਸ਼ੀ, ਪ੍ਰੋ. ਕਾਲਾ ਸਿੰਘ, ਪ੍ਰੋ. ਗੁਰਪ੍ਰੀਤ ਸਿੰਘ, ਡਾ. ਮਨਪ੍ਰੀਤ ਕੌਰ ਹਾਂਡਾ, ਐਨਸੀਸੀ ਵਿਭਾਗ ਤੋਂ ਡਾ. ਕੁਲਦੀਪ ਸਿੰਘ ਬਾਈਆ, ਪ੍ਰੋ. ਦਲਜੀਤ ਸਿੰਘ, ਡਾ. ਪਰਮਿੰਦਰ ਕੌਰ, ਪ੍ਰੋ. ਸਿਮਰਨਜੀਤ ਕੌਰ ਤੇ ਪ੍ਰੋ. ਸਤਵਿੰਦਰ ਸਿੰਘ ਸਮੇਤ ਹੋਰ ਸਟਾਫ਼ ਮੈਂਬਰ ਹਾਜ਼ਰ ਸਨ।ਮੈਰਾਥਾਨ ਦੌਰਾਨ ਵਿਦਿਆਰਥੀਆਂ ਤੇ ਵਲੰਟੀਅਰਾਂ ਨੇ ਉਤਸ਼ਾਹ ਨਾਲ ਨੌਂ ਕਿਲੋਮੀਟਰ ਦੀ ਦੌੜ ਵਿੱਚ ਭਾਗ ਲਿਆ।ਦੌੜ ਦੀ ਸਮਾਪਤੀ ਉਸੇ ਸਥਾਨ 'ਤੇ ਹੋਈ, ਜਿੱਥੋਂ ਇਸ ਦੀ ਸ਼ੁਰੂਆਤ ਕੀਤੀ ਗਈ ਸੀ।ਸਮਾਪਤੀ ਮੌਕੇ ਰਾਸ਼ਟਰੀ ਗੀਤ ਗਾਇਆ ਗਿਆ।

ਗੁਰਬਾਣੀ ਦੀ ਸੰਥਿਆ ਤੇ ਕੀਰਤਨ ਦੀ ਵਿਸ਼ੇਸ਼ ਸਿਖਲਾਈ

ਅਜੀਤਵਾਲ (ਨਛੱਤਰ ਸੰਧੂ)-ਹੋਲੀ ਹਾਰਟ ਸਕੂਲ ਵਿਖੇ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ-ਕੀਮਤਾਂ ਤੇ ਆਪਣੀ ਅਮੀਰ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਨਾਲ ਜੋੜਨ ਦੇ ਮਨੋਰਥ ਨਾਲ ਗੁਰਬਾਣੀ ਦੀ ਸ਼ੁੱਧ ਸੰਥਿਆ ਤੇ ਗੁਰਮਤਿ ਸੰਗੀਤ (ਕੀਰਤਨ) ਸਿਖਾਉਣ ਲਈ ਇੱਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਸਕੂਲ ਪ੍ਰਬੰਧਕ ਕਮੇਟੀ ਚੇਅਰਮੈਨ ਸ਼ੁਭਾਸ਼ ਪਲਤਾ ਤੇ ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ, ਸ਼ਿਵਾਨੀ ਅਰੋੜਾ ਤੇ ਰਮਨ ਅਰੋੜਾ ਦੀ ਦੇਖ-ਰੇਖ ਹੇਠ ਕਰਵਾਏ ਗਏ ਇਸ ਉਪਰਾਲੇ ਦਾ ਮੁੱਖ ਮਕਸਦ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਧਾਰਮਿਕ ਸਿੱਖਿਆ ਨਾਲ ਜੋੜਨਾ ਤੇ ਉਨ੍ਹਾਂ ਵਿੱਚ ਉੱਚੇ-ਸੁੱਚੇ ਅਖਲਾਕੀ ਗੁਣ ਪੈਦਾ ਕਰਨਾ ਸੀ।ਇਸ ਵਿਸ਼ੇਸ਼ ਸਿਖਲਾਈ ਦੌਰਾਨ ਗੁਰਮਤਿ ਵਿਦਿਆ ਦੇ ਮਾਹਰ ਉਸਤਾਦਾਂ ਵੱਲੋਂ ਸਕੂਲ ਦੇ ਬੱਚਿਆਂ ਨੂੰ ਗੁਰਬਾਣੀ ਦੇ ਸ਼ੁੱਧ ਉੱਚਾਰਨ (ਸੰਥਿਆ), ਲਗਾ ਮਾਤਰਾਵਾਂ ਦੇ ਗਿਆਨ ਤੇ ਵਿਸ਼ਰਾਮਾਂ ਦੀ ਸਹੀ ਵਰਤੋਂ ਬਾਰੇ ਬੜੇ ਹੀ ਸਰਲ ਅਤੇ ਸੁਚੱਜੇ ਢੰਗ ਨਾਲ ਜਾਣਕਾਰੀ ਦਿੱਤੀ ਗਈ।ਇਸ ਤੋਂ ਇਲਾਵਾ ਬੱਚਿਆਂ ਨੂੰ ਸ਼ਾਸਤਰੀ ਰਾਗਾਂ 'ਤੇ ਆਧਾਰਤ ਗੁਰਮਤਿ ਸੰਗੀਤ ਦੀਆਂ ਬਾਰੀਕੀਆਂ ਸਮਝਾਉਂਦਿਆਂ ਤੰਤੀ ਸਾਜ਼ਾਂ ਤੇ ਹਰਮੋਨੀਅਮ-ਤਬਲੇ ਨਾਲ ਰਸਭਿੰਨਾ ਕੀਰਤਨ ਕਰਨ ਦੀ ਪ੍ਰੈਕਟੀਕਲ ਸਿਖਲਾਈ ਵੀ ਦਿੱਤੀ ਗਈ।ਸਕੂਲ ਦੇ ਬੱਚਿਆਂ ਨੇ ਇਸ ਪ੍ਰੋਗਰਾਮ ਵਿੱਚ ਬੜੀ ਹੀ ਸ਼ਰਧਾ, ਉਤਸ਼ਾਹ ਤੇ ਲਗਨ ਨਾਲ ਭਾਗ ਲਿਆ।ਵਿਦਿਆਰਥੀਆਂ ਨੇ ਗੁਰਬਾਣੀ ਦੀਆਂ ਤੁਕਾਂ ਦਾ ਸ਼ੁੱਧ ਉਚਾਰਨ ਕਰਕੇ ਤੇ ਆਪਣੀ ਮਧੁਰ ਆਵਾਜ਼ ਵਿੱਚ ਸ਼ਬਦ ਕੀਰਤਨ ਗਾਇਨ ਕਰਕੇ ਸਮੁੱਚੇ ਸਕੂਲ ਕੰਪਲੈਕਸ ਨੂੰ ਅਧਿਆਤਮਕ ਰੰਗਤ ਵਿੱਚ ਰੰਗ ਦਿੱਤਾ।ਸਕੂਲ ਦੇ ਡਾਇਰੈਕਟਰ ਸ਼੍ਰੇਆ ਪਲਤਾ, ਸ਼ਿਵਾਨੀ ਅਰੋੜਾ ਤੇ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਬੱਚਿਆਂ ਦੀ ਇਸ ਪ੍ਰਤਿਭਾ ਅਤੇ ਉੱਦਮ ਦੀ ਭਰਪੂਰ ਸ਼ਲਾਘਾ ਕੀਤੀ।ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਅੱਜ ਦੇ ਆਧੁਨਿਕ ਅਤੇ ਦੌੜ-ਭੱਜ ਵਾਲੇ ਯੁੱਗ ਵਿੱਚ ਬੱਚਿਆਂ ਨੂੰ ਮਾਨਸਿਕ ਸ਼ਾਂਤੀ, ਅਨੁਸ਼ਾਸਨ ਤੇ ਸਹੀ ਜੀਵਨ ਜਾਚ ਸਿਖਾਉਣ ਲਈ ਗੁਰਬਾਣੀ ਨਾਲ ਜੋੜਨਾ ਬਹੁਤ ਜ਼ਰੂਰੀ ਹੈ।

4 ਦੀ ਜਗਰਾਉਂ ਰੈਲੀ ਲਈ ਪਿੰਡਾਂ 'ਚ ਸਰਗਰਮੀਆਂ ਤੇਜ਼ : ਕਲੇਰ

ਜਗਰਾਉਂ (ਸੰਜੀਵ ਅਰੋੜਾ)-ਸ਼੍ਰੋਮਣੀ ਅਕਾਲੀ ਦਲ ਦੀਆਂ ਸਰਗਰਮੀਆਂ ਨੂੰ ਹਲਕਾ ਜਗਰਾਉਂ ਵਿੱਚ ਹੋਰ ਤੇਜ਼ ਕਰਦਿਆਂ ਪਾਰਟੀ ਦੇ ਕੋਰ ਕਮੇਟੀ ਮੈਂਬਰ ਤੇ ਹਲਕਾ ਇੰਚਾਰਜ ਐੱਸ. ਆਰ. ਕਲੇਰ ਵੱਲੋਂ ਅੱਜ ਹਲਕੇ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਪਾਰਟੀ ਦੇ ਸਥਾਨਕ ਆਗੂ ਤੇ ਵਰਕਰ ਵੀ ਮੌਜੂਦ ਰਹੇ। ਪਿੰਡ ਲੰਮੇ ਵਿਖੇ ਹੋਏ ਇਕੱਠ ਨੂੰ ਸੰਬੋਧਨ ਕਰਦਿਆਂ ਐੱਸ. ਆਰ. ਕਲੇਰ ਨੇ ਕਿਹਾ ਕਿ 4 ਨਵੰਬਰ ਨੂੰ ਜਗਰਾਉਂ ਵਿਖੇ ਹੋਣ ਜਾ ਰਹੀ ਯੂਥ ਅਕਾਲੀ ਦਲ ਦੀ ਵਿਸ਼ਾਲ ਰੈਲੀ ਨੂੰ ਲੈ ਕੇ ਨੌਜਵਾਨਾਂ ਤੇ ਪਾਰਟੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਹੈ। ਉਨ੍ਹਾਂ ਸਮੂਹ ਨੌਜਵਾਨਾਂ, ਪਾਰਟੀ ਆਗੂਆਂ ਤੇ ਇਲਾਕਾ ਨਿਵਾਸੀਆਂ ਨੂੰ ਇਸ ਰੈਲੀ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਪਿੰਡ ਲੰਮੇ ਤੋਂ ਡੋਰ-ਟੂ-ਡੋਰ ਮੁਹਿੰਮ ਦੀ ਸ਼ੁਰੂਆਤ ਵੀ ਕੀਤੀ ਗਈ। ਇਸ ਦੌਰਾਨ ਪਿੰਡ ਵਾਸੀਆਂ ਨਾਲ ਸਿੱਧਾ ਰਾਬਤਾ ਕਾਇਮ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਤੇ ਮੁਸ਼ਕਲਾਂ ਸੁਣੀਆਂ ਗਈਆਂ ਅਤੇ ਲੋਕਾਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਪਿੰਡ ਵਾਸੀਆਂ ਤੇ ਪਾਰਟੀ ਵਰਕਰਾਂ ਵੱਲੋਂ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਦਾ ਭਰੋਸਾ ਵੀ ਦਿੱਤਾ ਗਿਆ। ਇਸ ਮੌਕੇ ਨਾਲ ਯੂਥ ਹਲਕਾ ਪ੍ਰਧਾਨ ਜਸਪ੍ਰੀਤ ਸਿੰਘ ਚਕਰ, ਐੱਸ. ਸੀ. ਹਲਕਾ ਪ੍ਰਧਾਨ ਰੇਸ਼ਮ ਸਿੰਘ ਮਾਣੂੰਕੇ, ਸੀਨੀਅਰ ਯੂਥ ਆਗੂ ਸੰਦੀਪ ਸਿੰਘ ਮੱਲ੍ਹਾ, ਲਾਡੀ ਦੇਹੜਕਾ, ਗੁਰਪ੍ਰੀਤ ਸਿੰਘ ਬਿੱਟੂ ਬਲਾਕ ਸੰਮਤੀ ਮੈਂਬਰ ਲੰਮੇ, ਨੰਬਰਦਾਰ ਜਗਦੇਵ ਸਿੰਘ, ਜਰਨੈਲ ਸਿੰਘ ਨੰਬਰਦਾਰ ਤੇ ਗਮਦੂਰ ਸਿੰਘ ਆਦਿ ਹਾਜ਼ਰ ਸਨ।

ਪ੍ਰਮਿੰਦਰ ਝੋਟਾ ਦੇ ਮਾਮਲੇ 'ਤੇ ਸਿਆਸਤ ਕਰਨ ਵਾਲੇ ਪਹਿਲਾਂ ਆਪਣੀ ਪਾਰਟੀ ਵੱਲ ਵੀ ਝਾਤ ਮਾਰਨ : ਪਾਲੀ ਸਰਪੰਚ ਡੱਲਾ

ਜਗਰਾਉਂ (ਸੰਜੀਵ ਅਰੋੜਾ)-ਆਮ ਆਦਮੀ ਪਾਰਟੀ ਨਾਲ ਸਬੰਧਤ ਸਰਪੰਚ ਗੋਪਾਲ ਸਿੰਘ ਪਾਲੀ ਡੱਲਾ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਪਿਛਲੇ ਦਿਨੀਂ

ਕੀਤੇ ਗਏ ਨੌਜਵਾਨਾਂ ਦੇ ਇਕੱਠ ਦੌਰਾਨ ਚਿੱਟੇ ਦੇ ਮਾਮਲੇ ਵਿੱਚ ਕਥਿਤ ਤੌਰ 'ਤੇ ਨਾਮਜ਼ਦ ਇੱਕ ਨੌਜਵਾਨ ਨੂੰ ਪਾਰਟੀ ਵਿੱਚ ਸ਼ਾਮਲ ਕਰਨ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਮੁੱਦੇ 'ਤੇ ਦੂਜੀਆਂ ਪਾਰਟੀਆਂ ਨੂੰ ਘੇਰਨ ਵਾਲਿਆਂ ਨੂੰ ਆਪਣੇ ਫ਼ੈਸਲਿਆਂ ਬਾਰੇ ਵੀ ਜਵਾਬ ਦੇਣਾ ਚਾਹੀਦਾ ਹੈ। ਪਾਲੀ ਸਰਪੰਚ ਡੱਲਾ ਨੇ ਕਿਹਾ ਕਿ ਉਕਤ ਨੌਜਵਾਨ ਕੋਲੋਂ ਪਿਛਲੇ ਦਿਨੀਂ 300 ਗ੍ਰਾਮ ਚਿੱਟਾ ਬਰਾਮਦ ਹੋਇਆ ਸੀ ਤੇ ਇਸ ਸਬੰਧੀ ਥਾਣਾ ਅਜੀਤਵਾਲ ਵਿਖੇ ਮਾਮਲਾ ਦਰਜ ਹੋਇਆ ਸੀ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੀ ਗੱਲ ਕੀਤੀ ਜਾਂਦੀ ਹੈ ਤਾਂ ਨਸ਼ਿਆਂ ਨਾਲ ਸਬੰਧਤ ਮਾਮਲਿਆਂ ਵਿੱਚ ਕਥਿਤ ਤੌਰ 'ਤੇ ਨਾਮਜ਼ਦ ਨੌਜਵਾਨਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਪਿੱਛੇ ਕੀ ਸੋਚ ਹੈ? ਉਨ੍ਹਾਂ ਪਰਮਿੰਦਰ ਝੋਟਾ ਨਾਲ ਸਬੰਧਤ ਮਾਮਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੇ ਮੁੱਦੇ 'ਤੇ ਸਿਆਸੀ ਬਿਆਨਬਾਜ਼ੀ ਕਰਨ ਵਾਲੀਆਂ ਪਾਰਟੀਆਂ ਨੂੰ ਆਪਣੇ ਅਮਲਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਆਗੂ ਨਸ਼ਿਆਂ ਵਿਰੁੱਧ ਲੜਾਈ ਦੀ ਗੱਲ ਕਰਦਾ ਹੈ ਤੇ ਦੂਜਿਆਂ ਨੂੰ ਇਸ ਮੁੱਦੇ 'ਤੇ ਘੇਰਦਾ ਹੈ ਤਾਂ ਉਸ ਦੀ ਆਪਣੀ ਪਾਰਟੀ ਦੇ ਫ਼ੈਸਲੇ ਵੀ ਇਸੇ ਕਸੌਟੀ 'ਤੇ ਪਰਖੇ ਜਾਣੇ ਚਾਹੀਦੇ ਹਨ। ਪਾਲੀ ਸਰਪੰਚ ਡੱਲਾ ਨੇ ਸਵਾਲ ਕੀਤਾ ਕਿ ਪਰਮਿੰਦਰ ਝੋਟਾ ਦੇ ਮਾਮਲੇ ਨੂੰ ਲੈ ਕੇ ਸਿਆਸੀ ਬਿਆਨਬਾਜ਼ੀ ਕਰਨ ਵਾਲੇ, ਜੇਕਰ ਦੂਜੇ ਪਾਸੇ ਚਿੱਟੇ ਦੇ ਮਾਮਲਿਆਂ ਵਿੱਚ ਕਥਿਤ ਤੌਰ 'ਤੇ ਨਾਮਜ਼ਦ ਨੌਜਵਾਨਾਂ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰਦੇ ਹਨ ਤਾਂ ਇਸ ਰਾਹੀਂ ਉਹ ਪੰਜਾਬ ਦੀ ਜਨਤਾ ਨੂੰ ਕੀ ਸੁਨੇਹਾ ਦੇਣਾ ਚਾਹੁੰਦੇ ਹਨ? ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਸਿਰਫ਼ ਬਿਆਨਾਂ ਤੇ ਦਾਅਵਿਆਂ ਨਾਲ ਨਹੀਂ ਜਿੱਤੀ ਜਾ ਸਕਦੀ, ਸਗੋਂ ਇਸ ਲਈ ਸਿਆਸੀ ਪਾਰਟੀਆਂ ਨੂੰ ਆਪਣੇ ਅਮਲਾਂ ਵਿੱਚ ਵੀ ਪਾਰਦਰਸ਼ਤਾ ਦਿਖਾਉਣੀ ਪਵੇਗੀ।

ਸਟ੍ਰੋਕ ਤੋਂ ਬਚਾਅ ਲਈ ਜੀਵਨ ਸ਼ੈਲੀ 'ਚ ਸੁਧਾਰ ਜ਼ਰੂਰੀ : ਡਾ. ਅਮਰਜੀਤ ਕੌਰ



ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)

ਵਿਸ਼ਵ ਸਟ੍ਰੋਕ ਦਿਵਸ ਮੌਕੇ ਸਿਵਲ ਸਰਜਨ ਸੰਗਰੂਰ ਡਾ. ਅਮਰਜੀਤ ਕੌਰ ਵੱਲੋਂ ਲੋਕਾਂ ਨੂੰ ਸਟ੍ਰੋਕ (ਦਿਮਾਗੀ ਦੌਰਾ) ਪ੍ਰਤੀ ਜਾਗਰੂਕ ਕਰਨ ਲਈ ਇੱਕ ਜਾਗਰੂਕਤਾ ਪੋਸਟਰ ਜਾਰੀ ਕੀਤਾ ਗਿਆ। ਇਸ ਮੌਕੇ ਲੋਕਾਂ ਨੂੰ ਸਟ੍ਰੋਕ ਦੇ ਲੱਛਣਾਂ ਦੀ ਸਮੇਂ ਸਿਰ ਪਛਾਣ ਕਰਨ, ਇਸ ਤੋਂ ਬਚਾਅ ਲਈ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਅਤੇ ਲੱਛਣ ਦਿਖਾਈ ਦੇਣ 'ਤੇ ਤੁਰੰਤ ਡਾਕਟਰੀ ਸਹਾਇਤਾ ਲੈਣ ਦੀ ਅਪੀਲ ਕੀਤੀ ਗਈ।ਉਨ੍ਹਾਂ ਦੱਸਿਆ ਕਿ ਸਟ੍ਰੋਕ ਇੱਕ ਗੰਭੀਰ ਮੈਡੀਕਲ ਐਮਰਜੈਂਸੀ ਹੈ, ਜਿਸ ਵਿੱਚ ਦਿਮਾਗ ਦੇ ਕਿਸੇ ਹਿੱਸੇ ਤੱਕ ਖੂਨ ਦੀ ਸਪਲਾਈ ਪ੍ਰਭਾਵਿਤ ਹੋ ਜਾਂਦੀ।ਇਸ ਕਾਰਨ ਦਿਮਾਗੀ ਸੈੱਲਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ।

ਸਟ੍ਰੋਕ ਦੇ ਮੁੱਖ ਲੱਛਣਾਂ ਵਿੱਚ ਅਚਾਨਕ ਚਿਹਰੇ ਦਾ ਇੱਕ ਪਾਸਾ ਲਟਕਣਾ, ਬਾਂਹ ਜਾਂ ਲੱਤ ਵਿੱਚ ਕਮਜ਼ੋਰੀ ਆਉਣਾ ਅਤੇ ਬੋਲਣ ਜਾਂ ਗੱਲ ਸਮਝਣ ਵਿੱਚ ਮੁਸ਼ਕਲ ਹੋਣਾ ਸ਼ਾਮਲ ਹਨ।ਅਜਿਹੇ ਲੱਛਣ ਨਜ਼ਰ ਆਉਣ 'ਤੇ ਬਿਨਾਂ ਦੇਰੀ ਐਮਰਜੈਂਸੀ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ, ਕਿਉਂਕਿ ਸਟ੍ਰੋਕ ਦੇ ਇਲਾਜ ਵਿੱਚ ਹਰ ਮਿੰਟ ਮਹੱਤਵਪੂਰਨ ਹੁੰਦਾ ਹੈ।ਇਸ ਮੌਕੇ ਜ਼ਿਲ੍ਹਾ ਸਿਹਤ ਅਫ਼ਸਰ ਡਾ. ਰਵਿੰਦਰਪਾਲ ਕੌਰ ਨੇ ਦੱਸਿਆ ਕਿ ਹਾਈ ਬਲੱਡ ਪ੍ਰੈਸ਼ਰ, ਸ਼ੂਗਰ, ਵਧਿਆ ਹੋਇਆ ਕੋਲੈਸਟ੍ਰੋਲ, ਦਿਲ ਦੀਆਂ ਬਿਮਾਰੀਆਂ, ਤੰਬਾਕੂ ਦਾ ਸੇਵਨ, ਸ਼ਰਾਬ ਦੀ ਵਰਤੋਂ, ਮੋਟਾਪਾ ਅਤੇ ਤਣਾਅ ਸਟ੍ਰੋਕ ਦੇ ਖਤਰੇ ਨੂੰ ਵਧਾ ਸਕਦੇ ਹਨ।ਇਸ ਤੋਂ ਬਚਾਅ ਲਈ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਨੂੰ ਕੰਟਰੋਲ ਵਿੱਚ ਰੱਖਣਾ, ਕੋਲੈਸਟ੍ਰੋਲ ਦੀ ਨਿਯਮਤ ਜਾਂਚ ਕਰਵਾਉਣਾ, ਤੰਬਾਕੂ ਤੋਂ ਦੂਰ ਰਹਿਣਾ, ਸੰਤੁਲਿਤ ਖੁਰਾਕ ਲੈਣਾ, ਨਿਯਮਤ ਕਸਰਤ ਕਰਨਾ ਅਤੇ ਤਣਾਅ ਘਟਾਉਣਾ ਜ਼ਰੂਰੀ ਹੈ।ਇਸ ਮੌਕੇ ਜਿਲ੍ਹਾ ਐਪਿਡੀਮੋਲੋਜਿਸਟ ਡਾ. ਰਮਨਦੀਪ ਕੌਰ, ਜਿਲਾ ਸਮੂਹ ਸਿੱਖਿਆ ਅਤੇ ਸੂਚਨਾ ਅਫਸਰ ਕਰਨੈਲ ਸਿੰਘ, ਜਿਲਾ ਬੀ ਸੀ ਸੀ ਕੋਆਰਡੀਨੇਟਰ ਹਰਜੀਤ ਸਿੰਘ, ਬਲਾਕ ਪਰਸਾਰ ਸਿਖਿਅਕ ਕੇਤਨ ਗੁਪਤਾ ਅਤੇ ਸਮੂਹ ਸਟਾਫ਼ ਹਾਜ਼ਰ ਸੀ।

ਇਸਲਾਮੀਆ ਸਕੂਲ ਦੇ ਵਿਦਿਆਰਥੀਆਂ ਨਾਲ ਕੱਢੀ ਨਸ਼ਾ ਵਿਰੋਧੀ ਰੈਲੀ

ਮਾਲੇਰਕੋਟਲਾ (ਅਸਗਰ ਪਰਿਹਾਰ)-ਨਸ਼ਿਆਂ ਵਿਰੁੱਧ ਜਾਗਰੂਕਤਾ ਨੂੰ ਜਨ-ਜਨ ਤੱਕ ਪੁਚਾਉਣ ਦੇ ਉਦੇਸ਼ ਨਾਲ ਜ਼ਿਲ੍ਹਾ ਪੁਲਸ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਡੀ.ਐਸ.ਪੀ. (ਐਚ) ਸੁਮਿਤ ਸੂਦ ਤੇ ਥਾਣਾ ਸਿਟੀ-2 ਦੇ ਐਸ.ਐਚ.ਓ. ਬਲਜੀਤ ਸਿੰਘ ਦੀ ਅਗਵਾਈ ਹੇਠ ਇਸਲਾਮੀਆ ਸੀਨੀਅਰ ਸੈਕੰਡਰੀ ਸਕੂਲ, ਲੋਹਾ ਬਾਜ਼ਾਰ ਦੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਨਸ਼ਾ ਵਿਰੋਧੀ ਜਾਗਰੂਕਤਾ ਰੈਲੀ ਕੱਢੀ ਗਈ।ਇਹ ਰੈਲੀ ਨਸ਼ਿਆਂ ਦੇ ਪ੍ਰਭਾਵ ਪੱਖੋਂ ਸੰਵੇਦਨਸ਼ੀਲ ਵਜੋਂ ਪਛਾਣੇ ਗਏ ਖੇਤਰ ਵਿੱਚ ਪਹੁੰਚੀ, ਜਿੱਥੇ ਘਰ-ਘਰ ਨਸ਼ਾ ਮੁਕਤੀ ਦਾ ਸੁਨੇਹਾ ਦਿੱਤਾ ਗਿਆ।ਡੀ.ਐਸ.ਪੀ. ਸੁਮਿਤ ਸੂਦ ਨੇ ਕਿਹਾ ਕਿ ਐਸ.ਐਸ.ਪੀ. ਹਰਕਮਲ ਪ੍ਰੀਤ ਸਿੰਘ ਖੱਖ ਦੀ ਅਗਵਾਈ ਹੇਠ ਜ਼ਿਲ੍ਹਾ ਪੁਲਸ ਨਸ਼ਾ ਤਸਕਰੀ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ 'ਤੇ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਸਿਰਫ਼ ਪੁਲਸ ਕਾਰਵਾਈ ਤੱਕ ਸੀਮਤ ਨਹੀਂ, ਸਗੋਂ ਲੋਕਾਂ ਦੀ ਸਰਗਰਮ ਭਾਗੀਦਾਰੀ ਨਾਲ ਹੀ ਇਸ ਸਮਾਜਿਕ ਚੁਣੌਤੀ ਦਾ ਟਿਕਾਊ ਹੱਲ ਸੰਭਵ ਹੈ।ਰੈਲੀ ਦੌਰਾਨ ਵਿਦਿਆਰਥੀਆਂ ਨੇ 'ਨਸ਼ਾ ਕਰੇ ਬਰਬਾਦ, ਜ਼ਿੰਦਗੀ ਨਾਲ ਕਰ ਪਿਆਰ' ਸਮੇਤ ਨਸ਼ਾ ਵਿਰੋਧੀ ਨਾਅਰਿਆਂ ਰਾਹੀਂ ਲੋਕਾਂ ਨੂੰ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ।ਐਸ.ਐਚ.ਓ. ਬਲਜੀਤ ਸਿੰਘ ਨੇ ਕਿਹਾ ਕਿ ਨਸ਼ਿਆਂ ਤੋਂ ਪ੍ਰਭਾਵਤ ਵਿਅਕਤੀਆਂ ਨੂੰ ਨਫ਼ਰਤ ਜਾਂ ਸਮਾਜਿਕ ਤ੍ਰਿਸਕਾਰ ਦੀ ਬਜਾਏ ਹਮਦਰਦੀ, ਇਲਾਜ ਤੇ ਮੁੜ ਵਸੇਬੇ ਲਈ ਸਹਿਯੋਗ ਦੀ ਲੋੜ ਹੈ।ਡੀ.ਐਸ.ਪੀ. ਸੁਮਿਤ ਸੂਦ ਵੱਲੋਂ ਸਕੂਲੀ ਵਿਦਿਆਰਥੀਆਂ ਰਾਹੀਂ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਤਸਕਰੀ ਸਬੰਧੀ ਜਾਣਕਾਰੀ ਪੁਲਸ ਨਾਲ ਸਾਂਝੀ ਕਰਨ ਅਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਅੱਗੇ ਆਉਣ।

21 ਲੋੜਵੰਦ ਲੜਕੀਆਂ ਦੇ ਸਮੂਹਕ ਅਨੰਦ ਕਾਰਜ ਕਰਾਏ

ਮਲੋਟ (ਰਜਿੰਦਰ ਜੁਨੇਜਾ)-ਭਲਾਈ ਕੇਂਦਰ ਗੁਰੂ ਰਾਮਦਾਸ ਸੇਵਾ ਸੁਸਾਇਟੀ (ਰਜਿ.) ਛਾਪਿਆਂਵਾਲੀ ਵੱਲੋਂ ਮੁੱਖ ਸੇਵਾਦਾਰ ਭਾਈ ਸਰਬਜੀਤ ਸਿੰਘ ਦੀ ਅਗਵਾਈ ਹੇਠ 21 ਲੋੜਵੰਦ ਪਰਵਾਰਾਂ ਦੀਆਂ ਧੀਆਂ ਦੇ ਸਮੂਹਿਕ ਵਿਆਹ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਧਾਰਮਿਕ ਮਰਿਆਦਾ ਅਨੁਸਾਰ ਸੰਪੰਨ ਕਰਾਏ ਗਏ। ਨਵ-ਵਿਆਹੇ ਜੋੜਿਆਂ ਨੂੰ ਗ੍ਰਹਿਸਥ ਜੀਵਨ ਸ਼ੁਰੂ ਕਰਨ ਲਈ ਲੋੜੀਂਦਾ ਘਰੇਲੂ ਸਮਾਨ ਵੀ ਭੇਟ ਕੀਤਾ ਗਿਆ।ਇਸ ਸ਼ੁਭ ਮੌਕੇ ਵੱਖ-ਵੱਖ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸ਼ਖ਼ਸੀਅਤਾਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਅਤੇ ਨਵ-ਵਿਆਹੇ ਜੋੜਿਆਂ ਨੂੰ ਆਪਣਾ ਆਸ਼ੀਰਵਾਦ ਦਿੱਤਾ।ਸਮਾਗਮ ਵਿੱਚ ਪਹੁੰਚੀਆਂ ਪ੍ਰਮੁੱਖ ਸ਼ਖ਼ਸੀਅਤਾਂ ਵਿੱਚ ਸੰਤ ਬਾਬਾ ਗੁਰਪਾਲ ਸਿੰਘ (18 ਔਫ), ਬਾਬਾ ਸੰਦੀਪ ਪੰਡਿਤ (ਸ੍ਰੀ ਮਹਾਵੀਰ ਗਊਸ਼ਾਲਾ), ਭਾਈ ਸਾਹਿਬ ਭਾਈ ਚਰਨਜੀਤ ਸਿੰਘ ਖ਼ਾਲਸਾ, ਬਾਬਾ ਨਰਿੰਦਰ ਸਿੰਘ ਲੰਬੀ, ਬਾਬਾ ਸ਼ਰਨਜੀਤ ਸਿੰਘ ਡੱਬਵਾਲੀ ਢਾਬ, ਭਾਈ ਸਾਹਿਬ ਭਾਈ ਸਰਬਜੀਤ ਸਿੰਘ ਛਾਪਿਆਂਵਾਲੀ (ਬਲਾਕ ਕੋਆਰਡੀਨੇਟਰ, ਲੰਬੀ), ਡਾ. ਸੁਖਦੇਵ ਸਿੰਘ ਗਿੱਲ (ਜ਼ਿਲ੍ਹਾ ਕੋਆਰਡੀਨੇਟਰ, ਸਮੂਹ ਸਮਾਜ ਸੇਵੀ ਸੰਸਥਾਵਾਂ), ਪ੍ਰਧਾਨ ਗੁਰਦੇਵ ਸਿੰਘ ਤੋਂ ਇਲਾਵਾ ਵੱਖ-ਵੱਖ ਸਮਾਜ ਸੇਵੀ ਜਥੇਬੰਦੀਆਂ ਦੇ ਅਹੁਦੇਦਾਰਾਂ ਤੇ ਐੱਮ.ਸੀ. ਨੇ ਵੀ ਸ਼ਿਰਕਤ ਕਰਕੇ ਨਵੇਂ ਜੋੜਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।ਡਾ. ਸੁਖਦੇਵ ਸਿੰਘ ਗਿੱਲ ਨੇ ਸੁਸਾਇਟੀ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

ਨਗਰ ਕੌਂਸਲ ਦੀ ਮੀਟਿੰਗ 'ਚ 3 ਕਰੋੜ ਦਾ ਏਜੰਡਾ ਪਾਸ

ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਨਗਰ ਕੌਂਸਲ ਸਰਹਿੰਦ ਦੀ ਮੀਟਿਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਤੇ ਨਗਰ ਕੌਂਸਲ ਸਰਹਿੰਦ ਦੀ ਪ੍ਰਧਾਨ ਆਸ਼ਾ ਰਾਣੀ ਦੀ ਅਗਵਾਈ ਵਿੱਚ ਹੋਈ। ਨਗਰ ਕੌਂਸਲ ਵੱਲੋਂ ਕਰੀਬ 3 ਕਰੋੜ ਰੁਪਏ ਦੇ ਮਤਿਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ, ਜਿਸ ਨਾਲ ਸ਼ਹਿਰ ਦੇ ਮਾਹੌਲ ਨੂੰ ਸੁਖਾਵਾਂ ਤੇ ਸਾਫ਼-ਸੁਥਰਾ ਬਣਾਉਣ ਦਾ ਯਤਨ ਕੀਤਾ ਜਾਵੇਗਾ।ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਸ਼ਹਿਰੀਆਂ ਨੂੰ ਸਾਫ ਸੁਥਰਾ ਤੇ ਸੁਖਾਵਾਂ ਮਾਹੌਲ ਮੁਹੱਈਆ ਕਰਾਉਣਾ ਹੈ, ਜਿਸ ਤਹਿਤ ਪੰਜਾਬ ਸਰਕਾਰ ਵੱਲੋਂ ਹਰ ਖੇਤਰ ਦੇ ਵਿੱਚ ਕੰਮ ਕੀਤਾ ਜਾ ਰਿਹਾ। ਨਗਰ ਕੌਂਸਲ ਸਰਹਿੰਦ ਦੀ ਪ੍ਰਧਾਨ ਆਸ਼ਾ ਰਾਣੀ ਨੇ ਦੱਸਿਆ ਕਿ ਅੱਜ ਦੀ ਮੀਟਿੰਗ ਦੇ ਵਿੱਚ ਮੁੱਖ ਏਜੰਡਾ ਟਰੱਕ ਬਾਡੀ ਬਿਲਡਰਜ ਦੇ ਰੁਜ਼ਗਾਰ ਨਾਲ ਜੁੜਿਆ ਹੋਇਆ ਸੀ। ਮਾਨਯੋਗ ਅਦਾਲਤ ਦੇ ਹੁਕਮਾਂ ਕਾਰਨ ਉਨ੍ਹਾਂ ਦਾ ਰੁਜ਼ਗਾਰ ਖੁੱਸ ਗਿਆ ਸੀ, ਜਿਸ ਕਾਰਨ ਉਨ੍ਹਾਂ ਨੂੰ ਥਾਂ ਮੁਹੱਈਆ ਕਰਾਉਣ ਦੇ ਲਈ ਨਗਰ ਕੌਂਸਲ ਵੱਲੋਂ ਮਤਾ ਪ੍ਰਵਾਨ ਕੀਤਾ ਗਿਆ ਹੈ।ਇਸੇ ਤਰ੍ਹਾਂ ਸਰਹਿੰਦ ਸ਼ਹਿਰ ਵਿਖੇ ਬਿਜਲੀ ਸਿਸਟਮ ਨੂੰ ਹੋਰ ਵਧੀਆ ਬਣਾਉਣ ਦੇ ਲਈ ਸ਼ਹਿਰ 'ਚ ਬਿਜਲੀ ਗਰਿੱਡ ਸਥਾਪਤ ਕੀਤਾ ਜਾ ਰਿਹਾ ਹੈ।ਸ਼ਹਿਰ ਵਾਸੀਆਂ ਨੂੰ ਕੂੜੇ ਤੋਂ ਨਿਜ਼ਾਤ ਦਵਾਉਣ ਦੇ ਲਈ ਕੂੜਾ ਚੁੱਕਣ ਦੇ ਸਿਸਟਮ ਦੇ ਵਿੱਚ ਵੀ ਸੁਧਾਰ ਕੀਤਾ ਜਾ ਰਿਹਾ ਹੈ।

ਅੰਡਰ-17 ਖੋ-ਖੋ ਮੁਕਾਬਲੇ 'ਚ ਜੀ ਐੱਚ ਜੀ ਅਕੈਡਮੀ ਨੇ ਮਾਰੀਆਂ ਮੱਲਾਂ

ਜਗਰਾਉਂ (ਅਮਿਤ ਖੰਨਾ)-ਜੀ.ਐੱਚ. ਜੀ. ਅਕੈਡਮੀ ਜਗਰਾਉਂ ਦੇ ਵਿਦਿਆਰਥੀਆਂ ਨੇ ਐੱਸ.ਕੇ. ਪਬਲਿਕ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਭਾਈ ਵਿਖੇ ਕਰਵਾਏ ਗਏ ਅੰਡਰ-17 ਖੋ-ਖੋ ਜ਼ੋਨਲ ਮੁਕਾਬਲੇ ਵਿੱਚ ਤੀਜਾ ਸਥਾਨ ਹਾਸਲ ਕਰਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ।ਸਕੂਲ ਪ੍ਰਬੰਧਕ ਕਮੇਟੀ ਤੇ ਪ੍ਰਿੰਸੀਪਲ ਨੇ ਖਿਡਾਰਨਾਂ ਨੂੰ ਉਨ੍ਹਾਂ ਦੀ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਤੇ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਵਿਦਿਆਰਥੀਆਂ ਨੂੰ ਖੇਡ ਗਤੀਵਿਧੀਆਂ ਵਿੱਚ ਲਗਾਤਾਰ ਭਾਗ ਲੈਣ ਤੇ ਆਪਣੀਆਂ ਪ੍ਰਾਪਤੀਆਂ ਰਾਹੀਂ ਸੰਸਥਾ ਦਾ ਮਾਣ ਵਧਾਉਣ ਲਈ ਉਤਸ਼ਾਹਤ ਕੀਤਾ।

ਪਾਤੜਾਂ ਦੇ ਤਿੰਨ ਸਾਬਕਾ ਕੌਂਸਲਰ ਅਕਾਲੀ ਦਲ 'ਚ ਸ਼ਾਮਲ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਹੁਲਾਰਾ ਮਿਲਿਆ, ਜਦੋਂ ਨਗਰ ਕੌਂਸਲ ਪਾਤੜਾਂ ਦੇ ਤਿੰਨ ਸਾਬਕਾ ਕੌਂਸਲਰਾਂ ਨੇ ਸੱਤਾਧਾਰੀ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕੇ ਆਪਣੀ ਘਰ ਵਾਪਸੀ ਕਰ ਲਈ।ਸਾਬਕਾ ਕੌਂਸਲਰ ਕੁਲਦੀਪ ਸਿੰਘ ਰੇਢੂ ਦੀ ਅਗਵਾਈ ਵਿੱਚ ਅਕਾਲੀ ਦਲ ਅੰਦਰ ਸ਼ਾਮਲ ਹੋਣ ਵਾਲਿਆਂ ਵਿੱਚ ਸਾਬਕਾ ਕੌਂਸਲਰ ਜਗਜੀਤ ਸਿੰਘ ਭੰਗੂ ਤੇ ਤਰਸੇਮ ਸਿੰਘ ਸ਼ਾਮਲ ਸਨ।ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੁਲਦੀਪ ਸਿੰਘ ਰੇਢੂ ਦੇ ਗ੍ਰਹਿ ਵਿਖੇ ਸਵਾਗਤ ਕਰਦਿਆਂ ਪਾਰਟੀ ਵਿੱਚ ਹਰ ਸੰਭਵ ਮਾਨ ਸਨਮਾਨ ਦਾ ਭਰੋਸਾ ਦਿੱਤਾ।ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਸਨਮਾਨ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਕਤ ਤਿੰਨੋਂ ਕੌਂਸਲਰ ਕੁਝ ਸਮਾਂ ਪਹਿਲਾਂ ਇਹ ਆਮ ਆਦਮੀ ਪਾਰਟੀ ਵਿੱਚ ਚਲੇ ਗਏ ਸਨ, ਪਰ ਹੁਣ ਅਕਾਲੀ ਦਲ ਦੀਆਂ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਨੇ ਘਰ ਵਾਪਸੀ ਕੀਤੀ ਹੈ।ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਸ਼ਾਨਦਾਰ ਵਾਪਸੀ ਕਰਦਿਆਂ ਸਰਕਾਰ ਬਣਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਲਕਾ ਇੰਚਾਰਜ ਬਾਬੂ ਕਬੀਰ ਦਾਸ, ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਰਾਜੂ ਖੰਨਾ, ਯੂਥ ਆਗੂ ਦਵਿੰਦਰ ਸਿੰਘ ਸਿੱਧੂ ਹਾਜ਼ਰ ਸਨ।

ਬਾਬਾ ਨੰਦ ਸਿੰਘ ਦਾ ਜਨਮ ਦਿਹਾੜਾ ਮਨਾਇਆ

ਜਲਾਲਾਬਾਦ (ਬਲਵਿੰਦਰ ਸਿੰਘ)-ਗੁਰਦੁਆਰਾ ਨਾਨਕਸਰ ਠਾਠ ਪਿੰਡ ਚੱਕ ਦਮਾਲ ਵਿਖੇ ਧੰਨ ਧੰਨ ਬਾਬਾ ਨੰਦ ਸਿੰਘ ਜੀ ਦੇ ਜਨਮ ਦਿਹਾੜੇ ਨਾਲ ਸੰਬੰਧਤ 29ਵਾਂ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਦੀ ਜਾਣਕਾਰੀ ਦਿੰਦਿਆਂ ਗੁਰਦਵਾਰੇ ਦੇ ਮੁੱਖ ਸੇਵਾਦਾਰ ਬਾਬਾ ਅਮਰਜੀਤ ਸਿੰਘ ਨੇ ਦੱਸਿਆ ਕਿ ਇਹ ਉਹ ਪਵਿੱਤਰ ਸਥਾਨ ਹੈ, ਜਿੱਥੇ ਧੰਨ ਧੰਨ ਬਾਬਾ ਨੰਦ ਸਿੰਘ ਨੇ ਕਿਰਤ ਕਰਦਿਆਂ ਮੁਢਲੇ ਦਿਨਾਂ ਵਿੱਚ ਭਗਤੀ ਕਰਨੀ ਸ਼ੁਰੂ ਕੀਤੀ ਸੀ।ਇਸ ਗੁਰਦੁਆਰਾ ਸਾਹਿਬ ਵਿੱਚ ਬਾਬਾ ਨੰਦ ਸਿੰਘ ਜੀ ਦੇ ਕਿਰਤ ਕਰਦਿਆਂ ਸਮੇਂ ਦੇ ਹੱਥਾਂ ਨਾਲ ਬਣਾਈਆਂ ਜੋੜੀਆਂ ਅਤੇ ਭਗਤੀ ਤੇ ਸ਼ਕਤੀ ਦੇ ਪ੍ਰਤੀਕ ਸਤੀਰ ਵੀ ਗੁਰਦੁਆਰਾ ਸਾਹਿਬ ਵਿੱਚ ਮੌਜੂਦ ਹਨ, ਜਿਨ੍ਹਾਂ ਦੇ ਦਰਸ਼ਨ ਕਰਨ ਲਈ ਸੰਗਤਾਂ ਦੂਰ-ਦੂਰ ਤੋਂ ਆਉਂਦੀਆਂ ਹਨ।ਉਨ੍ਹਾਂ ਦੱਸਿਆ ਕਿ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸੱਚਖੰਡ ਵਾਸੀ ਬਾਬਾ ਕੁੰਦਨ ਸਿੰਘ ਜੀ ਦੀ ਪ੍ਰੇਰਨਾ ਸਦਕਾ ਗੁਰਦੁਆਰਾ ਨਾਨਕਸਰ ਠਾਠ ਪਿੰਡ ਚੱਕ ਦਮਾਲ ਵਿਖੇ ਧੰਨ ਧੰਨ ਬਾਬਾ ਨੰਦ ਸਿੰਘ ਜੀ ਦਾ ਜਨਮ ਦਿਹਾੜਾ ਹਰ ਸਾਲ ਮਨਾਇਆ ਜਾਂਦਾ ਹੈ।ਇਸ ਵਾਰ ਪਿਛਲੇ ਇੱਕ ਮਹੀਨੇ ਤੋਂ ਸਰਬਤ ਦੇ ਭਲੇ ਲਈ ਲਗਾਤਾਰ ਅਖੰਡ ਪਾਠਾਂ ਦੀ ਲੜੀ ਚੱਲ ਰਹੀ ਸੀ, ਜਿਨ੍ਹਾਂ ਦੇ ਅੱਜ ਭੋਗ ਪਾਏ ਗਏ ਹਨ।ਇਸ ਮੌਕੇ ਸੰਤ ਬਾਬਾ ਗੁਰਚਰਨ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ, ਉਸਤਾਦ ਬਾਬਾ ਸੇਵਾ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ, ਸੰਤ ਬਾਬਾ ਅਮਰੀਕ ਸਿੰਘ ਜੀ ਪੰਜ ਭੈਣੀਆਂ ਵਾਲੇ ਤੇ ਸੰਤ ਸੋਹਣ ਸਿੰਘ ਜੀ ਖੁਸ਼ ਦਿਲ ਵਾਲਿਆਂ ਨੇ ਗੁਰਦੁਆਰਾ ਨਾਨਕਸਰ ਠਾਠ ਵਿਖੇ ਪਹੁੰਚ ਕੇ ਸੰਗਤਾਂ ਨੂੰ ਆਪਣੇ ਕਥਾ ਕੀਰਤਨ ਨਾਲ ਗੁਰਬਾਣੀ ਨਾਲ ਜੋੜਿਆ। ਇਸ ਮੌਕੇ ਗੁਰਦੁਆਰਾ ਸਾਹਿਬ ਪਹੁੰਚੀਆਂ ਸੰਗਤਾਂ ਲਈ ਵੱਖ ਵੱਖ ਪਿੰਡਾਂ ਵੱਲੋਂ ਲੰਗਰ ਵੀ ਲਗਾਏ ਗਏ ਸਨ।

ਚੇਅਰਮੈਨ ਜਤਿੰਦਰ ਭੱਲਾ ਨੇ ਦਫ਼ਤਰ 'ਤੇ ਚੜ੍ਹਾਇਆ 100 ਫੁੱਟ ਉੱਚਾ ਗੁਬਾਰਾ

ਕੇਜਰੀਵਾਲ, ਮਨੀਸ਼ ਸਿਸੋਦੀਆ ਤੇ ਭੱਲਾ ਦੀਆਂ ਤਸਵੀਰਾਂ ਵਾਲਾ ਗੁਬਾਰਾ ਬਣਿਆ ਚਰਚਾ ਦਾ ਵਿਸ਼ਾ

ਬਠਿੰਡਾ (ਰਾਜੀਵ ਗੋਇਲ)

ਆਮ ਆਦਮੀ ਪਾਰਟੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਤੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਜਤਿੰਦਰ ਭੱਲਾ ਵੱਲੋਂ ਆਪਣੇ ਘਰ ਉੱਪਰ 100 ਫੁੱਟ ਉੱਚਾ ਵਿਸ਼ਾਲ ਗੁਬਾਰਾ ਚੜ੍ਹਾਇਆ ਗਿਆ। ਇਸ ਗੁਬਾਰੇ ਉੱਪਰ ਆਮ ਆਦਮੀ ਪਾਰਟੀ ਦੇ ਸੁਪਰੀਮੋ ਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਤੇ ਚੇਅਰਮੈਨ ਜਤਿੰਦਰ ਭੱਲਾ ਦੀਆਂ ਤਸਵੀਰਾਂ ਲਗਾਈਆਂ ਗਈਆਂ ਹਨ। ਇਲਾਕੇ ਵਿੱਚ ਇਹ ਵਿਸ਼ਾਲ ਗੁਬਾਰਾ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ ਤੇ ਸਿਆਸੀ ਹਲਕਿਆਂ ਵਿੱਚ ਇਸ ਦੀ ਚਰਚਾ ਹੋ ਰਹੀ ਹੈ। ਇਸ ਗੁਬਾਰੇ ਨੂੰ ਰਾਮਪੁਰਾ ਫੂਲ ਦੇ ਵਿਧਾਇਕ ਬਲਕਾਰ ਸਿੰਘ ਸਿੱਧੂ ਤੇ ਚੇਅਰਮੈਨ ਜਤਿੰਦਰ ਸਿੰਘ ਭੱਲਾ ਵੱਲੋਂ ਪਾਰਟੀ ਦੇ ਸੈਂਕੜੇ ਵਲੰਟੀਅਰਾਂ, ਨਗਰ ਪੰਚਾਇਤ ਪ੍ਰਧਾਨਾਂ, ਕੌਂਸਲਰਾਂ ਤੇ ਸਰਪੰਚਾਂ ਦੀ ਹਾਜ਼ਰੀ ਵਿੱਚ ਚੜ੍ਹਾਇਆ ਗਿਆ। ਇਸ ਮੌਕੇ ਪਾਰਟੀ ਦੇ ਵੱਡੀ ਗਿਣਤੀ ਵਿੱਚ ਆਗੂ ਤੇ ਵਰਕਰ ਮੌਜੂਦ ਸਨ। ਇਸ ਮੌਕੇ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਚੇਅਰਮੈਨ ਜਤਿੰਦਰ ਭੱਲਾ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਉਪਰਾਲਿਆਂ ਨਾਲ ਪਾਰਟੀ ਦੀਆਂ ਨੀਤੀਆਂ ਤੇ ਵਿਚਾਰਧਾਰਾ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਮਦਦ ਮਿਲੇਗੀ। ਇਸ ਮੌਕੇ ਆਪਣੇ ਗ੍ਰਹਿ ਵਿਖੇ ਇਕੱਤਰ ਹੋਏ ਪਾਰਟੀ ਦੇ ਆਗੂਆਂ ਤੇ ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਜਤਿੰਦਰ ਭੱਲਾ ਨੇ ਕਿਹਾ ਕਿ ਉਹ ਪਹਿਲੇ ਦਿਨ ਤੋਂ ਹੀ ਆਮ ਆਦਮੀ ਪਾਰਟੀ ਦੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਦੇ ਵਰਕਰਾਂ ਦੀ ਮਿਹਨਤ ਤੇ ਲੋਕਾਂ ਦੇ ਸਹਿਯੋਗ ਨਾਲ ਸਾਲ 2027 ਵਿੱਚ ਮੁੜ ਭਗਵੰਤ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ। ਉਨ੍ਹਾਂ ਕਿਹਾ ਕਿ ਘਰ ਉੱਪਰ ਲਗਾਇਆ ਗਿਆ 100 ਫੁੱਟ ਉੱਚਾ ਗੁਬਾਰਾ ਪਾਰਟੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਇੱਕ ਵਿਸ਼ੇਸ਼ ਉਪਰਾਲਾ ਹੈ। ਇਸ ਦਾ ਮਕਸਦ ਪਾਰਟੀ ਦੀ ਮੌਜੂਦਗੀ ਤੇ ਸਰਗਰਮੀਆਂ ਨੂੰ ਲੋਕਾਂ ਤੱਕ ਪਹੁੰਚਾਉਣਾ ਹੈ। ਇਸ ਮੌਕੇ ਹਰਦੀਪ ਸਿੰਘ ਪ੍ਰਧਾਨ ਨਗਰ ਪੰਚਾਇਤ ਭਾਈ ਰੂਪਾ, ਰੋਬੀ ਬਰਾੜ ਪ੍ਰਧਾਨ ਨਗਰ ਕੌਂਸਲ ਰਾਮਪੁਰਾ, ਜਗਸੀਰ ਸਿੰਘ ਜੱਗਾ ਪ੍ਰਧਾਨ ਨਗਰ ਪੰਚਾਇਤ ਮਲੂਕਾ, ਹਰਦੀਪ ਸਿੰਘ ਪ੍ਰਧਾਨ ਨਗਰ ਪੰਚਾਇਤ ਭਾਈ ਰੂਪਾ, ਜਗਸੀਰ ਸਿੰਘ ਸੀਰਾ ਪੰਨੂ ਪ੍ਰਧਾਨ ਨਗਰ ਪੰਚਾਇਤ ਭਗਤਾ, ਬੂਟਾ ਸਿੰਘ ਪ੍ਰਧਾਨ ਨਗਰ ਪੰਚਾਇਤ ਕੋਠਾ ਗੁਰੂ ਕਾ, ਗੋਬਿੰਦ ਪਾਲ ਸਿੰਘ ਸਰਪੰਚ ਕੋਠਾ ਗੁਰੂ ਕਾ, ਰਵੀ ਸਿੰਘ, ਅੰਮ੍ਰਿਤਪਾਲ ਸਿੰਘ, ਦਿਲਬਾਗ ਸਿੰਘ, ਜਗਸੀਰ (ਸਾਰੇ ਕੌਂਸਲਰ ਕੋਠਾ ਗੁਰੂ), ਰਮਨਦੀਪ ਸਿੰਘ ਹਲਕਾ ਕੁਆਰਡੀਨੇਟਰ ਕਿਸਾਨ ਵਿੰਗ, ਬੀਬਾ ਸੁਖਜੀਤ ਕੌਰ ਭੱਠਲ ਕੌਂਸਲਰ, ਜਸਵੀਰ ਸਿੰਘ ਸੀਨੀਅਰ ਮੀਤ ਪ੍ਰਧਾਨ ਭਾਈ ਰੂਪਾ, ਚੇਅਰਮੈਨ ਰਾਜਪਾਲ ਰਾਮ, ਗੁਰਸੇਵਕ ਸਿੰਘ, ਬਲਜਿੰਦਰ ਸਿੰਘ, ਗੁਰਤੇਜ ਸਿੰਘ, ਰਾਹੁਲ ਸਿੰਗਲਾ, ਜਸਪ੍ਰੀਤ ਸਿੰਘ, ਕੁਲਦੀਪ ਸਿੰਘ (ਸਾਰੇ ਕੌਂਸਲਰ ਭਾਈ ਰੂਪਾ), ਭੁਪਿੰਦਰ ਸਿੰਘ ਸਰਪੰਚ ਗੁਰੂਸਰ, ਹਰਪ੍ਰੀਤ ਸਿੰਘ ਸਰਪੰਚ ਭੋਡੀਪੁਰਾ, ਰੇਸ਼ਮ ਸਿੰਘ ਸਰਪੰਚ ਬਸਤੀ ਰਾਜਗੜ੍ਹ ਖੁਰਦ, ਕੁਲਜਿੰਦਰ ਸਿੰਘ ਸਰਪੰਚ ਗੁਮਟੀ, ਚਮਕੌਰ ਸਿੰਘ ਸਰਪੰਚ ਸੇਲਵਰਾ, ਕੁਲਵੰਤ ਸਿੰਘ ਸਰਪੰਚ ਕੋਠੇ ਰੱਥੜੀਆਂ, ਭੋਲਾ ਸਿੰਘ ਸਰਪੰਚ ਹਾਕਮ ਸਿੰਘ ਵਾਲਾ, ਗੋਬਿੰਦ ਸਿੰਘ ਬੁਰਜ ਥਰੋੜ ਸੋਸ਼ਲ ਮੀਡੀਆ ਕੋਆਰਡੀਨੇਟਰ, ਹਰਪ੍ਰੀਤ ਸਿੰਘ ਸਰਪੰਚ ਭੋਡੀਪੁਰਾ, ਯਾਦਵਿੰਦਰ ਸਿੰਘ ਪੱਪੂ ਸਰਪੰਚ ਸਿਰੀਏ ਵਾਲਾ, ਸੁਖਮਿੰਦਰ ਸਿੰਘ ਸਰਪੰਚ ਆਦਮਪੁਰਾ, ਸ਼ਗਨਪ੍ਰੀਤ ਕੌਰ ਸਰਪੰਚ ਭਾਈ ਰੂਪਾ, ਬਲਵਿੰਦਰ ਸਿੰਘ ਸਰਪੰਚ ਕੋਠੇ ਪਿਪਲੀ, ਸੁਖਵਿੰਦਰ ਸਿੰਘ ਸਰਪੰਚ ਗੁਰੂਸਰ ਮਹਿਰਾਜ, ਕੁਲਵਿੰਦਰ ਸਿੰਘ ਸਰਪੰਚ ਫੂਲੇਵਾਲਾ, ਕੁਲਵਿੰਦਰ ਸਿੰਘ ਸਰਪੰਚ ਕੋਠੇ ਭਗਤਾ, ਬਿੰਦਰ ਸਿੰਘ ਖਾਨਦਾਨ ਆਪ ਆਗੂ, ਸੁਰੇਸ਼ ਕੁਮਾਰ ਚੇਅਰਮੈਨ ਅਰੋੜਾ ਵੈਲਫੇਅਰ ਬੋਰਡ, ਬਲਵਿੰਦਰ ਸਿੰਘ ਸਰਪੰਚ ਢਿਪਾਲੀ, ਸਿਮਰਨਜੀਤ ਕੌਰ ਸਰਪੰਚ ਕੋਠੇ ਮਹਾਂ ਸਿੰਘ, ਗੁਰਸੇਵਕ ਸਿੰਘ ਕੌਂਸਲਰ ਮਲੂਕਾ, ਹਰਪ੍ਰੀਤ ਸਿੰਘ ਸਰਪੰਚ ਨਵਾਂ ਕੇਸਰ ਸਿੰਘ ਵਾਲਾ, ਜਸਪਾਲ ਸਿੰਘ, ਕੁਲਦੀਪ ਸਿੰਘ, ਗੁਰਭਜਨ ਸਿੰਘ (ਸਾਰੇ ਕੌਂਸਲਰ ਰਾਮਪੁਰਾ), ਰਾਜਾ ਹਮੀਰਗੜ੍ਹ ਹਲਕਾ ਇੰਚਾਰਜ ਮੀਡੀਆ, ਰਾਜਵਿੰਦਰ ਸਿੰਘ ਦਿਆਲਪੁਰਾ ਭਾਈਕਾ ਹਲਕਾ ਇੰਚਾਰਜ ਯੁੱਧ ਨਸ਼ਿਆਂ ਵਿਰੁੱਧ, ਆਸ਼ਰਫ ਅਲੀ ਚੇਅਰਮੈਨ ਮੁਸਲਮ ਵੈਲਫੇਅਰ ਬੋਰਡ ਬਠਿੰਡਾ, ਜਗਜੀਤ ਸਿੰਘ ਸੋਸ਼ਲ ਮੀਡੀਆ ਕੋਆਰਡੀਨੇਟਰ, ਜਗਸੀਰ ਸਿੰਘ ਸਰਪੰਚ ਗੁਰਦਿੱਤ ਸਿੰਘ ਵਾਲਾ, ਗੁਰਮੇਲ ਸਿੰਘ ਸਰਪੰਚ ਬੁਰਜ ਲੱਧਾ ਸਿੰਘ ਵਾਲਾ, ਖੁਸ਼ਪ੍ਰੀਤ ਸਿੰਘ ਪੰਚ ਅਕਲੀਆ ਜਲਾਲ, ਜਗਦੇਵ ਸਿੰਘ ਸਾਬਕਾ ਸਰਪੰਚ, ਜਗਤਾਰ ਸਿੰਘ ਪੰਚ ਅਕਲੀਆ ਜਲਾਲ, ਦਰਸ਼ਨ ਸਿੰਘ ਸਰਪੰਚ ਕੋਠੇ ਭਾਈਆਣਾ ਭਗਤਾ, ਗੁਰਦਰਸ਼ਨ ਸਿੰਘ ਬਲਾਕ ਪ੍ਰਧਾਨ ਭਾਈ ਰੂਪਾ ਯੁੱਧ ਨਸ਼ਿਆਂ ਵਿਰੁੱਧ, ਜਰਨੈਲ ਮਾਸਟਰ ਜਲਾਲ ਬਲਾਕ ਪ੍ਰਧਾਨ, ਕੁਲਵਿੰਦਰ ਸਿੰਘ ਸਰਪੰਚ ਫੂਲੇਵਾਲਾ, ਗੋਰਾ ਸਿੰਘ ਸਰਪੰਚ ਧਿੰਗੜ, ਤੀਰਥ ਸਿੰਘ ਪੰਚ ਕੇਸਰ ਸਿੰਘ ਵਾਲਾ, ਜਗਸੀਰ ਸਿੰਘ ਸਰਪੰਚ ਨਵਾਂ ਦਿਆਲਪੁਰਾ, ਜਗਦੇਵ ਸਿੰਘ ਆਕਲੀਆ ਸਾਬਕਾ ਸਰਪੰਚ ਸਮੇਤ ਵੱਡੀ ਗਿਣਤੀ ਵਲੰਟੀਅਰ ਤੇ ਆਗੂ ਹਾਜ਼ਰ ਸਨ।

ਕੋਹਲੀ ਨੂੰ 'ਆਪ' ਨੇ ਮੁੜ ਚੋਣ ਮੈਦਾਨ 'ਚ ਉਤਾਰਿਆ

- ਪਟਿਆਲਵੀਆਂ 'ਚ ਖ਼ੁਸ਼ੀ ਦੀ ਲਹਿਰ
- ਪਾਰਟੀ ਵੱਲੋਂ ਕੀਤੇ ਵਿਸ਼ਵਾਸ 'ਤੇ ਖਰਾ ਉੱਤਰਾਂਗਾ : ਕੋਹਲੀ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਆਮ ਆਦਮੀ ਪਾਰਟੀ (ਆਪ) ਨੇ ਆਗਾਮੀ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਤਹਿਤ ਆਪਣੇ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ।ਇਸ ਸੂਚੀ ਵਿੱਚ ਪਾਰਟੀ ਹਾਈਕਮਾਨ ਨੇ ਇੱਕ ਵਾਰ ਫਿਰ ਪਟਿਆਲਾ ਸ਼ਹਿਰੀ ਹਲਕੇ ਤੋਂ ਮੌਜੂਦਾ ਵਿਧਾਇਕ ਅਜੀਤਪਾਲ ਸਿੰਘ ਕੋਹਲੀ 'ਤੇ ਵੱਡਾ ਭਰੋਸਾ ਜਤਾਉਂਦਿਆਂ ਉਨ੍ਹਾਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ।ਵਿਧਾਇਕ ਕੋਹਲੀ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੱਡੇ ਫਰਕ ਨਾਲ ਹਰਾ ਕੇ ਸਿਆਸੀ ਹਲਕਿਆਂ ਵਿੱਚ ਇਤਿਹਾਸਕ ਜਿੱਤ ਦਰਜ ਕੀਤੀ ਸੀ।ਉਨ੍ਹਾਂ ਵੱਲੋਂ ਹਲਕੇ ਵਿੱਚ ਕੀਤੇ ਗਏ ਵਿਕਾਸ ਕਾਰਜਾਂ ਤੇ ਲੋਕਾਂ ਨਾਲ ਜੁੜੇ ਰਹਿਣ ਸਦਕਾ ਪਾਰਟੀ ਨੇ ਮੁੜ ਉਨ੍ਹਾਂ ਦੀ ਉਮੀਦਵਾਰੀ 'ਤੇ ਮੋਹਰ ਲਗਾਈ ਹੈ।ਟਿਕਟ ਦਾ ਐਲਾਨ ਹੁੰਦਿਆਂ ਹੀ ਪਟਿਆਲਾ ਸ਼ਹਿਰੀ ਹਲਕੇ ਦੇ ਸਮਰਥਕਾਂ, ਪਾਰਟੀ ਵਰਕਰਾਂ ਤੇ ਵਿਧਾਇਕ ਦੇ ਸਮਰਥਕਾਂ ਵਿੱਚ ਭਾਰੀ ਉਤਸ਼ਾਹ ਤੇ ਖ਼ੁਸ਼ੀ ਦੀ ਲਹਿਰ ਦੌੜ ਗਈ।ਸਮਰਥਕਾਂ ਨੇ ਵਿਧਾਇਕ ਦੇ ਦਫ਼ਤਰ ਵਿਖੇ ਇਕੱਠੇ ਹੋ ਕੇ ਢੋਲ ਦੇ ਡਗੇ 'ਤੇ ਭੰਗੜੇ ਪਾਏ, ਆਤਿਸ਼ਬਾਜ਼ੀ ਕੀਤੀ। ਇਸ ਮੌਕੇ ਕੌਂਸਲਰਾਂ ਤੇ ਸਥਾਨਕ ਆਗੂਆਂ ਨੇ ਪਾਰਟੀ ਸੁਪਰੀਮੋ ਤੇ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜੀਤਪਾਲ ਕੋਹਲੀ ਨੇ ਹਮੇਸ਼ਾ ਜ਼ਮੀਨੀ ਪੱਧਰ 'ਤੇ ਲੋਕਾਂ ਦੇ ਮਸਲੇ ਹੱਲ ਕੀਤੇ ਹਨ।ਸਮਰਥਕਾਂ ਨੇ ਦਾਅਵਾ ਕੀਤਾ ਕਿ 2027 ਦੀਆਂ ਚੋਣਾਂ ਵਿੱਚ ਵੀ ਪਟਿਆਲਾ ਸ਼ਹਿਰੀ ਦੇ ਵੋਟਰ ਵਿਧਾਇਕ ਕੋਹਲੀ ਨੂੰ ਪਹਿਲਾਂ ਨਾਲੋਂ ਵੱਡੀ ਲੀਡ ਦਿਵਾ ਕੇ ਜੇਤੂ ਬਣਾਉਣਗੇ।ਇਸ ਸਮੇਂ ਵਿਧਾਇਕ ਕੋਹਲੀ ਨੇ ਪਾਰਟੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਪਾਰਟੀ ਨੇ ਮੇਰੇ 'ਤੇ ਕੀਤੇ ਵਿਸ਼ਵਾਸ 'ਤੇ ਖਰਾ ਉੱਤਰਾਂਗਾ।

ਸੀ ਪੀ ਆਈ ਦਿੱਲੀ ਰੈਲੀ 'ਚ ਕਰੇਗੀ ਭਰਵੀਂ ਸ਼ਮੂਲੀਅਤ : ਕੌਸ਼ਲ

ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)

ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਐਗਜ਼ੈਕਟਿਵ ਫਰੀਦਕੋਟ ਦੀ ਇਕ ਹੰਗਾਮੀ ਮੀਟਿੰਗ ਸ਼ਹੀਦ ਕਾਮਰੇਡ ਅਮੋਲਕ ਭਵਨ ਵਿਖੇ ਸ੍ਰੀ ਪਰਮ ਚਾਵਲਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦਾ ਏਜੰਡਾ ਪੇਸ਼ ਕਰਦੇ ਹੋਏ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਨੇ ਦੱਸਿਆ ਕਿ ਦੇਸ਼ ਦੇ ਮੌਜੂਦਾ ਹਾਲਾਤ ਵਿੱਚ 'ਇੰਡੀਆ' ਗੱਠਜੋੜ ਵੱਲੋਂ ਪਹਿਲੀ ਨਵੰਬਰ ਨੂੰ ਦਿੱਲੀ ਦੇ ਰਾਮ ਲੀਲ੍ਹਾ ਮੈਦਾਨ ਵਿੱਚ ਕੀਤੀ ਜਾ ਰਹੀ ਸਾਂਝੀ ਰੈਲੀ ਦੇਸ਼ ਦੇ ਲੋਕਤੰਤਰ ਤੇ ਸੰਵਿਧਾਨ ਦੀ ਰਾਖੀ ਲਈ ਚੱਲ ਰਹੇ ਸੰਘਰਸ਼ ਵਿੱਚ ਅਹਿਮ ਮੀਲ ਦਾ ਪੱਥਰ ਸਾਬਤ ਹੋਵੇਗੀ।ਉਨ੍ਹਾਂ ਕਿਹਾ ਕਿ ਭਾਵੇਂ ਸੂਝਵਾਨ ਲੋਕ ਪਹਿਲਾਂ ਹੀ ਜਾਣਦੇ ਸਨ ਕਿ ਭਾਜਪਾ ਵੱਲੋਂ ਲਗਾਤਾਰ ਜਿੱਤਣ ਪਿੱਛੇ ਕੀ ਰਾਜ਼ ਹੈ, ਪਰ 'ਇੰਡੀਅਨ ਐਕਸਪ੍ਰੈੱਸ' ਦੀ ਖੋਜੀ ਪੱਤਰਕਾਰ ਬੀਬੀ ਨੇ ਆਪਣੀ ਰਿਪੋਰਟ ਵਿੱਚ ਸਾਰੇ ਸਬੂਤ ਜੱਗ ਜ਼ਾਹਰ ਕਰ ਦਿੱਤੇ ਕਿ ਕਿਵੇਂ ਮੁੱਖ ਚੋਣ ਕਮਿਸ਼ਨਰ ਮੋਦੀ ਸਰਕਾਰ ਦੇ ਇਸ਼ਾਰੇ 'ਤੇ ਆਪਣੇ ਬਰਾਬਰ ਦੇ ਦੋ ਮੈਂਬਰਾਂ ਸੁਖਬੀਰ ਸੰਧੂ ਤੇ ਵਿਵੇਕ ਜੋਸ਼ੀ ਨੂੰ ਪੁੱਛੇ ਬਿਨਾਂ ਆਪਹੁਦਰੇ ਢੰਗ ਨਾਲ ਬੇਨਿਯਮੀਆਂ ਕਰਦਾ ਆ ਰਿਹਾ ਹੈ।ਖਾਸ ਕਰਕੇ 'ਐੱਸ ਆਈ ਆਰ' ਦੀ ਆੜ ਹੇਠ ਦੇਸ਼ ਭਰ ਵਿੱਚ 13 ਕਰੋੜ ਤੋਂ ਵੱਧ ਵੋਟਾਂ ਕਟ ਕੇ ਨਾਗਰਿਕਾਂ ਤੋਂ ਵੋਟ ਪਾਉਣ ਦਾ ਹੱਕ ਖੋਹ ਲਿਆ ਗਿਆ ਹੈ, ਜਿਸ ਨੂੰ ਭਾਰਤ ਦੇ ਲੋਕ ਕਿਸੇ ਕੀਮਤ 'ਤੇ ਵੀ ਬਰਦਾਸ਼ਤ ਨਹੀਂ ਕਰ ਸਕਦੇ। ਮੀਟਿੰਗ ਨੂੰ ਸਾਥੀ ਗੁਰਚਰਨ ਸਿੰਘ ਮਾਨ, ਕਾਮਰੇਡ ਗੁਰਨਾਮ ਸਿੰਘ ਮਾਨੀ ਵਾਲਾ, ਗੋਰਾ ਪਿਪਲੀ, ਹਰਪਾਲ ਮਚਾਕੀ, ਇੰਦਰਜੀਤ ਸਿੰਘ ਗਿੱਲ, ਮੁਖਤਿਆਰ ਸਿੰਘ ਭਾਣਾ ਤੇ ਵੀਰ ਸਿੰਘ ਕੰਮੇਆਣਾ ਨੇ ਵੀ ਸੰਬੋਧਨ ਕਰਦੇ ਹੋਏ ਦਿੱਲੀ ਰੈਲੀ ਵਿੱਚ ਵਧ ਤੋਂ ਵੱਧ ਸਾਥੀਆਂ ਨੂੰ ਸ਼ਾਮਲ ਕਰਵਾਉਣ ਦਾ ਭਰੋਸਾ ਦਿੱਤਾ। ਇਕ ਮਤਾ ਪਾਸ ਕਰਕੇ ਮਾਨਸਾ ਦੇ ਨਸ਼ਿਆਂ ਵਿਰੁੱਧ ਸੰਘਰਸ਼ ਵਿੱਚ ਸ਼ਹੀਦ ਹੋਏ ਪਰਵਿੰਦਰ ਸਿੰਘ ਝੋਟਾ ਸਬੰਧੀ ਪੰਜਾਬ ਸਰਕਾਰ ਦੇ ਵਤੀਰੇ ਦੀ ਨਿਖੇਧੀ ਕਰਦਿਆਂ ਮੁੱਖ ਮੰਤਰੀ ਤੋਂ ਤੁਰੰਤ ਨਿੱਜੀ ਦਖ਼ਲ ਦੇ ਕੇ ਐਕਸ਼ਨ ਕਮੇਟੀ ਨਾਲ ਮਾਮਲੇ ਨੂੰ ਸੁਲਝਾਉਣ ਦੀ ਮੰਗ ਕੀਤੀ।ਜ਼ਿਲ੍ਹਾ ਫਰੀਦਕੋਟ ਵਿੱਚ ਨਾਬਾਲਿਗ ਲੜਕੀਆਂ ਦੇ ਬਲਾਤਕਾਰ ਸਬੰਧੀ ਉਤੋੜਤੀ ਵਾਪਰੀਆਂ ਘਟਨਾਵਾਂ ਸਬੰਧੀ ਚਿੰਤਾ ਪ੍ਰਗਟ ਕਰਦਿਆਂ ਜ਼ਿਲ੍ਹਾ ਪ੍ਰਸ਼ਾਸਨ ਤੋਂ ਤੁਰੰਤ ਕਾਰਵਾਈ ਦੀ ਮੰਗ ਕੀਤੀ।

ਕਾਤਰਾਂ

ਕਿਸਾਨ ਪਰਾਲੀ ਨੂੰ ਅੱਗ ਨਾ ਲਗਾਉਣ : ਐੱਸ ਡੀ ਐੱਮ

ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਸਬ-ਡਵੀਜ਼ਨ ਨਿਹਾਲ ਸਿੰਘ ਵਾਲਾ ਦੇ ਐੱਸ.ਡੀ.ਐੱਮ. ਗਗਨਦੀਪ ਸਿੰਘ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਫ਼ਸਲਾਂ ਦੀ ਰਹਿੰਦ-ਖੂੰਹਦ (ਪਰਾਲੀ) ਨੂੰ ਅੱਗ ਨਾ ਲਗਾਉਣ ਤੇ ਇਸ ਦਾ ਯੋਗ ਪ੍ਰਬੰਧਨ ਕਰਨ।ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ ਤੇ ਇਸ ਦਾ ਮਾੜਾ ਪ੍ਰਭਾਵ ਮਨੁੱਖੀ ਸਿਹਤ ਦੇ ਨਾਲ-ਨਾਲ ਜ਼ਮੀਨ ਦੀ ਉਪਜਾਊ ਸ਼ਕਤੀ 'ਤੇ ਵੀ ਪੈਂਦਾ ਹੈ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਧੁਨਿਕ ਖੇਤੀਬਾੜੀ ਮਸ਼ੀਨਰੀ ਦੀ ਵਰਤੋਂ ਕਰਕੇ ਪਰਾਲੀ ਦਾ ਸੁਚੱਜਾ ਪ੍ਰਬੰਧਨ ਕਰਨ ਤੇ ਵਾਤਾਵਰਨ ਨੂੰ ਸਾਫ਼-ਸੁਥਰਾ ਰੱਖਣ ਵਿੱਚ ਪ੍ਰਸ਼ਾਸਨ ਦਾ ਸਹਿਯੋਗ ਦੇਣ।

ਕਾਨੂੰਗੋ 'ਤੇ ਹਮਲਾ ਕਰਕੇ ਸਰਕਾਰੀ ਰਿਕਾਰਡ ਖੋਹਣ ਦੇ ਦੋਸ਼ 'ਚ ਮਾਮਲਾ ਦਰਜ

ਮਲੋਟ (ਰਜਿੰਦਰ ਜੁਨੇਜਾ)-ਸਰਕਾਰੀ ਡਿਊਟੀ ਨਿਭਾਅ ਰਹੇ ਮਾਲ ਵਿਭਾਗ ਦੇ ਕਾਨੂੰਗੋ ਉੱਤੇ ਹਮਲਾ ਕਰਕੇ ਸਰਕਾਰੀ ਰਿਕਾਰਡ ਖੋਹਣ ਦਾ ਇੱਕ ਗੰਭੀਰ ਮਾਮਲਾ ਸਾਹਮਣੇ ਆਇਆ ਹੈ।ਥਾਣਾ ਕਬਰਵਾਲਾ ਦੀ ਪੁਲਸ ਨੇ ਕਾਨੂੰਗੋ ਦੇ ਬਿਆਨਾਂ ਦੇ ਆਧਾਰ 'ਤੇ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਮਿਲੀ ਜਾਣਕਾਰੀ ਅਨੁਸਾਰ, ਹਲਕਾ ਬੋਦੀਵਾਲਾ ਦੇ ਕਾਨੂੰਗੋ ਅਮਰਿੰਦਰ ਸਿੰਘ ਵੱਲੋਂ ਪੁਲਸ ਨੂੰ ਦਿੱਤੇ ਗਏ ਬਿਆਨਾਂ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਜਦੋਂ ਉਹ ਆਪਣੀ ਸਰਕਾਰੀ ਡਿਊਟੀ ਕਰ ਰਹੇ ਸਨ, ਤਾਂ ਜਸਵੀਰ ਸਿੰਘ ਪੁੱਤਰ ਬਲਬੀਰ ਸਿੰਘ (ਵਾਸੀ ਗੁਰੂ ਸਰ ਯੋਧੇ ਕਾ) ਨੇ ਆਪਣੇ ਅਣਪਛਾਤੇ ਸਾਥੀਆਂ ਨਾਲ ਮਿਲ ਕੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ।ਹਮਲਾਵਰਾਂ ਵੱਲੋਂ ਸਰਕਾਰੀ ਕੰਮ ਵਿੱਚ ਵਿਘਨ ਪਾਇਆ ਗਿਆ ਤੇ ਉਨ੍ਹਾਂ ਕੋਲੋਂ ਅਹਿਮ ਸਰਕਾਰੀ ਰਿਕਾਰਡ ਖੋਹ ਲਿਆ ਗਿਆ।ਕਾਨੂੰਗੋ ਅਮਰਿੰਦਰ ਸਿੰਘ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਥਾਣਾ ਕਬਰਵਾਲਾ ਦੀ ਪੁਲਸ ਨੇ ਜਸਵੀਰ ਸਿੰਘ ਤੇ ਉਸ ਦੇ ਅਣਪਛਾਤੇ ਸਾਥੀਆਂ ਖ਼ਿਲਾਫ਼ ਡਿਊਟੀ ਵਿੱਚ ਦਖ਼ਲ ਦੇਣ ਤੇ ਸਰਕਾਰੀ ਰਿਕਾਰਡ ਖੋਹਣ ਦੇ ਦੋਸ਼ਾਂ ਤਹਿਤ ਕੇਸ ਦਰਜ ਕਰ ਲਿਆ ਹੈ।ਪੁਲਸ ਵੱਲੋਂ ਮਾਮਲੇ ਦੀ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਤੇ ਮੁਲਜ਼ਮਾਂ ਦੀ ਭਾਲ ਜਾਰੀ ਹੈ।

ਔਰਤ ਕੋਲੋਂ 35 ਗ੍ਰਾਮ ਹੈਰੋਇਨ ਬਰਾਮਦ

ਮਲੋਟ (ਰਜਿੰਦਰ ਜੁਨੇਜਾ)-ਮਲੋਟ ਸਬ ਡਵੀਜ਼ਨ ਦੇ ਥਾਣਾ ਕਬਰਵਾਲਾ ਦੀ ਪੁਲਸ ਨੇ ਪਿੰਡ ਗੁਰੂਸਰ ਯੋਧਾ ਨੇੜਿਓਂ ਇੱਕ ਔਰਤ ਨੂੰ 35 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ।ਗ੍ਰਿਫ਼ਤਾਰ ਕੀਤੀ ਗਈ ਔਰਤ ਦੀ ਪਛਾਣ ਗੁਰਪ੍ਰੀਤ ਕੌਰ ਪਤਨੀ ਤੇਜਿੰਦਰ ਸਿੰਘ, ਵਾਸੀ ਗੁਰੂਸਰ ਯੋਧਾ ਵਜੋਂ ਹੋਈ ਹੈ।ਜਾਣਕਾਰੀ ਅਨੁਸਾਰ ਪੁਲਸ ਪਾਰਟੀ ਪਿੰਡ ਡੱਬਵਾਲੀ ਢਾਬ ਤੋਂ ਗੁਰੂਸਰ ਯੋਧਾ ਵੱਲ ਗਸ਼ਤ ਕਰ ਰਹੀ ਸੀ।ਰਸਤੇ ਵਿੱਚ ਪੁਲ ਕੱਸੀ ਨੇੜੇ ਇੱਕ ਔਰਤ ਸ਼ੱਕੀ ਹਾਲਤ ਵਿੱਚ ਬੈਠੀ ਦਿਖਾਈ ਦਿੱਤੀ, ਜੋ ਪੁਲਸ ਨੂੰ ਵੇਖ ਕੇ ਘਬਰਾ ਗਈ।ਪੁਲਸ ਨੇ ਸ਼ੱਕ ਦੇ ਆਧਾਰ 'ਤੇ ਜਦੋਂ ਉਸ ਤੋਂ ਪੁੱਛਗਿੱਛ ਕੀਤੀ ਤਾਂ ਉਸ ਦੇ ਕਬਜ਼ੇ ਵਿੱਚੋਂ 35 ਗ੍ਰਾਮ ਹੈਰੋਇਨ ਬਰਾਮਦ ਹੋਈ।ਪੁਲਸ ਨੇ ਉਕਤ ਔਰਤ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਨਗਰ ਕੌਂਸਲ ਚੋਣਾਂ ਤੋਂ ਪਹਿਲਾਂ ਬਾਘਾ ਪੁਰਾਣਾ 'ਚ ਗੁੰਡਾਗਰਦੀ ਦਾ ਨੰਗਾ ਨਾਚ

- ਅਕਾਲੀ ਉਮੀਦਵਾਰ ਜਗਸੀਰ ਸਿੰਘ ਸੀਰੂ 'ਤੇ ਕੀਤਾ ਹਮਲਾ
- ਹਥਿਆਰਾਂ ਨਾਲ ਲੈਸ ਹਮਲਾਵਰਾਂ ਨੇ ਘਰਾਂ ਦੇ ਗੇਟ ਤੇ ਗੱਡੀ ਭੰਨੀ

ਬਾਘਾ ਪੁਰਾਣਾ (ਮਨੀ ਸਿੰਗਲਾ)-ਨਗਰ ਕੌਂਸਲ ਬਾਘਾ ਪੁਰਾਣਾ ਦੀਆਂ ਚੋਣਾਂ ਤੋਂ ਪਹਿਲਾਂ ਸ਼ਹਿਰ ਅੰਦਰ ਕਾਨੂੰਨ ਵਿਵਸਥਾ ਨੂੰ ਲੈ ਕੇ ਉਸ ਸਮੇਂ ਗੰਭੀਰ ਸਵਾਲ ਖੜ੍ਹੇ ਹੋ ਗਏ, ਜਦੋਂ ਵਾਰਡ ਨੰਬਰ 2 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਜਗਸੀਰ ਸਿੰਘ ਸਿੱਧੂ ਉਰਫ਼ ਸੀਰੂ ਦੀ ਗੱਡੀ 'ਤੇ ਕੁਝ ਅਣਪਛਾਤੇ ਹਮਲਾਵਰਾਂ ਵੱਲੋਂ ਹਮਲਾ ਕਰ ਦਿੱਤਾ ਗਿਆ।ਇਸ ਦੌਰਾਨ ਹਮਲਾਵਰਾਂ ਨੇ ਗੱਡੀ ਦੀ ਭੰਨ-ਤੋੜ ਕਰਕੇ ਉਸ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ।ਇਸ ਤੋਂ ਇਲਾਵਾ ਵਾਰਡ ਦੇ ਕੁਝ ਘਰਾਂ ਦੇ ਗੇਟਾਂ ਨੂੰ ਵੀ ਤੇਜ਼ਧਾਰ ਹਥਿਆਰਾਂ ਨਾਲ ਨੁਕਸਾਨ ਪਹੁੰਚਾਇਆ ਗਿਆ।ਘਟਨਾ ਤੋਂ ਬਾਅਦ ਇਲਾਕੇ ਅੰਦਰ ਦਹਿਸ਼ਤ ਤੇ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ।ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਵੱਡੀ ਗਿਣਤੀ ਵਿੱਚ ਹਥਿਆਰਾਂ ਨਾਲ ਲੈਸ ਹਮਲਾਵਰ ਵਾਰਡ ਨੰਬਰ 2 ਵਿੱਚ ਪਹੁੰਚੇ ਤੇ ਉਨ੍ਹਾਂ ਵੱਲੋਂ ਜਗਸੀਰ ਸਿੰਘ ਸੀਰੂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ।ਇਸ ਦੌਰਾਨ ਉਹ ਵਾਲ-ਵਾਲ ਬਚ ਗਏ, ਪਰ ਹਮਲਾਵਰਾਂ ਨੇ ਉਨ੍ਹਾਂ ਦੀ ਗੱਡੀ ਦੀ ਭੰਨ-ਤੋੜ ਕਰ ਦਿੱਤੀ।ਇਸ ਤੋਂ ਇਲਾਵਾ ਵਾਰਡ ਦੇ ਕੁਝ ਘਰਾਂ ਦੇ ਬਾਹਰ ਲੱਗੇ ਗੇਟਾਂ 'ਤੇ ਵੀ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਨੁਕਸਾਨ ਪਹੁੰਚਾਇਆ ਗਿਆ। ਅਚਾਨਕ ਵਾਪਰੀ ਇਸ ਘਟਨਾ ਨੇ ਇਲਾਕਾ ਵਾਸੀਆਂ ਨੂੰ ਚਿੰਤਾ ਵਿਚ ਪਾ ਦਿੱਤਾ ਹੈ।ਇਸ ਸਬੰਧੀ ਜਗਸੀਰ ਸਿੰਘ ਸੀਰੂ ਨੇ ਦੱਸਿਆ ਕਿ ਉਹ ਨਗਰ ਕੌਂਸਲ ਚੋਣਾਂ ਵਿਚ ਵਾਰਡ ਨੰਬਰ 2 ਤੋਂ ਉਮੀਦਵਾਰ ਹਨ ਤੇ ਚੋਣ ਪ੍ਰਚਾਰ ਦੇ ਹਿੱਸੇ ਵਜੋਂ ਵਾਰਡ ਦੇ ਵੱਖ-ਵੱਖ ਘਰਾਂ ਵਿਚ ਜਾ ਕੇ ਲੋਕਾਂ ਨਾਲ ਮੀਟਿੰਗਾਂ ਕਰ ਰਹੇ ਹਨ।ਇਸੇ ਲੜੀ ਤਹਿਤ ਉਹ ਵਾਰਡ ਨੰਬਰ 2 ਵਿੱਚ ਗਏ ਹੋਏ ਸਨ, ਜਿੱਥੇ ਉਨ੍ਹਾਂ 'ਤੇ ਇਹ ਹਮਲਾ ਹੋਇਆ।ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਨਾਲ ਚੋਣ ਮਾਹੌਲ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਘਟਨਾ ਨੂੰ ਲੈ ਕੇ ਸ਼ਹਿਰ ਵਾਸੀਆਂ ਵਿੱਚ ਭਾਰੀ ਰੋਸ ਤੇ ਚਿੰਤਾ ਪਾਈ ਜਾ ਰਹੀ ਹੈ।ਲੋਕਾਂ ਦਾ ਕਹਿਣਾ ਹੈ ਕਿ ਜੇਕਰ ਚੋਣਾਂ ਤੋਂ ਪਹਿਲਾਂ ਹੀ ਉਮੀਦਵਾਰ ਸੁਰੱਖਿਅਤ ਨਹੀਂ ਹਨ ਤਾਂ ਆਮ ਲੋਕਾਂ ਦੀ ਸੁਰੱਖਿਆ ਨੂੰ ਲੈ ਕੇ ਵੀ ਚਿੰਤਾ ਹੋਣੀ ਸੁਭਾਵਿਕ ਹੈ।ਸ਼ਹਿਰ ਵਾਸੀਆਂ ਨੇ ਪੁਲਸ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਉਂਦਿਆਂ ਮੰਗ ਕੀਤੀ ਹੈ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕੇ ਜਾਣ ਤੇ ਸ਼ਹਿਰ ਵਿੱਚ ਅਮਨ-ਕਾਨੂੰਨ ਦੀ ਸਥਿਤੀ ਕਾਇਮ ਰੱਖੀ ਜਾਵੇ।ਇਸ ਹਮਲੇ ਦੀ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ ਤੇ ਯੂਥ ਕੋਰ ਕਮੇਟੀ ਮੈਂਬਰ ਸੁਖਜੀਤ ਸਿੰਘ ਮਾਹਲਾ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ।ਉਨ੍ਹਾਂ ਕਿਹਾ ਕਿ ਚੋਣਾਂ ਲੋਕਤੰਤਰ ਦਾ ਅਹਿਮ ਹਿੱਸਾ ਹਨ ਤੇ ਹਰ ਉਮੀਦਵਾਰ ਨੂੰ ਬਿਨਾਂ ਕਿਸੇ ਡਰ ਜਾਂ ਦਬਾਅ ਦੇ ਆਪਣਾ ਚੋਣ ਪ੍ਰਚਾਰ ਕਰਨ ਦਾ ਹੱਕ ਹੈ।ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਘਟਨਾ ਦੀ ਨਿਰਪੱਖ ਜਾਂਚ ਕਰਕੇ ਹਮਲਾਵਰਾਂ ਦੀ ਪਛਾਣ ਕੀਤੀ ਜਾਵੇ ਤੇ ਉਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਹੇਮਨ ਧਵਨ ਜ਼ਿਲ੍ਹਾ ਯੂਥ ਅਕਾਲੀ ਦਲ (ਬਾਦਲ) ਦੇ ਮੀਤ ਪ੍ਰਧਾਨ ਨਿਯੁਕਤ

ਮਮਦੋਟ (ਜਸਬੀਰ ਸਿੰਘ ਕੰਬੋਜ)-ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਪਾਰਟੀ ਨੂੰ ਜ਼ਮੀਨੀ ਪੱਧਰ ਤੇ ਹੋਰ ਮਜ਼ਬੂਤ ਕਰਨ ਤੇ ਫੀਲਡ ਵਿੱਚ ਵਧੀਆ ਸੇਵਾਵਾਂ ਨਿਭਾਅ ਰਹੇ ਆਗੂਆਂ ਤੇ ਵਰਕਰਾਂ ਨੂੰ ਹੋਰ ਵੱਡੀਆਂ ਜ਼ਿੰਮੇਵਾਰੀਆਂ ਸੌਂਪਣ ਦੇ ਉਦੇਸ਼ ਨਾਲ ਹਾਲ ਵਿੱਚ ਕੀਤੀਆਂ ਨਵੀਆਂ ਨਿਯੁਕਤੀਆਂ ਤਹਿਤ ਪਾਰਟੀ ਦੇ ਸੀਨੀਅਰ ਆਗੂ ਕਸਬਾ ਮਮਦੋਟ ਦੇ ਪ੍ਰੇਮ ਨਗਰ ਦੇ ਵਾਸੀ ਹੇਮਨ ਧਵਨ ਨੂੰ ਯੂਥ ਅਕਾਲੀ ਦਲ ਫਿਰੋਜ਼ਪੁਰ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਉਨ੍ਹਾ ਦੀ ਇਸ ਨਿਯੁਕਤੀ 'ਤੇ ਸ. ਜੋਗਿੰਦਰ ਸਿੰਘ ਜਿੰਦੂ ਸਾਬਕਾ ਐੱਮ ਐੱਲ ਏ ਹਲਕਾ ਫਿਰੋਜ਼ਪੁਰ ਦਿਹਾਤੀ, ਯੂਥ ਅਕਾਲੀ ਦਲ ਪੰਜਾਬ ਦੀ ਕੋਰ ਕਮੇਟੀ ਦੇ ਮੈਂਬਰ ਸੁਰਿੰਦਰ ਸਿੰਘ ਬੱਬੂ, ਅਕਾਲੀ ਦਲ ਦੇ ਸੀਨੀਅਰ ਆਗੂ ਚਮਕੌਰ ਸਿੰਘ ਟਿੱਬੀ, ਜੋਗਾ ਸਿੰਘ ਮੁਰਕ ਵਾਲਾ, ਵਰਿੰਦਰ ਸਿੰਘ ਵੈਰੜ, ਪਵਨ ਦੁੱਗਲ, ਹਰਸਿਮਰਨ ਸਿੰਘ ਬਾਵਾ, ਭੁਪਿੰਦਰ ਸਿੰਘ ਬੰਟੀ ਵੈਰੜ, ਜਸਬੀਰ ਸਿੰਘ ਸਰਪੰਚ, ਪ੍ਰਕਾਸ਼ ਸਿੰਘ ਮੁਰਕਵਾਲਾ, ਮਨਪ੍ਰੀਤ ਸਿੰਘ ਸਿੱਧੂ, ਅਸ਼ੋਕ ਨਾਰੰਗ, ਹੈਪੀ ਨਾਰੰਗ ਮਨਪ੍ਰੀਤ ਸਿੰਘ, ਜਗਰੂਪ ਸਿੰਘ ਢਿੱਲੋਂ, ਗੁਰਵਿੰਦਰ ਸਿੰਘ ਖਹਿਰਾ ਤੇ ਜੋਗਿੰਦਰ ਸਿੰਘ ਸਵਾਈ ਕੇ ਸਮੇਤ ਵੱਡੀ ਗਿਣਤੀ ਵਿਚ ਆਗੂਆਂ ਨੇ ਨਵ-ਨਿਯੁਕਤ ਮੀਤ ਪ੍ਰਧਾਨ ਹੇਮਨ ਧਵਨ ਨੂੰ ਮੁਬਾਰਕਾਂ ਦਿੱਤੀਆਂ।ਇਸ ਮੌਕੇ ਹੇਮਨ ਧਵਨ ਨੇ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਹਾਈ ਕਮਾਂਡ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਪਾਰਟੀ ਵੱਲੋਂ ਸੌਂਪੀ ਗਈ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।

ਤਰਕਸ਼ੀਲਾਂ ਵੱਲੋਂ ਨਸੀਰੂਦੀਨ ਸ਼ਾਹ ਦੇ ਵਿਗਿਆਨਕ ਵਿਚਾਰਾਂ ਦੀ ਡਟਵੀਂ ਹਮਾਇਤ

ਦਿਮਾਗੀ ਜਾਂ ਸ਼ਹਿਰੀ ਨਕਸਲ ਹੋਣਾ ਕੋਈ ਅਪਰਾਧ ਨਹੀਂ

ਬਰਨਾਲਾ (ਪੱਤਰ ਪ੍ਰੇਰਕ)-ਤਰਕਸ਼ੀਲ ਸੁਸਾਇਟੀ ਪੰਜਾਬ ਨੇ ਮੋਦੀ ਸਰਕਾਰ ਦੀ ਕਾਰਪੋਰੇਟ ਪੱਖੀ ਭਗਵੀਂ ਸਿੱਖਿਆ ਪ੍ਰਣਾਲੀ ਤੇ ਤਾਨਾਸ਼ਾਹੀ ਫ਼ਿਰਕੂ ਰਾਜਨੀਤੀ ਦੀ ਆਲੋਚਨਾ ਕਰਨ ਵਾਲੇ ਫ਼ਿਲਮ ਉਦਯੋਗ ਦੇ ਉੱਘੇ ਲੋਕ ਪੱਖੀ ਅਦਾਕਾਰ ਨਸੀਰੂਦੀਨ ਸ਼ਾਹ ਨੂੰ ਕੇਂਦਰੀ ਮੰਤਰੀ ਕਿਰਨ ਰੀਜਿਜੂ ਵੱਲੋਂ ਖ਼ਤਰਨਾਕ ਅਰਬਨ ਦਿਮਾਗੀ ਨਕਸਲ ਕਹਿਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਅਜਿਹੀ ਫ਼ਿਰਕੂ ਨਫ਼ਰਤੀ ਤੇ ਅਸਹਿਣਸ਼ੀਲ ਮਾਨਸਿਕਤਾ ਨੂੰ ਮੋਦੀ ਸਰਕਾਰ ਦਾ ਫ਼ਾਸ਼ੀਵਾਦ ਕਰਾਰ ਦਿੱਤਾ ਹੈ।ਇਸ ਸਬੰਧੀ ਤਰਕਸ਼ੀਲ ਭਵਨ ਤੋਂ ਪ੍ਰਤੀਕਰਮ ਜਾਰੀ ਕਰਦਿਆਂ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਸੁਮੀਤ ਅੰਮ੍ਰਿਤਸਰ, ਸੁਖਵਿੰਦਰ ਬਾਗਪੁਰ, ਰਾਮ ਸਵਰਨ ਲੱਖੇਵਾਲੀ ਤੇ ਸੁਰਜੀਤ ਟਿੱਬਾ ਨੇ ਕਿਹਾ ਕਿ ਕਿਸੇ ਵੀ ਭਾਰਤੀ ਕਾਨੂੰਨ ਤਹਿਤ ਦਿਮਾਗੀ ਜਾਂ ਸ਼ਹਿਰੀ ਨਕਸਲ ਹੋਣਾ ਕੋਈ ਅਪਰਾਧ ਨਹੀਂ ਹੈ ਤੇ ਮੋਦੀ ਸਰਕਾਰ ਵੱਲੋਂ ਸਿੱਖਿਆ ਪ੍ਰਣਾਲੀ, ਉੱਚ ਵਿੱਦਿਅਕ ਸੰਸਥਾਵਾਂ ਤੇ ਸਮੁੱਚੇ ਲੋਕਤੰਤਰ ਨੂੰ ਬਰਬਾਦ ਕਰਨ ਸਬੰਧੀ, ਜੋ ਵਿਗਿਆਨਕ ਵਿਚਾਰ ਨਸੀਰੂਦੀਨ ਸ਼ਾਹ ਵੱਲੋਂ ਇੱਕ ਵੀਡੀਓ ਰਾਹੀਂ ਬਿਆਨ ਕੀਤੇ ਗਏ ਹਨ, ਤਰਕਸ਼ੀਲ ਸੁਸਾਇਟੀ ਪੰਜਾਬ ਉਨ੍ਹਾਂ ਦੀ ਡੱਟਵੀਂ ਹਮਾਇਤ ਕਰਦੀ ਹੈ ਤੇ ਮੋਦੀ ਸਰਕਾਰ ਦੇ ਵਿਦਿਆਰਥੀਆਂ ਵਿਰੁੱਧ ਅਪਣਾਏ ਫਾਸ਼ੀਵਾਦੀ ਵਤੀਰੇ ਦਾ ਸਖ਼ਤ ਵਿਰੋਧ ਕਰਦੀ ਹੈ।ਉਨ੍ਹਾਂ ਦੋਸ਼ ਲਾਇਆ ਕਿ ਝੂਠੇ ਪੁਲਸ ਮੁਕਾਬਲਿਆਂ ਤੇ ਝੂਠੇ ਕੇਸਾਂ ਹੇਠ ਜੇਲ੍ਹੀਂ ਡੱਕਣ ਦੇ ਜਾਬਰ ਹੱਥਕੰਡਿਆਂ ਰਾਹੀਂ ਆਦਿਵਾਸੀਆਂ ਨੂੰ 'ਚੁੱਪ' ਕਰਵਾ ਕੇ ਜਲ, ਜੰਗਲ, ਜ਼ਮੀਨ ਤੇ ਕੁਦਰਤੀ ਖਣਿਜ ਪਦਾਰਥਾਂ ਨੂੰ ਆਪਣੇ ਕਾਰਪੋਰੇਟ ਭਾਈਵਾਲਾਂ ਨੂੰ ਲੁਟਾਉਣ ਵਾਲੀ ਮੋਦੀ ਸਰਕਾਰ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਸਤਿਆਜੀਤ ਰੇਅ ਫਿਲਮ ਤੇ ਟੈਲੀਵੀਜ਼ਨ ਇੰਸਟੀਚਿਊਟ ਤੇ ਜਾਮਿਆ ਮਿਲੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੇ ਨੌਜਵਾਨਾਂ ਉੱਤੇ ਅੰਨ੍ਹੇਵਾਹ ਤਸ਼ੱਦਦ ਕਰਕੇ ਉਨ੍ਹਾਂ ਦੀਆਂ ਜਮਹੂਰੀ ਆਵਾਜ਼ਾਂ ਨੂੰ ਦਬਾ ਰਹੀ ਹੈ ਅਤੇ ਸਿੱਖਿਆ ਪ੍ਰਣਾਲੀ ਤੇ ਉੱਚ ਵਿਦਿਅਕ ਸੰਸਥਾਵਾਂ ਦਾ ਵਪਾਰੀਕਰਨ ਤੇ ਭਗਵਾਂਕਰਨ ਕਰਕੇ ਇਨ੍ਹਾਂ ਨੂੰ ਇੱਕ ਸਾਜਿਸ਼ ਹੇਠ ਖਤਮ ਕਰਨਾ ਚਾਹੁੰਦੀ ਹੈ, ਜਿਸ ਨੂੰ ਮੁਲਕ ਦੇ ਜਮਹੂਰੀ ਚੇਤਨ ਲੋਕ ਕਦੇ ਵੀ ਸਫ਼ਲ ਨਹੀਂ ਹੋਣ ਦੇਣਗੇ।ਤਰਕਸ਼ੀਲ ਆਗੂਆਂ ਨੇ ਮੰਗ ਕੀਤੀ ਕਿ ਸਿੱਖਿਆ ਤੇ ਉੱਚ ਵਿਦਿਅਕ ਸੰਸਥਾਵਾਂ ਦਾ ਭਗਵਾਂਕਰਨ ਤੇ ਵਪਾਰੀਕਰਨ ਬੰਦ ਕੀਤਾ ਜਾਵੇ ਅਤੇ ਏ ਬੀ ਵੀ ਪੀ ਦੇ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾ ਕੇ ਜਮਹੂਰੀ ਵਿਦਿਆਰਥੀ ਸੰਗਠਨਾਂ ਦੇ ਆਜ਼ਾਦਾਨਾ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਯਕੀਨੀ ਬਣਾਈ ਜਾਵੇ।

ਭੇਦਭਰੀ ਹਾਲਤ 'ਚ ਅਣਪਛਾਤੀ ਲਾਸ਼ ਬਰਾਮਦ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਕਸਬਾ ਮਹਿਲ ਕਲਾਂ ਦੀ ਅਨਾਜ ਮੰਡੀ ਨੇੜਿਓਂ ਇੱਕ ਅਣਪਛਾਤੇ ਵਿਅਕਤੀ ਦੀ ਗਲੀ-ਸੜੀ ਲਾਸ਼ ਬਰਾਮਦ ਹੋਣ ਨਾਲ ਇਲਾਕੇ ਵਿੱਚ ਸਨਸਨੀ ਫੈਲ ਗਈ।ਮ੍ਰਿਤਕ ਦੀ ਉਮਰ ਕਰੀਬ 40 ਸਾਲ ਦੱਸੀ ਜਾ ਰਹੀ ਹੈ ਤੇ ਮੁੱਢਲੇ ਅੰਦਾਜ਼ੇ ਅਨੁਸਾਰ ਉਸ ਦੇ ਪ੍ਰਵਾਸੀ ਮਜ਼ਦੂਰ ਹੋਣ ਦਾ ਖ਼ਦਸ਼ਾ ਹੈ।ਹਾਲਾਂਕਿ, ਮ੍ਰਿਤਕ ਦੀ ਪਛਾਣ ਤੇ ਮੌਤ ਦੇ ਕਾਰਨਾਂ ਦੀ ਅਜੇ ਪੁਸ਼ਟੀ ਨਹੀਂ ਹੋ ਸਕੀ।ਪ੍ਰਾਪਤ ਜਾਣਕਾਰੀ ਅਨੁਸਾਰ ਅਨਾਜ ਮੰਡੀ ਨਾਲ ਲੱਗਦੇ ਖੇਤਾਂ ਵਿੱਚ ਝੋਨੇ ਦੀ ਕਟਾਈ ਕਰ ਰਹੇ ਕਿਸਾਨਾਂ ਨੂੰ ਅਚਾਨਕ ਤੇਜ਼ ਬਦਬੂ ਆਈ।ਜਦੋਂ ਉਨ੍ਹਾਂ ਨੇ ਆਲੇ-ਦੁਆਲੇ ਦੇਖਿਆ ਤਾਂ ਮੰਡੀ ਦੀ ਕੰਧ ਨੇੜੇ ਇੱਕ ਵਿਅਕਤੀ ਦੀ ਲਾਸ਼ ਪਈ ਮਿਲੀ।ਲਾਸ਼ ਬੁਰੀ ਤਰ੍ਹਾਂ ਗਲ-ਸੜ ਚੁੱਕੀ ਸੀ ਤੇ ਅਧਨੰਗੀ ਹਾਲਤ ਵਿੱਚ ਸੀ।ਇਸ ਤੋਂ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਮੌਤ ਕਈ ਦਿਨ ਪਹਿਲਾਂ ਹੋਈ ਹੋ ਸਕਦੀ ਹੈ। ਘਟਨਾ ਦੀ ਸੂਚਨਾ ਮਿਲਣ 'ਤੇ ਥਾਣਾ ਮਹਿਲ ਕਲਾਂ ਦੀ ਐੱਸ.ਐੱਚ.ਓ. ਕਮਲਜੀਤ ਕੌਰ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਤੇ ਸਥਿਤੀ ਦਾ ਜਾਇਜ਼ਾ ਲਿਆ।ਪੁਲਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਫਿਲਹਾਲ ਮ੍ਰਿਤਕ ਦੀ ਪਛਾਣ ਨਹੀਂ ਹੋ ਸਕੀ।ਪੁਲਸ ਵੱਲੋਂ ਲਾਸ਼ ਦੀ ਸ਼ਨਾਖਤ ਕਰਨ ਤੇ ਮੌਤ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ।

ਗੈਰ-ਕਾਨੂੰਨੀ ਹਥਿਆਰਾਂ ਦਾ ਮਡਿਊਲ ਬੇਨਕਾਬ, 9 ਪਿਸਤੌਲਾਂ ਸਮੇਤ 3 ਗ੍ਰਿਫਤਾਰ

ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਮਾੜੇ ਅਨਸਰਾਂ ਤੇ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਪਟਿਆਲਾ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਥਾਣਾ ਸਿਟੀ ਰਾਜਪੁਰਾ ਤੇ ਸੀ.ਆਈ.ਏ. ਰਾਜਪੁਰਾ ਦੀਆਂ ਸਾਂਝੀਆਂ ਟੀਮਾਂ ਨੇ ਇੱਕ ਹਥਿਆਰ ਸਪਲਾਈ ਮੋਡਿਊਲ ਦਾ ਪਰਦਾਫਾਸ਼ ਕਰਦਿਆਂ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ।

ਪੁਲਸ ਨੇ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ .32 ਬੋਰ ਦੀਆਂ 9 ਪਿਸਤੌਲਾਂ, 10 ਜ਼ਿੰਦਾ ਕਾਰਤੂਸ, 16 ਮੈਗਜ਼ੀਨ ਤੇ ਇੱਕ ਚਿੱਟੇ ਰੰਗ ਦੀ ਹੁੰਡਈ ਵਰਨਾ ਕਾਰ ਬਰਾਮਦ ਕੀਤੀ ਹੈ।ਇਸ ਸਬੰਧੀ ਥਾਣਾ ਸਿਟੀ ਰਾਜਪੁਰਾ ਵਿਖੇ ਆਰਮਜ਼ ਐਕਟ ਤੇ ਬੀ.ਐੱਨ.ਐੱਸ. ਦੀਆਂ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਐੱਸ. ਪੀ. (ਡੀ) ਰਾਜੇਸ਼ ਛਿੱਬੜ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾ ਦੀ ਪਛਾਣ ਜਸਵਿੰਦਰ ਸਿੰਘ ਉਰਫ਼ ਗੋਰਾ, ਵਾਸੀ ਪਿੰਡ ਕੋਟੜਾ ਸਿੰਘ ਵਾਲਾ, ਥਾਣਾ ਭਗਤਾ ਭਾਈ ਜ਼ਿਲ੍ਹਾ ਬਠਿੰਡਾ ਇਸ ਵਿਰੁੱਧ ਪਹਿਲਾਂ ਵੀ ਅਸਲਾ ਐਕਟ ਤੇ ਚੋਰੀ ਦੇ ਪਰਚੇ ਦਰਜ ਹਨ।ਲਖਵੀਰ ਸਿੰਘ ਉਰਫ਼ ਲਾਡੀ ਵਾਸੀ ਪਿੰਡ ਅਲੀਪੁਰ ਮੰਡਵਾਲ, ਥਾਣਾ ਖੇੜੀ ਗੰਡਿਆਂ, ਜ਼ਿਲ੍ਹਾ ਪਟਿਆਲਾ (ਇਸ ਵਿਰੁੱਧ ਪਹਿਲਾਂ ਅਸਲਾ ਐਕਟ ਤੇ ਐਨ.ਡੀ.ਪੀ.ਐਸ. ਐਕਟ ਦੇ ਪਰਚੇ ਦਰਜ ਹਨ), ਗੁਰਪ੍ਰੀਤ ਸਿੰਘ ਉਰਫ਼ ਗੋਪੀ ਵਾਸੀ ਅਮੀਰ ਕਲੋਨੀ ਰਾਜਪੁਰਾ ਜ਼ਿਲ੍ਹਾ ਪਟਿਆਲਾ ਵਜੋਂ ਹੋਈ ਹੈ।ਮੁੱਢਲੀ ਪੁੱਛਗਿੱਛ ਦੌਰਾਨ ਇਹ ਖ਼ੁਲਾਸਾ ਹੋਇਆ ਹੈ ਕਿ ਬਰਾਮਦ ਕੀਤੇ ਗਏ ਹਥਿਆਰ ਮੱਧ ਪ੍ਰਦੇਸ਼ ਤੋਂ ਲਿਆਂਦੇ ਗਏ ਸਨ।ਮੁਲਜ਼ਮ ਜਸਵਿੰਦਰ ਸਿੰਘ ਉਰਫ਼ ਗੋਰਾ ਦੇ ਬੰਬੀਹਾ ਗੈਂਗ ਨਾਲ ਸਬੰਧ ਸਾਹਮਣੇ ਆਏ ਹਨ ਤੇ ਉਸ ਵੱਲੋਂ ਇਹ ਹਥਿਆਰ ਬੰਬੀਹਾ ਗੈਂਗ ਲਈ ਸਪਲਾਈ ਕੀਤੇ ਜਾਣੇ ਸਨ।

ਜਾਂਚ 'ਚ ਸਾਹਮਣੇ ਆਇਆ ਕਿ ਮੁਲਜ਼ਮ ਜਸਵਿੰਦਰ ਸਿੰਘ ਆਪਣੇ ਪਿੰਡ ਦੇ ਦੋ ਵਿਅਕਤੀਆਂ ਨਾਲ ਨਿੱਜੀ ਰੰਜਿਸ਼ ਰੱਖਦਾ ਸੀ ਤੇ ਉਨ੍ਹਾਂ ਦਾ ਕਤਲ ਕਰਨ ਦੀ ਯੋਜਨਾ ਬਣਾ ਰਿਹਾ ਸੀ।ਪੁਲਸ ਵੱਲੋਂ ਸਮੇਂ ਸਿਰ ਕੀਤੀ ਕਾਰਵਾਈ ਨਾਲ ਇੱਕ ਸੰਭਾਵਿਤ ਦੋਹਰੇ ਕਤਲ ਦੀ ਵਾਰਦਾਤ ਟਲ ਗਈ।ਪੁਲਸ ਅਨੁਸਾਰ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ ਤਾਂ ਜੋ ਹਥਿਆਰਾਂ ਦੇ ਪੂਰੇ ਨੈੱਟਵਰਕ ਤੇ ਹੋਰ ਸ਼ਾਮਲ ਵਿਅਕਤੀਆਂ ਦਾ ਪਤਾ ਲਗਾਇਆ ਜਾ ਸਕੇ।

ਪੰਜਾਬੀ ਵਿਸ਼ੇ 'ਚੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਬੱਚਿਆਂ ਦਾ ਸਨਮਾਨ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਪੇਂਡੂ ਸਾਹਿਤ ਸਭਾ (ਰਜਿ:) ਬਾਲਿਆਂਵਾਲੀ ਵੱਲੋਂ ਕਵੀਸ਼ਰ ਮਾਘੀ ਸਿੰਘ ਗਿੱਲ ਯਾਦਗਾਰੀ, ਬ੍ਰਿਗੇਡੀਅਰ ਬੰਤ ਸਿੰਘ ਮੈਮੋਰੀਅਲ ਸੁਵਿਧਾ ਕੇਂਦਰ ਤੇ ਕੰਪਿਊਟਰ ਸੈਂਟਰ ਬਾਲਿਆਂਵਾਲੀ ਵਿਖੇ ਸੁਰਜੀਤ ਸਿੰਘ ਮਾਧੋਪੁਰੀ ਸਰਵ ਸ੍ਰੇਸ਼ਠ ਪੁਰਸਕਾਰ ਵਿਜੇਤਾ ਕੈਨੇਡਾ ਤੇ ਪਿੰਡ ਦੀਆਂ ਸਵਰਗਵਾਸੀ ਸ਼ਖ਼ਸੀਅਤਾਂ ਸ੍ਰੀ ਦਲਜੀਤ ਪਾਂਧੀ, ਪ੍ਰਿੰਸੀ. ਸੁਖਦੇਵ ਸਿੰਘ ਦਰਦੀ, ਮਾ: ਦਰਸ਼ਨ ਸਿੰਘ ਸਿੱਧੂ, ਮਾ: ਮਨੋਹਰ ਲਾਲ ਗੁਪਤਾ, ਸ੍ਰੀਮਤੀ ਮਨਜੀਤ ਕੌਰ ਤੇ ਰਾਮ ਕਰਨ ਸਿੰਘ ਦੇ ਪਰਵਾਰਾਂ ਦੇ ਸਹਿਯੋਗ ਨਾਲ ਇਲਾਕੇ ਦੇ 16 ਪਿੰਡਾਂ ਦੇ ਸਰਕਾਰੀ ਤੇ ਗੈਰ-ਸਰਕਾਰੀ ਸਕੂਲਾਂ ਦੇ ਉਨ੍ਹਾਂ ਬੱਚਿਆਂ ਦਾ ਨਕਦ ਇਨਾਮ ਤੇ ਸਰਟੀਫਿਕੇਟ ਦੇ ਕੇ ਸਨਮਾਨ ਕੀਤਾ ਗਿਆ, ਜਿਨ੍ਹਾਂ ਨੇ ਪੰਜਾਬੀ ਵਿਸ਼ੇ ਵਿੱਚੋਂ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ਸਨ ਤੇ ਉਨ੍ਹਾਂ ਅਧਿਆਪਕਾਂ ਦਾ ਵੀ ਸਰਟੀਫਿਕੇਟ ਦੇ ਕੇ ਸਨਮਾਨ ਕੀਤਾ ਗਿਆ, ਜਿਨ੍ਹਾਂ ਨੇ ਇਨ੍ਹਾਂ ਬੱਚਿਆਂ ਨੂੰ ਪੰਜਾਬੀ ਵਿਸ਼ਾ ਪੜ੍ਹਾਇਆ ਸੀ।

ਪ੍ਰੋਗਰਾਮ ਵਿੱਚ ਬਤੌਰ ਮੁੱਖ ਮਹਿਮਾਨ ਚੇਅਰਮੈਨ ਫ਼ਤਿਹ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ ਨੇ ਸ਼ਿਰਕਤ ਕੀਤੀ। ਉਨ੍ਹਾਂ ਨੇ ਆਪਣੇ ਮੁੱਖ ਭਾਸ਼ਣ ਵਿੱਚ ਏ ਆਈ ਨੂੰ ਨਾਲ ਜੋੜ ਕੇ ਅਧਿਆਪਕ ਦੀ ਕਦਰ ਬਾਰੇ ਚਾਨਣਾ ਪਾਇਆ ਤੇ ਸਭਾ ਵੱਲੋਂ ਕਰਵਾਏ ਗਏ ਪ੍ਰੋਗਰਾਮ ਦੀ ਸ਼ਲਾਘਾ ਵੀ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਸੁਖਦਰਸ਼ਨ ਗਰਗ ਨੇ ਕੀਤੀ। ਸਟੇਜ ਸੰਚਾਲਨ ਮਾ. ਜਗਨ ਨਾਥ ਨੇ ਨਿਭਾਈ। ਇਸ ਮੌਕੇ ਜਸਵਿੰਦਰ ਸਿੰਘ ਹੇਅਰ ਦੀ ਪੁਸਤਕ 'ਗਣਿਤ ਦੀ ਜੜ੍ਹ' ਲੋਕ ਅਰਪਣ ਕੀਤੀ ਗਈ। ਮਾ. ਗੁਰਵਿੰਦਰ ਸਿੰਘ ਸਿੱਧੂ ਨੇ ਕਿਤਾਬ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ।

ਲੱਡਾ ਦੇ ਸਰਪੰਚ ਵੱਲੋਂ ਪ੍ਰਸ਼ਾਸਨ 'ਤੇ ਵੋਟ ਚੋਰੀ ਦਾ ਦੋਸ਼

ਕਈ ਪੀੜ੍ਹੀਆਂ ਤੋਂ ਰਹਿ ਰਹੇ 23 ਵੋਟਰਾਂ ਦੀਆਂ ਜਾਇਜ਼ ਵੋਟਾਂ ਕੱਟੀਆਂ

ਜਾਣਕਾਰੀ ਦਿੰਦੇ ਹੋਏ ਸਰਪੰਚ ਮਿੱਠੂ ਲੱਡਾ।

ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)-ਨੇੜਲੇ ਪਿੰਡ ਲੱਡਾ ਦੇ ਸਰਪੰਚ ਮਿੱਠੂ ਲੱਡਾ ਨੇ ਪਿੰਡ ਦੇ ਦੋ ਦਰਜਨ ਦੇ ਕਰੀਬ ਪ੍ਰਭਾਵਿਤ ਲੋਕਾਂ ਨੂੰ ਨਾਲ ਲੈ ਕੇ ਪ੍ਰਸ਼ਾਸਨ ਤੇ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹਦਿਆਂ ਧੱਕੇਸ਼ਾਹੀ ਦੇ ਗੰਭੀਰ ਦੋਸ਼ ਲਾਏ ਹਨ।ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਵੋਟਾਂ ਦੀ ਸੁਧਾਈ ਤੇ ਮਰਦਮਸ਼ੁਮਾਰੀ ਬਹਾਨੇ ਪ੍ਰਸ਼ਾਸਨ ਵੱਲੋਂ ਸ਼ਰੇਆਮ ਵੋਟ-ਚੋਰੀ ਦਾ ਖੇਲ੍ਹ ਖੇਡਿਆ ਜਾ ਰਿਹਾ ਹੈ।ਪਿੰਡ 'ਚ ਪੀੜ੍ਹੀ ਦਰ ਪੀੜ੍ਹੀ ਵਸਦੇ ਆ ਰਹੇ 23 ਵੋਟਰਾਂ ਦੀਆਂ ਜਾਇਜ਼ ਵੋਟਾਂ ਧੱਕੇ ਨਾਲ ਕੱਟ ਕੇ ਉਨ੍ਹਾਂ ਦਾ ਸੰਵਿਧਾਨਕ ਹੱਕ ਖੋਹਿਆ ਗਿਆ ਹੈ।ਸਰਪੰਚ ਮਿੱਠੂ ਲੱਡਾ ਨੇ ਕਿਹਾ ਕਿ ਕਾਂਗਰਸ ਦੇ ਕੌਮੀ ਆਗੂ ਰਾਹੁਲ ਗਾਂਧੀ ਦਾ ਇਹ ਦਾਅਵਾ ਬਿਲਕੁਲ ਸੱਚ ਸਾਬਿਤ ਹੋ ਰਿਹਾ ਜਾਪਦਾ ਹੈ ਕਿ ਐੱਸ.ਆਈ.ਆਰ. ਦੇ ਨਾਂਅ ਹੇਠ ਗ਼ਰੀਬਾਂ ਤੇ ਆਮ ਲੋਕਾਂ ਦੇ ਵੋਟ ਪਾਉਣ ਦੇ ਹੱਕ 'ਤੇ ਡਾਕਾ ਮਾਰਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਲੱਡਾ ਪਿੰਡ ਦੇ ਇਹ ਪੀੜਤ ਵੋਟਰ ਇਸ ਧੱਕੇਸ਼ਾਹੀ ਦੀ ਜਿਉਂਦੀ-ਜਾਗਦੀ ਮਿਸਾਲ ਹਨ, ਜਿਨ੍ਹਾਂ ਦੇ ਬਾਪ-ਦਾਦੇ ਵੀ ਇਸੇ ਮਿੱਟੀ 'ਚ ਜੰਮੇ-ਪਲੇ ਤੇ ਜਿਊਂਦੇ ਆਏ ਹਨ, ਪਰ ਅੱਜ ਅਫ਼ਸਰਸ਼ਾਹੀ ਨੇ ਇੱਕੋ ਕਲਮ ਨਾਲ ਉਨ੍ਹਾਂ ਦਾ ਵੋਟ ਹੱਕ ਖ਼ਤਮ ਕਰ ਦਿੱਤਾ ਹੈ।ਇਹ ਨਿਰਾ ਲੋਕਤੰਤਰ ਦਾ ਘਾਣ ਤੇ ਅਸਲ ਵੋਟਰਾਂ ਨਾਲ ਨੰਗਾ-ਚਿੱਟਾ ਧਰੋਹ ਹੈ।ਉਨ੍ਹਾਂ ਚੇਤਾਵਨੀ ਦਿੰਦਿਆਂ ਆਖਿਆ ਕਿ ਜੇਕਰ ਵੋਟਰ ਸੂਚੀਆਂ 'ਚ ਹੋਈ ਇਹ ਗੜਬੜ ਤੁਰੰਤ ਠੀਕ ਨਾ ਕੀਤੀ ਗਈ ਤੇ ਕੱਟੀਆਂ ਵੋਟਾਂ ਮੁੜ ਬਹਾਲ ਨਾ ਹੋਈਆਂ, ਤਾਂ ਪਿੰਡ ਵਾਸੀ ਚੁੱਪ ਕਰਕੇ ਨਹੀਂ ਬੈਠਣਗੇ।ਪ੍ਰਸ਼ਾਸਨ ਨੂੰ ਤਾੜਨਾ ਦਿੰਦਿਆਂ ਸਰਪੰਚ ਨੇ ਕਿਹਾ ਕਿ ਹੱਕਾਂ ਦੀ ਰਾਖੀ ਲਈ ਉਹ ਤਿੱਖਾ ਸੰਘਰਸ਼ ਵਿੱਢਣਗੇ ਤੇ ਪ੍ਰਸ਼ਾਸਨਕ ਦਫ਼ਤਰਾਂ ਦਾ ਘਿਰਾਓ ਕਰਨ ਤੋਂ ਵੀ ਪਿੱਛੇ ਨਹੀਂ ਹਟਣਗੇ।

ਜਦੋਂ ਇਸ ਸਬੰਧੀ ਪਿੰਡ ਦੇ ਬੀ.ਐੱਲ.ਓ. ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਕੁਝ ਵੋਟਾਂ, ਜੋ ਮੈਚ ਨਹੀਂ ਹੋਈਆਂ ਸਨ, ਉਸ ਸਬੰਧੀ ਨਹਿਰੀ ਵਿਭਾਗ ਦੇ ਐੱਸ.ਡੀ.ਓ. ਨੂੰ ਪ੍ਰਸ਼ਾਸਨ ਵੱਲੋਂ ਸੁਣਵਾਈ ਲਈ ਅਧਿਕਾਰੀ ਤਾਇਨਾਤ ਕੀਤਾ ਗਿਆ ਸੀ।ਜਦੋਂ ਨਹਿਰੀ ਵਿਭਾਗ ਲੱਡਾ ਦੇ ਐੱਸ.ਡੀ.ਓ. ਕਰਨ ਬਾਂਸਲ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਮਾਮਲੇ ਬਾਰੇ ਅਗਿਆਨਤਾ ਪ੍ਰਗਟਾਉਂਦਿਆਂ ਕਿਹਾ ਕਿ 'ਤੁਸੀਂ ਕਿਹੜੀ ਵੋਟ, ਕਿਸ ਵਿਅਕਤੀ ਤੇ ਕੀ ਗੱਲ ਕਰ ਰਹੇ ਹੋ, ਮੈਨੂੰ ਕੋਈ ਜਾਣਕਾਰੀ ਨਹੀਂ' ਕਹਿ ਕੇ ਪੱਲਾ ਝਾੜ ਲਿਆ।

ਭੰਗੇਵਾਲਾ ਨੇ ਮੁਕਤਸਰ ਦੀਆਂ ਸਮੱਸਿਆਵਾਂ ਨੂੰ ਲੈ ਕੇ ਚੁੱਕੇ ਸਵਾਲ

- ਮੁਕਤਸਰ ਨੂੰ ਮਿਲੀਆਂ ਤਿੰਨ ਨਵੀਆਂ ਰੇਲ ਗੱਡੀਆਂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)-ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਭੰਗੇਵਾਲਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ ਦੇ ਪੱਤਰਕਾਰਾਂ ਦਾ ਧੰਨਵਾਦ ਕਰਦਿਆਂ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਪਣੇ ਕਾਰਜਕਾਲ ਦੌਰਾਨ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਨਹੀਂ ਉੱਤਰੀ।ਇਸ ਮੌਕੇ ਭਾਜਪਾ ਦੇ ਸੀਨੀਅਰ ਆਗੂ ਰੁਪਿੰਦਰ ਭੰਡਾਰੀ, ਰਵਿੰਦਰ ਠੇਲਾ, ਰਾਜੀਵ ਗਾਵੜਾ, ਅਸ਼ਨੀ ਗਿਰਧਰ, ਅਜੇ ਕੌਂਸਲ, ਰਵਿੰਦਰ ਕਟਾਰੀਆ, ਅਨੁਰਾਗ ਸ਼ਰਮਾ ਤੇ ਹੋਰ ਆਗੂ ਮੌਜੂਦ ਸਨ।ਕੁਲਦੀਪ ਸਿੰਘ ਭੰਗੇਵਾਲਾ ਨੇ ਕਿਹਾ ਕਿ ਕੇਂਦਰ ਸਰਕਾਰ ਆਪਣੇ ਮੁਲਾਜ਼ਮਾਂ ਨੂੰ ਮਹਿੰਗਾਈ ਭੱਤਾ (ਡੀਏ) ਦੇਣ ਲਈ ਵਚਨਬੱਧ ਹੈ, ਪਰ ਪੰਜਾਬ ਸਰਕਾਰ ਆਪਣੇ ਮੁਲਾਜ਼ਮਾਂ ਨੂੰ ਡੀਏ ਦੀਆਂ ਬਕਾਇਆ ਕਿਸ਼ਤਾਂ ਦੇਣ ਦੀ ਬਜਾਏ ਅਦਾਲਤ ਦਾ ਰੁਖ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਹਾਈਕੋਰਟ ਵੱਲੋਂ ਵੀ ਪੰਜਾਬ ਸਰਕਾਰ ਨੂੰ ਜੁਰਮਾਨਾ ਲਗਾਇਆ ਗਿਆ ਹੈ, ਪਰ ਇਸ ਦੇ ਬਾਵਜੂਦ ਮੁਲਾਜ਼ਮਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਨਹੀਂ ਮਿਲ ਰਿਹਾ।ਉਨ੍ਹਾਂ ਨੇ ਪਰਮਿੰਦਰ ਝੋਟੇ ਦੇ ਮਾਮਲੇ ਤੇ ਇਨਸਾਫ਼ ਦੀ ਮੰਗ ਕਰ ਰਹੇ ਲੋਕਾਂ ਨਾਲ ਪੁਲਸ ਵੱਲੋਂ ਕੀਤੀ ਗਈ ਕਾਰਵਾਈ ਦੀ ਸਖ਼ਤ ਨਿੰਦਾ ਕੀਤੀ।ਉਨ੍ਹਾਂ ਦੋਸ਼ ਲਾਇਆ ਕਿ ਧਰਨੇ ਦੌਰਾਨ ਮਹਿਲਾਵਾਂ ਦੀਆਂ ਚੁੰਨੀਆਂ ਦੀ ਬੇਅਦਬੀ ਕੀਤੀ ਗਈ ਤੇ ਸਿੱਖ ਨੌਜਵਾਨਾਂ ਦੀਆਂ ਦਸਤਾਰਾਂ ਤੇ ਕੇਸਾਂ ਦੀ ਬੇਅਦਬੀ ਕੀਤੀ ਗਈ। ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਇਤਿਹਾਸਕ ਸ਼ਹਿਰ ਸ੍ਰੀ ਮੁਕਤਸਰ ਸਾਹਿਬ ਦੀਆਂ ਸੜਕਾਂ ਤੇ ਗਲੀਆਂ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ।ਸੀਵਰੇਜ ਦੇ ਕੰਮ ਕਾਰਨ ਸ਼ਹਿਰ ਦੀਆਂ ਕਈ ਸੜਕਾਂ ਪੁੱਟੀਆਂ ਪਈਆਂ ਹਨ ਤੇ ਲੋਕਾਂ ਨੂੰ ਰੋਜ਼ਾਨਾ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਉਨ੍ਹਾਂ ਕਿਹਾ ਕਿ ਅੰਮ੍ਰਿਤ ਯੋਜਨਾ ਤਹਿਤ ਕੇਂਦਰ ਸਰਕਾਰ ਵੱਲੋਂ ਲਗਭਗ 158 ਕਰੋੜ ਰੁਪਏ ਦਿੱਤੇ ਗਏ ਸਨ, ਪਰ ਕੰਮ ਦੀ ਸਹੀ ਯੋਜਨਾਬੰਦੀ ਨਾ ਹੋਣ ਕਾਰਨ ਲੋਕ ਖੱਜਲ-ਖੁਆਰ ਹੋ ਰਹੇ ਹਨ। ਪ੍ਰੈੱਸ ਕਾਨਫਰੰਸ ਦੌਰਾਨ ਕੁਲਦੀਪ ਸਿੰਘ ਭੰਗੇਵਾਲਾ ਨੇ ਮੁਕਤਸਰ ਵਾਸੀਆਂ ਲਈ ਖੁਸ਼ਖਬਰੀ ਸਾਂਝੀ ਕਰਦਿਆਂ ਕਿਹਾ ਕਿ ਲੰਬੇ ਸਮੇਂ ਤੋਂ ਇਲਾਕੇ ਦੇ ਲੋਕਾਂ ਦੀ ਮੰਗ ਸੀ ਕਿ ਸ੍ਰੀ ਮੁਕਤਸਰ ਸਾਹਿਬ ਨੂੰ ਦੇਸ਼ ਦੇ ਹੋਰ ਵੱਡੇ ਸ਼ਹਿਰਾਂ ਨਾਲ ਸਿੱਧੀ ਰੇਲ ਸਹੂਲਤ ਰਾਹੀਂ ਜੋੜਿਆ ਜਾਵੇ।ਉਨ੍ਹਾਂ ਦੱਸਿਆ ਕਿ ਭਾਜਪਾ ਆਗੂਆਂ ਦੇ ਯਤਨਾਂ ਤੇ ਕੇਂਦਰੀ ਪੱਧਰ 'ਤੇ ਕੀਤੀ ਗਈ ਪੈਰਵੀ ਸਦਕਾ ਹੁਣ ਤਿੰਨ ਨਵੀਆਂ ਰੇਲ ਗੱਡੀਆਂ ਦੀ ਸਹੂਲਤ ਮਿਲਣ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਇਸ ਸਬੰਧੀ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ, ਭਾਜਪਾ ਦੇ ਸੀਨੀਅਰ ਆਗੂ ਬੀ.ਐੱਲ. ਸੰਤੋਸ਼, ਕੇਵਲ ਸਿੰਘ ਢਿੱਲੋਂ ਤੇ ਹੋਰ ਆਗੂਆਂ ਦੇ ਸਹਿਯੋਗ ਨਾਲ ਲਗਾਤਾਰ ਯਤਨ ਕੀਤੇ ਗਏ।ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਸਬੰਧਤ ਕੇਂਦਰੀ ਆਗੂਆਂ ਦਾ ਧੰਨਵਾਦ ਕੀਤਾ।ਉਨ੍ਹਾਂ ਉਮੀਦ ਜਤਾਈ ਕਿ ਵਾਸ਼ਿੰਗ ਸਹੂਲਤ ਬਣਨ ਤੋਂ ਬਾਅਦ ਮੁਕਤਸਰ ਨੂੰ ਹੋਰ ਵੀ ਰੇਲ ਗੱਡੀਆਂ ਮਿਲਣਗੀਆਂ।ਉਨ੍ਹਾਂ ਦੱਸਿਆ ਕਿ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ 10 ਨਵੰਬਰ ਨੂੰ ਮਲੋਟ ਆਉਣਾ ਸੀ ਤੇ ਫਸਲਾਂ ਦੇ ਨੁਕਸਾਨ ਤੋਂ ਪ੍ਰਭਾਵਿਤ ਕਿਸਾਨਾਂ ਨਾਲ ਮੁਲਾਕਾਤ ਕਰਨੀ ਸੀ, ਪਰ ਉਨ੍ਹਾਂ ਦੀ ਮਾਤਾ ਜੀ ਦੇ ਦੇਹਾਂਤ ਕਾਰਨ ਇਹ ਦੌਰਾ ਮੁਲਤਵੀ ਹੋ ਗਿਆ ਹੈ।ਨਵੇਂ ਪ੍ਰੋਗਰਾਮ ਬਾਰੇ ਬਾਅਦ ਵਿੱਚ ਜਾਣਕਾਰੀ ਦਿੱਤੀ ਜਾਵੇਗੀ।ਅੰਤ ਵਿੱਚ ਕੁਲਦੀਪ ਸਿੰਘ ਭੰਗੇਵਾਲਾ ਨੇ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਅਤੇ ਲੋਕ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਦਾ ਜਵਾਬ ਦੇਣ ਲਈ ਤਿਆਰ ਹਨ।

ਜਦੋਂ ਬੱਸ 'ਚ ਗੁਆਚੇ ਪਰਸ ਵਿਚਲੇ ਪੈਸਿਆਂ ਦੀ ਵੰਡ ਨੂੰ ਲੈ ਕੇ ਹੋਇਆ ਝਗੜਾ..!

ਸਮਰਾਲਾ (ਸੁਰਜੀਤ ਸਿੰਘ)-ਬਹੁਤ ਛੋਟੀਆਂ ਉਪਲੱਬਧੀਆਂ ਤੇ ਲੋਕਾਂ ਦਾ ਘਟੀਆ ਕਿਰਦਾਰ ਕਿਸ ਢੰਗ ਵਿੱਚ ਸਾਹਮਣੇ ਆਉਂਦਾ ਹੈ, ਇਸ ਦੀ ਇੱਕ ਤਾਜ਼ਾ ਮਿਸਾਲ ਉਸ ਵੇਲੇ ਪ੍ਰਕਟ ਹੋਈ, ਜਦੋਂ ਰੋਜ਼ਾਨਾ ਸਮਰਾਲਾ ਤੋਂ ਮੋਹਾਲੀ ਜਾਂਦੇ ਇੱਕ ਨੌਜਵਾਨ ਅਨੁਪ੍ਰਾਸ ਦਾ ਪਰਸ ਗਲਤੀ ਨਾਲ ਬੱਸ ਵਿਚ ਡਿੱਗ ਪਿਆ। ਉਹ ਬੱਸ ਚੰਡੀਗੜ੍ਹ ਤੋਂ ਦਿੱਲੀ ਨੂੰ ਰਵਾਨਾ ਹੋਈ ਤਾਂ ਬਸ ਵਿੱਚ ਕੁਰੂਕਸ਼ੇਤਰ ਜਾਣ ਲਈ ਇੱਕ ਰਜਨੀ ਨਾਂ ਦੀ ਕੁੜੀ ਬੈਠ ਗਈ, ਜਿਸ ਨੂੰ ਇਹ ਪਰਸ ਉਸ ਦੀ ਸੀਟ ਥੱਲਿਓਂ ਮਿਲ ਗਿਆ।ਕੁੜੀ ਨੇ ਪਰਸ ਕੰਡਕਟਰ ਦੇ ਹਵਾਲੇ ਕਰ ਦਿੱਤਾ।ਕੰਡਕਟਰ ਨੇ ਝੱਟ ਪਰਸ ਵਿੱਚੋਂ ਨਕਦ ਪੈਸੇ ਕੱਢ ਕੇ ਆਪਣੀ ਜੇਬ ਦੇ ਹਵਾਲੇ ਕੀਤੇ ਤੇ ਖਾਲੀ ਪਰਸ ਆਪਣੇ ਝੋਲੇ ਵਿੱਚ ਰੱਖ ਲਿਆ।ਇਸ 'ਤੇ ਕੁੜੀ ਨੂੰ ਸ਼ੱਕ ਹੋਣ 'ਤੇ ਉਸ ਨੇ ਰੌਲਾ ਪਾਇਆ ਤੇ ਪਰਸ ਵਾਪਸ ਕਰਨ ਦੀ ਮੰਗ ਕੀਤੀ, ਪਰ ਕੰਡਕਟਰ ਨੇ ਪਰਸ ਦੇਣ ਤੋਂ ਇਨਕਾਰ ਕਰ ਦਿੱਤਾ।ਉਧਰ ਬੱਸ ਵਿੱਚ ਬੈਠੇ ਦੋ ਨੌਜਵਾਨ ਕੁੜੀ ਦੀ ਮਦਦ ਵਿੱਚ ਆਏ ਤੇ ਪਰਸ ਵਾਪਸ ਲੈਣ ਵਿੱਚ ਸਫਲ ਹੋਏ।ਹੁਣ ਨੌਜਵਾਨਾਂ ਨੇ ਕੁੜੀ ਨੂੰ ਆਫਰ ਦਿੱਤੀ ਕਿ ਆਪਾਂ ਤਿੰਨੋਂ ਜਾਣੇ ਇਸ ਵਿਚਲੇ ਪੈਸੇ ਆਪਸ ਵਿੱਚ ਵੰਡ ਲੈਂਦੇ ਹਾਂ, ਪਰ ਕੁੜੀ ਨੇ ਫੇਰ ਜ਼ਿੱਦ ਫੜੀ ਕਿ ਉਸ ਦਾ ਪਰਸ ਵਾਪਸ ਦਿਓ, ਉਹ ਇਸ ਪਰਸ ਨੂੰ ਪੁਲਸ ਹਵਾਲੇ ਕਰੇਗੀ।ਨੌਜਵਾਨ ਪਰਸ ਨੂੰ ਵਾਪਸ ਨਾ ਕਰਨ 'ਤੇ ਅੜ ਗਏ।ਬੜੀ ਮਸ਼ੱਕਤ ਨਾਲ ਕੁੜੀ ਪਰਸ ਵਾਪਸ ਲੈਣ ਵਿੱਚ ਸਫਲ ਹੋਈ ਤਾਂ ਉਸ ਨੇ ਕੁਰੂਕਸ਼ੇਤਰ ਆਪਣੇ ਭਰਾ ਨਾਲ ਫੋਨ 'ਤੇ ਗੱਲ ਕੀਤੀ, ਜਿਸ ਨੇ ਉਸ ਨੂੰ ਪਰਸ ਪੁਲਸ ਦੇ ਹਵਾਲੇ ਕਰਨ ਦੀ ਬਜਾਏ ਨਾਲ ਲੈ ਕੇ ਆਉਣ ਨੂੰ ਕਿਹਾ।ਗੁਰਪ੍ਰੀਤ ਨਾਂ ਦੇ ਲੜਕੀ ਦੇ ਭਰਾ ਨੇ ਪਰਸ ਵਿੱਚੋਂ ਮਾਲਕ ਦਾ ਪਤਾ ਟਿਕਾਣਾ ਲੱਭ ਕੇ ਸਮਰਾਲੇ ਦੇ 'ਅਲਿਜ਼ਾ' ਸੈਲੂਨ ਮਾਲਕ ਨਾਲ ਸੰਪਰਕ ਕਰਕੇ ਪਰਸ ਦੇ ਅਸਲ ਮਾਲਕ ਅਨੁਪ੍ਰਾਸ ਨਾਂ ਦੇ ਵਿਅਕਤੀ ਦਾ ਪਤਾ ਕਰਕੇ ਕੁਰੂਕਸ਼ੇਤਰ ਵਾਲੇ ਗੁਰਪ੍ਰੀਤ ਨੂੰ ਦੱਸ ਦਿੱਤਾ ਤੇ ਕੁਰੂਕਸ਼ੇਤਰ ਤੋਂ ਪਰਸ ਵਾਪਸ ਪ੍ਰਾਪਤ ਹੋਇਆ।

ਪੰਜਾਬ ਦਾ ਵਿਕਾਸ ਅਕਾਲੀ ਸਰਕਾਰ ਵੇਲੇ ਹੀ ਹੋਇਆ : ਸੁਖਬੀਰ

- ਸੂਬੇ ਨੂੰ ਅੱਗੇ ਲੈ ਕੇ ਜਾਣ ਲਈ ਮੁੱਖ ਮੰਤਰੀ ਕੋਲ ਕੋਈ ਪਲਾਨ ਨਹੀਂ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ, ਨਿਸ਼ਾਨ ਸਿੰਘ ਬਣਵਾਲਾ)

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਪਾਰੀਆਂ ਨਾਲ ਮੀਟਿੰਗ ਸਥਾਨਕ ਗਰਗ ਪੈਲਸ ਵਿਖੇ ਕੀਤੀ ਗਈ।ਇਸ ਦੌਰਾਨ ਉਨ੍ਹਾਂ ਵਪਾਰੀਆਂ ਦੀਆਂ ਮੁਸ਼ਕਲਾਂ ਸੁਣੀਆਂ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਉੱਤੇ ਸਿੱਧਾ ਹਮਲਾ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਇੱਕ ਸ਼ਰਾਬੀ ਵਿਅਕਤੀ ਹਨ ਤੇ ਉਨ੍ਹਾਂ ਕੋਲ ਸੂਬੇ ਦੀ ਬਿਹਤਰੀ ਲਈ ਕੋਈ ਪਲਾਨ ਨਹੀਂ ਹੈ।ਉਹ ਸਿਰਫ ਗੱਲਾਂ ਕਰਨੀਆਂ ਜਾਣਦੇ ਹਨ, ਪਰ ਇਕੱਲੀਆਂ ਗੱਲਾਂ ਨਾਲ ਸੂਬੇ ਦੀ ਡਾਵਾਂ ਡੋਲ ਹੋ ਚੁੱਕੀ ਸਥਿਤੀ ਨੂੰ ਮੁੜ ਪੈਰਾਂ ਸਿਰ ਖੜਾ ਨਹੀਂ ਕੀਤਾ ਜਾ ਸਕਦਾ ਇਸ ਲਈ ਇੱਕ ਵਿਜ਼ਨ ਦੀ ਲੋੜ ਹੈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਵਪਾਰੀਆਂ ਨੂੰ ਵਪਾਰ ਦੀ ਖੁੱਲ੍ਹ ਹੋਣੀ ਚਾਹੀਦੀ ਹੈ, ਪਰ ਬਦਕਿਸਮਤੀ ਦੀ ਗੱਲ ਹੈ ਕਿ ਪੰਜਾਬ ਵਿੱਚ ਇੰਸਪੈਕਟਰੀ ਰਾਜ ਚੱਲ ਰਿਹਾ ਹੈ। ਵਪਾਰੀਆਂ ਨੂੰ ਲੁੱਟਿਆ ਜਾ ਰਿਹਾ।ਸਰਕਾਰ ਦੀਆਂ ਇਨ੍ਹਾਂ ਵਪਾਰੀ ਮਾਰੂ ਨੀਤੀਆਂ ਕਰਕੇ ਰਾਜ ਲਗਾਤਾਰ ਕਰਜ਼ੇ ਦੇ ਬੋਝ ਹੇਠ ਦੱਬਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਵਿੱਚ ਜੀਐੱਸਟੀ ਤੋਂ ਹੋਣ ਵਾਲੀ ਆਮਦਨ 2500 ਕਰੋੜ ਹੈ ਜਦੋਂ ਕਿ ਗੁਆਂਢੀ ਸੂਬੇ ਹਰਿਆਣੇ ਨੂੰ ਇਹ ਆਮਦਨ ਸਾਢੇ ਬਾਰਾਂ ਹਜਾਰ ਕਰੋੜ ਰੁਪਏ ਸਾਲਾਨਾ ਹੈ।ਸਰਕਾਰ ਆਉਣ ਉੱਤੇ ਵਪਾਰੀਆਂ ਦੀ ਆਮਦਨ ਵਿੱਚ ਵਾਧਾ ਕਰਨ ਦਾ ਭਰੋਸਾ ਦਿੰਦਿਆਂ ਉਨ੍ਹਾਂ ਕਿਹਾ ਕਿ ਜਿੱਥੇ ਸਨਅਤਾਂ ਨੂੰ ਸਸਤੀ ਬਿਜਲੀ ਮੁਹੱਈਆ ਕਰਵਾਈ ਜਾਵੇਗੀ, ਉੱਥੇ ਜੀਵਨ ਬੀਮੇ ਵਰਗੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ।ਸ਼੍ਰੋਮਣੀ ਅਕਾਲੀ ਦਲ ਦਾ ਵਿਜ਼ਨ ਕਲੀਅਰ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦਾ ਵਿਕਾਸ ਜਦੋਂ ਵੀ ਹੋਇਆ ਅਕਾਲੀ ਸਰਕਾਰਾਂ ਵੇਲੇ ਹੀ ਹੋਇਆ। ਅਕਾਲੀ ਦਲ ਪੰਜਾਬ ਦੀ ਆਪਣੀ ਖੇਤਰੀ ਪਾਰਟੀ ਹੋਣ ਕਾਰਨ ਕਿ ਇਸ ਨੂੰ ਪੰਜਾਬ ਨਾਲ ਪਿਆਰ ਹੈ ਜਦੋਂ ਕਿ ਕਾਂਗਰਸ ਤੇ ਆਪ ਦਿੱਲੀ ਤੋਂ ਚੱਲਣ ਵਾਲੀਆਂ ਪਾਰਟੀਆਂ ਹਨ, ਜੋ ਕਦੇ ਵੀ ਪੰਜਾਬ ਦਾ ਭਲਾ ਨਹੀਂ ਚਾਹੁੰਦੀਆਂ।ਭਾਜਪਾ ਨਾਲ ਹੋਣ ਵਾਲੇ ਸੰਭਾਵੀ ਗੱਠਜੋੜ ਦਾ ਜ਼ਿਕਰ ਕੀਤੇ ਬਿਨਾਂ ਉਨ੍ਹਾਂ ਕਿਹਾ ਕਿ ਚੰਗਾ ਵਕੀਲ ਹਾਰਿਆ ਹੋਇਆ ਕੇਸ ਵੀ ਜਿਤਾ ਦਿੰਦਾ ਹੈ, ਜਦੋਂ ਕਿ ਮਾੜਾ ਵਕੀਲ ਜਿੱਤਿਆ ਹੋਇਆ ਕੇਸ ਵੀ ਹਰਾ ਦਿੰਦਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਅਕਾਲੀ ਦਲ ਵਪਾਰ ਸੈੱਲ ਦੇ ਪ੍ਰਧਾਨ ਐਨ ਕੇ ਸ਼ਰਮਾ, ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਰਾਜੂ ਖੰਨਾ, ਸਾਬਕਾ ਵਿਧਾਇਕ ਤੇਜਿੰਦਰ ਪਾਲ ਸਿੰਘ ਸੰਧੂ, ਜ਼ਿਲ੍ਹਾ ਪ੍ਰਧਾਨ ਜਗਮੀਤ ਸਿੰਘ ਹਰਿਆਊ, ਹਲਕਾ ਇੰਚਾਰਜ ਸ਼ੁਤਰਾਣਾ ਬਾਬੂ ਕਬੀਰ ਦਾਸ, ਜ਼ਿਲ੍ਹਾ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਮਹਿੰਦਰ ਸਿੰਘ ਲਾਲਵਾ, ਸਰਕਲ ਪ੍ਰਧਾਨ ਰਣਜੀਤ ਸਿੰਘ ਸ਼ਾਹੀ ਆਦਿ ਹਾਜ਼ਰ ਸਨ।

ਪੰਜਾਬ ਸਰਕਾਰ ਦੇ ਨਵੇਂ ਕਾਨੂੰਨ ਨਾਲ ਕਿਸਾਨਾਂ ਦਾ ਸਹਿਕਾਰੀ ਸਭਾਵਾਂ ਨਾਲ ਲੈਣ ਦੇਣ ਹੋਇਆ ਬਹੁਤਾ ਔਖਾ : ਆਗੂ

ਰੂਪਨਗਰ- ਸੰਯੁਕਤ ਕਿਸਾਨ ਮੋਰਚਾ ਰੂਪਨਗਰ ਦੀ ਅਹਿਮ ਮੀਟਿੰਗ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਦਲਜੀਤ ਸਿੰਘ ਚਲਾਕੀ ਦੀ ਪ੍ਰਧਾਨਗੀ ਹੇਠ

ਹੋਈ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਪੰਜਾਬ ਸਰਕਾਰ ਵੱਲੋਂ ਮਿਤੀ 1-10-26 ਤੋਂ ਨਵੀਂ ਕਰਜ਼ਾ ਪਾਲਸੀ ਲਾਗੂ ਕੀਤੀ ਗਈ ਹੈ, ਜਿਸ ਵਿੱਚ ਹੇਠ ਲਿਖੇ ਅਨੁਸਾਰ ਮੁੱਖ ਸ਼ਰਤਾਂ ਮੁਤਾਬਿਕ ਪਹਿਲਾਂ ਕਿਸਾਨ ਮੈਂਬਰ ਆਪਣੀ ਹਿੱਸੇਦਾਰੀ ਦੀ ਰਕਮ 5 ਕਿੱਲੇ ਤੱਕ 1 ਕਿੱਲੇ ਦੇ ਲਈ 3300 ਰੁਪਏ ਜਮ੍ਹਾਂ ਕਰਾਉਂਦਾ ਸੀ ਪਰ ਹੁਣ ਇਹ 6000 ਰੁਪਏ ਕਰ ਦਿੱਤੀ ਹੈ, 5 ਕਿੱਲੇ ਤੋਂ ਉੱਪਰ ਵਾਲੇ ਕਿਸਾਨ ਲਈ 5000 ਤੋਂ ਵਧਾ ਕੇ 9000 ਰੁਪਏ ਹੋ ਗਈ ਹੈ। ਪਹਿਲਾਂ ਹਿੱਸੇਦਾਰੀ ਦੀ ਅੱਧੀ ਰਕਮ ਸੁਸਾਇਟੀ ਵਿੱਚ ਅਤੇ ਬਾਕੀ ਅੱਧੀ ਬੈਂਕ ਵਿੱਚ ਜਮ੍ਹਾਂ ਹੁੰਦੀ ਸੀ ਹੁਣ ਸਾਰੀ ਰਕਮ ਬੈਂਕ ਵਿੱਚ ਜਮ੍ਹਾਂ ਹੋਵੇਗੀ। ਜਿਸ ਨਾਲ ਮੈਂਬਰ ਨੂੰ ਹਿੱਸੇਦਾਰੀ ਵਾਪਸ ਲੈਣ ਵਿੱਚ ਬਹੁਤ ਮੁਸ਼ਕਿਲ ਆਵੇਗੀ, ਅਤੇ ਮੈਂਬਰ ਨੂੰ ਵੱਧ ਰਕਮ ਦੇਣੀ ਪਵੇਗੀ।ਪਹਿਲਾਂ ਕਿਸਾਨ ਮੈਂਬਰ ਨੂੰ ਕੋਈ ਜ਼ਮੀਨ ਸੁਸਾਇਟੀ ਦੇ ਕਰਜ਼ੇ ਲਈ ਗਿਰਵੀ ਨਹੀਂ ਕਰਨੀ ਪੈਂਦੀ ਸੀ ਪਰ ਹੁਣ ਨਵੀਂ ਪਾਲਸੀ ਅਨੁਸਾਰ ਜਿਸ ਕਿਸਾਨ ਦਾ ਹੱਦ ਕਰਜ਼ਾ 2 ਲੱਖ ਤੋਂ 1 ਰੁਪਏ ਵੀ ਵੱਧ ਹੋ ਤਾਂ ਉਸ ਨੂੰ ਪੂਰੀ ਰਕਮ ਦੇ ਬਰਾਬਰ ਆਪਣੀ ਜ਼ਮੀਨ 43 ਏਂ ਅਨੁਸਾਰ ਸੁਸਾਇਟੀ ਦੇ ਹੱਕ ਵਿੱਚ ਪਹਿਲਾਂ ਗਿਰਵੀ ਕਰਨੀ ਪਵੇਗੀ। ਜਿਨ੍ਹਾਂ ਮੈਂਬਰਾਂ ਨੇ ਕਿਸੇ ਹੋਰ ਬੈਂਕ ਤੋਂ ਕੇ ਸੀ ਸੀ ਲਿਮਟ ਬਣਵਾਈ ਹੈ ਉਹਨਾਂ ਨੂੰ 4% ਵੱਧ ਵਿਆਜ ਲੱਗੇਗਾ। ਇਹਨਾਂ ਕਿਸਾਨ ਮਾਰੂ ਫੈਸਲਿਆਂ ਖਿਲਾਫ ਸੰਯੁਕਤ ਕਿਸਾਨ ਮੋਰਚਾ ਵੱਧ ਤੋਂ ਵੱਧ ਕਿਸਾਨਾਂ ਤੱਕ ਪਹੁੰਚ ਕਰਕੇ ਉਹਨਾਂ ਨੂੰ ਲਾਮਬੰਦ ਕਰੇਗਾ ਅਤੇ ਇਸ ਫੈਸਲੇ ਨੂੰ ਵਾਪਸ ਲੈਣ ਲਈ ਸਰਕਾਰ ਨੂੰ ਮਜਬੂਰ ਕਰਨ ਵਾਸਤੇ ਦੋ ਨਵੰਬਰ ਨੂੰ ਜ਼ਿਲ੍ਹਾ ਰਜਿਸਟਰਾਰ ਦੇ ਦਫਤਰ ਅੱਗੇ 11 ਵਜੇ ਤੋਂ ਦੋ ਵਜੇ ਤੱਕ ਰੋਸ ਧਰਨਾ ਦੇ ਕੇ ਜ਼ਿਲਾ ਰਜਿਸਟਰਾਰ ਨੂੰ ਪੰਜਾਬ ਸਰਕਾਰ ਦੇ ਨਾਂ ਮੰਗ ਪੱਤਰ ਭੇਜ ਕੇ ਇਸ ਫੈਸਲੇ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕਰੇਗਾ। ਡੀਏਪੀ ਖਾਦ ਲੈਣ ਲਈ ਕਿਸਾਨ ਭਟਕ ਰਹੇ ਹਨ। ਸਰਕਾਰ ਤੋਂ ਮੰਗ ਕੀਤੀ ਗਈ ਕਿ ਜ਼ਰੂਰਤ ਅਨੁਸਾਰ ਕਿਸਾਨਾਂ ਨੂੰ ਡੀਏਪੀ ਖਾਦ ਮੁਹੱਈਆ ਕਰਵਾਈ ਜਾਵੇ। ਮੀਟਿੰਗ ਵਿੱਚ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਤੋਂ ਅਮਨਪ੍ਰੀਤ ਸਿੰਘ, ਜਮਹੂਰੀ ਕਿਸਾਨ ਸਭਾ ਤੋਂ ਮੋਹਣ ਸਿੰਘ ਧਮਾਣਾ, ਧਰਮਪਾਲ ਸੈਣੀ ਮਾਜਰਾ, ਕੁੱਲ ਹਿੰਦ ਕਿਸਾਨ ਸਭਾ ਤੋਂ ਸਾਥੀ ਸੁਰਜੀਤ ਸਿੰਘ ਢੇਰ, ਮਾਸਟਰ ਦਲੀਪ ਸਿੰਘ ਘਨੌਲਾ, ਕੁੱਲ ਹਿੰਦ ਕਿਸਾਨ ਸਭਾ ਤੋਂ ਸਾਥੀ ਸਿੰਘ ਦਵਿੰਦਰ ਨੰਗਲੀ,ਗੁਰਨਾਮ ਸਿੰਘ ਅੱਲ੍ਹ, ਕਿਰਤੀ ਕਿਸਾਨ ਮੋਰਚਾ ਵੱਲੋਂ ਜਰਨੈਲ ਸਿੰਘ ਮਗਰੋੜ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਵੱਲੋਂ ਮੋਹਣ ਸਿੰਘ ਖਾਬੜਾ ਆਦਿ ਹਾਜ਼ਰ ਸਨ।

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਜ਼ਿਲ੍ਹਾ ਜਲੰਧਰ ਵੱਲੋਂ ਬਲਾਕ ਪੱਧਰੀ ਚੋਣਾਂ ਕਰਵਾਉਣ ਦਾ ਫੈਸਲਾ

ਜਲੰਧਰ (ਰਾਜੇਸ਼ ਥਾਪਾ)- ਪੰਜਾਬ ਦੇ ਮੁਲਾਜ਼ਮਾਂ ਦੀ ਸਿਰਮੌਰ ਜਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੀ ਫੈਡਰਲ ਢਾਂਚੇ ਦੇ ਫੈਸਲੇ ਅਨੁਸਾਰ ਪ ਸ ਸ ਫ ਜ਼ਿਲ੍ਹਾ ਜਲੰਧਰ ਵੱਲੋਂ ਬਲਾਕ

ਪੱਧਰੀ ਚੋਣਾਂ ਦਸੰਬਰ 2026 ਤੱਕ ਕਰਵਾਉਣ ਦਾ ਫੈਸਲਾ ਕੀਤਾ ਗਿਆ।ਇਸ ਸਬੰਧੀ ਪ ਸ ਸ ਫ ਜ਼ਿਲ੍ਹਾ ਕਮੇਟੀ ਜਲੰਧਰ ਦੇ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਤੋਂ ਬਾਅਦ ਮੀਟਿੰਗ ਦੀ ਕਾਰਵਾਈ ਦੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਜ਼ਿਲ੍ਹਾ ਸਕੱਤਰ ਮਨੋਜ ਕੁਮਾਰ ਸਰੋਏ ਨੇ ਦੱਸਿਆ ਕਿ ਮੀਟਿੰਗ ਵਿੱਚ ਪ ਸ ਸ ਫ ਦੇ ਜ਼ਿਲ੍ਹਾ ਜਲੰਧਰ ਦੇ ਸਾਬਕਾ ਮੀਤ ਪ੍ਰਧਾਨ ਰਹੇ ਦਰਸ਼ਨ ਰਾਮ ਬਿਲਗਾ ਅਤੇ ਸੂਬਾ ਕਮੇਟੀ ਮੈਂਬਰ ਸਾਥੀ ਨਿਰਮੋਲਕ ਸਿੰਘ ਹੀਰਾ ਦੀ ਸੱਸ ਮਾਂ ਗੁਰਮੀਤ ਕੌਰ, ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸਾਬਕਾ ਸੂਬਾਈ ਆਗੂ ਜਰਮਨਜੀਤ ਸਿੰਘ ਬਾਠ ਦੇ ਸਦੀਵੀ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਮੀਟਿੰਗ ਨੂੰ ਵਿਸ਼ੇਸ਼ ਤੌਰ ਤੇ ਸੰਬੋਧਨ ਕਰਦਿਆਂ ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਪ ਸ ਸ ਫ ਦੀਆਂ ਜਥੇਬੰਦਕ ਚੋਣਾਂ ਕਰਵਾਉਣ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ। ਇਸ ਮੀਟਿੰਗ ਵਿੱਚ 13 ਨਵੰਬਰ ਨੂੰ ਬਲਾਕ ਰੁੜਕਾ ਕਲਾਂ, 20 ਨਵੰਬਰ ਨੂੰ ਬਲਾਕ ਨੂਰਮਹਿਲ , 26 ਨਵੰਬਰ ਨੂੰ ਬਲਾਕ ਆਦਮਪੁਰ, 29 ਨਵੰਬਰ ਨੂੰ ਤਹਿਸੀਲ ਨਕੋਦਰ, 4 ਦਸੰਬਰ ਨੂੰ ਬਲਾਕ ਭੋਗਪੁਰ, 8 ਦਸੰਬਰ ਗੁਰਾਇਆਂ, 9 ਦਸੰਬਰ ਨੂੰ ਬਲਾਕ ਫਿਲੌਰ ਅਤੇ 20 ਦਸੰਬਰ ਨੂੰ ਜਲੰਧਰ ਸ਼ਹਿਰੀ ਬਲਾਕ ਪੱਧਰੀ ਅਜਲਾਸ ਕਰਕੇ ਬਲਾਕ ਪੱਧਰੀ ਚੋਣਾਂ ਕਰਵਾਉਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਸਾਂਝੀ ਮੁਲਾਜ਼ਮ ਤਾਲਮੇਲ ਕਮੇਟੀ ਵੱਲੋਂ ਬਣਾਏ ਗਏ ਪ੍ਰੋਗਰਾਮ ਤਹਿਤ 18 ਨਵੰਬਰ ਨੂੰ ਚੰਡੀਗੜ੍ਹ ਵਿਖੇ ਪੱਕੇ ਮੋਰਚੇ ਵਿੱਚ ਸ਼ਾਮਲ ਹੋਣ ਲਈ ਬਲਾਕ ਵਾਈਜ਼ ਗੱਡੀਆਂ ਚਲਾਉਣ ਦਾ ਫੈਸਲਾ ਕੀਤਾ ਗਿਆ।ਇਹ ਗੱਡੀਆਂ ਨਕੋਦਰ, ਨੂਰਮਹਿਲ, ਫਿਲੌਰ, ਗੁਰਾਇਆ, ਭੋਗਪੁਰ, ਆਦਮਪੁਰ, ਰੁੜਕਾ ਕਲਾਂ ਅਤੇ ਜਲੰਧਰ ਸ਼ਹਿਰ ਤੋਂ ਸਵੇਰੇ 8.30 ਵਜੇ ਚੰਡੀਗੜ੍ਹ ਲਈ ਰਵਾਨਾ ਹੋਣਗੀਆਂ।ਮੀਟਿੰਗ ਵਿੱਚ ਕੁੱਲ ਹਿੰਦ ਰਾਜ ਸਰਕਾਰੀ ਮੁਲਾਜ਼ਮ ਫੈਡਰੇਸ਼ਨ ਦੇ ਸੱਦੇ 'ਤੇ 12 ਦਸੰਬਰ ਨੂੰ ਨਵੀਂ ਦਿੱਲੀ ਵਿਖੇ ਕੀਤੀ ਜਾ ਰਹੀ ਰੈਲੀ ਵਿੱਚ ਜ਼ਿਲ੍ਹਾ ਜਲੰਧਰ ਤੋਂ 100 ਸਾਥੀ ਸ਼ਾਮਲ ਕਰਵਾਉਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਤਰਸੇਮ ਮਾਧੋਪੁਰੀ, ਜਾਗੀਰ ਸਿੰਘ ਸਹੋਤਾ, ਸੰਜੀਵ ਕੁਮਾਰ ਕੰਡਲ, ਕਰਨੈਲ ਫਿਲੌਰ, ਨਿਰਮੋਲਕ ਸਿੰਘ ਹੀਰਾ,ਓਮ ਪ੍ਰਕਾਸ਼, ਕਰਮਜੀਤ ਸਿੰਘ ਨਨ੍ਹਾ, ਕੁਲਦੀਪ ਵਾਲੀਆ, ਸੰਦੀਪ ਰਾਜੋਵਾਲ, ਕੁਲਦੀਪ ਸਿੰਘ ਕੌੜਾ, ਰਤਨ ਸਿੰਘ, ਬਲਵੀਰ ਸਿੰਘ ਗੁਰਾਇਆ,ਤਾਰਾ ਸਿੰਘ, ਬੀਕਾ, ਕੁਲਵੰਤ ਰੁੜਕਾ,ਅਕਲ ਚੰਦ ਸਿੰਘ, ਸੁਖਵਿੰਦਰ ਰਾਮ, ਰਾਜਿੰਦਰ ਮਹਿਤਪੁਰ, ਕੁਲਵੀਰ ਸਿੰਘ ਸ਼ਾਹਕੋਟ, ਰਾਜਿੰਦਰ ਸਿੰਘ ਭੋਗਪੁਰ ਬਲਵਿੰਦਰ ਕੁਮਾਰ ਤੋਂ ਇਲਾਵਾ ਪ ਸ ਸ ਫ ਪੰਜਾਬ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਹਾਜ਼ਰ ਸਨ।

ਅੱਖਾਂ ਦੀ ਜਾਂਚ ਲਈ ਲਗਾਇਆ ਕੈਂਪ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਰੋਟਰੀ ਆਈ ਬੈਂਕ ਅਤੇ ਰੋਟਰੀ ਕਲੱਬ ਆਫ ਹੁਸ਼ਿਆਰਪੁਰ ਵੱਲੋਂ ਪੀ ਬੀ ਆਰੀਆ ਸਕੂਲ ਵਿਖੇ ਵਿਦਿਆਰਥੀਆਂ ਦੀਆਂ ਅੱਖਾਂ ਦੀ ਜਾਂਚ ਲਈ ਕੈਂਪ ਲਗਾਇਆ ਗਿਆ।ਰੋਟਰੀ ਆਈ ਬੈਂਕ ਅਤੇ ਕੋਰਨੀਅਲ ਟ੍ਰਾਂਸਪਲਾਂਟੇਸ਼ਨ ਸੋਸਾਇਟੀ ਵੱਲੋਂ ਰੋਟਰੀ ਕਲੱਬ ਆਫ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਪੀ ਬੀ ਆਰੀਆ ਸੀਨੀਅਰ ਸੈਕੰਡਰੀ ਸਕੂਲ ਹੁਸ਼ਿਆਰਪੁਰ ਦੇ ਵਿਦਿਆਰਥੀਆਂ ਦੀਆਂ ਅੱਖਾਂ ਦੀ ਡਿਜੀਟਲ ਮਸ਼ੀਨਾਂ ਰਾਹੀਂ ਜਾਂਚ ਕੀਤੀ ਗਈ। ਇਹ ਜਿਹੜਾ ਜਾਂਚ ਕੈਂਪ ਸੰਸਥਾ ਦੇ ਪ੍ਰਧਾਨ ਜੇ ਬੀ ਬਹਿਲ ਦੀ ਪ੍ਰਧਾਨਗੀ ਹੇਠ ਲਗਾਇਆ ਗਿਆ। ਇਸ ਮੌਕੇ ਪ੍ਰਧਾਨ ਜੇ ਬੀ ਬਹਿਲ ਨੇ ਦੱਸਿਆ ਕਿ ਮੋਬਾਈਲ ਫੋਨ ਅਤੇ ਟੈਲੀਵਿਜ਼ਨ ਦੀ ਬਹੁਤ ਜ਼ਿਆਦਾ ਵਰਤੋਂ ਕਾਰਨ ਬੱਚਿਆਂ ਵਿੱਚ ਅੱਖਾਂ ਨਾਲ ਸਬੰਧਤ ਸਮੱਸਿਆਵਾਂ ਤੇਜ਼ੀ ਨਾਲ ਵਧ ਰਹੀਆਂ ਹਨ।ਇਸ ਮੌਕੇ ਸਕੱਤਰ ਪ੍ਰੋ. ਦਲਜੀਤ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ ਪਹਿਲੀ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਜਾਂਚ ਦੌਰਾਨ ਜਿਨ੍ਹਾਂ ਬੱਚਿਆਂ ਦੀਆਂ ਅੱਖਾਂ ਵਿੱਚ ਕਿਸੇ ਕਿਸਮ ਦੀ ਸਮੱਸਿਆ ਪਾਈ ਗਈ, ਉਨ੍ਹਾਂ ਨੂੰ ਅਗਲੀ ਜਾਂਚ ਲਈ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਰੈਫਰ ਕੀਤਾ ਗਿਆ, ਤਾਂ ਜੋ ਸਮੇਂ ਸਿਰ ਉਨ੍ਹਾਂ ਦੀਆਂ ਅੱਖਾਂ ਦੀਆਂ ਗੰਭੀਰ ਸਮੱਸਿਆਵਾਂ ਤੋਂ ਬਚਾਇਆ ਜਾ ਸਕੇ ਅਤੇ ਉਨ੍ਹਾਂ ਨੂੰ ਢੁਕਵਾਂ ਇਲਾਜ ਮਿਲ ਸਕੇ। ਉਨ੍ਹਾਂ ਕਿਹਾ ਕਿ ਰੋਟਰੀ ਆਈ ਬੈਂਕ ਅਤੇ ਕੋਰਨੀਅਲ ਟ੍ਰਾਂਸਪਲਾਂਟੇਸ਼ਨ ਸੋਸਾਇਟੀ ਅਤੇ ਰੋਟਰੀ ਕਲੱਬ ਸਮੇਂ-ਸਮੇਂ ਤੇ ਅਜਿਹੇ ਕੈਂਪ ਲਗਾ ਕੇ ਸਮਾਜ ਦੀ ਸੇਵਾ ਕਰਦੇ ਰਹਿੰਦੇ ਹਨ ਤਾਂ ਜੋ ਬੱਚਿਆਂ ਨੂੰ ਸਿਹਤਮੰਦ ਰੱਖਿਆ ਜਾ ਸਕੇ। ਨੇਤਰ ਸਿਹਤ ਜਾਗਰੂਕਤਾ ਪਹੁੰਚਾਉਣ ਅਤੇ ਲੋਕਾਂ ਨੂੰ ਨੇਤਰਦਾਨ ਪ੍ਰਤੀ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਿਹਤ ਜਾਂਚ ਕੈਂਪ ਬੱਚਿਆਂ ਦੇ ਬਿਹਤਰ ਭਵਿੱਖ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਮੌਕੇ ਮੋਨਿਕਾ ਚੌਧਰੀ, ਸੀਮਾ ਰਾਣੀ, ਸੁਨਤਾ, ਨਵੀਨ, ਜਸਵਿੰਦਰ ਕਵਰ, ਪ੍ਰੋ. ਰਾਜੀਵ ਸ਼ਰਮਾ, ਐਨ. ਕੇ. ਗੁਪਤਾ, ਕ੍ਰਿਸ਼ਨ ਕਿਸ਼ੋਰ, ਰਮਿੰਦਰ ਸਿੰਘ, ਤਰੁਣ ਸ਼ਰੀਨ ਸਮੇਤ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ।

ਲਿਵਰ ਕੈਂਸਰ 'ਚ ਸਮੇਂ ਸਿਰ ਪਛਾਣ ਤੇ ਸਹੀ ਇਲਾਜ ਬੇਹੱਦ ਅਹਿਮ : ਮਾਹਿਰ

ਮੋਹਾਲੀ (ਗੁਰਜੀਤ ਬਿੱਲਾ)- ਲਿਵਰ ਕੈਂਸਰ ਇੱਕ ਗੰਭੀਰ ਬਿਮਾਰੀ ਹੈ, ਜੋ ਲਿਵਰ ਵਿੱਚ ਹੀ ਵਿਕਸਿਤ ਹੋ ਸਕਦੀ ਹੈ ਜਾਂ ਸਰੀਰ ਦੇ ਕਿਸੇ ਹੋਰ ਅੰਗ ਤੋਂ ਫੈਲ ਕੇ ਲਿਵਰ ਨੂੰ ਪ੍ਰਭਾਵਿਤ ਕਰ ਸਕਦੀ ਹੈ। ਹੈਪੇਟੋਸੈਲੂਲਰ ਕਾਰਸੀਨੋਮਾ ਲਿਵਰ ਕੈਂਸਰ ਦੀ ਸਭ ਤੋਂ ਆਮ

ਕਿਸਮ ਹੈ। ਇਸ ਬਿਮਾਰੀ ਦੀ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਸ਼ੁਰੂਆਤੀ ਪੜਾਅ ਵਿੱਚ ਅਕਸਰ ਇਸ ਦੇ ਸਪੱਸ਼ਟ ਲੱਛਣ ਸਾਹਮਣੇ ਨਹੀਂ ਆਉਂਦੇ। ਅਜਿਹੇ ਵਿੱਚ ਬਿਮਾਰੀ ਦੇ ਜੋਖਮ ਕਾਰਕਾਂ, ਸ਼ੁਰੂਆਤੀ ਚੇਤਾਵਨੀ ਸੰਕੇਤਾਂ ਅਤੇ ਆਧੁਨਿਕ ਇਲਾਜ ਦੇ ਵਿਕਲਪਾਂ ਬਾਰੇ ਜਾਗਰੂਕਤਾ ਬੇਹੱਦ ਜ਼ਰੂਰੀ ਹੈ, ਤਾਂ ਜੋ ਸਮੇਂ ਸਿਰ ਇਸ ਦੀ ਪਛਾਣ ਕਰਕੇ ਢੁੱਕਵਾਂ ਇਲਾਜ ਸ਼ੁਰੂ ਕੀਤਾ ਜਾ ਸਕੇ। ਮੈਕਸ ਹਸਪਤਾਲ, ਮੋਹਾਲੀ ਦੇ ਪ੍ਰਿੰਸੀਪਲ ਕੰਸਲਟੈਂਟ-ਇੰਟਰਵੈਂਸ਼ਨਲ ਰੇਡੀਓਲੋਜੀ, ਡਾ. ਤੇਜਬੀਰ ਸਿੰਘ ਨੇ ਦੱਸਿਆ ਕਿ ਲਿਵਰ ਕੈਂਸਰ ਸ਼ੁਰੂਆਤੀ ਪੜਾਅ ਵਿੱਚ ਅਕਸਰ ਬਿਨਾਂ ਕਿਸੇ ਸਪੱਸ਼ਟ ਲੱਛਣ ਦੇ ਵਿਕਸਿਤ ਹੁੰਦਾ ਰਹਿੰਦਾ ਹੈ। ਇਹੀ ਕਾਰਨ ਹੈ ਕਿ ਕਈ ਵਾਰ ਮਰੀਜ਼ਾਂ ਨੂੰ ਬਿਮਾਰੀ ਦਾ ਪਤਾ ਉਸ ਸਮੇਂ ਲੱਗਦਾ ਹੈ, ਜਦੋਂ ਇਹ ਗੰਭੀਰ ਪੜਾਅ ਤੱਕ ਪਹੁੰਚ ਚੁੱਕੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਬਿਮਾਰੀ ਵਧਣ ਦੇ ਨਾਲ ਕੁਝ ਲੱਛਣ ਸਾਹਮਣੇ ਆ ਸਕਦੇ ਹਨ, ਜਿਨ੍ਹਾਂ ਨੂੰ ਨਜ਼ਰਅੰਦਾਜ਼ ਕਰਨ ਦੀ ਬਜਾਏ ਗੰਭੀਰਤਾ ਨਾਲ ਲੈਂਦਿਆਂ ਸਮੇਂ ਸਿਰ ਮਾਹਿਰ ਡਾਕਟਰ ਨਾਲ ਸਲਾਹ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਲੱਛਣ ਲਿਵਰ ਅਤੇ ਪਾਚਨ ਪ੍ਰਣਾਲੀ ਨਾਲ ਸਬੰਧਤ ਹੋਰ ਬਿਮਾਰੀਆਂ ਵਿੱਚ ਵੀ ਦਿਖਾਈ ਦੇ ਸਕਦੇ ਹਨ। ਹਾਲਾਂਕਿ, ਲੰਬੇ ਸਮੇਂ ਤੱਕ ਬਣੇ ਰਹਿਣ ਵਾਲੇ ਜਾਂ ਬਿਨਾਂ ਕਿਸੇ ਸਪੱਸ਼ਟ ਕਾਰਨ ਦੇ ਸਾਹਮਣੇ ਆਉਣ ਵਾਲੇ ਲੱਛਣਾਂ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ। ਅਜਿਹੀ ਸਥਿਤੀ ਵਿੱਚ ਢੁੱਕਵੀਂ ਡਾਕਟਰੀ ਜਾਂਚ ਕਰਵਾਉਣਾ ਬੇਹੱਦ ਜ਼ਰੂਰੀ ਹੈ।

ਹਸਪਤਾਲ ਢਾਹਾਂ ਕਲੇਰਾਂ ਵਿਖੇ 12 ਨੂੰ ਲੱਗੇਗਾ ਮਾਨਸਿਕ ਰੋਗਾਂ ਦਾ ਮੁਫ਼ਤ ਜਾਂਚ ਕੈਂਪ

ਬੰਗਾ (ਅਵਤਾਰ ਕਲੇਰ)- ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਾਨਸਿਕ ਰੋਗਾਂ ਦਾ ਮੁਫ਼ਤ ਜਾਂਚ ਕੈਂਪ 12 ਨਵੰਬਰ ਨੂੰ ਮਾਨਸਿਕ ਰੋਗਾਂ ਦੇ ਵਿਭਾਗ ਵਿਚ ਲਗਾਇਆ ਜਾ ਰਿਹਾ ਹੈ। ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ

ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਦੱਸਿਆ ਕਿ ਇਲਾਕੇ ਦੇ ਲੋਕਾਂ ਨੂੰ ਮਾਨਸਿਕ ਸਿਹਤ ਸੰਬੰਧੀ ਮਿਆਰੀ ਮੈਡੀਕਲ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਾਨਸਿਕ ਰੋਗਾਂ ਦਾ ਮੁਫ਼ਤ ਜਾਂਚ ਕੈਂਪ ਮਿਤੀ 12 ਨਵੰਬਰ ਨੂੰ ਸਵੇਰੇ 9 ਵਜੇ ਤੋਂ ਦੁਪਿਹਰ 3 ਵਜੇ ਤੱਕ ਲੱਗ ਰਿਹਾ ਹੈ । ਇਸ ਮੌਕੇ ਹਸਪਤਾਲ ਢਾਹਾਂ ਕਲੇਰਾਂ ਦੇ ਮਾਨਸਿਕ ਰੋਗਾਂ ਦੇ ਮਾਹਿਰ ਡਾ. ਨਿਤਿਨ ਬਲਦੀਪ ਸਿੰਘ ਮਰੀਜ਼ਾਂ ਦੀ ਮੁਫ਼ਤ ਜਾਂਚ ਕਰਨਗੇ। ਕੈਂਪ ਦੌਰਾਨ ਮੁਫ਼ਤ ਰਜਿਸਟਰੇਸ਼ਨ, ਮੁਫ਼ਤ ਜਾਂਚ, ਮੁਫ਼ਤ ਸ਼ੂਗਰ ਜਾਂਚ, ਬੀ ਐਮ ਡੀ ਅਤੇ ਨਿਊਰੋਪੈਥੀ ਟੈਸਟ ਮੁਫ਼ਤ ਹੋਵੇਗਾ।ਕੈਂਪ ਵਿਚ ਰਜਿਸਟਰਡ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਜਾਣਗੀਆਂ। ਕੈਂਪ ਵਿਚ ਸੀ ਬੀ ਸੀ (ਖੂਨ ਦੇ ਟੈਸਟ), ਆਰ ਐਫ ਟੀ (ਗੁਰਦੇ ਦਾ), ਐਲ ਐਫ ਟੀ (ਲੀਵਰ ਦਾ ਟੈਸਟ), ਐਕ.ਐਸ.ਐਚ, ਐਲ ਐਚ ਪ੍ਰੋਲੈਕਟਿਨ, ਲਿਪਿਡ ਪ੍ਰੋਫਾਇਲ, ਐਸ. ਟੈਸਟੋਸਟੀਰੋਨ ਅਤੇ ਪਿਸ਼ਾਬ ਦੇ ਟੈਸਟਾਂ ਤੇ 50% ਦੀ ਛੋਟ ਦਿੱਤੀ ਜਾਵੇਗੀ। ਡਾ. ਨਿਤਿਨ ਬਲਦੀਪ ਸਿੰਘ ਨੇ ਦੱਸਿਆ ਕਿ ਕੈਂਪ ਦੌਰਾਨ ਸਿਰ ਦਰਦ ਅਤੇ ਮਾਈਗਰੇਨ, ਸੀਜ਼ੋਫਰੀਨੀਆ, ਡਿਪਰੈਸ਼ਨ, ਗੁੱਸੇਖੋਰੀ, ਯਾਦਦਾਸ਼ਤ ਦੀ ਕਮਜ਼ੋਰੀ, ਨੀਂਦ ਨਾ ਆਉਣ ਦੀ ਸਮੱਸਿਆ, ਮਿਰਗੀ ਦੇ ਦੌਰੇ, ਬੱਚਿਆਂ ਦਾ ਪੜ੍ਹਾਈ ਵਿੱਚ ਕਮਜ਼ੋਰ ਹੋਣਾ, ਸਰੀਰਕ ਸੰਬੰਧਾਂ ਨਾਲ ਜੁੜੀਆਂ ਸਮੱਸਿਆਵਾਂ, ਸ਼ਰਾਬ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਪੈਦਾ ਹੋਣ ਵਾਲੀਆਂ ਦਿੱਕਤਾਂ ਸਮੇਤ ਵੱਖ-ਵੱਖ ਮਾਨਸਿਕ ਰੋਗਾਂ ਤੋਂ ਪੀੜਤ ਮਰੀਜ਼ਾਂ ਦਾ ਮੁਫ਼ਤ ਚੈਕਅੱਪ ਕੀਤਾ ਜਾਵੇਗਾ।

ਫੁੱਲਾਂ ਤੇ ਦਵਾਈਆਂ ਵਾਲੇ 50 ਬੂਟੇ ਲਗਾਏ

ਜਲੰਧਰ (ਰਾਜੇਸ਼ ਥਾਪਾ)- ਚੜ੍ਹਦੀ ਕਲਾ ਸਪੋਰਟਸ ਐਂਡ ਯੂਥ ਕਲੱਬ ਕੋਟ ਖੁਰਦ ਜਲੰਧਰ ਵੱਲੋਂ ਮੇਰਾ ਯੁਵਾ ਭਾਰਤ ਜ਼ਿਲ੍ਹਾ ਜਲੰਧਰ ਦੇ ਸਹਿਯੋਗ ਨਾਲ ਗਲੋਕੋਸੀ ਗਲੋਬਲ ਸਕੂਲ, ਨੂਰਪੁਰ ਵਿਖੇ ਫੁੱਲਾਂ ਅਤੇ ਦਵਾਈਆਂ ਵਾਲੇ 50 ਬੂਟੇ ਲਗਾਏ ਗਏ ਅਤੇ ਵਿਦਿਆਰਥੀਆਂ ਨੂੰ ਬੂਟੇ ਲਗਾਉਣ ਅਤੇ ਉਨਾਂ ਦੀ ਸਾਂਭ-ਸੰਭਾਲ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਕੰਮ ਨੂੰ ਨੇਪਰੇ ਚੜ੍ਹਾਉਣ ਲਈ ਵਿਦਿਆਰਥੀਆਂ ਵਿਚ ਬਹੁਤ ਉਤਸ਼ਾਹ ਦੇਖਣ ਨੂੰ ਮਿਲਿਆ।ਮੌਕੇ ਤੇ ਹੀ ਉਤਸ਼ਾਹਿਤ ਵਿਦਿਆਰਥੀਆਂ, ਅਧਿਆਪਕਾਂ, ਨੌਨ ਟੀਚਿੰਗ ਸਟਾਫ ਵੱਲੋਂ ਖੁਦ ਕਲੱਬ ਦੇ ਮੈਂਬਰਾਂ ਨਾਲ ਮਿਲ ਕੇ ਸਾਰੇ ਬੂਟੇ ਲਗਾ ਦਿੱਤੇ ਗਏ। ਕਲੱਬ ਦੀ ਪ੍ਰਧਾਨ ਗੁਰਪਵਨ ਕੌਰ ਦੇ ਦੱਸਣ ਮੁਤਾਬਕ ਇਸ ਖਾਸ ਮੌਕੇ ਤੇ ਜ਼ਿਲ੍ਹਾ ਜਲੰਧਰ ਯੂਥ ਅਫ਼ਸਰ ਸ਼੍ਰੀਮਾਨ ਕੁਲਵਿੰਦਰ ਕੁਮਾਰ, ਮੈਡਮ ਅੰਜਲੀ, ਕਲੱਬ ਦੀ ਯੂਥ ਮੈਂਬਰ ਅਮਰਪ੍ਰੀਤ, ਸਕੂਲ ਦੇ ਸਰਪ੍ਰਸਤ ਅਕਾਸ਼ ਕੁਮਾਰ, ਪ੍ਰਿੰਸੀਪਲ ਕਪਿਲ ਪਾਂਡੇ, ਰਾਜਿੰਦਰ ਕੁਮਾਰ ਕੌਰ ਤੇ ਸ਼੍ਰੀਮਾਨ ਮਨੀਸ਼ ਕੁਮਾਰ ਦਾ ਕਲੱਬ ਦੀ ਸਰਪ੍ਰਸਤ ਹਰਵਿੰਦਰ ਕੌਰ ਨੇ ਸ਼ੀਲਡ ਦੇ ਕੇ ਧੰਨਵਾਦ ਕੀਤਾ। ਵਿਦਿਆਰਥੀਆਂ ਨੂੰ ਕਾਪੀਆਂ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਮਾਂ ਬੋਲੀ ਪੰਜਾਬੀ ਬੋਲਣ ਲਈ ਪ੍ਰਣ ਕੀਤਾ ਗਿਆ । ਪ੍ਰਧਾਨ ਗੁਰਪਵਨ ਕੌਰ ਨੇ ਕਿਹਾ ਕਿ ਇਹ ਸੇਵਾ ਹਰ ਸਾਲ ਇਸੇ ਤਰਾਂ ਜਾਰੀ ਰਹੇਗੀ ਅਤੇ 'ਕਲੀਨ ਇੰਡੀਆ ਗਰੀਨ ਇੰਡੀਆ' ਦੇ ਨਾਲ-ਨਾਲ ਆਯੁਰਵੇਦਾ ਨੂੰ ਵੀ ਪ੍ਰਫੁੱਲਿਤ ਕੀਤਾ ਜਾਂਦਾ ਰਹੇਗਾ।

ਮਸੂਤਾ ਬਣੇ ਓ ਬੀ ਸੀ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ

ਡੇਰਾਬੱਸੀ (ਵਿਨੋ ਕੁਮਾਰ ਜੈਨ)- ਪਿੰਡ ਭਾਂਖਰਪੁਰ ਦੇ ਜਸਵਿੰਦਰ ਸਿੰਘ (ਮਸੂਤਾ) ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਓ.ਬੀ.ਸੀ. ਵਿਭਾਗ ਦੇ ਜ਼ਿਲ੍ਹਾ ਐਸ ਏ ਐਸ ਨਗਰ (ਮੁਹਾਲੀ) ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਡੇਰਾਬੱਸੀ ਵਿਧਾਨ ਸਭਾ ਦੇ ਕਾਂਗਰਸੀ ਵਰਕਰਾਂ ਅਤੇ ਅਹੁਦੇਦਾਰਾਂ ਨੇ ਨਵ-ਨਿਯੁਕਤ ਪ੍ਰਧਾਨ ਨੂੰ ਫੁੱਲਾਂ ਦੇ ਹਾਰ ਪਾ ਕੇ ਅਤੇ ਮਿਠਾਈਆਂ ਵੰਡ ਕੇ ਇਸ ਨਿਯੁਕਤੀ ਦਾ ਜਸ਼ਨ ਮਨਾਇਆ। ਇਸ ਮੌਕੇ ਪੰਜਾਬ ਕਾਂਗਰਸ ਦੇ ਬੁਲਾਰੇ ਅਤੇ ਡੇਰਾਬੱਸੀ

ਵਿਧਾਨ ਸਭਾ ਤੋਂ ਪਾਰਟੀ ਦੇ ਨੁਮਾਇੰਦੇ/ਡੇਲੀਗੇਟ ਅਮਿਤ ਬਾਵਾ ਸੈਣੀ ਨੇ ਕਿਹਾ ਕਿ ਇਹ ਨਿਯੁਕਤੀ ਰਾਜਨੀਤੀ ਵਿੱਚ ਓ ਬੀ ਸੀ ਭਾਈਚਾਰੇ ਦੇ ਉਭਾਰ ਪ੍ਰਤੀ ਕਾਂਗਰਸ ਪਾਰਟੀ ਅਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਉਨ੍ਹਾਂ ਨੇ ਕਿਹਾ ਕਿ ਜਸਵਿੰਦਰ ਮਸੂਤਾ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਕਾਂਗਰਸ ਪਾਰਟੀ ਦੇ ਵਫ਼ਾਦਾਰ ਵਰਕਰ ਵਜੋਂ ਸੇਵਾ ਨਿਭਾ ਰਹੇ ਹਨ ਅਤੇ ਉਹ ਜ਼ਮੀਨੀ ਪੱਧਰ ਦੇ ਸੱਚੇ ਵਰਕਰ ਹਨ। ਉਨ੍ਹਾਂ ਦੀ ਨਿਯੁਕਤੀ ਨਾਲ ਓ.ਬੀ.ਸੀ. ਭਾਈਚਾਰਿਆਂ ਵਿੱਚ ਪਾਰਟੀ ਦਾ ਸੰਗਠਨਾਤਮਕ ਅਧਾਰ ਬਹੁਤ ਮਜ਼ਬੂਤ ਹੋਵੇਗਾ।

ਮਹਿਲਾਵਾਂ ਪਰਵਾਰਾਂ ਸਮੇਤ ਕਾਂਗਰਸ ਵਿੱਚ ਸ਼ਾਮਲ : ਅਜੇ ਮੰਗੂਪੁਰ

ਬਲਾਚੌਰ (ਜਸਵਿੰਦਰ ਬੈਂਸ)- ਚੌਧਰੀ ਬਲਦੇਵ ਰਾਜ (ਰਾਜੂ ਬੂੰਗੜੀ)- ਦੀ ਮੌਜੂਦਗੀ ਵਿੱਚ ਵੱਖ-ਵੱਖ ਪਾਰਟੀਆਂ ਛੱਡ ਕੇ ਕਾਂਗਰਸ ਦਾ ਪੱਲਾ ਫੜਿਆ, ਨਵੇਂ ਸ਼ਾਮਲ ਹੋਏ ਪਰਵਾਰਾਂ ਨੂੰ ਬਣਦਾ ਮਾਣ-ਸਤਿਕਾਰ ਦੇਣ ਦਾ ਭਰੋਸਾ ਵਿਧਾਨ ਸਭਾ ਹਲਕਾ ਬਲਾਚੌਰ ਦੇ ਪਿੰਡ ਭੱਦੀ ਵਿੱਚ ਕਾਂਗਰਸ ਪਾਰਟੀ ਨੂੰ ਉਸ ਸਮੇਂ ਹੋਰ ਮਜ਼ਬੂਤੀ ਮਿਲੀ, ਜਦੋਂ ਚੌਧਰੀ ਬਲਦੇਵ ਰਾਜ (ਰਾਜੂ ਬੂੰਗੜੀ) ਦੀ ਮੌਜੂਦਗੀ ਵਿੱਚ 27

ਮਹਿਲਾਵਾਂ ਨੇ ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਅਲਵਿਦਾ ਕਹਿੰਦਿਆਂ ਆਪਣੇ ਪਰਿਵਾਰਾਂ ਸਮੇਤ ਕਾਂਗਰਸ ਪਾਰਟੀ ਵਿੱਚ ਸ਼ਮੂਲੀਅਤ ਕੀਤੀ।ਇਸ ਮੌਕੇ ਪਰਮਜੀਤ ਕੌਰ, ਪਰਮਿੰਦਰ ਕੌਰ, ਮਮਤਾ ਰਾਣੀ, ਅੰਜੂ, ਬਬੀਤਾ ਰਾਣੀ, ਕੋਮਲ ਧੀਮਾਨ, ਕਮਲੇਸ਼, ਕਮਲਜੀਤ ਕੌਰ, ਪੂਨਮ ਰਾਣੀ, ਅਨੀਤਾ ਰਾਣੀ, ਸੁਨੀਤਾ ਰਾਣੀ, ਸਿਮਰਨ, ਭਜਨ ਕੌਰ, ਬਿੰਦਰ, ਮਨਦੀਪ ਕੌਰ, ਪਰਮਜੀਤ ਕੌਰ, ਸੱਤਯਾ ਦੇਵੀ, ਅਮਰਜੀਤ ਕੌਰ, ਸੰਤੋਸ਼ ਕੁਮਾਰੀ, ਮਨਪ੍ਰੀਤ ਕੌਰ, ਗੀਤਾ ਦੇਵੀ, ਨੀਰਜ, ਮਨਦੀਪ ਧੀਮਾਨ, ਪੂਨਮ ਦੇਵੀ, ਸੁਮੀਤਾ ਦੇਵੀ, ਸੋਨੀਆ ਅਤੇ ਰਣਜੀਤ ਕੌਰ ਨੇ ਕਾਂਗਰਸ ਪਾਰਟੀ ਦੀਆਂ ਨੀਤੀਆਂ ਅਤੇ ਵਿਚਾਰਧਾਰਾ ਵਿੱਚ ਵਿਸ਼ਵਾਸ ਪ੍ਰਗਟ ਕਰਦਿਆਂ ਪਾਰਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ।ਪਿੰਡ ਭੱਦੀ ਦੀਆਂ ਮਹਿਲਾਵਾਂ ਵੱਲੋਂ ਆਪਣੇ ਪਰਵਾਰਾਂ ਸਮੇਤ ਕਾਂਗਰਸ ਪਾਰਟੀ ਨਾਲ ਜੁੜਨਾ ਪਾਰਟੀ ਲਈ ਉਤਸ਼ਾਹਜਨਕ ਹੈ।ਪਿੰਡ ਭੱਦੀ ਵਿੱਚ ਹੋਈ ਇਸ ਸ਼ਮੂਲੀਅਤ ਨੂੰ ਕਾਂਗਰਸ ਪਾਰਟੀ ਵੱਲੋਂ ਹਲਕਾ ਬਲਾਚੌਰ ਵਿੱਚ ਆਪਣਾ ਜਥੇਬੰਦਕ ਆਧਾਰ ਵਧਾਉਣ ਦੇ ਯਤਨਾਂ ਵਜੋਂ ਦੇਖਿਆ ਜਾ ਰਿਹਾ ਹੈ।

ਬੱਚਿਆਂ ਨੂੰ ਮੋਬਾਈਲ ਦੀ ਲਤ ਤੋਂ ਬਚਾ ਕੇ ਖੇਡਾਂ, ਕਿਤਾਬਾਂ ਨਾਲ ਜੋੜਨਾ ਸਮੇਂ ਦੀ ਲੋੜ : ਸੈਣੀ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਬੱਚਿਆਂ ਵਿੱਚ ਮੋਬਾਈਲ ਫੋਨ ਦੀ ਵਧ ਰਹੀ ਵਰਤੋਂ ਅਤੇ ਇਸ ਦੇ ਉਨ੍ਹਾਂ ਦੇ ਸਰੀਰਕ ਤੇ ਮਾਨਸਿਕ ਵਿਕਾਸ 'ਤੇ ਪੈ ਰਹੇ ਪ੍ਰਭਾਵਾਂ ਨੂੰ ਲੈ ਕੇ ਵੱਖ-ਵੱਖ ਸਮਾਜਿਕ ਅਤੇ ਵਿੱਦਿਅਕ ਸੰਸਥਾਵਾਂ ਦੀ ਇੱਕ ਵਿਸ਼ੇਸ਼ ਮੀਟਿੰਗ ਭਾਰਤ ਵਿਕਾਸ ਪਰਿਸ਼ਦ ਦੇ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਦੀ ਅਗਵਾਈ ਹੇਠ ਕਰਵਾਈ ਗਈ। ਇਸ ਮੀਟਿੰਗ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਆਗਿਆਪਾਲ ਸਿੰਘ ਸਾਹਨੀ, ਸਨ ਫਾਊਂਡੇਸ਼ਨ ਤੋਂ ਪ੍ਰਮੁੱਖ ਸਿੱਖਿਆ ਸ਼ਾਸਤਰੀ ਚੰਦਰ ਪ੍ਰਕਾਸ਼ ਸੈਣੀ ਅਤੇ ਡੀਸੈਂਟ ਵੈਲਫੇਅਰ ਸੋਸਾਇਟੀ ਤੋਂ ਡਾ. ਪੰਕਜ ਸ਼ਰਮਾ ਤੇ ਮਨਜਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਦੌਰਾਨ ਬੱਚਿਆਂ ਨੂੰ ਮੋਬਾਈਲ ਦੀ ਬੇਲੋੜੀ ਵਰਤੋਂ ਤੋਂ ਬਚਾਉਣ, ਉਨ੍ਹਾਂ ਵਿੱਚ ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਕਰਨ ਅਤੇ ਖੇਡਾਂ ਤੇ ਰਚਨਾਤਮਕ ਗਤੀਵਿਧੀਆਂ ਨਾਲ ਜੋੜਨ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਸੰਜੀਵ ਅਰੋੜਾ ਨੇ ਕਿਹਾ ਕਿ ਅੱਜ ਦੇ ਡਿਜੀਟਲ ਯੁੱਗ ਵਿੱਚ ਮੋਬਾਈਲ ਫੋਨ ਗਿਆਨ ਅਤੇ ਜਾਣਕਾਰੀ ਦਾ ਇੱਕ ਮਹੱਤਵਪੂਰਨ ਸਾਧਨ ਹੈ, ਪਰ ਇਸ ਦੀ ਲੋੜ ਤੋਂ ਵੱਧ ਵਰਤੋਂ ਬੱਚਿਆਂ ਦੀ ਪੜ੍ਹਾਈ, ਇਕਾਗਰਤਾ, ਸਰੀਰਕ ਸਰਗਰਮੀ ਅਤੇ ਸਮਾਜਿਕ ਵਿਹਾਰ ਨੂੰ ਪ੍ਰਭਾਵਿਤ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਮੋਬਾਈਲ ਤੋਂ ਪੂਰੀ ਤਰ੍ਹਾਂ ਦੂਰ ਰੱਖਣ ਦੀ ਬਜਾਏ ਉਨ੍ਹਾਂ ਨੂੰ ਤਕਨਾਲੋਜੀ ਦੀ ਸਹੀ ਅਤੇ ਸੀਮਤ ਵਰਤੋਂ ਕਰਨੀ ਸਿਖਾਉਣੀ ਜ਼ਰੂਰੀ ਹੈ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਆਗਿਆਪਾਲ ਸਿੰਘ ਸਾਹਨੀ ਨੇ ਕਿਹਾ ਕਿ ਬੱਚਿਆਂ ਦਾ ਭਵਿੱਖ ਸਿਰਫ਼ ਕਿਤਾਬੀ ਸਿੱਖਿਆ ਨਾਲ ਹੀ ਨਹੀਂ, ਸਗੋਂ ਚੰਗੇ ਸੰਸਕਾਰਾਂ, ਅਨੁਸ਼ਾਸਨ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨਾਲ ਵੀ ਨਿਖਰਦਾ ਹੈ।

ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦੀਆਂ ਗਤੀਵਿਧੀਆਂ ਵੱਲ ਧਿਆਨ ਦੇਣ ਅਤੇ ਉਨ੍ਹਾਂ ਨੂੰ ਮੋਬਾਈਲ 'ਤੇ ਵੱਧ ਸਮਾਂ ਬਿਤਾਉਣ ਦੀ ਬਜਾਏ ਖੇਡਾਂ, ਕਿਤਾਬਾਂ ਪੜ੍ਹਨ ਅਤੇ ਸਮਾਜ ਭਲਾਈ ਦੇ ਕੰਮਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕਰਨ। ਬੱਚਿਆਂ ਨੂੰ ਪਿਆਰ ਅਤੇ ਸਮਝਦਾਰੀ ਨਾਲ ਸਹੀ ਦਿਸ਼ਾ ਦੇਣਾ ਪਰਿਵਾਰ ਅਤੇ ਸਮਾਜ ਦੋਵਾਂ ਦੀ ਜ਼ਿੰਮੇਵਾਰੀ ਹੈ। ਸਨ ਫਾਊਂਡੇਸ਼ਨ ਦੇ ਪ੍ਰਮੁੱਖ ਸਿੱਖਿਆ ਸ਼ਾਸਤਰੀ ਚੰਦਰ ਪ੍ਰਕਾਸ਼ ਸੈਣੀ ਨੇ ਕਿਹਾ ਕਿ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਪੜ੍ਹਾਈ ਦੇ ਨਾਲ-ਨਾਲ ਇਕਾਗਰਤਾ, ਰਚਨਾਤਮਕਤਾ ਅਤੇ ਸਰੀਰਕ ਗਤੀਵਿਧੀਆਂ ਦਾ ਵਿਸ਼ੇਸ਼ ਮਹੱਤਵ ਹੈ।ਅੰਤ ਵਿੱਚ ਸੰਜੀਵ ਅਰੋੜਾ ਨੇ ਮਾਪਿਆਂ, ਅਧਿਆਪਕਾਂ, ਸਮਾਜਿਕ ਸੰਸਥਾਵਾਂ ਅਤੇ ਸਮਾਜ ਦੇ ਜਾਗਰੂਕ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਬੱਚਿਆਂ ਲਈ ਹਰ ਰੋਜ਼ ਕੁਝ ਸਮਾਂ ਮੋਬਾਈਲ-ਮੁਕਤ ਗਤੀਵਿਧੀਆਂ ਵਾਸਤੇ ਨਿਰਧਾਰਤ ਕਰਨ।

ਐਡਵੋਕੇਟ ਰਾਜ ਕਮਲ ਸਿੰਘ ਭੁੱਲਰ ਦੀ ਅਗਵਾਈ ਹੇਠ ਹੋਈ ਮੀਟਿੰਗ ਦੀ ਪ੍ਰਧਾਨਗੀ ਰਣੀਕੇ ਨੇ ਕੀਤੀ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਹਲਕਾ ਨਕੋਦਰ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਐਸ.ਸੀ. ਵਿੰਗ ਦੀ ਇੱਕ ਅਹਿਮ ਮੀਟਿੰਗ ਐਡਵੋਕੇਟ ਰਾਜ ਕਮਲ ਸਿੰਘ ਭੁੱਲਰ, ਮੁੱਖ ਸੇਵਾਦਾਰ ਹਲਕਾ ਨਕੋਦਰ, ਦੀ ਅਗਵਾਈ ਹੇਠ ਹੋਈ। ਮੀਟਿੰਗ ਦੀ ਪ੍ਰਧਾਨਗੀ ਐਸ.ਸੀ. ਵਿੰਗ ਦੇ ਪ੍ਰਧਾਨ ਗੁਲਜ਼ਾਰ ਸਿੰਘ ਰਣੀਕੇ ਨੇ ਕੀਤੀ। ਇਸ ਮੌਕੇ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨ, ਐਸ.ਸੀ. ਭਾਈਚਾਰੇ ਦੀ ਭਲਾਈ ਅਤੇ ਲੋਕਾਂ ਨਾਲ ਸੰਪਰਕ ਵਧਾਉਣ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਰਾਜਕਾਲ ਦੌਰਾਨ ਗਰੀਬ ਅਤੇ ਲੋੜਵੰਦ ਪਰਵਾਰਾਂ ਦੀ ਭਲਾਈ ਲਈ ਕਈ ਯੋਜਨਾਵਾਂ ਲਾਗੂ

ਕੀਤੀਆਂ। ਉਨ੍ਹਾਂ ਕਿਹਾ ਕਿ ਐਸ.ਸੀ. ਭਾਈਚਾਰੇ ਦੀ ਸਿੱਖਿਆ, ਰੁਜ਼ਗਾਰ, ਸਮਾਜਿਕ ਸਨਮਾਨ ਅਤੇ ਬਰਾਬਰੀ ਦੇ ਮੌਕਿਆਂ ਲਈ ਯਤਨ ਜਾਰੀ ਰਹਿਣੇ ਚਾਹੀਦੇ ਹਨ।ਐਡਵੋਕੇਟ ਭੁੱਲਰ ਨੇ ਕਿਹਾ ਕਿ ਪਾਰਟੀ ਦੀ ਮਜ਼ਬੂਤੀ ਲਈ ਹਰੇਕ ਵਰਕਰ ਨੂੰ ਆਪਣੀ ਜ਼ਿੰਮੇਵਾਰੀ ਸਮਝਦਿਆਂ ਘਰ-ਘਰ ਜਾ ਕੇ ਲੋਕਾਂ ਨਾਲ ਸੰਪਰਕ ਕਰਨਾ ਚਾਹੀਦਾ ਹੈ। ਮੀਟਿੰਗ ਵਿੱਚ ਹਾਜ਼ਰ ਆਗੂ ਅਤੇ ਵਰਕਰ ਇਸ ਮੌਕੇ ਪ੍ਰੀਤਮ ਸਿੰਘ ਬੁਰਜ ਹਸਨ ਪ੍ਰਧਾਨ ਐਸਸੀ ਵਿੰਗ ਨਕੋਦਰ ਹਰਬੰਸ ਸਿੰਘ ਦਰਦੀ ਮੀਤ ਪ੍ਰਧਾਨ ਦੁਆਬਾ ਜ਼ੋਨ ਪ੍ਰਧਾਨ ਸੁਖਦੇਵ ਸਿੰਘ ਗਹੀਰ, ਨੂਰਮਹਿਲ ਸ਼ਹਿਰ ਦੇ ਪ੍ਰਧਾਨ ਸੰਦੀਪ ਵਰਮਾ, ਜਸਵਿੰਦਰ ਸਿੰਘ ਲਾਂਬਾ, ਹਰਜਿੰਦਰ ਸਿੰਘ ਡੱਲਾ, ਨਿਰਮਲ ਸਿੰਘ ਡੱਲਾ, ਪਰਵਿੰਦਰ ਸਿੰਘ ਸ਼ਾਮਪੁਰ (ਪੀਐਸਸੀ ਮੈਂਬਰ), ਕੁੰਦਨ ਸਿੰਘ ਜਨਤਾ ਨਗਰ, ਗੁਰਦੇਵ ਸਿੰਘ ਰਾਮੇਵਾਲ, ਮੇਜਰ ਸਿੰਘ ਔਜਲਾ, ਪਿਆਰਾ ਸਿੰਘ ਕੈਂਥ, ਸਤਨਾਮ ਸਿੰਘ ਅਧਿਕਾਰੀ, ਗੁਰਪ੍ਰੀਤ ਸਿੰਘ ਭੰਡਾਲ, ਪਾਲ ਸਿੰਘ ਉੱਗੀ, ਸਰਪੰਚ ਜਸਵੰਤ ਸਿੰਘ ਸਿੰਘਪੁਰ ਦੋਨਾ, ਇਕਵਾਲ ਸਿੰਘ ਸਹੇਮ, ਜੀਵਨ ਸਿੰਘ ਸਹੇਮ, ਸਮੇਸ਼ ਅਰੋੜਾ, ਰਵਿੰਦਰ ਸਿੰਘ ਪਵਾਦੜਾ, ਗੋਖਾ ਪਵਾਦੜਾ, ਡਾ. ਸੁਖਵਿੰਦਰ ਸਿੰਘ ਪੋਡੇ, ਜਸਪ੍ਰੀਤ ਸਿੰਘ ਰੌਜਰ, ਮੋਨੂ ਤਲਵਣ, ਦਿਆ ਸਿੰਘ ਹਰਦੋਸੰਘਾ, ਪ੍ਰੀਤਮ ਸਿੰਘ ਸਰਪੰਚ, ਅਰਬੇਲ ਸਿੰਘ ਖੀਵਾ, ਸੁਖਵਿੰਦਰ ਸਿੰਘ ਸੋਖਾ ਮੱਲੀਆਂ, ਜਥੇਦਾਰ ਅਗਿਆਕਾਰ ਸਿੰਘ ਜਾਹਾਂਗੀਰ, ਹਰਜਿੰਦਰ ਸਿੰਘ ਜਾਹਾਂਗੀਰ, ਗੁਰਵਿੰਦਰ ਸਿੰਘ ਮਿਠੜਾ ਅਤੇ ਅਮਨ ਡੱਲਾ ਸਮੇਤ ਹੋਰ ਕਈ ਆਗੂ ਅਤੇ ਵਰਕਰ ਹਾਜ਼ਰ ਸਨ।

ਸਾਲਾਨਾ ਕਬੱਡੀ ਕੱਪ 14 ਤੋਂ

ਢਿੱਲਵਾਂ (ਪਲਵਿੰਦਰ ਸਿੰਘ ਜੈ ਰਾਮ ਪੁਰ)- ਸੰਤ ਬਾਬਾ ਪ੍ਰਤਾਪ ਸਿੰਘ ਸਪੋਰਟਸ ਕਲੱਬ ਢਿੱਲਵਾਂ ਦੀ ਇੱਕ ਜਰੂਰੀ ਮੀਟਿੰਗ ਹੋਈ, ਮੀਟਿੰਗ ਦੀ ਜਾਣਕਾਰੀ ਦਿੰਦਿਆਂ ਪ੍ਰਧਾਨ ਦਿਲਬਾਗ ਸਿੰਘ ਯੂ ਕੇ, ਮਨਰਾਜ ਸਿੰਘ ਸਾਬਕਾ ਕੌਂਸਲਰ ਢਿਲਵਾ, ਖਜਾਨਚੀ ਬਲਦੇਵ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕਲੱਬ ਵੱਲੋਂ ਸਮੂਹ ਨਗਰ ਨਿਵਾਸੀਆਂ ਅਤੇ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ 26 ਵਾਂ ਸਲਾਨਾ ਕਬੱਡੀ ਕੱਪ ਸੰਤ ਬਾਬਾ ਪ੍ਰਤਾਪ ਸਿੰਘ ਦੀ ਯਾਦ ਵਿੱਚ 14 ਅਤੇ 15 ਨਵੰਬਰ ਨੂੰ ਬੜੀ ਸ਼ਾਨੋ ਸ਼ੌਕਤ ਨਾਲ ਸਟੇਡੀਅਮ ਵਿੱਚ ਕਰਵਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਇਸ ਕੱਬਡੀ ਕੱਪ ਵਿੱਚ 70 ਕਿਲੋ 55 ਕਿਲੋ ਅਤੇ ਓਪਨ ਪਿੰਡ ਪੱਧਰ ਦੇ ਮੈਚ ਕਰਵਾਏ ਜਾਣਗੇ। ਇਸ ਮੌਕੇ ਬਲਜਿੰਦਰ ਸਿੰਘ ਮੰਗਾ, ਹਰਨੇਕ ਸਿੰਘ ਚੱਕੀ ਵਾਲੇ, ਰਘਬੀਰ ਸਿੰਘ, ਜਸਵਿੰਦਰ ਸਿੰਘ ਬਿੱਟੂ, ਤਰਲੋਚਨ ਸਿੰਘ ਅੰਤਰ ਰਾਸ਼ਟਰੀ ਕਬੱਡੀ ਕੋਚ, ਸੁਖਬੀਰ ਸਿੰਘ ਸੁੱਖਾ, ਨਿਰਵੈਰ ਸਿੰਘ, ਹਰਜੀਤ ਸਿੰਘ, ਨੰਬਰਦਾਰ ਹਰਪ੍ਰੀਤ ਸਿੰਘ, ਹਰਜਿੰਦਰ ਸਿੰਘ ਅਤੇ ਇਲਾਕਾ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਕੇਂਦਰ ਦੀਆਂ ਲੋਕ ਭਲਾਈ ਸਕੀਮਾਂ ਬਾਰੇ ਭਾਜਪਾ ਆਗੂ ਡਾ. ਸਾਹੀ ਨੇ ਕੀਤਾ ਜਾਗਰੂਕ

ਦਸੂਹਾ (ਕਰਨੈਲ ਮਾਂਗਟ)- ਵਿਧਾਨ ਸਭਾ ਹਲਕਾ ਦਸੂਹਾ ਅਧੀਨ ਪੈਂਦੇ ਪਿੰਡ ਉੱਚੀ ਬੱਸੀ ਵਿਖੇ ਭਾਰਤੀ ਜਨਤਾ ਪਾਰਟੀ ਦੇ ਸੂਬਾ ਕਾਰਜਕਾਰਨੀ ਮੈਂਬਰ ਡਾ. ਹਰਸਿਮਰਤ ਸਾਹੀ ਵੱਲੋਂ ਇੱਕ ਅਹਿਮ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਪਿੰਡ ਵਾਸੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਕੇਂਦਰ

ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਵੱਖ-ਵੱਖ ਯੋਜਨਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਡਾ. ਹਰਸਿਮਰਤ ਸਾਹੀ ਨੇ ਪਿੰਡ ਵਾਸੀਆਂ ਨੂੰ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਯੋਜਨਾਵਾਂ ਦਾ ਮਕਸਦ ਆਮ ਲੋਕਾਂ, ਕਿਸਾਨਾਂ, ਮਜ਼ਦੂਰਾਂ ਅਤੇ ਲੋੜਵੰਦ ਪਰਵਾਰਾਂ ਤੱਕ ਸਹੂਲਤਾਂ ਪਹੁੰਚਾਉਣਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਸਕੀਮਾਂ ਬਾਰੇ ਜਾਣਕਾਰੀ ਹਾਸਲ ਕਰਨ ਅਤੇ ਯੋਗ ਲਾਭਪਾਤਰੀਆਂ ਤੱਕ ਵੀ ਇਹ ਜਾਣਕਾਰੀ ਪਹੁੰਚਾਉਣ। ਇਸ ਮੌਕੇ ਪਿੰਡ ਵਾਸੀਆਂ ਨਾਲ ਇਲਾਕੇ ਦੇ ਵਿਕਾਸ ਅਤੇ ਲੋਕਾਂ ਦੀਆਂ ਸਮੱਸਿਆਵਾਂ ਸਬੰਧੀ ਵੀ ਵਿਚਾਰ ਸਾਂਝੇ ਕੀਤੇ ਗਏ। ਡਾ. ਸਾਹੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੇ ਤਹਿਤ 3000 ਘਰ ਦਸੂਹਾ ਹਲਕੇ ਨੂੰ ਮਿਲਣ ਜਾ ਰਿਹਾ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਅਜਿਹੀਆਂ ਮੀਟਿੰਗਾਂ ਰਾਹੀਂ ਲੋਕਾਂ ਨੂੰ ਸਰਕਾਰੀ ਯੋਜਨਾਵਾਂ ਦੀ ਸਹੀ ਜਾਣਕਾਰੀ ਦੇਣਾ ਅਤੇ ਉਨ੍ਹਾਂ ਨੂੰ ਬਣਦਾ ਲਾਭ ਦਿਵਾਉਣ ਲਈ ਯਤਨ ਕਰਨਾ ਬਹੁਤ ਜ਼ਰੂਰੀ ਹੈ।

ਆਮ ਆਦਮੀ ਪਾਰਟੀ ਨੇ ਬੀਬੀ ਸੰਤੋਸ਼ ਕਟਾਰੀਆ ਨੂੰ ਮੁੜ ਬਣਾਇਆ ਉਮੀਦਵਾਰ

ਪੋਜੇਵਾਲ (ਰਾਮ ਲਾਲ)- ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੋਣ ਲੱਗੀਆਂ ਹਨ। ਇਸੇ ਤਹਿਤ ਆਮ ਆਦਮੀ ਪਾਰਟੀ

ਵੱਲੋਂ ਜਾਰੀ ਕੀਤੀ ਗਈ ਉਮੀਦਵਾਰਾਂ ਦੀ ਪਹਿਲੀ ਸੂਚੀ ਵਿੱਚ ਵਿਧਾਨ ਸਭਾ ਹਲਕਾ ਬਲਾਚੌਰ ਤੋਂ ਮੌਜੂਦਾ ਵਿਧਾਇਕ ਬੀਬੀ ਸੰਤੋਸ਼ ਕਟਾਰੀਆ ਨੂੰ ਮੁੜ ਪਾਰਟੀ ਦਾ ਉਮੀਦਵਾਰ ਬਣਾਏ ਜਾਣ ਦੀ ਜਾਣਕਾਰੀ ਸਾਹਮਣੇ ਆਈ ਹੈ।ਇਸ ਮੌਕੇ ਵਿਧਾਇਕਾ ਬੀਬੀ ਸੰਤੋਸ਼ ਕਟਾਰੀਆ ਨੇ ਉਨ੍ਹਾਂ ਉੱਤੇ ਮੁੜ ਭਰੋਸਾ ਪ੍ਰਗਟਾਉਣ ਲਈ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਮੁੱਚੀ ਪਾਰਟੀ ਹਾਈਕਮਾਂਡ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਮਿਹਨਤ, ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ।ਬੀਬੀ ਕਟਾਰੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿੱਖਿਆ, ਸਿਹਤ, ਰੁਜ਼ਗਾਰ, ਬਿਜਲੀ ਅਤੇ ਬੁਨਿਆਦੀ ਸਹੂਲਤਾਂ ਦੇ ਖੇਤਰ ਵਿੱਚ ਕੀਤੇ ਗਏ ਕੰਮਾਂ ਨੂੰ ਲੋਕਾਂ ਤੱਕ ਪਹੁੰਚਾਇਆ ਜਾਵੇਗਾ।

ਬਲਾਚੌਰ ਨੂੰ ਆਖ਼ਰ ਕਦੋਂ ਮਿਲੇਗੀ ਵਿਕਾਸ ਦੀ ਰਾਜਨੀਤੀ : ਤੇਜੀ ਮਾਂਗਟ

ਬਲਾਚੌਰ (ਜਸਵਿੰਦਰ ਬੈਂਸ)- ਬਲਾਚੌਰ ਹਲਕੇ ਦੀ ਰਾਜਨੀਤੀ, ਵਿਕਾਸ ਅਤੇ ਆਮ ਲੋਕਾਂ ਨਾਲ ਜੁੜੇ ਬੁਨਿਆਦੀ ਮੁੱਦਿਆਂ ਨੂੰ ਲੈ ਕੇ ਹੋਏ ਅਹਿਮ ਵਿਚਾਰ-ਵਟਾਂਦਰੇ ਦੌਰਾਨ ਪਾਰਟੀ ਮਿਸਲ ਸਤਲੁਜ ਦੇ ਦੋਆਬਾ ਜ਼ੋਨ ਪ੍ਰਧਾਨ ਤੇਜੀ ਮਾਂਗਟ ਨੇ ਸਿਆਸੀ ਆਗੂਆਂ ਅਤੇ ਸਰਕਾਰਾਂ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਦਹਾਕਿਆਂ ਤੋਂ ਬਲਾਚੌਰ ਹਲਕੇ ਵਿੱਚ ਸਿਆਸਤ ਤਾਂ ਬਹੁਤ ਹੋਈ ਹੈ, ਪਰ ਹਲਕੇ ਦੀ ਤਕਦੀਰ ਬਦਲਣ ਵਾਲੇ ਵਿਕਾਸ ਕਾਰਜ ਅਜੇ ਵੀ ਲੋਕਾਂ ਦੀ ਉਡੀਕ ਕਰ ਰਹੇ

ਹਨ। ਤੇਜੀ ਮਾਂਗਟ ਨੇ ਕਿਹਾ ਕਿ ਪਿਛਲੇ ਕਈ ਦਹਾਕਿਆਂ ਦੌਰਾਨ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਬਣੀਆਂ, ਸਿਆਸੀ ਚਿਹਰੇ ਬਦਲੇ ਅਤੇ ਹਰ ਚੋਣ ਸਮੇਂ ਵਿਕਾਸ ਦੇ ਵੱਡੇ-ਵੱਡੇ ਵਾਅਦੇ ਕੀਤੇ ਗਏ, ਪਰ ਅੱਜ ਵੀ ਹਲਕੇ ਦੇ ਲੋਕ ਕਈ ਬੁਨਿਆਦੀ ਸਮੱਸਿਆਵਾਂ ਨਾਲ ਜੂਝ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਘਾਟ ਕਾਰਨ ਆਮ ਲੋਕਾਂ ਨੂੰ ਸਿਹਤ ਸਹੂਲਤਾਂ ਲੈਣ ਲਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਦੋਂ ਸਿੱਖਿਆ ਅਤੇ ਸਿਹਤ ਵਰਗੀਆਂ ਬੁਨਿਆਦੀ ਸਹੂਲਤਾਂ ਹੀ ਪੂਰੀਆਂ ਨਹੀਂ ਹੋ ਰਹੀਆਂ ਤਾਂ ਫਿਰ ਆਮ ਲੋਕਾਂ ਦੇ ਜੀਵਨ ਵਿੱਚ ਸੁਧਾਰ ਕਿਵੇਂ ਆਵੇਗਾ? ਉਨ੍ਹਾਂ ਨੌਜਵਾਨੀ ਦੀ ਮੌਜੂਦਾ ਸਥਿਤੀ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਦੀ ਜਵਾਨੀ ਨਸ਼ਿਆਂ ਦੀ ਦਲਦਲ ਵਿੱਚ ਫਸਦੀ ਜਾ ਰਹੀ ਹੈ। ਦੂਜੇ ਪਾਸੇ ਪੜ੍ਹ-ਲਿਖ ਕੇ ਡਿਗਰੀਆਂ ਹਾਸਲ ਕਰਨ ਵਾਲੇ ਨੌਜਵਾਨਾਂ ਨੂੰ ਵੀ ਆਪਣੀ ਯੋਗਤਾ ਅਨੁਸਾਰ ਰੁਜ਼ਗਾਰ ਨਹੀਂ ਮਿਲ ਰਿਹਾ। ਰੁਜ਼ਗਾਰ ਦੇ ਮੌਕਿਆਂ ਦੀ ਘਾਟ ਕਾਰਨ ਨੌਜਵਾਨ ਦੂਜੇ ਸ਼ਹਿਰਾਂ ਅਤੇ ਸੂਬਿਆਂ ਵੱਲ ਜਾਣ ਲਈ ਮਜਬੂਰ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਬਲਾਚੌਰ ਨੂੰ ਹੁਣ ਅਜਿਹੀ ਰਾਜਨੀਤੀ ਦੀ ਲੋੜ ਹੈ, ਜਿਸ ਵਿੱਚ ਕਿਸੇ ਵਿਅਕਤੀ ਜਾਂ ਪਰਿਵਾਰ ਦੀ ਬਜਾਏ ਆਮ ਲੋਕਾਂ ਦੇ ਮੁੱਦਿਆਂ ਨੂੰ ਪਹਿਲ ਦਿੱਤੀ ਜਾਵੇ। ਇਸ ਮੌਕੇ ਸਰਪੰਚ ਹਰਨੇਕ ਸਿੰਘ ਫੌਜੀ ਜਮੀਤਗੜ੍ਹ, ਸੁਖਜਿੰਦਰ ਸਿੰਘ ਗੁੱਲਪੁਰ, ਤਲਵੀਰ ਸਿੰਘ ਫੌਜੀ ਅਤੇ ਹਰਜੀਤ ਸਿੰਘ ਸਮੇਤ ਹੋਰ ਸਾਥੀ ਵੀ ਹਾਜ਼ਰ ਸਨ।

ਫੂਡ ਸੇਫਟੀ ਟੀਮ ਨੇ ਚਾਰ ਖਾਧ ਪਦਾਰਥਾਂ ਦੇ ਸੈਂਪਲ ਭਰੇ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਕਮਿਸ਼ਨਰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਪੰਜਾਬ ਸ੍ਰੀਮਤੀ ਕੰਵਲਪ੍ਰੀਤ ਕੌਰ ਬਰਾੜ ਅਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਸਿਵਲ ਸਰਜਨ ਹੁਸ਼ਿਆਰਪੁਰ ਡਾ. ਮਨਦੀਪ ਕਮਲ ਦੇ ਨਿਰਦੇਸ਼ਾਂ ਅਤੇ ਜ਼ਿਲ੍ਹਾ ਸਿਹਤ ਅਫ਼ਸਰ ਡਾ. ਜਤਿੰਦਰ ਭਾਟੀਆ ਦੀ ਅਗਵਾਈ ਹੇਠ ਸਿਹਤ ਵਿਭਾਗ ਦੀ ਫੂਡ ਸੇਫਟੀ ਟੀਮ ਵੱਲੋਂ ਸੈਲਾ ਖੁਰਦ ਅਤੇ ਮਾਹਿਲਪੁਰ ਵਿਖੇ ਖਾਧ ਪਦਾਰਥਾਂ ਦੀ ਜਾਂਚ ਕੀਤੀ ਗਈ।ਇਸ ਕਾਰਵਾਈ ਦੌਰਾਨ ਫੂਡ ਸੇਫਟੀ ਅਫ਼ਸਰ ਇਸ਼ਾਨ ਬਾਂਸਲ ਅਤੇ ਟੀਮ ਵੱਲੋਂ ਕੁੱਲ ਚਾਰ ਖਾਧ ਪਦਾਰਥਾਂ ਦੇ ਸੈਂਪਲ ਲਏ ਗਏ, ਜਿਨ੍ਹਾਂ ਵਿੱਚ ਮਠਿਆਈਆਂ ਦੇ ਦੋ ਸੈਂਪਲ, ਨੂਡਲਜ਼ ਦਾ ਇੱਕ ਸੈਂਪਲ ਅਤੇ ਮੱਠੀ ਦਾ ਇੱਕ ਸੈਂਪਲ ਸ਼ਾਮਲ ਹੈ। ਇਹ ਸੈਂਪਲ ਖਾਧ ਪਦਾਰਥਾਂ ਦੀ ਗੁਣਵੱਤਾ ਅਤੇ ਸੁਰੱਖਿਆ ਦੀ ਜਾਂਚ ਲਈ ਲਏ ਗਏ ਹਨ। ਜਾਂਚ ਦੌਰਾਨ ਇੱਕ ਸਟਰੀਟ ਫੂਡ ਵਿਕਰੇਤਾ ਵੱਲੋਂ ਫਲਾਂ ਨੂੰ ਦੂਸ਼ਿਤ ਹਾਲਤਾਂ ਅਤੇ ਗ਼ੈਰ-ਸਫ਼ਾਈ ਵਾਲੇ ਬਰਤਨਾਂ ਵਿੱਚ ਸਟੋਰ ਕੀਤਾ ਹੋਇਆ ਪਾਇਆ ਗਿਆ। ਫੂਡ ਸੇਫਟੀ ਟੀਮ ਨੇ ਇਸ ਦਾ ਨੋਟਿਸ ਲੈਂਦਿਆਂ

ਲੋਕਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖ ਕੇ ਉਕਤ ਫਲ ਮੌਕੇ 'ਤੇ ਹੀ ਨਸ਼ਟ ਕਰਵਾ ਦਿੱਤੇ। ਵਿਕਰੇਤਾ ਨੂੰ ਹਦਾਇਤ ਕੀਤੀ ਗਈ ਕਿ ਉਹ ਫਲਾਂ ਅਤੇ ਹੋਰ ਖਾਧ ਪਦਾਰਥਾਂ ਨੂੰ ਸਾਫ਼-ਸੁਥਰੀ ਜਗ੍ਹਾ 'ਤੇ ਢੁਕਵੇਂ ਬਰਤਨਾਂ ਵਿੱਚ ਸਟੋਰ ਕਰੇ ਅਤੇ ਸਫ਼ਾਈ ਦੇ ਨਿਰਧਾਰਤ ਮਾਪਦੰਡਾਂ ਦੀ ਪਾਲਣਾ ਯਕੀਨੀ ਬਣਾਏ।ਜ਼ਿਲ੍ਹਾ ਸਿਹਤ ਅਫ਼ਸਰ ਡਾ. ਜਤਿੰਦਰ ਭਾਟੀਆ ਨੇ ਕਿਹਾ ਕਿ ਲੋਕਾਂ ਨੂੰ ਸੁਰੱਖਿਅਤ ਅਤੇ ਸਾਫ਼-ਸੁਥਰੇ ਖਾਧ ਪਦਾਰਥ ਮੁਹੱਈਆ ਕਰਵਾਉਣਾ ਸਿਹਤ ਵਿਭਾਗ ਦੀ ਮੁੱਖ ਤਰਜੀਹ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਖਾਧ ਸੁਰੱਖਿਆ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਫੂਡ ਬਿਜ਼ਨਸ ਆਪਰੇਟਰਾਂ ਵਿਰੁੱਧ ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ, 2006 ਤਹਿਤ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਰਾਹੁਲ ਗਾਂਧੀ ਪੰਜਾਬੀਆਂ ਨਾਲ ਹੋ ਰਹੀ ਧੱਕੇਸ਼ਾਹੀ ਖਿਲਾਫ ਅਵਾਜ਼ ਕਰਨਗੇ ਬੁਲੰਦ : ਐਡਵੋਕੇਟ ਗਿਲਜੀਆਂ

ਅੱਡਾ ਸਰਾਂ (ਜਸਵੀਰ ਕਾਜਲ)- ਸੰਗਰੂਰ ਵਿਖੇ 4 ਨਵੰਬਰ ਨੂੰ ਹੋਣ ਵਾਲੀ ਕਾਂਗਰਸ ਦੀ ਇਨਸਾਫ ਮਹਾ ਰੈਲੀ ਲਈ ਵਰਕਰਾਂ ਦੀ ਲਾਮਬੰਦੀ ਲਈ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਦਲਜੀਤ ਸਿੰਘ

ਗਿਲਜੀਆਂ ਨੇ ਮੀਟਿੰਗ ਕੀਤੀ । ਇਸ ਮੌਕੇ ਐਡਵੋਕੇਟ ਗਿਲਜੀਆਂ ਨੇ ਆਖਿਆ ਕਿ ਪੰਜਾਬ ਸਰਕਾਰ ਦੀ ਨਕਾਰਾ ਕਾਰਗੁਜ਼ਾਰੀ ਦੇ ਚਲਦਿਆਂ ਅੱਜ ਪੰਜਾਬ ਦੀ ਜਵਾਨੀ ਨਸ਼ਿਆਂ ਦੀ ਭੇਟ ਚੜ੍ਹ ਰਹੀ ਹੈ । ਉਨ੍ਹਾਂ ਆਖਿਆ ਕਿ ਪੰਜਾਬ ਵਿਚ ਸਮੱਗਲਰਾਂ ਨੂੰ ਸਰਕਾਰੀ ਸਰਪ੍ਰਸਤੀ ਮਿਲੀ ਹੋਈ ਹੈ ਅਤੇ ਨਸ਼ਿਆਂ ਖਿਲਾਫ ਲੜਾਈ ਲੜਦੇ ਹੋਏ ਸ਼ਹੀਦ ਹੋਏ ਪਰਵਿੰਦਰ ਸਿੰਘ ਝੋਟੇ ਦੇ ਪਰਵਾਰ ਨੂੰ ਇਨਸਾਫ ਦਿਵਾਉਣ ਲਈ ਲੋਕਾਂ ਨੂੰ ਸੜਕਾਂ 'ਤੇ ਉਤਰਨਾ ਪੈ ਰਿਹਾ ਹੈ ।ਉਨ੍ਹਾਂ ਆਖਿਆ ਕਿ ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਦੀ ਗੱਲ ਕਰਨ ਅਤੇ ਆਮ ਜਨਤਾ ਕਿਸਾਨਾਂ ਕਿਰਤੀਆਂ ਕਰਮਚਾਰੀਆਂ ਅਤੇ ਪੈਨਸ਼ਨਰਾਂ ਨਾਲ ਸਰਕਾਰ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਦੇ ਖ਼ਿਲਾਫ਼ ਅਵਾਜ ਬੁਲੰਦ ਕਰਨ ਲਈ 4 ਨਵੰਬਰ ਨੂੰ ਕੌਮੀ ਆਗੂ ਰਾਹੁਲ ਗਾਂਧੀ ਪੰਜਾਬ ਆ ਰਹੇ ਹਨ ਅਤੇ ਸੰਗਰੂਰ ਦੀ ਰੈਲੀ ਇਸ ਲਈ ਇਤਿਹਾਸਿਕ ਸਾਬਤ ਹੋਵੇਗੀ । ਇਸ ਮੌਕੇ ਦੇਸ ਰਾਜ ਡੋਗਰਾ ਗੁਰਸੇਵਕ ਮਾਰਸ਼ਲ, ਰਾਕੇਸ਼ ਬਿੱਟੂ, ਰਾਜੇਸ਼ ਲਾਡੀ, ਪੰਕਜ ਸਚਦੇਵਾ, ਸੁੰਦਰੀ ਖੋਸਲਾ, ਬਲਦੇਵ ਰਾਜ, ਆਸ਼ੂ ਵੈਦ, ਬ੍ਰਹਮਜੀਤ ਸੈਣੀ, ਅੰਕੂ ਮਰਵਾਹਾ, ਮਨਜੀਤ ਸਿੰਘ, ਲੱਬਾ ਜਹੂਰਾ, ਰਵਿੰਦਰਪਾਲ ਸਿੰਘ ਗੋਰਾ, ਪਰਵਿੰਦਰ ਸਹਿਬਾਜ਼ਪੁਰ, ਰਵੀ ਡੋਗਰਾ, ਜੈਕੀ ਪਲਟਾ ਆਦਿ ਮੌਜੂਦ ਸਨ।

102ਵਾਂ ਵਿਸ਼ਾਲ ਖੂਨਦਾਨ ਕੈਂਪ ਅੱਜ

ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਕਾਲਰਾ ਵਿਖੇ ਸਰਦਾਰ ਬੂਟਾ ਸਿੰਘ ਸਮੂਹ ਪ੍ਰਬੰਧਕ ਕਮੇਟੀ ਜੱਦੀ ਜਠੇਰੇ ਭਟੋਆ ਪਰਵਾਰ ਪਿੰਡ ਕਾਲਰਾ ਵਿਖੇ ਸਾਲਾਨਾ ਸਮਾਗਮ 01 ਨਵੰਬਰ ਦਿਨ ਐਤਵਾਰ ਨੂੰ 102ਵਾਂ ਵਿਸ਼ਾਲ ਖੂਨਦਾਨ ਕੈਂਪ ਬੜੀ ਹੀ ਸ਼ਰਧਾ ਅਤੇ ਉਤਸ਼ਾਹ ਤਹਿਤ ਕਰਵਾਇਆ ਜਾ ਰਿਹਾ ਹੈ। ਜਿਸ ਦੌਰਾਨ ਦਸਵੰਧ ਗਰੀਬਾਂ ਲਈ ਵੈਲਫੇਅਰ ਸੁਸਾਇਟੀ ਰਜਿ. ਪੰਜਾਬ ਦੇ ਮੁੱਖ ਸੇਵਾਦਾਰ ਜਥੇਦਾਰ ਸੁਖਜੀਤ ਸਿੰਘ ਡਰੋਲੀ ਕਲਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਮੁੱਚੀ ਟੀਮ ਵਲੋਂ ਪਸਰੀਚਾ ਬਲੱਡ ਬੈਂਕ ਸ਼੍ਰੀ ਮੋਹਿਤ ਕਪੂਰ ਜੀਆਂ ਦੇ ਵੱਡੇ ਸਹਿਯੋਗ ਨਾਲ 102ਵਾਂ ਸਵੈ ਇੱਛੁਕ ਖੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ।

ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਭੁੰਗਰਨੀ ਵਿਖੇ ਕਰਵਾਏ ਖੇਡ ਮੁਕਾਬਲੇ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਨਿਰਦੇਸ਼ਾਂ 'ਤੇ ਜ਼ਿਲ੍ਹੇ ਵਿੱਚ ਨਸ਼ਾ ਵਿਰੋਧੀ ਜਾਗਰੂਕਤਾ ਗਤੀਵਿਧੀਆਂ ਲਗਾਤਾਰ ਕਰਵਾਈਆਂ ਜਾ ਰਹੀਆਂ ਹਨ। ਇਸੇ ਲੜੀ ਤਹਿਤ ਖੇਡ ਵਿਭਾਗ ਵੱਲੋਂ ਸਹਾਇਕ ਕਮਿਸ਼ਨਰ (ਲੀਡ ਅਧਿਕਾਰੀ) ਅਮਨਦੀਪ ਕੌਰ ਦੀ ਅਗਵਾਈ ਹੇਠ

ਪਿੰਡ ਭੁੰਗਰਨੀ ਸਥਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਵਿਸ਼ੇਸ਼ ਐਥਲੈਟਿਕਸ ਖੇਡ ਪ੍ਰੋਗਰਾਮ ਕਰਵਾਇਆ ਗਿਆ। ਇਸ ਦਾ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਖੇਡਾਂ ਅਤੇ ਸਿਹਤਮੰਦ ਜੀਵਨ ਸ਼ੈਲੀ ਪ੍ਰਤੀ ਪ੍ਰੇਰਿਤ ਕਰਨਾ ਸੀ।ਅਮਨਦੀਪ ਕੌਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਲਾਈ ਜਾ ਰਹੀ ਇਸ ਮੁਹਿੰਮ ਦਾ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨਾ ਅਤੇ ਖੇਡਾਂ ਸਮੇਤ ਰਚਨਾਤਮਕ ਗਤੀਵਿਧੀਆਂ ਰਾਹੀਂ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਵਿੱਚ ਉਨ੍ਹਾਂ ਦੀ ਭਾਗੀਦਾਰੀ ਯਕੀਨੀ ਬਣਾਉਣਾ ਹੈ। 60 ਰੋਜ਼ਾ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਤਹਿਤ ਕਰਵਾਏ ਗਏ ਇਸ ਪ੍ਰੋਗਰਾਮ ਵਿੱਚ ਸਕੂਲ ਦੇ ਲਗਭਗ 40 ਤੋਂ 45 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਖੇਡ ਪ੍ਰੋਗਰਾਮ ਦਾ ਪ੍ਰਬੰਧ ਖੇਡ ਕੋਚ ਹਰਜੀਤ ਪਾਲ ਸਿੰਘ ਅਤੇ ਐਥਲੈਟਿਕਸ ਕੋਚ ਮੋਨਿਕਾ ਦੀ ਦੇਖ-ਰੇਖ ਹੇਠ ਕੀਤਾ ਗਿਆ। ਰੈਲੀ ਰਾਹੀਂ ਵਿਦਿਆਰਥੀਆਂ ਨੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕੀਤਾ ਅਤੇ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਦਾ ਸੰਦੇਸ਼ ਦਿੱਤਾ। ਇਸ ਦੌਰਾਨ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ, ਸਿੱਖਿਆ ਅਤੇ ਸਕਾਰਾਤਮਕ ਗਤੀਵਿਧੀਆਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਗਿਆ।

ਜ਼ਿਲਾ ਪੱਧਰੀ ਮੁਕਾਬਲਿਆਂ 'ਚ ਸ੍ਰੀ ਦਸ਼ਮੇਸ਼ ਕਾਨਵੈਂਟ ਹਾਈ ਸਕੂਲ ਅੱਟੀ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ

ਫਿਲੌਰ (ਨਿਰਮਲ)- ਜ਼ਿਲਾ ਸਿੱਖਿਆ ਅਫਸਰ ਗੁਰਵਿੰਦਰ ਕੌਰ ਅਤੇ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਵੱਲੋਂ ਪ੍ਰਾਇਮਰੀ ਸਕੂਲ ਖੇਡਾਂ ਦੌਰਾਨ ਕੱਲ

ਹਾਕੀ ਦੇ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ 'ਚ ਸ੍ਰੀ ਦਸ਼ਮੇਸ਼ ਕਾਨਵੈਂਟ ਹਾਈ ਸਕੂਲ ਅੱਟੀ ਦੇ ਖਿਡਾਰੀਆਂ ਨੇ ਆਪਣੀ ਖੇਡ ਦਾ ਲੋਹਾ ਮਨਾਇਆ। ਸਕੂਲ ਐਮ ਡੀ ਸੁਖਦੀਪ ਸਿੰਘ ਨੇ ਦੱਸਿਆ ਕਿ ਸਕੂਲ ਦੀ ਅੰਡਰ 11 ਲੜਕਿਆਂ ਅਤੇ ਲੜਕੀਆਂ ਦੀ ਟੀਮ ਰਾਊਂਡ ਗਲਾਸ ਏਕ ਨੂਰ ਅਕੈਡਮੀ ਤੇਹਿੰਗ ਦੇ ਸਹਿਯੋਗ ਨਾਲ ਕੌਮੀ ਖੇਡ ਹਾਕੀ ਦੀ ਤਿਆਰੀ ਕਰ ਰਹੀ ਹੈ। ਕੋਚ ਗੁਰਜੀਤ ਸਿੰਘ ਦੀ ਅਗਵਾਈ ਹੇਠ ਟੀਮ ਵੱਲੋਂ ਕੀਤੀ ਮਿਹਨਤ ਨੂੰ ਉਸ ਸਮੇਂ ਬੂਰ ਪਿਆ ਜਦੋਂ ਕੱਲ੍ਹ ਜ਼ਿਲ੍ਹਾ ਪੱਧਰੀ ਮੁਕਾਬਲਿਆਂ 'ਚ ਲੜਕਿਆਂ ਦੀ ਟੀਮ ਪਹਿਲੇ ਸਥਾਨ 'ਤੇ ਰਹੀ। ਸਕੂਲ ਦੀ ਲੜਕੀਆਂ ਦੀ ਟੀਮ ਜ਼ਿਲ੍ਹੇ ਚੋਂ ਦੂਸਰੇ ਸਥਾਨ 'ਤੇ ਰਹੀ। ਇਸ ਮੌਕੇ ਟੀਮ ਨੂੰ ਵਧਾਈ ਦਿੰਦੇ ਹੋਏ ਪ੍ਰਿੰਸੀਪਲ ਬਲਜਿੰਦਰ ਕੁਮਾਰ ਨੇ ਕਿਹਾ ਕਿ ਬੱਚਿਆਂ ਦੇ ਸਰਬ ਪੱਖੀ ਵਿਕਾਸ ਲਈ ਵਿੱਦਿਆ ਦੇ ਨਾਲ ਨਾਲ ਖੇਡਾਂ ਵੀ ਜ਼ਰੂਰੀ ਹਨ। ਇਸ ਜਿੱਤ ਦਾ ਸਿਹਰਾ ਬੱਚਿਆਂ ਦੀ ਮਿਹਨਤ ਅਤੇ ਕੋਚ ਗੁਰਜੀਤ ਸਿੰਘ ਦੀ ਯੋਗ ਅਗਵਾਈ ਹੈ। ਇੱਕ ਸਾਦੇ ਸਮਾਗਮ ਦੌਰਾਨ ਇਹਨਾਂ ਖਿਡਾਰੀਆਂ ਨੂੰ ਮੈਡਲ ਦਿੱਤੇ ਗਏ। ਉਹਨਾਂ ਅੱਗੇ ਕਿਹਾ ਕਿ ਇਹਨਾਂ ਟੀਮਾਂ ਨੇ ਪਹਿਲਾਂ ਸੈਂਟਰ ਪੱਧਰ ਤੇ ਫੇਰ ਬਲਾਕ ਪੱਧਰ ਤੇ ਅਤੇ ਬਾਅਦ ਵਿੱਚ ਤਹਿਸੀਲ ਪੱਧਰ 'ਤੇ ਪਹਿਲਾ ਸਥਾਨ ਹਾਸਲ ਕੀਤਾ ਸੀ। ਹੁਣ ਇਹ ਦੋਵੇਂ ਟੀਮਾਂ ਤਹਿਸੀਲ ਫਿਲੌਰ ਦੀ ਅਗਵਾਈ ਕਰ ਰਹੀਆਂ ਸਨ। ਇਸ ਮੌਕੇ ਸਕੂਲ ਪ੍ਰਬੰਧਕ ਚਰਨਜੀਤ ਸਿੰਘ, ਮੈਡਮ ਰਵਿੰਦਰਜੀਤ ਕੌਰ, ਮੈਡਮ ਗੁਰਜੀਤ ਕੌਰ, ਨਰਿੰਦਰ ਸਿੰਘ ਅਤੇ ਮੈਡਮ ਸੰਗੀਤਾ ਹਾਜ਼ਰ ਸਨ।

ਮੇਹਰਚੰਦ ਪੌਲੀਟੈਕਨਿਕ ਕਾਲਜ ਵਿੱਚ ਸੇਵ ਅਰਥ ਸੋਸਾਇਟੀ ਵੱਲੋਂ ਭਰੋਸਾ ਕੈਂਪ ਦਾ ਆਯੋਜਨ

ਜਲੰਧਰ (ਸ਼ੈਲੀ ਐਲਬਰਟ)- ਮੇਹਰਚੰਦ ਪੌਲੀਟੈਕਨਿਕ ਕਾਲਜ, ਜਲੰਧਰ ਵਿਖੇ 'ਸੇਵ ਅਰਥ ਸੋਸਾਇਟੀ' ਵੱਲੋਂ 'ਭਰੋਸਾ ਕੈਂਪ' ਦਾ ਆਯੋਜਨ ਕੀਤਾ ਗਿਆ। ਇਹ ਪ੍ਰੋਗਰਾਮ ਕਾਲਜ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਪ੍ਰਧਾਨਗੀ ਅਤੇ ਸੋਸਾਇਟੀ ਦੇ ਪ੍ਰਧਾਨ ਅਤੇ ਵਿਭਾਗ ਮੁਖੀ ਡਾ. ਸੰਜੇ ਬਾਂਸਲ ਦੀ ਅਗਵਾਈ ਹੇਠ ਸੰਪੰਨ ਹੋਇਆ। ਸੋਸਾਇਟੀ ਦੀ ਉਪ ਪ੍ਰਧਾਨ ਮੀਨਾ ਬਾਂਸਲ ਅਨੁਸਾਰ, ਇਹ ਕੈਂਪ ਹਰ ਸਮੈਸਟਰ ਵਿੱਚ ਲਗਾਇਆ ਜਾਂਦਾ ਹੈ। ਇਸ ਦਾ ਮੁੱਖ ਉਦੇਸ਼ ਪੜ੍ਹਾਈ ਅਤੇ ਹਾਜ਼ਰੀ ਵਿੱਚ ਪਿੱਛੇ ਰਹਿ ਰਹੇ ਵਿਦਿਆਰਥੀਆਂ ਦਾ ਹੌਂਸਲਾ ਵਧਾਉਣਾ ਅਤੇ ਉਨ੍ਹਾਂ ਨੂੰ

ਜੀਵਨ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕਰਨਾ ਹੈ। ਇਸ ਮੰਤਵ ਲਈ ਸਮਾਜ ਦੇ ਵੱਖ-ਵੱਖ ਖੇਤਰਾਂ ਦੀਆਂ ਪ੍ਰੇਰਨਾਦਾਇਕ ਸ਼ਖ਼ਸੀਅਤਾਂ ਨੂੰ ਸੱਦਾ ਦਿੱਤਾ ਜਾਂਦਾ ਹੈ। ਇਸ ਵਾਰ ਡੀ.ਏ.ਵੀ. ਕਾਲਜ ਦੇ ਸੰਸਕ੍ਰਿਤ ਵਿਭਾਗ ਦੀ ਮੁਖੀ ਪ੍ਰੋ. ਰਿਤੂ ਤਲਵਾਰ ਅਤੇ ਪੁਰਾਣੇ ਵਿਦਿਆਰਥੀ ਅਤੇ ਯੋਗ ਸਾਧਕ ਅਭਿਸ਼ੇਕ ਮਹਿਰਾ ਨੇ ਮੁੱਖ ਬੁਲਾਰਿਆਂ ਵਜੋਂ ਸ਼ਿਰਕਤ ਕੀਤੀ।

ਪ੍ਰਿੰਸੀਪਲ ਡਾ ਜਗਰੂਪ ਸਿੰਘ ਨੇ ਕਿਹਾ ਇਸ ਸ਼ਿਵਿਰ ਰਾਹੀਂ ਅਸੀ ਇਹਨਾਂ ਬੱਚਿਆ ਨੂੰ ਯਕੀਨ ਦੁਆਇੰਦੇ ਹਾਂ, ਕਿ ਸਾਨੂੰ ਸਭ ਨੂੰ ਤੁਹਾਡੇ ਤੇ ਭਰੋਸਾ ਹੈ ਕਿ ਤੁਸੀਂ ਜਿੰਦਗੀ ਵਿੱਚ ਕਾਮਯਾਬ ਹੋ ਕੇ ਬੁਲੰਦੀਆਂ ਛੂਹ ਸਕਦੇ ਹੋ। ਪ੍ਰੋ. ਰਿਤੂ ਤਲਵਾਰ ਨੇ ਵਿਦਿਆਰਥੀਆਂ ਨੂੰ ਆਪਸ ਵਿੱਚ ਇੱਕ-ਦੂਜੇ ਦਾ ਸਾਥ ਦੇਣ, ਮਾਪਿਆਂ ਅਤੇ ਅਧਿਆਪਕਾਂ ਦਾ ਸਤਿਕਾਰ ਕਰਨ ਅਤੇ ਪੂਰੇ ਆਤਮ-ਵਿਸ਼ਵਾਸ ਨਾਲ ਆਪਣੇ ਟੀਚਿਆਂ ਵੱਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਦਾ ਤਣਾਅ ਘਟਾਉਣ ਲਈ ਸ੍ਰੀ ਅਭਿਸ਼ੇਕ ਮਹਿਰਾ ਅਤੇ ਡਾ. ਸੋਨੀਆ ਸੂਦ ਨੇ ਵੱਖ-ਵੱਖ ਯੋਗ ਕਿਰਿਆਵਾਂ ਅਤੇ ਪ੍ਰਾਣਾਯਾਮ ਦਾ ਅਭਿਆਸ ਕਰਵਾਇਆ। ਇਨ੍ਹਾਂ ਵਿੱਚ 'ਓਮ' ਦਾ ਉਚਾਰਨ, ਅਨੁਲੋਮ-ਵਿਲੋਮ, ਭ੍ਰਾਮਰੀ ਅਤੇ ਭਸਤ੍ਰਿਕਾ ਸ਼ਾਮਲ ਸਨ। ਸੋਸਾਇਟੀ ਦੇ ਪ੍ਰਧਾਨ ਡਾ. ਸੰਜੇ ਬਾਂਸਲ ਨੇ ਦੱਸਿਆ ਕਿ ਯੋਗ ਅਤੇ ਪ੍ਰਾਣਾਯਾਮ ਨਾਲ ਸਰੀਰ ਅਤੇ ਮਨ ਸ਼ਾਂਤ ਰਹਿੰਦੇ ਹਨ, ਜਿਸ ਨਾਲ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚ ਇਕਾਗਰਤਾ ਵਧਾਉਣ ਵਿੱਚ ਮਦਦ ਮਿਲਦੀ ਹੈ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਮੁੱਖ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ। ਪ੍ਰੋਗਰਾਮ ਦਾ ਮੰਚ ਸੰਚਾਲਨ ਮੀਨਾ ਬਾਂਸਲ ਅਤੇ ਪ੍ਰਤਿਭਾ ਨੇ ਕੀਤਾ, ਜਦਕਿ ਧੰਨਵਾਦ ਦਾ ਮਤਾ ਡਾ. ਸੰਜੇ ਬਾਂਸਲ ਨੇ ਪੇਸ਼ ਕੀਤਾ।

ਜ਼ਿਲ੍ਹੇ 'ਚ ਝੋਨੇ ਦੀ ਖ਼ਰੀਦ ਦਾ ਸੀਜ਼ਨ ਅੰਤਿਮ ਪੜਾਅ ਵੱਲ ਵਧਿਆ

ਕਪੂਰਥਲਾ, (ਮਨਜੀਤ ਮਾਨ)- ਜ਼ਿਲ੍ਹੇ ਵਿੱਚ ਖ਼ਰੀਦ ਏਜੰਸੀਆਂ ਵੱਲੋਂ 7,88,272 ਮੀਟ੍ਰਿਕ ਟਨ ਦੀ ਸੰਭਾਵਿਤ ਆਮਦ ਦੇ ਮੁਕਾਬਲੇ 7,76,063 ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਇਸ ਦੇ ਨਾਲ ਹੀ ਜ਼ਿਲ੍ਹੇ ਵਿੱਚ ਝੋਨੇ ਦੀ ਨਿਰਵਿਘਨ ਅਤੇ ਸੁਚਾਰੂ ਖ਼ਰੀਦ ਦਾ ਸੀਜ਼ਨ ਆਪਣੇ ਅੰਤਿਮ ਪੜਾਅ ਵੱਲ ਵਧ ਗਿਆ ਹੈ।ਖ਼ਰੀਦ ਦੇ ਤਾਜ਼ਾ ਅੰਕੜਿਆਂ ਅਨੁਸਾਰ, ਜ਼ਿਲ੍ਹੇ ਦੀਆਂ ਦਾਣਾ ਮੰਡੀਆਂ ਅਤੇ ਖ਼ਰੀਦ ਕੇਂਦਰਾਂ ਵਿੱਚ ਹੁਣ ਤੱਕ ਝੋਨੇ ਦੀ ਕੁੱਲ ਆਮਦ 7,84,996 ਮੀਟ੍ਰਿਕ ਟਨ ਦਰਜ ਕੀਤੀ ਗਈ ਹੈ। ਖ਼ਰੀਦੇ ਗਏ ਝੋਨੇ ਦੀ ਲਿਫ਼ਟਿੰਗ ਵਿੱਚ ਵੀ ਤੇਜ਼ੀ ਆਈ ਹੈ ਅਤੇ ਹੁਣ ਤੱਕ 6,04,191 ਮੀਟ੍ਰਿਕ ਟਨ ਝੋਨੇ ਦੀ ਲਿਫ਼ਟਿੰਗ ਕੀਤੀ ਜਾ ਚੁੱਕੀ ਹੈ, ਜੋ ਕੁੱਲ ਖ਼ਰੀਦ ਦਾ 87.40 ਫ਼ੀਸਦੀ ਬਣਦੀ ਹੈ। ਇਸੇ ਦੌਰਾਨ ਕਿਸਾਨਾਂ ਨੂੰ ਅਦਾਇਗੀ ਦੇ ਮਾਮਲੇ ਵਿੱਚ 100 ਫ਼ੀਸਦੀ ਟੀਚਾ ਹਾਸਲ ਕਰ ਲਿਆ ਹੈ। ਖ਼ਰੀਦੀ ਗਈ ਫ਼ਸਲ ਦੇ ਬਦਲੇ ਕਿਸਾਨਾਂ ਨੂੰ 1843.66 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਅਕਾਸ਼ ਬਾਂਸਲ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਖ਼ਰੀਦ ਅਤੇ ਲਿਫ਼ਟਿੰਗ ਦੇ ਕੰਮ ਨੂੰ ਬਿਨਾਂ ਕਿਸੇ ਰੁਕਾਵਟ ਅਤੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਤੋਂ ਬਿਨਾਂ ਮੁਕੰਮਲ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

253 ਅਧਿਆਪਕਾਂ ਦੇ ਟਰਮੀਨੇਸ਼ਨ ਆਰਡਰਾਂ ਵਿਰੁੱਧ ਪੰਜਾਬ ਭਰ 'ਚ ਰੋਸ

ਫਗਵਾੜਾ 31 ਅਕਤੂਬਰ (ਡਾ. ਰਮਨ, ਜਸਵਿੰਦਰ ਢੱਡਾ) ਪੰਜਾਬ ਸਰਕਾਰ ਵੱਲੋਂ 253 ਅਧਿਆਪਕਾਂ ਨੂੰ ਜਾਰੀ ਕੀਤੇ ਗੈਰ-ਕਾਨੂੰਨੀ ਟਰਮੀਨੇਸ਼ਨ ਆਰਡਰਾਂ ਦੇ ਵਿਰੋਧ 'ਚ ਅਧਿਆਪਕਾਂ ਨੇ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਦੇ ਪੁਤਲੇ ਫੂਕ ਕੇ ਟਰਮੀਨੇਸ਼ਨ ਆਰਡਰਾਂ ਦੀਆਂ ਕਾਪੀਆਂ ਨੂੰ ਅੱਗ ਲਾ ਕੇ ਸਰਕਾਰ ਦੀ ਸਿੱਖਿਆ ਵਿਰੋਧੀ ਨੀਤੀ ਦਾ ਡਟਵਾਂ ਵਿਰੋਧ ਕੀਤਾ।ਇਸੇ ਲੜੀ ਤਹਿਤ ਫਗਵਾੜਾ ਨਗਰ ਨਿਗਮ ਵਿਖੇ ਵੀ ਰੋਸ ਪ੍ਰੋਗਰਾਮ ਕੀਤਾ ਗਿਆ, ਜਿਸ 'ਚ ਵੱਡੀ ਗਿਣਤੀ 'ਚ ਅਧਿਆਪਕ ਸਾਥੀ ਸ਼ਾਮਲ ਹੋਏ।ਸਾਥੀਆਂ ਨੇ ਸਪੱਸ਼ਟ ਕੀਤਾ ਕਿ ਇਹ 253 ਅਧਿਆਪਕਾਂ ਦਾ ਨਹੀਂ, ਸਗੋਂ ਪੂਰੀ ਸਿੱਖਿਆ 'ਤੇ ਹਮਲਾ ਹੈ ਤੇ ਭਵਿੱਖ ਦਾ ਸਵਾਲ ਹੈ। ਜੇ ਸਰਕਾਰ ਨੇ ਇਹ ਕਾਲੇ ਹੁਕਮ ਵਾਪਸ ਨਾ ਲਏ ਤਾਂ ਆਉਣ ਵਾਲੇ ਦਿਨਾਂ 'ਚ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ ਅਤੇ ਪੰਜਾਬ ਭਰ 'ਚ ਸਕੂਲ ਬੰਦ ਕਰਕੇ ਪੱਕਾ ਮੋਰਚਾ ਹੋਰ ਤੇਜ਼ ਕੀਤਾ ਜਾਵੇਗਾ। ਇਸ ਸਮੇਂ ਕ੍ਰਿਸ਼ਨ ਸਿੰਘ, ਅਮਨਦੀਪ ਸਿੰਘ, ਸੁਖਚੈਨ ਸਿੰਘ, ਕੁਲਦੀਪ ਸਿੰਘ, ਰਣਜੀਤ ਸਿੰਘ, ਸਿਮਰਜੀਤ ਕੌਰ, ਬੇਤੁਜ਼ ਸਿੰਘ ਅਤੇ ਵੱਖ-ਵੱਖ ਯੂਨੀਅਨਾਂ ਦੇ ਸਾਥੀ ਸ਼ਾਮਲ ਰਹੇ।

ਰਹਿੰਦੀ ਦੁਨੀਆਂ ਤੱਕ ਸੇਵਾ ਤੇ ਕੁਰਬਾਨੀਆਂ ਲਈ ਮਹਿਰਾ ਰਾਜਪੂਤ ਕਸ਼ਯਪ ਨੂੰ ਜਾਣਿਆ ਜਾਵੇਗਾ : ਨਾਇਬ ਸਿੰਘ ਸੈਣੀ

ਮੋਗਾ, (ਇਕਬਾਲ ਸਿੰਘ ਖਹਿਰਾ) ਮੁੱਖ ਮੰਤਰੀ ਹਰਿਆਣਾ ਨੈਬ ਸਿੰਘ ਸੈਣੀ ਵੱਲੋਂ ਧਰਮਕੋਟ ਵਿਖੇ ਮਹਿਰਾ ਰਾਜਪੂਤ ਕਸ਼ਯਪ ਸੰਮੇਲਨ 'ਚ ਸ਼ਾਮਲ ਹੋਏ।ਧਰਮਕੋਟ ਪੁੱਜਣ ਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਹਰਜੋਤ ਕਮਲ ਹਲਕਾ ਧਰਮਕੋਟ ਦੇ ਇੰਚਾਰਜ ਸ਼ਮਸ਼ੇਰ ਸਿੰਘ ਕੈਲਾ ਤੇ ਹੋਰ ਆਗੂਆਂ ਵੱਲੋਂ ਗੁਲਦਸਤੇ ਭੇਂਟ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਹਰਿਆਣਾ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਹ ਸਮਾਗਮ, ਅਧਿਆਤਮਿਕ, ਸਮਾਜਿਕ ਸਦਭਾਵਨਾ, ਤਿਆਗ ਅਤੇ ਮੇਰਾ ਸਮਾਜ ਇੱਕ ਪਵਿੱਤਰ ਇਕੱਠ ਹੈ, ਮਹਾਰਿਸ਼ੀ ਕਸ਼ਯਪ ਮਹਾਨ ਪਰਉਪਕਾਰੀ ਅਤੇ ਲੋਕਾਂ ਦੇ ਰੱਖਿਅਕ ਸਨ।ਮਹਾਰਿਸ਼ੀ ਕਸ਼ਯਪ ਬ੍ਰਹਿਮੰਡ ਦੀ ਸਿਰਜਣਾ ਵਿੱਚ ਵਿਸ਼ਾਲ ਅਤੇ ਯੋਗਦਾਨ ਪਾਇਆ।ਅਜਿਹਾ ਮਹਾਨ ਰਿਸ਼ੀ ਇੱਕ ਪ੍ਰੇਰਨਾ, ਗਹਿਰ ਸ਼ਖਸੀਅਤ ਅਤੇ ਮਨੁੱਖਤਾ ਦੇ ਪ੍ਰਭੂ ਦੁਆਰਾ ਦਿਖਾਇਆ ਗਿਆ ਰਸਤਾ ਸਾਡਾ ਮਾਰਗਦਰਸ਼ਨ ਕਰਦਾ ਰਹੇਗਾ।ਉਹਨਾਂ ਕਿਹਾ ਕਿ ਜਦੋਂ ਵੀ ਲੋਕ ਸਾਹਿਬਜ਼ਾਦਿਆਂ ਨੂੰ ਯਾਦ ਕਰਨਗੇ ਉਦੋਂ ਹੀ ਉਹ ਮੋਤੀ ਰਾਮ ਮਹਿਰਾ ਦੀ ਸ਼ਹਾਦਤ ਨੂੰ ਵੀ ਨਮਨ ਕਰਨਗੇ।ਅੱਜ ਦਾ ਦਿਨ ਸਾਡੇ ਲਈ ਇਸ ਲਈ ਵੀ ਖਾਸ ਹੈ ਕਿ ਅੱਜ ਮਹਾਨ ਆਜ਼ਾਦੀ ਘੁਲਾਟੀਏ ਵੱਲਭ ਭਾਈ ਪਟੇਲ ਦਾ ਜਨਮਦਿਨ ਹੈ ਜਿਨ੍ਹਾਂ ਨੇ ਭਾਰਤ ਨੂੰ ਇੱਕ ਸੰਯੁਕਤ ਭਾਰਤ ਬਣਾਉਣ ਲਈ ਕੰਮ ਕੀਤਾ, ਜੋ ਇਸ ਦੇਸ਼ ਦੇ ਵੱਖ-ਵੱਖ ਸਥਾਨਾਂ 'ਤੇ ਇੱਕ ਮਾਲਾ ਵਿੱਚ ਪਰੋਇਆ। ਸਮਾਗਮ ਦੌਰਾਨ ਮਹੰਤ ਚਰਨ ਸਿੰਘ, ਦੀਪ ਕਮਲ ਮਹਿਰਾ ਜ਼ਿਲਾ ਯੁਵਾ ਮੋਰਚਾ ਪ੍ਰਧਾਨ ਗੁਰਬੀਰ ਸਿੰਘ ਰਟੌਲ, ਉਂਕਾਰ ਸਿੰਘ, ਜ਼ਿਲ੍ਹਾ ਜਨਰਲ ਸਕੱਤਰ ਬੀਬੀ ਰਾਜ ਕੌਰ ਕਿਸ਼ਨਪੁਰਾ, ਜ਼ਿਲ੍ਹਾ ਜਨਰਲ ਸਕੱਤਰੀ ਕਿਸਾਨ ਮੋਰਚਾ ਗੁਰਨਾਮ ਸਿੰਘ ਮਸੀਤਾਂ, ਗੁਰਮੀਤ ਸਿੰਘ ਧਰਮਕੋਟ, ਜਗਦੀਸ਼ ਬਾਵਾ ਕੋਟ ਈਸੇ ਖਾਂ, ਦਰਸ਼ਨ ਸਿੰਘ ਘਾਰੂ, ਪ੍ਰੇਮ ਸਿੰਘ ਬੱਗੋ, ਜਗਜੀਤ ਸਿੰਘ ਇੰਦਗੜ੍ਹ, ਸੁਖਚੈਨ ਸਿੰਘ ਦਾਤਾ, ਯੁਵਾ ਪ੍ਰਧਾਨ ਵਿਨੇ ਗੋਇਲ, ਪ੍ਰਧਾਨ ਗੁਰਭੇਜ ਸਿੰਘ, ਰਘਬੀਰ ਸਿੰਘ ਧਰਮਕੋਟ, ਬਲਰਾਜ ਸਿੰਘ ਮੱਲ, ਮਨਜੀਤ ਸਿੰਘ ਢਕ, ਅਮਰੀਕ ਸਿੰਘ ਜਨੇਰ, ਕਰਮ ਸਿੰਘ ਧਰਮਕੋਟ, ਪਾਲੀ ਦਾਤਾ, ਸਰੈਣ ਸਿੰਘ, ਹਰਮਿੰਦਰ ਸਿੰਘ, ਅਮਨ ਕਤਰੀ, ਰੋਹਣ ਬਾਵਾ, ਇਕਬਾਲ ਭੁੱਲਰ, ਅਭੀ ਪੱਬੀ, ਦੀਪਕ ਗੋਇਲ, ਵਿਸ਼ਾਲ ਨਰੂਲਾ, ਡਾਕਟਰ ਬਲਜਿੰਦਰ ਸਿੰਘ ਨੂਰਪੁਰ, ਮੰਗਤਰਾਮ ਸਿੰਘ ਜਲਾਲਾਬਾਦ, ਮੰਗਲ ਸਿੰਘ ਚਾਣਕੱਕ ਤੋਂ ਇਲਾਵਾ ਹੋਰ ਹਾਜ਼ਰ ਸਨ।

ਵਧੀਕ ਡਿਪਟੀ ਕਮਿਸ਼ਨਰ ਗੁਰਸਿਮਰਨ ਸਿੰਘ ਢਿੱਲੋਂ ਵੱਲੋਂ ਵੱਖ-ਵੱਖ ਪਿੰਡਾਂ ਦਾ ਦੌਰਾ

ਬਟਾਲਾ, (ਡਾ. ਮਲਵਿੰਦਰ ਸਿੰਘ) ਡਿਪਟੀ ਕਮਿਸ਼ਨਰ ਗੁਰਦਾਸਪੁਰ ਆਦਿਤਿਆ ਉੱਪਲ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਵਿੱਚ ਪਰਾਲੀ ਅਤੇ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਵੱਡੀ ਮੁਹਿੰਮ ਚਲਾਈ ਗਈ ਹੈ। ਇਸੇ ਤਹਿਤ ਅੱਜ ਗੁਰਸਿਮਰਨ ਸਿੰਘ ਢਿੱਲੋਂ, ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਦੀ ਅਗਵਾਈ ਹੇਠ ਖੇਤੀਬਾੜੀ ਅਤੇ ਪੁਲਿਸ ਵਿਭਾਗ ਦੀ ਟੀਮ ਵੱਲੋਂ ਵੱਖ-ਵੱਖ ਪਿੰਡਾਂ ਦਾ ਦੌਰਾ ਕਰਕੇ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਦਾ ਜਾਇਜ਼ਾ ਲਿਆ ਗਿਆ ਅਤੇ ਕਿਸਾਨਾਂ ਨੂੰ ਫ਼ਸਲੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧਨ ਲਈ ਪ੍ਰੇਰਿਤ ਕੀਤਾ ਗਿਆ।ਇਸ ਦੌਰਾਨ ਉਨ੍ਹਾਂ ਵਲੋਂ ਪਿੰਡ ਵਡਾਲਾ ਗਰੰਥੀਆਂ ਵਿਖੇ ਖੇਤ ਵਿੱਚ ਲੱਗੀ ਅੱਗ ਨੂੰ ਮੌਕੇ ਤੇ ਬੁਝਵਾਇਆ ਗਿਆ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਢਿੱਲੋਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਪਰਾਲੀ ਅਤੇ ਹੋਰ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ, ਸਗੋਂ ਖੇਤੀਬਾੜੀ ਮਸ਼ੀਨਰੀ ਅਤੇ ਵਿਗਿਆਨਕ ਤਰੀਕਿਆਂ ਦੀ ਵਰਤੋਂ ਕਰਕੇ ਇਸ ਦਾ ਸੁਚੱਜਾ ਪ੍ਰਬੰਧਨ ਕਰਨ। ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਨਾਲ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ, ਮਿੱਟੀ ਦੀ ਉਪਜਾਊ ਸ਼ਕਤੀ ਪ੍ਰਭਾਵਿਤ ਹੁੰਦੀ ਹੈ ਅਤੇ ਮਿੱਤਰ ਕੀੜਿਆਂ ਨੂੰ ਨੁਕਸਾਨ ਪਹੁੰਚਦਾ ਹੈ।ਇਸ ਤੋਂ ਇਲਾਵਾ ਧੂੰਏਂ ਕਾਰਨ ਲੋਕਾਂ ਦੀ ਸਿਹਤ ਅਤੇ ਸੜਕੀ ਆਵਾਜਾਈ ਲਈ ਵੀ ਖ਼ਤਰਾ ਪੈਦਾ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਫ਼ਸਲੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧਨ ਸਬੰਧੀ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਵੱਖ-ਵੱਖ ਪ੍ਰਚਾਰ, ਪ੍ਰਸਾਰ ਅਤੇ ਕਿਸਾਨ ਸੰਪਰਕ ਗਤੀਵਿਧੀਆਂ ਰਾਹੀਂ ਪਰਾਲੀ ਨਾ ਸਾੜਨ, ਖੇਤੀਬਾੜੀ ਮਸ਼ੀਨਰੀ ਦੀ ਵਰਤੋਂ ਕਰਨ ਅਤੇ ਵਾਤਾਵਰਣ ਪੱਖੀ ਖੇਤੀ ਤਕਨੀਕਾਂ ਅਪਣਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਡਾ. ਅਮਨਦੀਪ ਕੌਰ ਅਰੋੜਾ ਨੂੰ ਮੁੜ ਮਿਲੀ ਟਿਕਟ

ਮੋਗਾ, (ਇਕਬਾਲ ਸਿੰਘ ਖਹਿਰਾ) ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ 2027 ਲਈ ਮੋਗਾ ਵਿਧਾਨ ਸਭਾ ਹਲਕੇ ਤੋਂ ਮੌਜੂਦਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ 'ਤੇ ਇੱਕ ਵਾਰ ਫਿਰ ਭਰੋਸਾ ਜਤਾਉਂਦਿਆਂ ਉਨ੍ਹਾਂ ਨੂੰ ਪਾਰਟੀ ਦਾ ਉਮੀਦਵਾਰ ਐਲਾਨਿਆ ਗਿਆ ਹੈ।ਮੁੜ ਟਿਕਟ ਮਿਲਣ 'ਤੇ ਮੋਗਾ ਵਿੱਚ ਪਾਰਟੀ ਵਰਕਰਾਂ ਅਤੇ ਸਮਰਥਕਾਂ ਵਿੱਚ ਖੁਸ਼ੀ ਦਾ ਮਾਹੌਲ ਹੈ।ਉਨ੍ਹਾਂ ਨੂੰ ਵਧਾਈ ਦੇਣ ਲਈ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਪਾਰਟੀ ਆਗੂਆਂ, ਵਰਕਰਾਂ ਅਤੇ ਸਮਰਥਕਾਂ ਦਾ ਤਾਂਤਾ ਲੱਗਾ ਰਿਹਾ।ਪਾਰਟੀ ਵੱਲੋਂ ਮੁੜ ਉਮੀਦਵਾਰ ਬਣਾਏ ਜਾਣ 'ਤੇ ਡਾ. ਅਮਨਦੀਪ ਕੌਰ ਅਰੋੜਾ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਮੁੱਚੀ ਪਾਰਟੀ ਹਾਈਕਮਾਂਡ ਦਾ ਦਿਲੋਂ ਧੰਨਵਾਦ ਕੀਤਾ।ਡਾ. ਅਮਨਦੀਪ ਕੌਰ ਅਰੋੜਾ ਨੇ ਮੋਗਾ ਹਲਕੇ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਇਲਾਕੇ ਦੇ ਵਿਕਾਸ, ਬੁਨਿਆਦੀ ਸਹੂਲਤਾਂ ਵਿੱਚ ਸੁਧਾਰ ਅਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਉਹ ਲਗਾਤਾਰ ਯਤਨਸ਼ੀਲ ਰਹਿਣਗੇ।

ਮਾਡਰਨ ਕਾਲਜ ਬੀਰ ਕਲਾਂ ਦਾ ਨਤੀਜਾ ਸ਼ਾਨਦਾਰ

ਚੀਮਾ ਮੰਡੀ (ਰਵਿੰਦਰ ਚੀਮਾ)- ਪੰਜਾਬੀ ਯੂਨੀਵਰਸਿਟੀ ਵੱਲੋਂ ਐਲਾਨੇ ਬੀ ਕਾਮ ਭਾਗ ਦੂਜਾ ਸਮੈਸਟਰ ਤੀਜਾ ਦੇ ਨਤੀਜਿਆਂ ਵਿੱਚੋਂ ਮਾਡਰਨ ਕਾਲਜ ਬੀਰ ਕਲਾਂ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਅੰਕ ਹਾਸਲ ਕਰਕੇ ਕਾਲਜ ਦਾ ਨਾਮ ਰੋਸ਼ਨ ਕੀਤਾ। ਇਸ ਸਮੇਂ ਪ੍ਰੋਫੈਸਰ ਗੁਰਵਿੰਦਰ ਕੌਰ ਨੇ ਦੱਸਿਆ ਕਿ ਵਿਦਿਆਰਥੀ ਕਮਲਪ੍ਰੀਤ ਕੌਰ ਨੇ 10 ਸੀ ਜੀ ਪੀ ਏ ਵਿੱਚੋਂ 9.30 ਸੀ ਜੀ ਪੀ ਏ ਪ੍ਰਾਪਤ ਕਰਕੇ ਪਹਿਲਾ, ਜਸ਼ਨਪ੍ਰੀਤ ਕੌਰ ਨੇ 9.26 ਸੀ ਜੀ ਪੀ ਏ ਪ੍ਰਾਪਤ ਕਰਕੇ ਦੂਸਰਾ, ਲਵਪ੍ਰੀਤ ਕੌਰ ਨੇ 9.09 ਸੀ ਜੀ ਪੀ ਏ ਪ੍ਰਾਪਤ ਕਰਕੇ ਤੀਜਾ, ਕੀਰਤੀ ਵਰਮਾ ਨੇ 9.04 ਸੀ ਜੀ ਪੀ ਏ ਪ੍ਰਾਪਤ ਕਰਕੇ ਚੌਥਾ, ਰਮਨਦੀਪ ਕੌਰ ਨੇ 9.0 ਪ੍ਰਾਪਤ ਕਰਕੇ ਪੰਜਵਾਂ ਤੇ ਹਰਸ਼ਦੀਪ ਕੌਰ ਨੇ 8. 83 ਸੀ ਜੀ ਪੀ ਏ ਪ੍ਰਾਪਤ ਕਰਕੇ ਛੇਵਾਂ ਸਥਾਨ ਹਾਸਲ ਕੀਤਾ। ਇਸ ਮੌਕੇ ਮਾਡਰਨ ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਵੱਲੋਂ ਇਸ ਸ਼ਾਨਦਾਰ ਪ੍ਰਾਪਤੀ ਲਈ ਵਿਦਿਆਰਥੀਆਂ ਤੇ ਸਟਾਫ ਨੂੰ ਵਧਾਈ ਦਿੱਤੀ।ਇਸ ਮੌਕੇ ਕਾਲਜ ਦਾ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

ਹੋਲੀ ਹਾਰਟ ਸਕੂਲ ਵਿਖੇ ਵੋਟਰ ਜਾਗਰੂਕਤਾ ਪ੍ਰੋਗਰਾਮ

ਅਜੀਤਵਾਲ (ਨਛੱਤਰ ਸੰਧੂ)-ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਵੋਟਰ ਜਾਗਰੂਕਤਾ ਅਭਿਆਨ ਤਹਿਤ 'ਸਵੀਪ' ਗਤੀਵਿਧੀ ਦਾ ਆਯੋਜਨ ਕੀਤਾ ਗਿਆ।ਇਸ ਖਾਸ ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥੀਆਂ, ਅਧਿਆਪਕਾਂ ਤੇ ਸਥਾਨਕ ਲੋਕਾਂ ਨੂੰ ਲੋਕਤੰਤਰ ਵਿੱਚ ਵੋਟ ਦੀ ਮਹੱਤਤਾ ਤੇ ਹਰੇਕ ਨਾਗਰਿਕ ਦੇ ਸੰਵਿਧਾਨਕ ਅਧਿਕਾਰਾਂ ਬਾਰੇ ਜਾਗਰੂਕ ਕਰਨਾ ਸੀ।ਸਮਾਗਮ ਦੀ ਸ਼ੁਰੂਆਤ ਸਕੂਲ ਦੀ ਵਿਸ਼ੇਸ਼ ਸਵੇਰ ਦੀ ਸਭਾ ਨਾਲ ਹੋਈ, ਜਿਸ ਵਿੱਚ ਵਿਦਿਆਰਥੀਆਂ ਨੇ ਵੋਟਰ ਜਾਗਰੂਕਤਾ ਨਾਲ ਸਬੰਧਤ ਵਿਚਾਰ ਪੇਸ਼ ਕੀਤੇ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ, ਪ੍ਰਬੰਧਕੀ ਕਮੇਟੀ ਚੇਅਰਮੈਨ ਸ਼ੁਭਾਸ਼ ਪਲਤਾ ਤੇ ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ, ਸ਼ਿਵਾਨੀ ਅਰੋੜਾ ਤੇ ਰਮਨ ਅਰੋੜਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇੱਕ ਮਜ਼ਬੂਤ ਤੇ ਨਿਰਪੱਖ ਲੋਕਤੰਤਰ ਦੀ ਸਿਰਜਣਾ ਲਈ ਹਰੇਕ ਯੋਗ ਨਾਗਰਿਕ ਦਾ ਵੋਟ ਪਾਉਣਾ ਅਤਿ ਜ਼ਰੂਰੀ ਹੈ।ਗਤੀਵਿਧੀ ਦੌਰਾਨ ਸਕੂਲੀ ਵਿਦਿਆਰਥੀਆਂ ਲਈ ਵੱਖ-ਵੱਖ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਪੋਸਟਰ ਮੇਕਿੰਗ, ਸਲੋਗਨ ਰਾਈਟਿੰਗ, ਭਾਸ਼ਣ ਮੁਕਾਬਲੇ ਸ਼ਾਮਲ ਸਨ।ਪੋਸਟਰ ਮੇਕਿੰਗ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਆਪਣੀ ਕਲਾਤਮਕ ਸੂਝ ਦੀ ਵਰਤੋਂ ਕਰਦਿਆਂ 'ਮੇਰੀ ਵੋਟ-ਮੇਰਾ ਭਵਿੱਖ', 'ਵੋਟ ਪਾਓ, ਦੇਸ਼ ਬਣਾਓ' ਤੇ 'ਬਿਨਾਂ ਕਿਸੇ ਲਾਲਚ ਤੋਂ ਵੋਟ ਦਾ ਇਸਤੇਮਾਲ ਕਰੋ' ਵਰਗੇ ਸੁਨੇਹੇ ਦਿੰਦੇ ਸੁੰਦਰ ਪੋਸਟਰ ਤਿਆਰ ਕੀਤੇ।ਸਮਾਗਮ ਦੇ ਅੰਤ ਵਿੱਚ ਸਕੂਲ ਵੱਲੋਂ ਮੁਕਾਬਲਿਆਂ ਵਿੱਚੋਂ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਪ੍ਰਸ਼ੰਸਾ ਪੱਤਰ ਤੇ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਪ੍ਰਬੰਧਕਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਨਾ ਦਿੱਤੀ ਕਿ ਉਹ ਆਪਣੇ ਘਰਾਂ ਤੇ ਆਸ-ਪੜੋਸ ਵਿੱਚ 18 ਸਾਲ ਦੀ ਉਮਰ ਪੂਰੀ ਕਰ ਚੁੱਕੇ ਨੌਜਵਾਨਾਂ ਨੂੰ ਆਪਣੀ ਵੋਟ ਬਣਵਾਉਣ ਤੇ ਚੋਣਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕਰਨ।ਸਮਾਗਮ ਦੀ ਸਮਾਪਤੀ ਸਾਰਿਆਂ ਵੱਲੋਂ ਦੇਸ਼ ਦੇ ਲੋਕਤੰਤਰ ਨੂੰ ਮਜ਼ਬੂਤ ਬਣਾਉਣ ਦੀ ਸਹੁੰ ਚੁੱਕਣ ਨਾਲ ਹੋਈ।

ਕਰਾਟੇ ਪਲੈਨੇਟ ਢਾਂਗੂ ਵਿਖੇ ਬੈਲਟ ਗ੍ਰੇਡਿੰਗ ਪ੍ਰੀਖਿਆ ਕਰਵਾਈ

ਪਠਾਨਕੋਟ (ਦਵਿੰਦਰ ਸਿੰਘ)ਕਰਾਟੇ ਪਲੈਨੇਟ ਢਾਂਗੂ, ਪਠਾਨਕੋਟ ਵਿਖੇ ਪਹਿਲੇ ਬੈਚ ਦੀ ਬੈਲਟ ਗ੍ਰੇਡਿੰਗ ਪ੍ਰੀਖਿਆ ਕਰਵਾਈ ਗਈ। ਇਸ ਪ੍ਰੀਖਿਆ ਦੌਰਾਨ ਖਿਡਾਰੀਆਂ ਨੇ ਆਪਣੀ ਮਿਹਨਤ, ਲਗਨ, ਅਨੁਸ਼ਾਸਨ ਅਤੇ ਕਰਾਟੇ ਦੇ ਹੁਨਰ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਵੱਖ-ਵੱਖ ਬੈਲਟਾਂ ਹਾਸਲ ਕੀਤੀਆਂ।ਪ੍ਰੀਖਿਆ ਵਿੱਚ 11 ਖਿਡਾਰੀਆਂ ਨੇ ਯੈਲੋ ਬੈਲਟ ਅਤੇ 3 ਖਿਡਾਰੀਆਂ ਨੇ ਗ੍ਰੀਨ ਬੈਲਟ ਪ੍ਰਾਪਤ ਕਰਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ।ਯੈਲੋ ਬੈਲਟ ਹਾਸਲ ਕਰਨ ਵਾਲੇ ਖਿਡਾਰੀਆਂ ਵਿੱਚ ਮੌਰਿਆ ਮਹਾਜਨ, ਆਦਵਿਕ, ਰਾਹਤ, ਰਿਦਿਤ, ਸਮਰ, ਅਪੂਰਵ, ਨਕਸ਼ਾ, ਰਾਵਿਆ, ਵੇਦਾਂਸ਼ੀ, ਪਾਖੀ ਅਤੇ ਆਸ਼ਰਿਤਾ ਸ਼ਾਮਲ ਹਨ ਜਦਕਿ ਗ੍ਰੀਨ ਬੈਲਟ ਪ੍ਰਾਪਤ ਕਰਨ ਵਾਲਿਆਂ ਵਿੱਚ ਦੇਵਾਂਸ਼ੀ, ਸੁਹਾਨੀ ਅਤੇ ਵੰਸ਼ ਨੇ ਸਫ਼ਲਤਾ ਹਾਸਲ ਕੀਤੀ।ਇਸ ਮੌਕੇ ਮੁੱਖ ਪ੍ਰੀਖਿਅਕ ਵਜੋਂ ਸ੍ਰੀ ਅਰਜੁਨ ਮਾਸ਼ਲ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਕਰਾਟੇ ਪਲੈਨੇਟ ਦੀ ਕੋਚ ਮਿਸ ਪ੍ਰਿਆ ਅਤੇ ਕਰਾਟੇ ਪਲੈਨੇਟ ਢਾਂਗੂ, ਪਠਾਨਕੋਟ ਦੇ ਹੈੱਡ ਕੋਚ ਸੌਰਵ ਨੇ ਖਿਡਾਰੀਆਂ ਦਾ ਹੌਸਲਾ ਵਧਾਇਆ ਅਤੇ ਉਨ੍ਹਾਂ ਦੀ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਕਰਾਟੇ ਸਿਰਫ਼ ਆਤਮ-ਰੱਖਿਆ ਦੀ ਕਲਾ ਹੀ ਨਹੀਂ, ਸਗੋਂ ਬੱਚਿਆਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ, ਸਤਿਕਾਰ ਅਤੇ ਸਬਰ ਦੀ ਭਾਵਨਾ ਵਿਕਸਿਤ ਕਰਨ ਦਾ ਵੀ ਇੱਕ ਮਹੱਤਵਪੂਰਨ ਮਾਧਿਅਮ ਹੈ। ਖਿਡਾਰੀਆਂ ਦੀ ਇਹ ਪ੍ਰਾਪਤੀ ਉਨ੍ਹਾਂ ਦੀ ਨਿਰੰਤਰ ਮਿਹਨਤ ਅਤੇ ਸਮਰਪਣ ਦਾ ਨਤੀਜਾ ਹੈ। ਅੰਤ ਵਿੱਚ ਸਾਰੇ ਸਫ਼ਲ ਖਿਡਾਰੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਹਾਰਦਿਕ ਵਧਾਈ ਦਿੱਤੀ ਗਈ ਅਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ ਗਈ ਇਸ ਦੇ ਨਾਲ ਹੀ ਖਿਡਾਰੀਆਂ ਨੂੰ ਭਵਿੱਖ ਵਿੱਚ ਵੀ ਇਸੇ ਉਤਸ਼ਾਹ ਅਤੇ ਲਗਨ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ ਗਿਆ।

ਡਾ. ਅਜੇ ਗੁਪਤਾ ਨੇ ਬੰਗਲਾ ਬਸਤੀ, ਲੇਬਰ ਕਲੋਨੀ 'ਚ ਗੰਦੇ ਨਾਲਿਆਂ ਦੀ ਸਫਾਈ ਸ਼ੁਰੂ ਕਰਵਾਈ

ਅੰਮ੍ਰਿਤਸਰ, (ਜਗਦੀਸ਼ ਕਮਲੇਸ਼)- ਕੇਂਦਰੀ ਵਿਧਾਨ ਸਭਾ ਹਲਕੇ ਦੇ ਵਿਧਾਇਕ ਡਾ. ਅਜੇ ਗੁਪਤਾ ਨੇ ਵਾਰਡ ਨੰਬਰ 53 ਦੇ ਅਧੀਨ ਆਉਣ ਵਾਲੇ ਇਲਾਕੇ ਲੇਬਰ ਕਲੋਨੀ, ਬੰਗਲਾ ਬਸਤੀ ਵਿੱਚ ਗੰਦੇ ਨਾਲਿਆਂ ਦੀ ਸਫਾਈ ਸ਼ੁਰੂ ਕੀਤੀ।ਵਿਧਾਇਕ ਡਾ. ਅਜੇ ਗੁਪਤਾ ਨੇ ਦੱਸਿਆ ਕਿ ਕੇਂਦਰੀ ਵਿਧਾਨ ਸਭਾ ਹਲਕੇ ਵਿੱਚ ਗੰਦੇ ਨਾਲਿਆਂ ਦੀ ਸਫਾਈ ਪਿਛਲੇ ਛੇ ਮਹੀਨਿਆਂ ਤੋਂ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਅਨਘੜ, ਫਤਿਹਪੁਰ ਅਤੇ ਝੱਬਾਲ ਰੋਡ ਖੇਤਰਾਂ ਦੇ ਵਸਨੀਕ ਕਈ ਸਾਲਾਂ ਤੋਂ ਨਾਲਿਆਂ ਦੀ ਸਫਾਈ ਨਾ ਹੋਣ ਕਾਰਨ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਨਾਲਿਆਂ ਦੀ ਸਫਾਈ ਲੋਕਾਂ ਨੂੰ ਕਾਫ਼ੀ ਰਾਹਤ ਦੇ ਰਹੀ ਹੈ। ਨਾਲਿਆਂ ਦੇ ਦੋਵੇਂ ਪਾਸੇ ਕੰਧਾਂ ਵੀ ਬਣਾਈਆਂ ਜਾ ਰਹੀਆਂ ਹਨ।ਵਿਧਾਇਕ ਡਾ. ਅਜੇ ਗੁਪਤਾ ਨੇ ਦੱਸਿਆ ਕਿ ਬੰਗਲਾ ਬਸਤੀ ਅਤੇ ਲੇਬਰ ਕਲੋਨੀ ਖੇਤਰਾਂ ਦੇ ਲੋਕਾਂ ਨੂੰ ਸਾਰੀਆਂ ਬੁਨਿਆਦੀ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਵਾਰਡ ਨੰਬਰ 53 ਦੇ ਕੌਂਸਲਰ ਦੇ ਪਤੀ ਤਾਹਿਰ ਸ਼ਾਹ ਵਾਰਡ ਦੇ ਵਸਨੀਕਾਂ ਨੂੰ ਸਾਰੀਆਂ ਜ਼ਰੂਰੀ ਸੇਵਾਵਾਂ ਪ੍ਰਦਾਨ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਕੇਂਦਰੀ ਵਿਧਾਨ ਸਭਾ ਹਲਕੇ ਵਿੱਚ ਕੋਈ ਵੀ ਵਿਕਾਸ ਕਾਰਜ ਅਧੂਰਾ ਨਹੀਂ ਛੱਡਿਆ ਜਾਵੇਗਾ।ਹਲਕੇ ਵਿੱਚ ਸੜਕਾਂ ਅਤੇ ਗਲੀਆਂ ਦੇ ਨਿਰਮਾਣ ਦਾ ਕੰਮ ਵੀ ਤੇਜ਼ੀ ਨਾਲ ਚੱਲ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਹਲਕੇ ਵਿੱਚ ਸੀਵਰੇਜ, ਪਾਣੀ ਦੀ ਸਪਲਾਈ ਅਤੇ ਸਟਰੀਟ ਲਾਈਟਾਂ ਦੀ ਮੁਰੰਮਤ ਕੀਤੀ ਜਾ ਰਹੀ ਹੈ।ਇਸ ਮੌਕੇ ਬਾਬਾ ਸਲੀਮ ਨੇ ਦੱਸਿਆ ਕਿ ਵਿਧਾਇਕ ਡਾ. ਅਜੇ ਗੁਪਤਾ ਰੋਜ਼ਾਨਾ ਲੋਕਾਂ ਤੱਕ ਪਹੁੰਚ ਕਰ ਰਹੇ ਹਨ, ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਰਹੇ ਹਨ ਅਤੇ ਉਨ੍ਹਾਂ ਦਾ ਹੱਲ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਜਦੋਂ ਵੀ ਉਹ ਵਾਰਡ ਦੀ ਸਮੱਸਿਆ ਨੂੰ ਲੈ ਕੇ ਵਿਧਾਇਕ ਡਾ. ਗੁਪਤਾ ਕੋਲ ਪਹੁੰਚਦੇ ਹਨ, ਤਾਂ ਤੁਰੰਤ ਅਧਿਕਾਰੀਆਂ ਨਾਲ ਸੰਪਰਕ ਕੀਤਾ ਜਾਂਦਾ ਹੈ ਅਤੇ ਸਮੱਸਿਆ ਦਾ ਹੱਲ ਕੀਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਕੇਂਦਰੀ ਵਿਧਾਨ ਸਭਾ ਹਲਕੇ ਦੇ ਲੋਕ ਯਕੀਨੀ ਤੌਰ ਤੇ ਵਿਧਾਇਕ ਡਾ. ਅਜੇ ਗੁਪਤਾ ਨੂੰ ਦੁਬਾਰਾ ਚੁਣਨਗੇ।ਇਸ ਮੌਕੇ ਰਾਜਕੁਮਾਰ ਗੋਲਾ, ਜੇ.ਐਸ. ਰਾਹੁਲ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਨਿਵਾਸੀ ਮੌਜੂਦ ਸਨ।

ਇਨਸਾਫ਼ ਰੈਲੀ ਪੰਜਾਬ ਦੇ ਲੋਕਾਂ ਦੀ ਆਵਾਜ਼ ਬੁਲੰਦ ਕਰਨ ਦਾ ਮੰਚ ਬਣੇਗੀ : ਦਿਨੇਸ਼ ਬੱਸੀ



ਛੇਹਰਟਾ, (ਮਨੋਜ ਕੁਮਾਰ) : ਅੰਮ੍ਰਿਤਸਰ ਹਲਕਾ ਪੂਰਬੀ ਦੇ ਸੀਨੀਅਰ ਕਾਂਗਰਸੀ ਆਗੂ ਤੇ ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਦਿਨੇਸ਼ ਬੱਸੀ ਨੇ ਕਿਹਾ ਕਿ ਪੰਜਾਬ ਅੱਜ ਨਸ਼ਿਆਂ, ਗੈਂਗਸਟਰਵਾਦ ਤੇ ਵਿਗੜ ਰਹੀ ਕਾਨੂੰਨ-ਵਿਵਸਥਾ ਵਰਗੀਆਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਸੂਬੇ ਵਿਚ ਵਧ ਰਹੀਆਂ ਅਪਰਾਧਿਕ ਘਟਨਾਵਾਂ ਤੇ ਅਸੁਰੱਖਿਆ ਦੇ ਮਾਹੌਲ ਨੇ ਆਮ ਲੋਕਾਂ ਦੀ ਚਿੰਤਾ ਵਧਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨਸ਼ਿਆਂ ਦੀ ਸਮੱਸਿਆ ਤੋਂ ਪ੍ਰਭਾਵਿਤ ਹੋ ਰਹੀ ਹੈ ਅਤੇ ਪੰਜਾਬ ਦੇ ਲੋਕ ਸੁਰੱਖਿਅਤ, ਸ਼ਾਂਤੀਪੂਰਨ ਤੇ ਖੁਸ਼ਹਾਲ ਮਾਹੌਲ ਦੀ ਉਮੀਦ ਕਰ ਰਹੇ ਹਨ। ਦਿਨੇਸ਼ ਬੱਸੀ ਨੇ ਕਿਹਾ ਕਿ ਕਾਂਗਰਸ ਪਾਰਟੀ ਪੰਜਾਬ ਨੂੰ ਇਨ੍ਹਾਂ ਚੁਣੌਤੀਆਂ ਵਿਚੋਂ ਬਾਹਰ ਕੱਢ ਕੇ ਮੁੜ ਖੁਸ਼ਹਾਲ, ਸੁਰੱਖਿਅਤ ਤੇ ਵਿਕਾਸ ਦੇ ਰਾਹ 'ਤੇ ਅੱਗੇ ਲਿਜਾਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਪ੍ਰਭਾਵਸ਼ਾਲੀ ਕਾਰਵਾਈ, ਗੈਂਗਸਟਰਵਾਦ 'ਤੇ ਨਕੇਲ ਤੇ ਸੂਬੇ ਵਿਚ ਕਾਨੂੰਨ-ਵਿਵਸਥਾ ਦੀ ਬਹਾਲੀ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।ਉਨ੍ਹਾਂ ਕਿਹਾ ਕਿ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੀ ਸੰਗਰੂਰ ਵਿਚ ਹੋਣ ਵਾਲੀ ਇਨਸਾਫ਼ ਰੈਲੀ ਪੰਜਾਬ ਦੇ ਲੋਕਾਂ ਦੀ ਆਵਾਜ਼ ਬੁਲੰਦ ਕਰਨ ਦਾ ਮੰਚ ਬਣੇਗੀ। ਇਸ ਰੈਲੀ ਵਿਚ ਨਸ਼ਿਆਂ, ਗੈਂਗਸਟਰਵਾਦ, ਬੇਰੁਜ਼ਗਾਰੀ ਤੇ ਕਾਨੂੰਨ-ਵਿਵਸਥਾ ਵਰਗੇ ਅਹਿਮ ਮੁੱਦੇ ਉਠਾਏ ਜਾਣਗੇ। ਬੱਸੀ ਨੇ ਕਾਂਗਰਸੀ ਆਗੂਆਂ ਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਰਾਹੁਲ ਗਾਂਧੀ ਦੀ ਇਨਸਾਫ਼ ਰੈਲੀ ਵਿਚ ਵੱਡੀ ਗਿਣਤੀ ਵਿਚ ਸ਼ਮੂਲੀਅਤ ਦਰਜ ਕਰਵਾਉਣ।

ਸਿੱਖ ਮਿਸ਼ਨਰੀ ਕਾਲਜ ਵੱਲੋਂ ਸਾਲਾਨਾ ਗੁਰਮਤਿ ਗਿਆਨ ਪ੍ਰੀਖਿਆ ਦਾ ਸਫ਼ਲ ਆਯੋਜਨ



ਧਾਰੀਵਾਲ, (ਮਨਦੀਪ ਵਿੱਕੀ)-ਵਿਦਿਆਰਥੀਆਂ ਨੂੰ ਸਿੱਖ ਇਤਿਹਾਸ, ਗੁਰਬਾਣੀ ਅਤੇ ਧਾਰਮਿਕ ਵਿਰਸੇ ਨਾਲ ਜੋੜਨ ਦਾ ਸ਼ਲਾਘਾਯੋਗ ਉਪਰਾਲਾ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ, ਸਕੱਤਰ ਮੈਡਮ ਸ਼੍ਰੀਮਤੀ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਸਰਦਾਰ ਹਰਤਾਜ ਸਿੰਘ ਸਿੱਧੂ ਦੀ ਯੋਗ ਅਗਵਾਈ ਹੇਠ ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ ਵੱਲੋਂ ਸਲਾਨਾ ਗੁਰਮਤਿ ਗਿਆਨ ਪ੍ਰੀਖਿਆ ਦਾ ਆਯੋਜਨ ਕੀਤਾ ਗਿਆ।ਇਸ ਪ੍ਰੀਖਿਆ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਅਤੇ ਪੂਰੀ ਲਗਨ ਨਾਲ ਭਾਗ ਲਿਆ।ਇਸ ਮੌਕੇ ਪ੍ਰੀਖਿਆ ਦਾ ਸੰਚਾਲਨ ਸੁਪਰਡੈਂਟ ਸ.ਹਰਜੀਤ ਸਿੰਘ,ਚੰਨਣਜੀਤ ਸਿੰਘ ਅਤੇ ਸਰਦਾਰ ਅਮਰਜੀਤ ਸਿੰਘ (ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ, ਗੁਰਦਾਸਪੁਰ) ਵੱਲੋਂ ਸੁਚੱਜੇ ਢੰਗ ਨਾਲ ਕੀਤਾ ਗਿਆ।ਇਸ ਪ੍ਰੀਖਿਆ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਿੱਖ ਧਰਮ ਦੇ ਗੌਰਵਮਈ ਇਤਿਹਾਸ, ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ, ਗੁਰਬਾਣੀ ਅਤੇ ਸਿੱਖ ਰਹਿਤ-ਮਰਿਆਦਾ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਸੀ।ਅਜਿਹੀਆਂ ਪ੍ਰੀਖਿਆਵਾਂ ਬੱਚਿਆਂ ਅੰਦਰ ਧਾਰਮਿਕ ਚੇਤਨਾ, ਨੈਤਿਕ ਕਦਰਾਂ-ਕੀਮਤਾਂ ਅਤੇ ਆਪਣੇ ਵਿਰਸੇ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਸ ਮੌਕੇ ਸਕੂਲ ਦੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ ਨੇ ਕਿਹਾ ਕਿ ਸਿੱਖਿਆ ਦਾ ਅਸਲ ਮਕਸਦ ਕੇਵਲ ਕਿਤਾਬੀ ਗਿਆਨ ਦੇਣਾ ਹੀ ਨਹੀਂ, ਸਗੋਂ ਵਿਦਿਆਰਥੀਆਂ ਨੂੰ ਚੰਗੇ ਸੰਸਕਾਰਾਂ ਅਤੇ ਨੈਤਿਕ ਕਦਰਾਂ-ਕੀਮਤਾਂ ਨਾਲ ਜੋੜਨਾ ਵੀ ਹੈ।ਉਨ੍ਹਾਂ ਕਿਹਾ ਕਿ ਗੁਰਮਤਿ ਗਿਆਨ ਪ੍ਰੀਖਿਆ ਵਰਗੇ ਉਪਰਾਲੇ ਨੌਜਵਾਨ ਪੀੜ੍ਹੀ ਨੂੰ ਆਪਣੇ ਅਮੀਰ ਧਾਰਮਿਕ ਅਤੇ ਸੱਭਿਆਚਾਰਕ ਵਿਰਸੇ ਦੀ ਪਹਿਚਾਣ ਕਰਵਾਉਣ ਲਈ ਬਹੁਤ ਮਹੱਤਵਪੂਰਨ ਹਨ।ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਸਰਦਾਰ ਹਰਤਾਜ ਸਿੰਘ ਸਿੱਧੂ ਨੇ ਕਿਹਾ ਕਿ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਸਾਨੂੰ ਸੱਚਾਈ, ਸੇਵਾ, ਨਿਮਰਤਾ ਅਤੇ ਮਨੁੱਖਤਾ ਦਾ ਸੰਦੇਸ਼ ਦਿੰਦੀਆਂ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਅਜਿਹੀਆਂ ਪ੍ਰੀਖਿਆਵਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਅਤੇ ਆਪਣੇ ਗੌਰਵਮਈ ਸਿੱਖ ਇਤਿਹਾਸ ਬਾਰੇ ਵੱਧ ਤੋਂ ਵੱਧ ਜਾਣਕਾਰੀ ਹਾਸਲ ਕਰਨ ਲਈ ਪ੍ਰੇਰਿਤ ਕੀਤਾ।ਅੰਤ ਵਿੱਚ ਸਕੂਲ ਪ੍ਰਬੰਧਕਾਂ ਵੱਲੋਂ ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ ਦੀ ਇਸ ਵਿੱਦਿਅਕ ਅਤੇ ਧਾਰਮਿਕ ਪਹਿਲ ਦੀ ਸ਼ਲਾਘਾ ਕੀਤੀ ਗਈ ਅਤੇ ਪ੍ਰੀਖਿਆ ਦੇ ਸੁਚੱਜੇ ਆਯੋਜਨ ਵਿੱਚ ਸਹਿਯੋਗ ਦੇਣ ਵਾਲੀਆਂ ਸਮੂਹ ਸ਼ਖ਼ਸੀਅਤਾਂ ਅਤੇ ਅਧਿਆਪਕਾਂ ਦਾ ਧੰਨਵਾਦ ਕੀਤਾ ਗਿਆ।

ਕਲਾਸੀਫਾਈਡ ਇਸ਼ਤਿਹਾਰ

Change of Name

I,Sukhjit Kaur W/O Sukhpal Singh Gill R/O 134-A,A-Block, Sandhu Colony,Chheharta,Amritsar,Punjab have changed my name from Sukhjit Kaur to Sukhjit Kaur Gill. Concerned note.

I,Manjinder Singh S/O Gurdeep Singh R/O VPO Othian Tehsil Ajnala Distt. Amritsar, Punjab have changed my name from Manjinder Singh to Manjinder as my Given name and Singh as my Surname. Concerned note.

I, Simran Daughter of Avtar Singh R/o Vpo. Behram Sarishta District Jalandhar, Punjab have changed my name Simran to Simran Kaur All concerned note.

I, Karan Kumar S/o Raj Kumar R/o Chhati Gali, Majitha, Amritsar, Punjab- 143601 have changed my name from Karan Kumar to Kumar is my surname and Karan is my given name.

I, Prabhjot Singh S/o Dalbir Singh R/o Dhing Nangal, Amritsar, Punjab-143601 have changed my name from Prabhjot Singh to Singh is my surname and Prabhjot is my given name.

I Ranjit S/o Swarna ,R/o VPO Plahi, Tehsil Phagwara, Kapurthala have changed my minor daughter name from Tanisha to Tanisha Kaur.

I, Harcharn Singh Gill S/o Buta Singh R/o H.No.531, St No 1, Baba Mir Shah New Nehru Colony, Majitha Road, Amritsar have changed my name from Harcharn Singh to Harcharn Singh Gill.

I, Anter Preet Kapoor W/o Sonney Kapoor R/o # 244, Medical Enclave, Amritsar- 143001(pb) have changed my name from Anter Preet Kapoor to Anterpreet Arora, please note.

I, Jodhbir Singh S/o Suwinder Singh R/o VPO Rajoke, District Tarn Taran Punjab-143401 have declare that Jodhbir is my Given name and Singh is my Surname.

I, Ajaybir Singh S/o Sukhdev Singh R/o VPO Madar Mathra Bhagi, District Tarn Taran Punjab-143401 have declare that Ajaybir is my Given name and Singh is my Surname.

I, Gurmit Singh S/o Tarlok Singh R/o H.No. 151, Part 1, VPO Dall Teh Patti District Tarn Taran have changed my name from Gurmit Singh to Gurmeet Singh.

I, Lakhbir Singh S/o Tarsem Singh R/o Bhago Kanwan, Gurdaspur, Punjab-143521, India. Declare that my given name as Lakhbir and my Surname as Singh.

ਆਮ ਸੂਚਨਾ

ਮੈਂ, ਰੇਸ਼ਮ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਹਰਖੋਵਾਲ, ਡਾਕ: ਢੱਕੋਵਾਲ, ਤਹਿਸੀਲ ਵਾ ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਮਿਤੀ 25-10-2026 ਨੂੰ ਹੁਸ਼ਿਆਰਪੁਰ ਵਿਖੇ ਜਾ ਰਿਹਾ ਸੀ ਅਤੇ ਮੇਰੇ ਕੋਲ ਇੱਕ ਬੈਗ ਸੀ ਜੋ ਰਸਤੇ ਵਿੱਚ ਕਿੱਧਰੇ ਡਿੱਗ ਗਿਆ, ਜਿਸ ਵਿੱਚ ਰਜਿਸਟਰੀ ਬੈਨਾਮਾ ਪਿੰਡ ਨਲੋਈਆ, ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ ਜਿਸਦਾ ਵਸੀਕਾ ਨੰਬਰ 380 ਮਿਤੀ 27-06-2018 ਸੀ। ਜੇਕਰ ਉਕਤ ਰਜਿਸਟਰੀ ਕਿਸੇ ਨੂੰ ਮਿਲੇ ਤਾਂ ਉਪਰੋਕਤ ਪਤੇ ਤੇ ਸੰਪਰਕ ਕਰੇ।

ਬੇਦਖਲੀ ਨੋਟਿਸ

ਮੈਂ, ਗੁਰਦੇਵ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਚੱਕ ਹਾਥੀਆਣਾ, ਦਾਨੇਵਾਲ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਜ ਕੁਮਾਰ ਅਤੇ ਨੂੰਹ ਹਰਦੀਪ ਕੌਰ, ਜੋ ਕਿ ਮੇਰੇ ਕਹਿਣੇ ਵਿਚ ਨਹੀਂ ਹਨ ਅਤੇ ਅਲੱਗ ਰਹਿੰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ। ਸੰਬੰਧਤ ਨੋਟ ਕਰਨ।

ਮੈਂ, ਸਤਨਾਮ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਤਰਨ ਤਾਰਨ ਰੋਡ ਭਾਈ ਮੰਝ ਰੋਡ ਨੇੜੇ ਨਾਥਾਂ ਦਾ ਡੇਰਾ ਖਾਲਸਾ ਨਗਰ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਪ੍ਰੀਤ ਸਿੰਘ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਘਰ ਵਿਚ ਲੜਾਈ-ਝਗੜਾ ਅਤੇ ਤੰਗ-ਪ੍ਰੇਸ਼ਾਨ ਕਰਦਾ ਹਾਂ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਅਸੀਂ, ਕਿਸ਼ਨ ਲਾਲ ਪੁੱਤਰ ਤੁਲਸੀ ਰਾਮ ਅਤੇ ਆਸ਼ਾ ਪਤਨੀ ਕਿਸ਼ਨ ਲਾਲ ਵਾਸੀਆਨ ਮਕਾਨ ਨੰਬਰ 588, ਗਲੀ ਨੰਬਰ 08, ਵਾਰਡ ਨੰਬਰ 55, ਕੋਟ ਖਾਲਸਾ, ਸੁੰਦਰ ਨਗਰ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਮੁਕੇਸ਼ ਉਰਫ ਰਿਕੂ ਅਤੇ ਉਸ ਦੀ ਪਤਨੀ ਸੁਮਨ ਜੋ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਅਤੇ ਸਾਡੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਰਵਿੰਦਰ ਕੌਰ ਪਤਨੀ ਰਘਬੀਰ ਸਿੰਘ ਵਾਸੀ ਮਕਾਨ ਨੰਬਰ 97 ਗੁਰਨਾਮ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਅਮਨਦੀਪ ਸਿੰਘ ਪੁੱਤਰ ਰਘਬੀਰ ਸਿੰਘ (ਕੁਆਰਾ) ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਲੈਣ-ਦੇਣ ਨਹੀਂ।

ਮੈਂ, ਅਮਨਪ੍ਰੀਤ ਸਿੰਘ ਪੁੱਤਰ ਰਘੁਬੀਰ ਸਿੰਘ ਵਾਸੀ ਮਕਾਨ ਨੰਬਰ 68, ਗਲੀ ਨੰ: 9, ਜੁਝਾਰ ਸਿੰਘ ਐਵੀਨਿਊ ਨਜ਼ਦੀਕ ਮੇ ਫਲਾਵਰਸ ਸਕੂਲ ਅਜਨਾਲਾ ਰੋਡ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਸਾਨੀਆ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਘਰ ਵਿਚ ਹਰ ਸਮੇਂ ਲੜਾਈ-ਝਗੜਾ ਪਾਈ ਰੱਖਦੀ ਹੈ। ਮੈਂ ਆਪਣੀ ਪਤਨੀ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਬੇਦਖਲੀ ਨੋਟਿਸ

ਮੈਂ, ਸੁਰਿੰਦਰ ਕੁਮਾਰ ਕਾਲੀਆ ਪੁੱਤਰ ਸ਼੍ਰੀ ਮਾਤਾ ਪ੍ਰਸ਼ਾਦ ਕਾਲੀਆ ਵਾਸੀ ਮਕਾਨ ਨੰਬਰ ਬੀ-8/265 ਲੰਮਾ ਬਾਜ਼ਾਰ, ਮੁਹੱਲਾ ਰਾਜਪੂਤਾਂ ਨੂਰਮਹਿਲ, ਤਹਿ. ਫਿਲੌਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਨੂੰਹ ਰੀਨਾ ਕਾਲੀਆ ਪਤਨੀ ਰਜਿੰਦਰ ਕਾਲੀਆ ਵਾ ਪੋਤਾ ਨਿਤੇਸ਼ ਕਾਲੀਆ ਪੁੱਤਰ ਰਜਿੰਦਰ ਕਾਲੀਆ ਅਤੇ ਕਨੀਸ਼ਾ ਕਾਲੀਆ ਪੁੱਤਰੀ ਰਜਿੰਦਰ ਕਾਲੀਆ ਮੇਰੀ ਦੇਖ-ਭਾਲ ਅਤੇ ਦਵਾ-ਦਾਰੂ ਨਹੀਂ ਕਰਦੇ ਅਤੇ ਮੇਰਾ ਕਹਿਣਾ ਨਹੀਂ ਮੰਨਦੇ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦੇ ਕਿਸੇ ਮੈਂਬਰ ਦਾ ਇਨ੍ਹਾਂ ਨਾਲ ਕੋਈ ਹੱਕ-ਵਾਸਤਾ ਨਹੀਂ ਹੋਵੇਗਾ।

ਮੈਂ, ਬਲਬੀਰ ਪੁੱਤਰ ਜੋਗਿੰਦਰ ਵਾਸੀ ਮਕਾਨ ਨੰ: 306, ਫੋਲੜੀਵਾਲ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕੁਲਵਿੰਦਰ ਭੱਟੀ, ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਮੈਨੂੰ ਅਤੇ ਮੇਰੇ ਪਰਵਾਰ ਨੂੰ ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ ਸੁਬੇਗ ਸਿੰਘ ਪੁੱਤਰ ਇਕਬਾਲ ਸਿੰਘ ਵਾਸੀ ਪਿੰਡ ਲਹਿਰਕਾ ਤਹਿਸੀਲ ਮਜੀਠਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾ ਕਿ ਮੇਰਾ ਬੇਟਾ ਹਰਪ੍ਰੀਤ ਸਿੰਘ ਸ਼ਾਦੀਸੁਦਾ ਹੈ, ਇਹ ਗਲਤ ਸੰਗਤ ਦੇ ਵਿਚ ਪੈ ਗਿਆ ਅਤੇ ਇਹ ਬਹੁਤ ਜਿਆਦਾ ਨਸਾ ਆਦਿ ਕਰਦਾ ਹੈ। ਮੈਂ ਇਸ ਦੀਆਂ ਗਲਤ ਹਰਕਤਾਂ ਤੋ ਬਹੁਤ ਦੁਖੀ ਹਾਂ। ਮੈਂ ਆਪਣੀ ਸਾਰੀ ਚਲ-ਅਚੱਲ ਜਾਇਦਾਦ ਤੋ ਬੇਦਖਲ ਕਰਦਾ ਹਾਂ। ਅਗਰ ਮੇਰਾ ਕੋਈ ਰਿਸਤੇਦਾਰ ਸਕਾ ਸਬੰਧੀ ਇਸ ਦੇ ਨਾਲ ਕਿਸੇ ਵੀ ਤਰਾ ਦਾ ਲੈਣ ਦੇਣ ਜਾਂ ਤਲਕ ਵਾਸਤਾ ਰੱਖਦਾ ਹੈ ਤਾਂ ਉਹ ਖੁਦ ਜੁੰਮੇਵਾਰ ਹੋਵੇਗਾ।

ਮੈਂ ਨਸੀਬ ਚੰਦ ਪੁੱਤਰ ਖੁਸ਼ੀ ਰਾਮ ਵਾਸੀ ਗਲੀ ਨੰਬਰ 5, ਪ੍ਰੀਤ ਨਗਰ, ਰਾਮ ਮੰਦਿਰ ਦੇ ਨੇੜੇ, ਕਪੂਰਥਲਾ ਘੋਸ਼ਣਾ ਕਰਦਾ ਹਾਂ ਕਿ ਮੇਰਾ ਲੜਕਾ ਤਰਸੇਮ ਸਿੰਘ ਅਤੇ ਨੂੰਹ ਅਨੀਤਾ ਗਿੱਲ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜੀ ਕਰਦੇ ਹਨ। ਮੈਂ ਆਪਣੇ ਲੜਕੇ ਅਤੇ ਨੂੰਹ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ ਬਲਬੀਰ ਸਿੰਘ ਪੁੱਤਰ ਸਰਵਨ ਸਿੰਘ ਵਾਸੀ ਪਿੰਡ ਅਕਬਰਪੁਰ, ਜ਼ਿਲ੍ਹਾ ਕਪੂਰਥਲਾ ਘੋਸ਼ਣਾ ਕਰਦਾ ਹਾਂ ਕਿ ਮੇਰਾ ਲੜਕਾ ਓਂਕਾਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜੀ ਕਰਦਾ ਹੈ। ਮੈਂ ਆਪਣੇ ਲੜਕੇ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਰਾਜ ਪੱਧਰੀ ਵੇਟਲਿਫਟਿੰਗ 'ਚ ਡੀ ਪੀ ਈ ਪਰਮਿੰਦਰ ਸਿੰਘ ਨੇ ਜਿੱਤਿਆ ਚਾਂਦੀ ਤਮਗਾ

ਦੋਰਾਹਾ (ਹਰਮਿੰਦਰ ਸੇਠ)-ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-4 ਦੀ ਰਾਜ ਪੱਧਰੀ ਵੇਟਲਿਫਟਿੰਗ ਪ੍ਰਤੀਯੋਗਤਾ-2026, ਜੋ ਕਿ ਸੰਗਰੂਰ ਵਿਖੇ ਕਰਵਾਈ ਗਈ, ਵਿੱਚ ਸ਼ਕਤੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਦੋਰਾਹਾ ਦੇ ਡੀ.ਪੀ.ਈ. ਸ੍ਰੀ ਪਰਮਿੰਦਰ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 31 ਤੋਂ 40 ਸਾਲ ਉਮਰ ਵਰਗ ਦੇ 70 ਕਿਲੋਗ੍ਰਾਮ ਭਾਰ ਵਰਗ ਵਿੱਚ ਚਾਂਦੀ ਦਾ ਤਗਮਾ ਜਿੱਤ ਕੇ ਸਕੂਲ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ।ਇਸ ਮਾਣਮੱਤੀ ਪ੍ਰਾਪਤੀ 'ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਜਤਿੰਦਰ ਸ਼ਰਮਾ, ਵਾਈਸ ਪ੍ਰਿੰਸੀਪਲ ਨੀਰਜ ਸ਼ਰਮਾ ਤੇ ਸਕੂਲ ਮੈਨੇਜਮੈਂਟ ਦੇ ਮੈਂਬਰਾਂ ਸ੍ਰੀਮਤੀ ਸੁਮਨ ਸ਼ਰਮਾ, ਰਜਤ ਸ਼ਰਮਾ, ਸ਼ੁਭਮ ਸ਼ਰਮਾ ਤੇ ਸ੍ਰੀਮਤੀ ਗੁਨੀਤਾ ਨੰਦਾ ਨੇ ਡੀ.ਪੀ.ਈ. ਪਰਮਿੰਦਰ ਸਿੰਘ ਤੇ ਸਮੂਹ ਸਟਾਫ਼ ਮੈਂਬਰਾਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ।ਉਨ੍ਹਾਂ ਪਰਮਿੰਦਰ ਸਿੰਘ ਦੀ ਮਿਹਨਤ, ਲਗਨ ਤੇ ਖੇਡਾਂ ਪ੍ਰਤੀ ਸਮਰਪਣ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਇਸ ਮੌਕੇ ਲੈਕਚਰਾਰ ਰਾਜੀਵ ਵੈਦ ਹਾਜ਼ਰ ਸਨ।ਇਹ ਪ੍ਰਾਪਤੀ ਸਕੂਲ ਲਈ ਬਹੁਤ ਮਾਣ ਵਾਲੀ ਗੱਲ ਹੈ।ਡੀ.ਪੀ.ਈ. ਪਰਮਿੰਦਰ ਸਿੰਘ ਦੀ ਇਸ ਸਫ਼ਲਤਾ ਨਾਲ ਸਕੂਲ ਦੇ ਵਿਦਿਆਰਥੀਆਂ ਤੇ ਹੋਰ ਖਿਡਾਰੀਆਂ ਨੂੰ ਵੀ ਖੇਡਾਂ ਵਿੱਚ ਅੱਗੇ ਵਧਣ ਤੇ ਮਿਹਨਤ ਨਾਲ ਆਪਣੇ ਟੀਚੇ ਹਾਸਲ ਕਰਨ ਦੀ ਪ੍ਰੇਰਨਾ ਮਿਲੇਗੀ।ਸ਼ਕਤੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਦੋਰਾਹਾ ਦੇ ਸਮੂਹ ਪਰਵਾਰ ਨੇ ਪਰਮਿੰਦਰ ਸਿੰਘ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਹਾਰਦਿਕ ਵਧਾਈ ਤੇ ਭਵਿੱਖ ਵਿੱਚ ਹੋਰ ਸਫ਼ਲਤਾਵਾਂ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

ਨਿਲਾਮੀ ਨੋਟਿਸ

ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦੀ ਮਾੜੀ ਮੇਘਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਮਾੜੀ ਮੇਘਾ, ਤਹਿ. ਭਿੱਖੀਵਿੰਡ, ਜ਼ਿਲ੍ਹਾ ਤਰਨ ਤਾਰਨ ਦੇ ਪੁਰਾਣੇ ਖੇਤੀ ਸੰਦਾਂ ਦੀ ਨਿਲਾਮੀ 20.11.2026 ਨੂੰ ਸਮਾਂ 10:00 ਵਜੇ ਸਵੇਰੇ ਸਭਾ ਦੇ ਦਫਤਰ ਵਿੱਚ ਹੋਵੇਗੀ।ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।

ਸੰਦਾਂ ਦਾ ਵੇਰਵਾ :- (1) ਰੋਟਾਵੇਟਰ (7 feet) (1) ਲੇਜਰ ਲੈਵਲਰ (7 feet) (1) ਨਿਊ ਹਾਲੈਂਡ ਟਰੈਕਟਰ (3) ਹੈਪੀਸੀਡਰ (10 ਟਾਇਨ) (2) ਰੋਟਾਵੇਟਰ (8 feet) (2) ਜ਼ੀਰੋ ਡਰਿੱਲ (13 ਟਾਇਨ) (1) ਮਲਚਰ (7 feet)

ਸੰਪਰਕ ਲਈ ਮੋਬਾ. ਨੰਬਰ :
94647-77171 (ਕਾਰਜ ਸਿੰਘ ਸਕੱਤਰ)
97812-67820 (ਜਸਵੰਤ ਸਿੰਘ ਪ੍ਰਧਾਨ)
ਨੰ: ਆਰ.ਕੇ/ਡੀ.ਆਰ. ਤਰਨ ਤਾਰਨ/2272

COURT NOTICE

In the Court of Sh. Yogesh Gill Judicial Magistrate First Class-20 Jalandhar
CNR No.:- PBJL03-012131-2025
Next Date:-18-12-2026
AMRIT MALWA CAPITAL LTD
Vs.
ROHIT SINGH
Detail of offence :-
NOTICE TO:
ROHIT SINGH
:- S/O Harnek Singh R/O Bathinda, Mini Secretaryate Road Bhuleria Wala Mohalla Dharamshala Kol, Soma Da Ghar # 6917, Bathinda, Punjab, 151005

In above titled case, the accused could not be served. It is ordered that accused should appear in person or through counsel on 18-12-2026 at 10.00 a.m.

For details logon to https://highcourtchd.gov.in/?mod=district, notice& district=Jalandhar

Judicial Magistrate First Class-20 Jalandhar
Dated, this day of 28-10-2026

ਪਬਲੀਕੇਸ਼ਨ ਨੋਟਿਸ

ਬਾ-ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਦੋਮ, ਭੂੰਗਾ, ਜ਼ਿਲ੍ਹਾ ਹੁਸ਼ਿਆਰਪੁਰ।
ਸੁਰਜੀਤ ਕੌਰ ਪਤਨੀ ਸੰਤੋਖ ਸਿੰਘ, ਵਾਸੀ ਪਿੰਡ ਭੱਟੀਆਂ, ਡਾਕ, ਗੜ੍ਹਦੀਵਾਲਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ।
ਬਨਾਮ : ਜਨਰਲ ਪਬਲਿਕ
ਹਵਾਲਾ : ਮਹਿਕਮਾ ਮਾਲ ਦੇ ਕਾਗਜ਼ਾਤ ਵਿੱਚ ਨਾਂਅ ਦੇ ਇੰਦਰਾਜ਼ ਬਾਰੇ ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੁਰਜੀਤ ਕੌਰ ਪਤਨੀ ਸੰਤੋਖ ਸਿੰਘ, ਵਾਸੀ ਪਿੰਡ ਭੱਟੀਆਂ, ਡਾਕ ਗੜ੍ਹਦੀਵਾਲਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਨੇ ਦਰਖਾਸਤ ਦਿੱਤੀ ਹੈ ਕਿ ਉਸ ਦੀ ਜ਼ਮੀਨ ਪਿੰਡ ਭੂੰਗਾ/521, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਪੈਂਦੀ ਹੈ। ਰਿਕਾਰਡ ਮਾਲ ਮਹਿਕਮਾ ਵਾਕਿਆ ਰਕਬਾ ਪਿੰਡ ਭੂੰਗਾ/521 ਵਿੱਚ ਪ੍ਰਾਰਥੀ ਦਾ ਨਾਂਅ ਰਾਣੀ ਪੁੱਤਰੀ ਪੋਹਲੋ ਰਾਮ ਪੁੱਤਰ ਤਿਙ ਰਾਮ ਦਰਜ ਹੈ। ਜਦ ਕਿ ਅਸਲ ਵਿੱਚ ਪ੍ਰਾਰਥੀ ਦਾ ਨਾਂਅ ਸੁਰਜੀਤ ਕੌਰ ਪਤਨੀ ਸੰਤੋਖ ਸਿੰਘ ਹੈ। ਦਰੁਸਤ ਕਰਨ ਦੀ ਪ੍ਰਾਰਥੀ ਨੇ ਬੇਨਤੀ ਕੀਤੀ ਹੈ।

ਇਸ ਲਈ ਪੰਜਾਬ ਸਰਕਾਰ ਮਾਲ ਪੁਨਰਵਾਸ ਡਿਜਾਸਟਰ ਮੈਨੇਜਮੈਂਟ ਵਿਭਾਗ ਭੌਂ ਮਾਲੀਆ ਸ਼ਾਖਾ) ਦੇ ਮੀਮੋ ਨੰਬਰ 25/78/2012 ਭ.ਮ.-2/2472-674, ਚੰਡੀਗੜ੍ਹ ਮਿਤੀ 26.07.2013 ਅਨੁਸਾਰ ਇਹ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਿਸੇ ਵਿਅਕਤੀ ਨੂੰ ਇਸ ਦੇ ਨਾਂਅ ਦੀ ਦਰੁਸਤੀ ਕਰਨ ਵਿੱਚ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਨੋਟਿਸ ਪ੍ਰਕਾਸ਼ਤ ਹੋਣ ਤੋਂ 15 ਦਿਨ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਪੇਸ਼ ਕਰ ਸਕਦਾ ਹੈ। ਨੋਟਿਸ ਵਿੱਚ ਦੱਸੀ ਗਈ ਮਿਆਦ ਗੁਜ਼ਰਨੇ ਤੋਂ ਬਾਅਦ ਕਿਸੇ ਇਤਰਾਜ਼ 'ਤੇ ਕੋਈ ਗੌਰ ਨਹੀਂ ਕੀਤਾ ਜਾਵੇਗਾ।

ਅੱਜ ਮਿਤੀ 30.10.2026 ਨੂੰ ਮੇਰੇ ਦਸਤਖਤ ਅਤੇ ਮੋਹਰ ਨਾਲ ਨੋਟਿਸ ਜਾਰੀ ਹੋਇਆ ਹੈ।
ਸਹੀ/- ਨਾਇਬ ਤਹਿਸੀਲਦਾਰ ਕਮ- ਸਹਾਇਕ ਕੁਲੈਕਟਰ ਦਰਜਾ ਦੋਮ, ਭੂੰਗਾ
ਨੰਬਰ 388/ ਰੀਡਰ ਮਿਤੀ 30.10.2026

अखबार हेतु

विवाधकों के स्थितिकरण के लिए समन/नोटिस वास्ते जाहिर करने वजह आदेश 5 नियम 20 और 5 पावता दीवानी सहायक कलेक्टर एवं उपखंड अधिकारी (राजस्व) स्थान संगरिया जिला हनुमानगढ़ ब इजलास जय कौशिक (आरएएस) हनुमानगढ़
राम सिंह वगैरा बनाम वीर सिंह वगैरा
वाद बाबत घोषणा
वाद पत्र सं. 307/2006
बनाम

1. वीर सिंह पुत्र बिशन सिंह
2. आत्मा सिंह पुत्र बिशन सिंह
2/1 रघुवीर सिंह पुत्र आत्मा सिंह
2/2 गुड्डी पुत्री आत्मा सिंह पत्नी दर्शन सिंह
2/3 नसीब कौर पुत्री आत्मा सिंह
3. गुरमेल सिंह पुत्र बचन सिंह
4. अजमेर सिंह पुत्र बचन सिंह
5. मखन सिंह पुत्र मुख्तयार सिंह
6. बलोर सिंह पुत्र मुख्तयार सिंह — निवासी मानकसर संगरिया
7. सुंदरी
8. मक्खन
9. भोला — पिसरान माडा सिंह
10. करतार सिंह
10/1 छोटी देवी पुत्री करतार
10/2 रघुवीर सिंह पुत्र करतार
10/3 बलजीत सिंह पुत्र करतार
11. सोहन
12. चतर सिंह पुत्र भागसिंह — -असल प्रतिवादी निवासी मुनक संगरूर पंजाब
12/1 सुभाष सिंह पुत्र चतर सिंह
12/2 गुरमेल सिंह पुत्र चतर सिंह
12/3 शिव रानी पुत्री बलविंदर सिंह पुत्र चतर सिंह
12/4 परमजीत कौर पुत्री बलविंदर पुत्र चतर सिंह
13. ईसर सिंह पुत्र भागसिंह
14. प्रकट सिंह पुत्र गुरदेव सिंह
15. राकेश पुत्र गुरदेव सिंह
16. रमेश गुरदेव सिंह
17. सोमी पत्नी जगदीश — निवासी मुनक संगरूर पंजाब
18. ओमवती पत्नी अमर सिंह
18/1 मोहन सिंह पुत्र अमर सिंह
18/2 सोहन सिंह पुत्र अमर सिंह
18/3 महिमा पत्नी भीम सिंह पुत्र पुत्र अमर सिंह
18/4 अमर सिंह पुत्र राम सिंह निवासी मुनक संगरूर पंजाब
19. इसरो पत्नी आत्मा सिंह
20. रेशम जरिए कुदरती वली माता रानी देवी
21. प्रवीण जरिए कुदरती वली माता रानी देवी
22. पूजा जरिए कुदरती वली माता रानी देवी
23. रानी पत्नी केहर सिंह
24. महेंद्र कौर पत्नी सुरजीत सिंह
24/1 बिन्दर कौर पत्नी बिन्दर सिंह
24/2 परमजीत कौर पत्नी सुखविंद्र सिंह
24/3 जरनैल सिंह पुत्र सरजीत सिंह
24/4 शरणजीत कौर पत्नी रमन सिंह
25. कृष्णा पत्नी दरबारा सिंह
26. सुलोचना पत्नी अमरजीत
27. भूरी पत्नी काबज
28. गुरजंट सिंह
29. रोशन
30. रघुवीर — पिसरान करतार सिंह
31. अमर सिंह
32. चेतराम — पुत्र भागो पत्नी बंता सिंह
33. मंगतराम — पुत्री गोपाल
34. बृजलाल — पिसरान करतारो देवी
35. प्रकाश चंद्र — सुरजराम पुत्री गोपाल
36. सोहन सिंह
37. रूप सिंह
38. नपत सिंह
39. रामचन्द्र
40. रखो पुत्री गोपाल जाति अराई निवासी मानकसर तह. संगरिया जिला हनुमानगढ़।

ने आपके विरुद्ध वाद पंजीयन किया है। आपका इस न्यायालय में तारिख 02/11/2026 को दिन 10:00 बजे दावे का उत्तर देने के लिए उपसंजात होने के लिए वचन दिया जाता है। आप न्यायालय में स्वयं या किसी ऐसे प्लीडर द्वारा उपसंजात हो सकते है जिसे सम्यक अनुदेश दिए गए हो और जो इस वाद से संबंधित सभी सारवान प्रश्नों का उत्तर दे सके या जिसके साथ ऐसा कोई व्यक्ति हो जो ऐसे सब प्रश्नों का उत्तर दे सके। आपको यह निदेश भी दिया जाता है की आप उस दिन अपनी प्रतिरक्षा का लिखित साक्ष्य दाखिल करे और उस दिन ऐसे सब दस्तावेज जो आपके कब्जे में या शक्ति में है पेश करें जिन पर आपकी प्रतिरक्षा या दाखिल का दावा आधारित है। और यदि आप किसी अन्य दस्तावेज पर चाहे वह आपके कब्जे व शक्ति में हो अपना प्रतिरक्षा या मुजराई के दावे के समर्थन में साक्ष्य के रूप में निर्भर करते है तो आप ऐसी दस्तावेजों को उल्लेखित समय के बाद उपबंध की जाने वाली सूची में प्रविष्टि करे।

आपको सूचित किया जाता है की यदि आप ऊपर बताई गई तारिख को इस न्यायालय में उपसंजात नहीं होंगे तो वाद की सुनवाई और उसका निपटारा आपकी अनुपस्थिति में किया जाएगा।

यह आज ता. 27 माह 10 सन 2026 को मेरे हस्ताक्षर से और न्यायालय की मुद्रा लगाकर दिया गया है।

हस्ताक्षर/-
सहायक कलक्टर एवं उपखण्ड अधिकारी, संगरिया

AXIS BANK LTD.

ਰਿਟੇਲ ਐਸੇਟ ਸੈਂਟਰ : ਐਕਸਿਸ ਬੈਂਕ ਲਿਮਟਿਡ, ਐੱਸ ਸੀ ਬੀ-5, ਪਹਿਲੀ ਮੰਜ਼ਲ ਛੋਟੀ ਬਾਰਾਂਦਰੀ, ਪਟਿਆਲਾ-147001

ਕਾਰਪੋਰੇਟ ਦਫਤਰ : 'ਐਕਸਿਸ ਹਾਊਸ' ਬਲਾਕ-ਬੀ, ਬੰਬੇ ਡਾਇੰਗ ਮਿੱਲਜ਼ ਕੰਪਾਊਂਡ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ। ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ। ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਲੜੀ ਨੰ.	ਕਰਜ਼ਦਾਰ/ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ ਅਤੇ ਪਤਾ	(1) ਡਿਮਾਂਡ ਨੋਟਿਸ ਦੀ ਮਿਤੀ (2) ਐੱਨ ਪੀ ਏ ਮਿਤੀ (3) ਕਬਜ਼ੇ ਦੀ ਮਿਤੀ	(4) 13-2 ਨੋਟਿਸ ਅਨੁਸਾਰ ਬਕਾਇਆ ਰਕਮ
1.	(1) ਸ੍ਰੀ ਤਾਰਾ ਚੰਦ ਪੁੱਤਰ ਰਾਮ ਰਤਨ ਲਾਲ (ਕਰਜ਼ਦਾਰ) (2) ਸ੍ਰੀਮਤੀ ਸੰਤੋਸ਼ ਰਾਣੀ ਪਤਨੀ ਤਾਰਾ ਚੰਦ (ਸਹਿ-ਕਰਜ਼ਦਾਰ ਅਤੇ ਰਹਿਣਕਾਰ)	(1) 24-11-2025 (2) 19-10-2025 (3) 28-10-2026	ਰੁਪਏ 8,94,097/- (ਅੱਠ ਲੱਖ ਚੌਰਾਨਵੇਂ ਹਜ਼ਾਰ ਸਤਾਨਵੇਂ ਰੁਪਏ ਕੇਵਲ)

ਅਚੱਲ ਜਾਇਦਾਦ ਦਾ ਵੇਰਵਾ : ਵਪਾਰਕ ਜਾਇਦਾਦ ਨਾਲ ਸੰਬੰਧਤ ਸਭ ਕੁੱਲ ਰਕਬਾ 13 ਮਰਲੇ, ਖਸਰਾ ਨੰ. 451/3 (0-13), ਖੇਵਟ ਨੰ. 663, ਖੱਤਾ ਨੰ. 1614, ਜਮ੍ਹਾਂਬੰਦੀ ਸਾਲ 2017-18, ਬਰੇਟਾ, ਤਹਿਸੀਲ ਬੁਢਲਾਡਾ ਦੀਆਂ ਮਾਲੀਆ ਹੱਦਾਂ ਦੇ ਅੰਦਰਵਾਰ ਵਿਖੇ ਸਥਿਤ, ਜ਼ਿਲ੍ਹਾ ਮਾਨਸਾ ਸ੍ਰੀਮਤੀ ਸੰਤੋਸ਼ ਰਾਣੀ ਪਤਨੀ ਤਾਰਾ ਚੰਦ ਦੇ ਨਾਂਅ ਰਜਿਸਟਰਡ, ਤਬਾਦਲਾ ਬੈਨਾਮਾ ਦਸਤਾਵੇਜ਼ ਨੰ. 2020-21/60/1/1217 ਮਿਤੀ 27-01-2021 ਅਨੁਸਾਰ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਕੇਵਲ ਕ੍ਰਿਸ਼ਨ, ਪੱਛਮ : ਗਲੀ, ਉੱਤਰ : ਦਿਆਲਪੁਰਾ ਰੋਡ, ਦੱਖਣ : ਪਵਨ ਕੁਮਾਰ।

ਮਿਤੀ : 28-10-2026   ਅਧਿਕਾਰਤ ਅਫਸਰ
ਸਥਾਨ : ਮਾਨਸਾ   ਐਕਸਿਸ ਬੈਂਕ ਲਿਮਟਿਡ

ਦੀ ਓਲਡ ਫਰੈਂਡਜ਼ ਸਹਿਕਾਰੀ ਮਕਾਨ ਉਸਾਰੀ ਸਭਾ ਲਿਮ: ਓਲਡ ਫਰੈਂਡਜ਼ ਦੀ ਪ੍ਰਬੰਧਕ ਕਮੇਟੀ ਦੀ ਚੋਣ ਸੰਬੰਧੀ ਤਿਆਰ ਕੀਤੀ ਗਈ ਵੋਟਰ ਸੂਚੀ ਸੰਬੰਧੀ।

ਵੋਟਰ ਸੂਚੀ/ਲਿਸਟਾਂ ਪ੍ਰਵਾਨ ਕਰਨ ਸੰਬੰਧੀ ਇਤਰਾਜ਼ ਦੇਣ ਸੰਬੰਧੀ ਨੋਟਿਸ

ਦੀ ਓਲਡ ਫਰੈਂਡਜ਼ ਸਹਿਕਾਰੀ ਮਕਾਨ ਉਸਾਰੀ ਸਭਾ ਲਿਮ: ਓਲਡ ਫਰੈਂਡਜ਼ ਦੀ ਪ੍ਰਬੰਧਕ ਕਮੇਟੀ ਦੀ ਚੋਣ ਸੰਬੰਧੀ ਤਿਆਰ ਕੀਤੀ ਗਈ ਵੋਟਰ ਸੂਚੀ ਪ੍ਰਵਾਨਗੀ ਹਿੱਤ ਇਸ ਦਫਤਰ ਨੂੰ ਪ੍ਰਾਪਤ ਹੋਈ ਹੈ। ਜੇਕਰ ਇਸ ਸਭਾ ਦੇ ਕਿਸੇ ਹਿੱਸੇਦਾਰ/ਮੈਂਬਰ ਨੂੰ ਇਸ ਵੋਟਰ ਸੂਚੀ ਦੀ ਬਣਤਰ 'ਤੇ ਕੋਈ ਇਤਰਾਜ਼ ਹੋਵੇ ਤਾਂ ਉਹ ਨਿਮਨ ਹਸਤਾਖਰ ਦੇ ਦਫਤਰ ਵਿਖੇ ਮਿਤੀ 16.11.2026 ਨੂੰ ਸ਼ਾਮ 05.00 ਵਜੇ ਤੱਕ ਲਿਖਤੀ ਰੂਪ ਵਿਚ ਸਬੂਤ ਸਮੇਤ ਇਤਰਾਜ਼ ਦਾਖਲ ਕਰ ਸਕਦਾ ਹੈ। ਪ੍ਰਾਪਤ ਹੋਏ ਇਤਰਾਜ਼ਾਂ ਦੀ ਸੁਣਵਾਈ ਮਿਤੀ 17.11.2026 ਨੂੰ ਸਵੇਰੇ 11.00 ਵਜੇ ਨਿਮਨ ਹਸਤਾਖਰ ਦੇ ਦਫਤਰ (ਤੀਸਰੀ ਮੰਜ਼ਲ, ਸਾਹਮਣੇ ਮੇਨ ਡਾਕਖਾਨਾ, ਜਲੰਧਰ) ਵਿਖੇ ਕੀਤੀ ਜਾਵੇਗੀ। ਇਤਰਾਜ਼ਕਰਤਾ ਖੁਦ ਸੁਣਵਾਈ ਸਮੇਂ ਹਾਜ਼ਰ ਆਉਣ। ਵੋਟਰ ਸੂਚੀ ਦੀ ਇੱਕ ਕਾਪੀ ਦੀ ਓਲਡ ਫਰੈਂਡਜ਼ ਸਹਿਕਾਰੀ ਮਕਾਨ ਉਸਾਰੀ ਸਭਾ ਲਿਮ: ਓਲਡ ਫਰੈਂਡਜ਼ ਦੇ ਦਫਤਰ, ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ-2 ਅਤੇ ਨਿਮਨ ਹਸਤਾਖਰ ਦੇ ਦਫਤਰ ਵਿਖੇ ਰੱਖੀ ਗਈ ਹੈ, ਜੋ ਕਿ ਕਿਸੇ ਵੀ ਕੰਮ ਵਾਲੇ ਦਿਨ ਦਫਤਰੀ ਸਮੇਂ ਦੌਰਾਨ ਵੇਖੀ ਜਾ ਸਕਦੀ ਹੈ।

(ਗੁਰਵਿੰਦਰਜੀਤ ਸਿੰਘ)
ਪੀ.ਸੀ.ਐਸ.-1
ਉਪ ਰਜਿਸਟਰਾਰ ਸਹਿਕਾਰੀ ਸਭਾਵਾਂ, ਜਲੰਧਰ।

ਉੱਤਰ ਰੇਲਵੇ

(ਈ-ਨੀਲਾਮੀ ਸੂਚਨਾ)

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਪਾਰਕ ਪ੍ਰਬੰਧਕ, ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਜਾਂਦੀ ਹੈ :

ਲੜੀ	ਕੈਟਲਾਗ ਨੰਬਰ	ਕੰਮ ਦਾ ਨਾਮ
ਈ-ਨੀਲਾਮੀ ਦੀ ਮਿਤੀ : 13.11.2026		
1	EAFZR-MPS26-9	ਅੰਮ੍ਰਿਤਸਰ ਅਤੇ ਫ਼ਿਰੋਜ਼ਪੁਰ ਛਾਵਣੀ ਰੇਲਵੇ ਸਟੇਸ਼ਨ ਉਤੇ ਬਹੁਉਦੇਸ਼ੀਯ ਸਟਾਲ (ਐਮਪੀਐਸ) ਦਾ ਠੇਕੇ ਦਾ ਅਲਾਟਮੈਂਟ ।
2	EAFZR-PRKG26-14	ਜਲੰਧਰ ਸ਼ਹਿਰ ਰੇਲਵੇ ਸਟੇਸ਼ਨ ਉਤੇ ਕੰਮਪ੍ਰੇਹੇਂਸਿਵ ਪਾਰਕਿੰਗ ਦੇ ਲਈ ਜਗ੍ਹਾਂ ਦਾ ਠੇਕੇ ਦਾ ਅਲਾਟਮੈਂਟ ।
3	EAFZR-TSV26-2	ਟ੍ਰੇਨ ਨੰਬਰ 14654/53 (ਅੰਮ੍ਰਿਤਸਰ-ਹਿਸਾਰ-ਅੰਮ੍ਰਿਤਸਰ) ਵਿਚ ਵੱਖ-ਵੱਖ ਖਾਨਪਾਨ ਵਸਤੂਆਂ ਦੇ ਟ੍ਰੇਨ ਸਾਈਡ ਵੇਂਡਿੰਗ (ਟੀਐਸਵੀ) ਦੇ ਲਈ ਠੇਕੇ ਦਾ ਅਲਾਟਮੈਂਟ ।
ਈ-ਨੀਲਾਮੀ ਦੀ ਮਿਤੀ : 16.11.2026		
4	EAFZR-PRKG26-15	ਕ) ਲੁਧਿਆਣਾ ਰੇਲਵੇ ਸਟੇਸ਼ਨ ਉਤੇ ਏਪ-ਆਧਾਰਿਤ ਕੈਬ ਰੋਡਿਯੋਜ ਟੈਕਸੀ ਦੀ ਪਾਰਕਿੰਗ ਦੇ ਲਈ ਜਗ੍ਹਾਂ ਦਾ ਠੇਕੇ ਉਤੇ ਅਲਾਟਮੈਂਟ । ਖ) ਭਗਤਾਂਵਾਲਾ ਅਤੇ ਕਪੂਰਥਲਾ ਰੇਲਵੇ ਸਟੇਸ਼ਨਾਂ ਉਤੇ ਪਾਰਕਿੰਗ ਦੇ ਲਈ ਜਗ੍ਹਾਂ ਦਾ ਠੇਕੇ ਦਾ ਅਲਾਟਮੈਂਟ ।
5	EAFZR-MIS26-21	ਕ) ਅੰਮ੍ਰਿਤਸਰ ਰੇਲਵੇ ਸਟੇਸ਼ਨ ਉਤੇ ਯਾਤਰਾ ਹੈਲਪ ਡੇਸਕ ਦੀ ਸਥਾਪਨਾ ਅਤੇ ਸੰਚਾਲਨ । ਖ) ਅੰਮ੍ਰਿਤਸਰ, ਬਯਾਸ, ਫਗਵਾੜਾ ਅਤੇ ਫ਼ਿਰੋਜ਼ਪੁਰ ਕੈਂਟ ਰੇਲਵੇ ਸਟੇਸ਼ਨਾਂ ਉਤੇ ਵਾਟਰ ਵੇਂਡਿੰਗ ਮਸ਼ੀਨਾਂ ਦੀ ਸਥਾਪਨਾ ਅਤੇ ਸੰਚਾਲਨ । ਗ) ਕਾਲੋਨੀ ਨੰਬਰ 10 ਵਿਚ ਜਗਰਾਉਂ ਪੁਲ ਦੀ ਦੀਵਾਰ ਦੇ ਨਾਲ ਲੁਧਿਆਣਾ ਰੇਲਵੇ ਪਰਿਸਰ ਵਿਚ ਫੂਡ ਵੈਨ ਅਤੇ ਲੁਧਿਆਣਾ ਰੇਲਵੇ ਸਟੇਸ਼ਨ ਉਤੇ ਟੀਟੀਈ ਰੇਸਟ ਹਾਊਸ ਦੇ ਕੋਲ ਛੋਟੀ ਫੂਡ ਵੈਨ ਦੀ ਸਥਾਪਨਾ ਅਤੇ ਸੰਚਾਲਨ ।

ਪੂਰੀ ਜਾਣਕਾਰੀ ਅਤੇ ਰਜਿਸਟਰੈਸ਼ਨ ਦੇ ਲਈ ਕ੍ਰਿਪਾ ਰੇਲਵੇ ਦੀ ਵੇਬਸਾਈਟ www.ireps.gov.in ਉਤੇ ਜਾਉ ।
No. NR-FZROCOML(NFR)/18/2024 Date: 30/10/2026   3814/2026
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਸਿੱਧੂ ਨੇ ਸੰਗਰੂਰ ਪੁੱਜਣ ਲਈ ਕਾਂਗਰਸੀ ਵਰਕਰਾਂ ਨੂੰ ਕੀਤਾ ਲਾਮਬੰਦ

ਚੰਡੀਗੜ੍ਹ (ਸੁਰਜੀਤ ਸੁਮਨ, ਗੁਲਜੀਤ ਬਿੱਲਾ) ਵਿਧਾਨ ਸਭਾ ਹਲਕਾ ਮੋਹਾਲ਼ੀ ਦੇ ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਹਲਕੇ ਦੇ ਕਾਂਗਰਸੀ ਆਗੂਆਂ ਅਤੇ ਵਰਕਰਾਂ ਨਾਲ਼ ਇੱਕ ਵਿਸ਼ੇਸ਼ ਮੀਟਿੰਗ ਕੀਤੀ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਸਿਰਮੌਰ ਆਗੂ ਰਾਹੁਲ ਗਾਂਧੀ 04 ਨਵੰਬਰ ਨੂੰ ਸੰਗਰੂਰ ਪਹੁੰਚ ਰਹੇ ਹਨ, ਇਸ ਲਈ ਉਨ੍ਹਾਂ ਅਪੀਲ ਕਰਦਿਆਂ ਕਿਹਾ ਇਸ ਰੈਲੀ/ ਕਾਨਫਰੰਸ ਵਿੱਚ ਹੁੰਮ-ਹੁਮਾ ਕੇ ਪੁੱਜਣ ਲਈ ਪੁਰਜ਼ੋਰ ਯਤਨ ਕੀਤੇ ਜਾਣ।ਇਸ ਮੌਕੇ ਬਿਜਲੀ ਵਿਭਾਗ ਦੇ ਸਾਬਕਾ ਮੁਲਾਜ਼ਮ ਆਗੂ ਲੱਖਾ ਸਿੰਘ, ਮੁਲਾਜ਼ਮ ਆਗੂ ਅਤੇ ਸਾਬਕਾ ਐਮ.ਸੀ. ਨਿਗਰ ਨਿਗਮ, ਮੋਹਾਲ਼ੀ ਸੁੱਚਾ ਸਿੰਘ ਕਲੌੜ, ਮਾਰਕੀਟ ਕਮੇਟੀ ਦੇ ਸਾਬਕਾ ਪ੍ਰਧਾਨ ਹਰਕੇਸ਼ ਚੰਦ ਸ਼ਰਮਾ ਮੱਛਲੀ ਕਲਾਂ, ਵੱਖ ਵੱਖ ਬਲਾਕ ਪ੍ਰਧਾਨਾਂ, ਜ਼ਿਲ੍ਹਾ ਪ੍ਰਧਾਨਾਂ ਅਤੇ ਆਗੂਆਂ ਨੇ ਸੰਬੋਧਨ ਕਰਦਿਆਂ ਸੱਤਾਧਾਰੀ ਧਿਰ ਦੀਆਂ ਮਾੜੀਆਂ ਨੀਤੀਆਂ ਦੀ ਸਖਤ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਇਸ ਵੇਲ਼ੇ ਨਸ਼ਿਆਂ ਨੂੰ ਸਰਕਾਰ ਵੱਲੋਂ ਕੋਈ ਠੱਲ੍ਹ ਨਹੀਂ ਪਾਈ ਜਾ ਰਹੀ, ਜਿਸ ਦੇ ਨਤੀਜੇ ਵਜੋਂ ਮਾਨਸਾ ਹੀ ਨਹੀਂ ਸਗੋਂ ਸਮੁੱਚੇ ਪੰਜਾਬ ਵਿੱਚ ਵੱਡੇ ਵੱਡੇ ਕਾਂਡ ਵਾਪਰ ਰਹੇ ਹਨ ਅਤੇ ਲੋਕਾਂ ਦੀ ਜਾਨ ਮੁੱਠੀ ਵਿੱਚ ਆਈ ਹੋਈ ਹੈ।ਆਗੂਆਂ ਨੇ ਕਾਂਗਰਸੀ ਵਰਕਰਾਂ ਨੂੰ ਸੰਗਰੂਰ ਪੁੱਜਣ ਲਈ ਪੁਰਜ਼ੋਰ ਅਪੀਲ ਕੀਤੀ ਅਤੇ ਭਰੋਸਾ ਦਿਵਾਇਆ ਕਿ ਕਾਂਗਰਸੀ ਵਰਕਰ ਵਧ ਚੜ੍ਹ ਕੇ ਸੰਗਰੂਰ ਪੁਜਣਗੇ।

ਸੰਤੋਸ਼ ਕਟਾਰੀਆ ਨੂੰ ਮੁੜ ਉਮੀਦਵਾਰ ਬਣਾਉਣ 'ਤੇ ਸਰਪੰਚ ਘੁੰਮਣ ਵੱਲੋਂ ਵਧਾਈ

ਪੋਜੇਵਾਲ (ਰਾਮ ਲਾਲ)- ਆਮ ਆਦਮੀ ਪਾਰਟੀ ਵੱਲੋਂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਹਲਕਾ ਬਲਾਚੌਰ ਦੀ ਮੌਜੂਦਾ ਵਿਧਾਇਕ ਬੀਬੀ ਸੰਤੋਸ਼ ਕਟਾਰੀਆ ਨੂੰ ਮੁੜ ਪਾਰਟੀ ਉਮੀਦਵਾਰ ਬਣਾਏ ਜਾਣ 'ਤੇ ਪਿੰਡ ਬੀੜ ਕਾਠਗੜ੍ਹ ਦੇ ਸਰਪੰਚ ਜਸਵੀਰ ਸਿੰਘ ਘੁੰਮਣ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਵਧਾਈਆਂ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸਰਪੰਚ ਘੁੰਮਣ ਨੇ

ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਬੀਬੀ ਸੰਤੋਸ਼ ਕਟਾਰੀਆ ਨੂੰ ਮੁੜ ਉਮੀਦਵਾਰ ਬਣਾਉਣਾ ਪਾਰਟੀ ਹਾਈਕਮਾਨ ਵੱਲੋਂ ਉਨ੍ਹਾਂ ਉੱਪਰ ਪ੍ਰਗਟਾਏ ਗਏ ਭਰੋਸੇ ਦਾ ਪ੍ਰਤੀਕ ਹੈ।

ਉਨ੍ਹਾਂ ਕਿਹਾ ਕਿ ਬੀਬੀ ਸੰਤੋਸ਼ ਕਟਾਰੀਆ ਵੱਲੋਂ ਹਲਕਾ ਬਲਾਚੌਰ ਦੇ ਲੋਕਾਂ ਨਾਲ ਲਗਾਤਾਰ ਸੰਪਰਕ ਬਣਾਈ ਰੱਖਿਆ ਜਾ ਰਿਹਾ ਹੈ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣ ਲਈ ਯਤਨ ਕੀਤੇ ਜਾ ਰਹੇ ਹਨ।ਸਰਪੰਚ ਜਸਵੀਰ ਸਿੰਘ ਘੁੰਮਣ ਨੇ ਵਿਸ਼ਵਾਸ ਪ੍ਰਗਟਾਇਆ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬੀਬੀ ਸੰਤੋਸ਼ ਕਟਾਰੀਆ ਹਲਕਾ ਬਲਾਚੌਰ ਤੋਂ ਦੂਜੀ ਵਾਰ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ।

ਸੰਗਤਾਂ ਹੁੰਮ-ਹੁਮਾ ਕੇ ਡੇਰਾ ਸੰਤ ਮੇਲਾ ਰਾਮ ਨਗਰ ਪਹੁੰਚਣ : ਸੰਤ ਸਰਵਣ ਦਾਸ ਬੋਹਣ, ਸੰਤ ਪਰਮਜੀਤ ਦਾਸ ਨਗਰ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ) ਆਦਿ ਧਰਮ ਸਮਾਗਮ ਵਿੱਚ ਸੰਗਤਾਂ ਡੇਰਾ ਸੰਤ ਮੇਲਾ ਰਾਮ ਨਗਰ ਵਿਖੇ ਹੁੰਮ ਹੁਮਾਕੇ ਸ਼ਾਮਲ ਹੋਣ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸੰਤ ਸਰਵਣ ਦਾਸ ਜੀ ਡੇਰਾ ਸੰਤ ਸੀਤਲ ਦਾਸ ਬੋਹਣ ਅਤੇ ਸੰਤ ਪਰਮਜੀਤ ਦਾਸ ਡੇਰਾ ਸੰਤ ਮੇਲਾ ਰਾਮ ਨਗਰ ਨੇ ਕਿਹਾ ਆਦਿ ਧਰਮ ਦੇ 100 ਸਾਲਾ ਸਥਾਪਨਾ ਦਿਵਸ ਸਮਾਗਮ 1 ਨਵੰਬਰ ਦਿਨ ਐਤਵਾਰ ਨੂੰ ਬਹੁਤ ਸ਼ਰਧਾ ਪੂਰਵਕ ਮਨਾਏ ਜਾ ਰਹੇ ਹਨ ਜਿਸ ਵਿੱਚ ਦੇਸ਼ ਵਿਦੇਸ਼ ਦੀਆਂ ਸੰਗਤਾਂ

ਤੋਂ ਇਲਾਵਾ ਸੰਤ ਮਹਾਂਪੁਰਸ਼, ਵਿਦਵਾਨ ਬੁੱਧੀਜੀਵੀ ਲੋਕ ਆਦਿ ਧਰਮ ਦੇ ਇਤਿਹਾਸ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਉਣਗੇ। ਇਸ ਮੌਕੇ ਸੰਤ ਸਤਵਿੰਦਰ ਹੀਰਾ ਅਤੇ ਮਹੰਤ ਪ੍ਰਸ਼ੋਤਮ ਲਾਲ ਨੇ ਦੱਸਿਆ ਕਿ ਅੱਜ ਨਗਰ ਵਿਖੇ ਹੋਣ ਵਾਲੇ ਆਦਿ ਧਰਮ ਸਮਾਗਮ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਆਦਿ ਧਰਮ ਸਮਾਗਮਾਂ ਵਿੱਚ ਹੁੰਮ ਹੁਮਾਕੇ ਸ਼ਾਮਲ ਹੋਣ।

ਇਸ ਮੌਕੇ ਸੰਤ ਸਤਵਿੰਦਰ ਹੀਰਾ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ੍ਹ ਸਾਹਿਬ ਅਤੇ ਮਹੰਤ ਪ੍ਰਸ਼ੋਤਮ ਲਾਲ ਇਤਿਹਾਸਕ ਦੇਹਰਾ ਸ੍ਰੀ ਗੁਰੂ ਰਵਿਦਾਸ ਜੀ ਫਗਵਾੜਾ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਮਹਾਨ ਆਦਿ ਧਰਮ ਸਮਾਗਮ 1 ਨਵੰਬਰ ਦਿਨ ਐਤਵਾਰ ਨੂੰ ਡੇਰਾ 108 ਸੰਤ ਮੇਲਾ ਰਾਮ ਨਗਰ (ਫਿਲੌਰ) ਵਿਖੇ ਸੰਤ ਸਰਵਣ ਦਾਸ ਜੀ ਮਹਾਰਾਜ ਬੋਹਣ ਵਾਲਿਆਂ ਦੀ ਰਹਿਨੁਮਾਈ ਅਤੇ ਸੰਤ ਪਰਮਜੀਤ ਦਾਸ ਜੀ ਨਗਰ ਵਾਲਿਆਂ ਦੀ ਦੇਖ ਰੇਖ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਲੋਂ ਬਹੁਤ ਸ਼ਰਧਾ ਪੂਰਵਕ ਮਨਾਏ ਜਾਣਗੇ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਸਮਾਗਮਾਂ ਵਿੱਚ ਭਾਰਤ ਦੀਆਂ ਉੱਘੀਆਂ ਮਹਾਨ ਸਖਸ਼ੀਅਤਾਂ ਤੋਂ ਇਲਾਵਾ ਸੰਤ ਮਹਾਂਪੁਰਸ਼, ਬੁੱਧੀਜੀਵੀ, ਵਿਦਵਾਨ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਭਾਰੀ ਗਿਣਤੀ ਵਿੱਚ ਸ਼ਾਮਲ ਹੋਣਗੀਆਂ।

ਗੁਰੂ ਨਾਨਕ ਦੇਵ 'ਵਰਸਿਟੀ ਕਾਲਜ ਵਿਖੇ ਗੁਰਬਾਣੀ ਕੀਰਤਨ

ਜਲੰਧਰ (ਨ ਜ਼ ਸ) ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਲਾਡੋਵਾਲੀ ਰੋਡ ਵਿਖੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਨਾਲ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ।ਇਸ ਮੌਕੇ ਕਾਲਜ ਦੇ ਵਿਦਿਆਰਥੀਆਂ ਵੱਲੋਂ ਸ਼ਰਧਾ ਅਤੇ ਭਾਵਨਾ ਨਾਲ ਗੁਰਬਾਣੀ ਕੀਰਤਨ ਕੀਤਾ ਗਿਆ। ਕੀਰਤਨ ਕਰਨ ਵਾਲੇ ਵਿਦਿਆਰਥੀਆਂ ਵਿੱਚ ਪ੍ਰਭਸ਼ਰਨ ਸਿੰਘ, ਅਨੰਤਨੂਰ ਕੌਰ, ਖੁਸ਼ਪ੍ਰੀਤ ਕੌਰ, ਹਰਨੀਤ ਕੌਰ, ਸਿਮਰ ਸਿੰਘ, ਗਗਨਦੀਪ ਸਿੰਘ, ਉਪਿੰਦਰ ਕੌਰ, ਗੌਰੀ ਅਤੇ ਸਿਮਰ ਸਿੰਘ ਸ਼ਾਮਲ ਸਨ।ਵਿਦਿਆਰਥੀਆਂ ਦੇ ਰਸਭਿੰਨੇ ਕੀਰਤਨ ਨੇ ਸਮੁੱਚੇ ਕਾਲਜ ਕੈਂਪਸ ਵਿੱਚ ਅਧਿਆਤਮਕ ਅਤੇ ਸ਼ਰਧਾਮਈ ਮਾਹੌਲ ਸਿਰਜ ਦਿੱਤਾ। ਧਾਰਮਿਕ ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੀਆਂ ਆਉਣ ਵਾਲੀਆਂ ਪ੍ਰੀਖਿਆਵਾਂ ਵਿੱਚ ਸਫ਼ਲਤਾ ਦੇ ਨਾਲ-ਨਾਲ ਜੀਵਨ ਦੇ ਹਰ ਖੇਤਰ ਵਿੱਚ ਉਨ੍ਹਾਂ ਦੀ ਤਰੱਕੀ, ਸਫ਼ਲਤਾ ਅਤੇ ਚੜ੍ਹਦੀ ਕਲਾ ਲਈ ਅਰਦਾਸ ਕਰਨਾ ਸੀ। ਇਸ ਦੇ ਨਾਲ ਹੀ ਸਮੂਹ ਸਟਾਫ਼ ਦੀ ਸੁੱਖ-ਸ਼ਾਂਤੀ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਵੀ ਕੀਤੀ ਗਈ। ਇਸ ਮੌਕੇ ਕਾਲਜ ਦੇ ਓ ਐਸ ਡੀ ਪ੍ਰੋ. (ਡਾ.) ਨਵਜੋਤ ਨੇ ਕਿਹਾ ਕਿ ਸਿੱਖਿਆ ਦਾ ਮਕਸਦ ਕੇਵਲ ਵਿਦਿਆਰਥੀਆਂ ਨੂੰ ਅਕਾਦਮਿਕ ਤੌਰ 'ਤੇ ਸਫ਼ਲ ਬਣਾਉਣਾ ਹੀ ਨਹੀਂ, ਸਗੋਂ ਉਨ੍ਹਾਂ ਅੰਦਰ ਨੈਤਿਕ ਕਦਰਾਂ-ਕੀਮਤਾਂ, ਸੇਵਾ ਭਾਵਨਾ ਅਤੇ ਚੰਗੇ ਇਨਸਾਨ ਬਣਨ ਦੀ ਭਾਵਨਾ ਪੈਦਾ ਕਰਨਾ ਵੀ ਹੈ।ਇਸ ਮੌਕੇ ਕਾਲਜ ਦੇ ਓ ਐਸ ਡੀ ਡਾ ਨਵਜੋਤ ਕੌਰ ਅਤੇ ਡਾ. ਜਗਪ੍ਰੀਤ ਕੌਰ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਚੌਂਕ ਵਿਖੇ ਨਵੇਂ ਬਣੇ ਬੱਸ ਸਟਾਪ ਦਾ ਉਦਘਾਟਨ

ਮੋਰਿੰਡਾ (ਨਿਹਾਲ ਸਿੰਘ ਕਲਸੀ)- ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਦੇ ਉੱਦਮ ਸਦਕਾ ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਚੌਂਕ ਵਿਖੇ ਨਵੇਂ ਬਣੇ ਬੱਸ ਸਟਾਪ ਦਾ ਉਦਘਾਟਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਫੈਡਰੇਸ਼ਨ ਦੇ ਪ੍ਰਧਾਨ ਬਿਕਰਮਜੀਤ ਸਿੰਘ

ਸੋਹਨਪਾਲ ਅਤੇ ਸਰਪ੍ਰਸਤ ਕੁਲਵੀਰ ਸਿੰਘ ਸੋਨੂ ਨੇ ਦੱਸਿਆ ਕਿ ਹਲਕਾ ਵਿਧਾਇਕ ਡਾਕਟਰ ਚਰਨਜੀਤ ਸਿੰਘ ਵੱਲੋਂ ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਚੌਂਕ ਵਿਖੇ ਨਵੇਂ ਬੱਸ ਸਟਾਪ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਨੇ ਕਿਹਾ ਕਿ ਇਸ ਬੱਸ ਸਟਾਪ ਦਾ ਨਾਮ ਵੀ ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਬੱਸ ਸਟਾਫ ਰੱਖਿਆ ਗਿਆ ਹੈ। ਇਸ ਬੱਸ ਸਟਾਪ ਦੇ ਬਣਨ ਨਾਲ ਸੁਰਜੀਤ ਨਗਰ ਅਤੇ ਨਾਲ ਲੱਗਦੇ ਵਾਰਡਾਂ ਦੇ ਵਾਸੀਆਂ ਨੂੰ ਆਪਣੇ ਘਰਾਂ ਦੇ ਨੇੜੇ ਹੀ ਬੱਸ ਅਤੇ ਥ੍ਰੀ-ਵ੍ਹੀਲਰ ਦੀ ਸਹੂਲਤ ਮਿਲ ਸਕੇਗੀ।ਇਸ ਮੌਕੇ ਤੇ ਫੈਡਰੇਸ਼ਨ ਦੇ ਸਰਪ੍ਰਸਤ ਕੁਲਵੀਰ ਸਿੰਘ ਸੋਨੂੰ ਅਤੇ ਹੋਰ ਆਗੂਆਂ ਵੱਲੋਂ ਵਿਧਾਇਕ ਡਾਕਟਰ ਚਰਨਜੀਤ ਸਿੰਘ ਨੂੰ ਸਨਮਾਨਿਤ ਕੀਤਾ ਅਤੇ ਪਹੁੰਚੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਸੈਕਟਰੀ ਦਲਜੀਤ ਸਿੰਘ ਬਿੱਟੂ ਨੇ ਇਸ ਕਾਰਜ ਲਈ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਦਾ ਅਤੇ ਨਗਰ ਕੌਂਸਲ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਮਰਿਗਿੰਦ ਸਿੰਘ ਫਤਿਹ ਹਸਪਤਾਲ, ਕੌਂਸਲਰ ਅੰਮ੍ਰਿਤਪਾਲ ਸਿੰਘ ਖਟੜਾ, ਕੌਂਸਲਰ ਗੁੰਜਨ ਸੂਦ, ਕੌਂਸਲਰ ਹਰਜਿੰਦਰ ਸਿੰਘ ਛਿੱਬਰ, ਕੌਂਸਲਰ ਹਰਜੀਤ ਸਿੰਘ ਸੋਢੀ, ਗੁਰਪ੍ਰੀਤ ਕੌਰ ਸਾਬਕਾ ਨਗਰ ਕੌਂਸਲ ਮੀਤ ਪ੍ਰਧਾਨ, ਰੁਪਿੰਦਰ ਸਿੰਘ ਨੰਬਰਦਾਰ, ਮਨਜੀਤ ਕੌਰ ਚੇਅਰਪਰਸਨ ਰਾਮਗੜ੍ਹੀਆ ਭਲਾਈ ਬੋਰਡ, ਜਗਤਾਰ ਸਿੰਘ ਪੀਏ ਹਲਕਾ ਵਿਧਾਇਕ, ਕੇਸਰ ਸਿੰਘ ਸਮਾਣਾ, ਭੁਪਿੰਦਰ ਸਿੰਘ ਰੀਹਲ, ਗੁਰਵਿੰਦਰ ਸਿੰਘ ਰੀਹਲ, ਡਾ. ਤੇਜਿੰਦਰ ਬੋਬੀ, ਜਗਵਿੰਦਰ ਸਿੰਘ ਜੰਡੂ, ਮਨਦੀਪ ਸਿੰਘ ਸੋਹਣਪਾਲ, ਜਗਜੀਤ ਸਿੰਘ ਰੀਹਲ, ਗੁਰਪ੍ਰੀਤ ਸਿੰਘ ਲਾਲੀ, ਸਤਵਿੰਦਰ ਸਿੰਘ ਸੌਂਦ ਆਦਿ ਵੀ ਹਾਜਰ ਸਨ।

ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਪੰਜਾਬ ਦੀ ਅੱਜ ਦੀ ਸੰਗਰੂਰ ਰੈਲੀ ਮੁਲਤਵੀ

ਕੈਬਨਿਟ ਸਬ ਕਮੇਟੀ ਨਾਲ 12 ਨਵੰਬਰ ਦੀ ਮੀਟਿੰਗ ਤੈਅ

ਜਲੰਧਰ (ਰਾਜੇਸ਼ ਥਾਪਾ) ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਪੰਜਾਬ ਦੀ ਸੂਬਾ ਪ੍ਰਧਾਨ ਹਰਮਨਪ੍ਰੀਤ ਕੌਰ ਗਿੱਲ, ਜਨਰਲ ਸਕੱਤਰ ਗੁਰਪ੍ਰੀਤ ਕੌਰ , ਵਿੱਤ ਸਕੱਤਰ ਰਣਜੀਤ ਕੌਰ, ਪ੍ਰੈੱਸ ਸਕੱਤਰ ਪ੍ਰਵੀਨ ਬਾਲਾ, ਆਸ਼ਾ ਵਰਕਰਜ਼ ਅਤੇ ਫੈਸਿਲੀਟੇਟਰ ਯੂਨੀਅਨ ਦੀ ਸੂਬਾ ਪ੍ਰਧਾਨ ਰਾਣੋ ਖੇੜੀ ਗਿੱਲਾਂ, ਜਨਰਲ ਸਕੱਤਰ ਲਖਵਿੰਦਰ ਕੌਰ ਝਬਾਲ, ਮਿਡ ਡੇ ਮੀਲ ਵਰਕਰਜ਼ ਯੂਨੀਅਨ ਦੀ ਸੂਬਾ ਪ੍ਰਧਾਨ ਬਿਮਲਾ ਰਾਣੀ, ਜਨਰਲ ਸਕੱਤਰ ਕਮਲਜੀਤ ਕੌਰ ਖੜੌਦੀ, ਪੈਰਾ ਮੈਡੀਕਲ ਯੂਨੀਅਨ ਅਤੇ ਨਰਸਿੰਗ ਐਸੋਸੀਏਸ਼ਨ ਦੀ ਸੂਬਾਈ ਆਗੂ ਕਮਲਜੀਤ ਰੰਧਾਵਾ, ਆਂਗਨਵਾੜੀ ਮੁਲਾਜ਼ਮ ਯੂਨੀਅਨ ਦੀ ਆਗੂ ਸ਼ਰਮੀਲਾ ਦੇਵੀ, ਦਰਜਾ ਚਾਰ ਆਗੂ ਮੋਨੀਕਾ ਮਸੀਹ ਅਤੇ ਸਫਾਈ ਸੇਵਕ ਯੂਨੀਅਨ ਦੀ ਆਗੂ ਗੁਰਜੀਤ ਕੌਰ ਨੇ ਇੱਕ ਸਾਂਝੇ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਇਸਤਰੀ ਤਾਲਮੇਲ ਕਮੇਟੀ ਵੱਲੋਂ ਜੋ 1 ਨਵੰਬਰ ਨੂੰ ਸੰਗਰੂਰ ਵਿਖੇ ਰੋਸ ਰੈਲੀ ਕੀਤੀ ਜਾ ਰਹੀ ਸੀ ਦੇ ਦਬਾਅ ਸਦਕਾ ਸਰਕਾਰ ਵੱਲੋਂ 12 ਨਵੰਬਰ ਦੀ ਜੋ ਮੀਟਿੰਗ ਕੈਬਨਿਟ ਸਬ ਕਮੇਟੀ ਪੰਜਾਬ ਨਾਲ ਦਿੱਤੀ ਗਈ ਹੈ ਉਸ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਫੈਸਲਾ ਕੀਤਾ ਗਿਆ ਕਿ 12 ਨਵੰਬਰ ਦੀ ਮੀਟਿੰਗ ਨੂੰ ਧਿਆਨ ਵਿੱਚ ਰੱਖਦੇ ਹੋਏ 1 ਨਵੰਬਰ ਦੀ ਰੋਸ ਰੈਲੀ ਮੁਲਤਵੀ ਕੀਤੀ ਜਾਂਦੀ ਹੈ ।ਮੰਗਾਂ ਦਾ ਜੇਕਰ ਇਸ ਮੀਟਿੰਗ ਵਿੱਚ ਨਿਪਟਾਰਾ ਨਹੀਂ ਹੁੰਦਾ ਤਾਂ 22 ਨਵੰਬਰ ਦਿਨ ਐਤਵਾਰ ਨੂੰ ਸੰਗਰੂਰ ਵਿਖੇ ਰੋਸ ਰੈਲੀ ਕੀਤੀ ਜਾਵੇਗੀ ।

ਖੇਡ ਪ੍ਰੇਮੀ ਰਵੀਂਵਿੰਦਰ ਬਾਗੋਵਾਲ ਭਾਜਪਾ 'ਚ ਹੋਏ ਸ਼ਾਮਲ

ਪੋਜੇਵਾਲ (ਰਾਮ ਲਾਲ)- ਵਿਧਾਨ ਸਭਾ ਹਲਕਾ ਬਲਾਚੌਰ ਦੇ ਪਿੰਡ ਬਾਗੋਵਾਲ ਨਾਲ ਸਬੰਧਤ ਖੇਡ ਪ੍ਰੇਮੀ ਰਵੀਇੰਦਰ ਬਾਗੋਵਾਲ ਭਾਰਤੀ ਜਨਤਾ ਪਾਰਟੀ (ਭਾਜਪਾ) ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਭਾਜਪਾ ਦੇ ਬਲਾਚੌਰ ਤੋਂ ਹਲਕਾ ਸਹਿ-ਇੰਚਾਰਜ ਅਜੇ ਕਟਾਰੀਆ ਵੱਲੋਂ ਉਨ੍ਹਾਂ ਦਾ ਪਾਰਟੀ ਵਿੱਚ ਸਵਾਗਤ ਕੀਤਾ ਗਿਆ। ਇਸ ਮੌਕੇ ਅਜੇ ਕਟਾਰੀਆ ਨੇ ਰਵਿੰਦਰ ਬਾਗੋਵਾਲ ਨੂੰ ਵਧਾਈ ਦਿੰਦਿਆਂ ਕਿਹਾ ਕਿ ਨੌਜਵਾਨਾਂ ਦੀ ਰਾਜਨੀਤੀ ਅਤੇ ਸਮਾਜ ਸੇਵਾ ਵਿੱਚ ਭਾਗੀਦਾਰੀ

ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਖੇਡਾਂ ਨਾਲ ਜੁੜੇ ਨੌਜਵਾਨ ਸਮਾਜ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਅਤੇ ਨਵੀਂ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ।

ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਖੇਡ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ ਅਤੇ ਨੌਜਵਾਨਾਂ ਨੂੰ ਖੇਡਾਂ ਲਈ ਵਧੀਆ ਮੌਕੇ ਮੁਹੱਈਆ ਕਰਵਾਉਣਾ ਸਮੇਂ ਦੀ ਲੋੜ ਹੈ।

'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕਰਵਾਏ ਖੇਡ ਮੁਕਾਬਲੇ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਪਿੰਡ ਭੁੰਗਰਨੀ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਵਿਸ਼ੇਸ਼ ਐਥਲੈਟਿਕਸ ਖੇਡ ਪ੍ਰੋਗਰਾਮ ਕਰਵਾਇਆ ਗਿਆ।60 ਰੋਜ਼ਾ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਤਹਿਤ ਕਰਵਾਏ ਗਏ ਇਸ ਪ੍ਰੋਗਰਾਮ ਵਿੱਚ ਸਕੂਲ ਦੇ ਲਗਭਗ 40 ਤੋਂ 45 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਖੇਡ ਪ੍ਰੋਗਰਾਮ ਦਾ ਪ੍ਰਬੰਧ ਖੇਡ ਕੋਚ ਹਰਜੀਤ ਪਾਲ ਸਿੰਘ ਅਤੇ ਐਥਲੈਟਿਕਸ ਕੋਚ ਮੋਨਿਕਾ ਦੀ ਦੇਖ-ਰੇਖ ਹੇਠ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਪਿੰਡ ਵਿੱਚ ਕੱਢੀ ਗਈ ਨਸ਼ਾ ਵਿਰੋਧੀ ਜਾਗਰੂਕਤਾ ਰੈਲੀ ਨਾਲ ਹੋਈ। ਰੈਲੀ ਰਾਹੀਂ ਵਿਦਿਆਰਥੀਆਂ ਨੇ ਲੋਕਾਂ ਨੂੰ

ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕੀਤਾ ਅਤੇ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਦਾ ਸੰਦੇਸ਼ ਦਿੱਤਾ। ਇਸ ਦੌਰਾਨ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ, ਸਿੱਖਿਆ ਅਤੇ ਸਕਾਰਾਤਮਕ ਗਤੀਵਿਧੀਆਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਗਿਆ।ਲੜਕਿਆਂ ਦੇ ਅੰਡਰ-14 ਅਤੇ 14 ਤੋਂ 17 ਸਾਲ ਉਮਰ ਵਰਗ ਵਿੱਚ 100 ਮੀਟਰ ਦੌੜ ਕਰਵਾਈ ਗਈ।ਲੜਕੀਆਂ ਲਈ ਡੌਜਬਾਲ ਅਤੇ ਲੜਕੇ ਤੇ ਲੜਕੀਆਂ ਦੋਵਾਂ ਲਈ ਰੱਸਾਕਸ਼ੀ ਦੇ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਨੇ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਖੇਡ ਗਤੀਵਿਧੀਆਂ ਵਿੱਚ ਹਿੱਸਾ ਲਿਆ।

ਵੱਧ ਮਾਤਰਾ 'ਚ ਫੂਡ ਕਲਰ ਦੀ ਵਰਤੋਂ ਕਰਕੇ ਬਣਾਈ ਜਲੇਬੀ ਨਸ਼ਟ

ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ) ਤਿਉਹਾਰਾਂ ਦੇ ਸੀਜ਼ਨ ਵਿੱਚ ਲੋਕਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਖਾਧ ਪਦਾਰਥਾਂ ਦੀ ਗੁਣਵੱਤਾ ਅਤੇ ਸਫ਼ਾਈ ਯਕੀਨੀ ਬਣਾਉਣ ਲਈ

ਸਿਹਤ ਵਿਭਾਗ ਦੀ ਫੂਡ ਸੇਫਟੀ ਟੀਮ ਵੱਲੋਂ ਵੱਖ-ਵੱਖ ਥਾਵਾਂ 'ਤੇ ਜਾਂਚ ਮੁਹਿੰਮ ਚਲਾਈ ਗਈ।ਫੂਡ ਸੇਫਟੀ ਅਫ਼ਸਰ ਮੁਨੀਸ਼ ਸੋਢੀ ਅਤੇ ਟੀਮ ਮੈਂਬਰਾਂ ਵੱਲੋਂ ਵੱਖ-ਵੱਖ ਖਾਧ ਪਦਾਰਥਾਂ ਦੀ ਜਾਂਚ ਕੀਤੀ ਗਈ।ਜਾਂਚ ਦੌਰਾਨ ਗੜ੍ਹਦੀਵਾਲਾ ਵਿਖੇ ਸੜਕ ਕਿਨਾਰੇ ਜਲੇਬੀਆਂ ਵੇਚ ਰਹੇ ਵਿਕਰੇਤਾ ਦੀ ਚੈਕਿੰਗ ਕੀਤੀ ਗਈ।ਇਸ ਦੌਰਾਨ ਜਲੇਬੀਆਂ ਵਿੱਚ ਫੂਡ ਕਲਰ ਦੀ ਵੱਧ ਮਾਤਰਾ ਵਿੱਚ ਵਰਤੋਂ ਪਾਈ ਜਾਣ ਕਾਰਨ ਸਬੰਧਤ ਜਲੇਬੀਆਂ ਮੌਕੇ 'ਤੇ ਹੀ ਨਸ਼ਟ ਕਰਵਾਈਆਂ ਗਈਆਂ।ਟੀਮ ਵੱਲੋਂ ਵਿਕਰੇਤਾ ਨੂੰ ਸਖ਼ਤ ਹਦਾਇਤ ਕੀਤੀ ਗਈ ਕਿ ਮਿਠਾਈਆਂ ਨੂੰ ਖੁੱਲ੍ਹੇ ਵਿੱਚ ਨਾ ਰੱਖਿਆ ਜਾਵੇ, ਸਗੋਂ ਧੂੜ, ਮੱਖੀਆਂ ਅਤੇ ਹੋਰ ਗੰਦਗੀ ਤੋਂ ਬਚਾਉਣ ਲਈ ਹਮੇਸ਼ਾ ਢੱਕ ਕੇ ਰੱਖਿਆ ਜਾਵੇ।ਇਸੇ ਦੌਰਾਨ ਬਿਨਾਂ ਮਿਆਦ ਪੁੱਗਣ ਦੀ ਤਾਰੀਖ ਦਰਜ ਕੀਤੇ ਸੌਸ ਮੌਕੇ 'ਤੇ ਨਸ਼ਟ ਕਰਵਾਏ ਗਏ। ਸਿਹਤ ਵਿਭਾਗ ਵੱਲੋਂ ਸਪੱਸ਼ਟ ਕੀਤਾ ਗਿਆ ਕਿ ਲੋਕਾਂ ਨੂੰ ਸੁਰੱਖਿਅਤ ਅਤੇ ਮਿਆਰੀ ਖਾਧ ਪਦਾਰਥ ਮੁਹੱਈਆ ਕਰਵਾਉਣ ਲਈ ਜਾਂਚ ਮੁਹਿੰਮ ਲਗਾਤਾਰ ਜਾਰੀ ਰਹੇਗੀ।

ਸਕੂਲ ਨੂੰ ਬੰਬ ਧਮਾਕੇ ਨਾਲ ਉਡਾਉਣ ਦੀ ਧਮਕੀ

ਨਕੋਦਰ (ਬਲਵਿੰਦਰ ਸਿੰਘ ਧਾਲੀਵਾਲ)- ਨਕੋਦਰ ਸਥਿਤ ਐਮ.ਜੀ. ਦਿਆਨੰਦ ਮਾਡਲ ਸਕੂਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਤੋਂ ਬਾਅਦ ਪੁਲਸ ਪ੍ਰਸ਼ਾਸਨ ਪੂਰੀ ਤਰ੍ਹਾਂ ਹਰਕਤ ਵਿੱਚ ਆ ਗਿਆ। ਜਾਣਕਾਰੀ ਅਨੁਸਾਰ ਸਕੂਲ ਨੂੰ ਈ-ਮੇਲ ਰਾਹੀਂ ਮਿਲੀ ਇਸ ਧਮਕੀ ਨੇ ਸਕੂਲ ਪ੍ਰਬੰਧਕਾਂ, ਅਧਿਆਪਕਾਂ ਅਤੇ ਮਾਪਿਆਂ ਵਿੱਚ ਚਿੰਤਾ ਪੈਦਾ ਕਰ ਦਿੱਤੀ।ਧਮਕੀ ਦੀ ਸੂਚਨਾ ਮਿਲਦਿਆਂ ਹੀ ਪੁਲਸ ਅਧਿਕਾਰੀ ਦਸਤਿਆਂ ਸਮੇਤ ਸਕੂਲ ਪਹੁੰਚੇ। ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਸਕੂਲ ਵਿੱਚ ਤੁਰੰਤ ਸੁਰੱਖਿਆ ਵਧਾ ਦਿੱਤੀ ਗਈ ਅਤੇ ਸਕੂਲ ਦੇ ਕਮਰਿਆਂ, ਕਲਾਸਾਂ, ਗਲਿਆਰਿਆਂ ਅਤੇ ਆਲੇ-ਦੁਆਲੇ ਦੇ ਖੇਤਰ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ।ਪੁਲਸ ਵੱਲੋਂ ਕੀਤੀ ਗਈ ਤਲਾਸ਼ੀ ਦੌਰਾਨ ਕੋਈ ਬੰਬ ਜਾਂ ਸ਼ੱਕੀ ਵਸਤੂ ਨਹੀਂ ਮਿਲੀ। ਇਸ ਦੇ ਬਾਵਜੂਦ ਪੁਲਸ ਨੇ ਮਾਮਲੇ ਨੂੰ ਹਲਕੇ ਵਿੱਚ ਨਾ ਲੈਂਦਿਆਂ ਧਮਕੀ ਭਰੀ ਈ-ਮੇਲ ਦੇ ਸਰੋਤ ਦਾ ਪਤਾ ਲਗਾਉਣ ਲਈ ਜਾਂਚ ਸ਼ੁਰੂ ਕਰ ਦਿੱਤੀ ਹੈ। ਈ-ਮੇਲ ਭੇਜਣ ਵਾਲੇ ਦੀ ਪਛਾਣ ਕਰਨ ਲਈ ਸਾਈਬਰ ਮਾਹਿਰਾਂ ਦੀ ਮਦਦ ਵੀ ਲਈ ਜਾ ਰਹੀ ਹੈ।ਇਸ ਘਟਨਾ ਤੋਂ ਬਾਅਦ ਮਾਪਿਆਂ ਵਿੱਚ ਆਪਣੇ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਫਿਕਰਮੰਦੀ ਦੇਖਣ ਨੂੰ ਮਿਲੀ। ਮਾਪਿਆਂ ਅਤੇ ਸ਼ਹਿਰ ਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਸਕੂਲਾਂ ਦੀ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਜਾਣ ਅਤੇ ਅਜਿਹੀਆਂ ਧਮਕੀਆਂ ਦੇ ਕੇ ਦਹਿਸ਼ਤ ਫੈਲਾਉਣ ਵਾਲਿਆਂ ਦੀ ਪਛਾਣ ਕਰਕੇ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

ਇਨਾਮ ਵੰਡ ਸਮਾਗਮ ਅਮਿੱਟ ਯਾਦਾਂ ਛੱਡਦਾ ਸੰਪੰਨ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)- ਮਾਂ ਅੰਬੇ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਭਾਣੋਕੀ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ ਦਾ ਸ਼ਾਨਦਾਰ ਆਯੋਜਨ ਬੜੇ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਜਿੱਥੇ ਵਿਦਿਆਰਥਣਾਂ ਦੀਆਂ ਵਿੱਦਿਅਕ ਅਤੇ ਸਹਿ-ਵਿੱਦਿਅਕ ਪ੍ਰਾਪਤੀਆਂ ਦਾ ਸਨਮਾਨ ਕੀਤਾ ਗਿਆ, ਉੱਥੇ ਹੀ ਵਿਦਿਆਰਥਣਾਂ ਵੱਲੋਂ ਪੇਸ਼ ਕੀਤੀਆਂ ਸੱਭਿਆਚਾਰਕ ਵੰਨਗੀਆਂ ਨੇ ਸਮਾਗਮ ਨੂੰ ਯਾਦਗਾਰੀ ਬਣਾ ਦਿੱਤਾ। ਸਮਾਗਮ ਦੌਰਾਨ ਸਕੂਲ ਦੇ ਚੇਅਰਮੈਨ ਨਿਰਮਲ ਸਿੰਘ, ਉਨ੍ਹਾਂ ਦੀ ਧਰਮਪਤਨੀ ਹਰਭਜਨ ਕੌਰ, ਪੁੱਤਰੀ ਰਵਿੰਦਰ ਕੌਰ ਅਤੇ ਪੋਤਰੀਆਂ ਮਿਸ ਅਖੀਲਾ ਤੇ ਮਿਸ ਨੀਵ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਤੋਂ ਇਲਾਵਾ ਸਕੂਲ ਦੇ ਵਾਈਸ ਚੇਅਰਮੈਨ ਕੇ.ਕੇ. ਸਰਦਾਨਾ, ਸਕੂਲ ਸਰਪ੍ਰਸਤ ਅਵਤਾਰ ਸਿੰਘ, ਸੌਦਾਗਰ ਸਿੰਘ ਅਤੇ ਮਲਕੀਅਤ ਸਿੰਘ ਰਘਬੋਤਰਾ ਨੇ ਵੀ ਉਚੇਰੇ ਤੌਰ 'ਤੇ ਹਾਜ਼ਰੀ ਲਗਵਾਈ। ਮਹਿਮਾਨਾਂ ਦਾ ਸਵਾਗਤ ਪ੍ਰਿੰਸੀਪਲ ਕੁਲਵਿੰਦਰ ਕੌਰ ਪਰਮਾਰ ਦੀ ਅਗਵਾਈ ਹੇਠ ਸਮੂਹ ਸਟਾਫ ਅਤੇ ਵਿਦਿਆਰਥਣਾਂ ਵਲੋਂ ਗੁਲਦਸਤੇ ਭੇਟ ਕਰਕੇ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਵਿਦਿਆਰਥਣਾਂ ਵੱਲੋਂ ਸ਼ਬਦ ਗਾਇਨ ਅਤੇ ਸ੍ਰੀ ਗਣੇਸ਼ ਵੰਦਨਾ ਨਾਲ ਹੋਈ। ਉਪਰੰਤ ਛੋਟੀਆਂ ਬੱਚੀਆਂ ਨੇ ਨਾਚ, ਗਿੱਧੇ ਅਤੇ ਭੰਗੜੇ ਦੀਆਂ ਮਨਮੋਹਕ ਪੇਸ਼ਕਾਰੀਆਂ ਰਾਹੀਂ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।ਮੈਰਿਟ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਨੂੰ 51-51 ਹਜ਼ਾਰ ਰੁਪਏ ਦਾ ਇਨਾਮ-ਸਮਾਗਮ ਦੌਰਾਨ ਵਿਦਿਆਰਥਣਾਂ ਦੀਆਂ ਵਿੱਦਿਅਕ ਪ੍ਰਾਪਤੀਆਂ ਦਾ ਸਨਮਾਨ ਵਿਸ਼ੇਸ਼ ਖਿੱਚ ਦਾ ਕੇਂਦਰ ਰਿਹਾ। ਦਸਵੀਂ ਅਤੇ ਬਾਰ੍ਹਵੀਂ ਜਮਾਤ ਦੀਆਂ ਸਲਾਨਾ ਪੀਖਿਆਵਾਂ ਵਿੱਚ ਮੈਰਿਟ ਸੂਚੀ ਵਿੱਚ ਸਥਾਨ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕਰਨ ਵਾਲੀਆਂ ਸਕੂਲ ਦੀਆਂ ਵਿਦਿਆਰਥਣਾਂ ਗੁਰਨੂਰ ਕੌਰ ਅਤੇ ਸਿਮਰਨਜੀਤ ਕੌਰ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਸਕੂਲ ਦੇ ਚੇਅਰਮੈਨ ਨਿਰਮਲ ਸਿੰਘ ਵੱਲੋਂ 51-51 ਹਜ਼ਾਰ ਰੁਪਏ ਦੀ ਨਕਦ ਰਾਸ਼ੀ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸੇ ਤਰ੍ਹਾਂ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਅਰਸ਼ਦੀਪ ਕੌਰ ਨੇ ਜੰਮੂ-ਕਸ਼ਮੀਰ ਵਿਖੇ ਹੋਈ ਉੱਤਰੀ ਜ਼ੋਨ ਮੁੱਕੇਬਾਜ਼ੀ ਬਾਕਸਿੰਗ ਚੈਂਪੀਅਨਸ਼ਿਪ ਵਿੱਚ ਸੋਨ ਤਮਗਾ ਜਿੱਤ ਕੇ ਸਕੂਲ ਦਾ ਮਾਣ ਵਧਾਉਣ ਲਈ ਚੇਅਰਮੈਨ ਨਿਰਮਲ ਸਿੰਘ ਵੱਲੋਂ 10 ਹਜ਼ਾਰ ਰੁਪਏ ਦੀ ਨਕਦ ਰਾਸ਼ੀ ਦੇ ਕੇ ਹੌਸਲਾ ਅਫਜ਼ਾਈ ਕੀਤੀ ਗਈ।ਇਸ ਮੌਕੇ ਸਕੂਲ ਚੇਅਰਮੈਨ ਨਿਰਮਲ ਸਿੰਘ ਨੇ ਸਨਮਾਨਿਤ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਮਿਹਨਤ, ਲਗਨ ਅਤੇ ਦ੍ਰਿੜ੍ਹ ਇਰਾਦੇ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਅਖੀਰ ਵਿੱਚ ਸਕੂਲ ਪ੍ਰਿੰਸੀਪਲ ਕੁਲਵਿੰਦਰ ਕੌਰ ਨੇ ਚੇਅਰਮੈਨ ਨਿਰਮਲ ਸਿੰਘ ਅਤੇ ਸਮੁੱਚੀ ਪ੍ਰਬੰਧਕ ਕਮੇਟੀ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਵਧੀਕ ਡਿਪਟੀ ਕਮਿਸ਼ਨਰ ਨੇ ਹਾਕੀ ਪ੍ਰੇਮੀਆਂ ਨੂੰ 'ਸਾਡਾ ਪਿੰਡ' ਦਾ ਦੌਰਾ ਕਰਨ ਦਾ ਦਿੱਤਾ ਸੱਦਾ

ਜਲੰਧਰ (ਇਕਬਾਲ ਸਿੰਘ ਉਭੀ)- ਨਾਗਰਿਕਾਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਦੀ ਇੱਕ ਵਿਲੱਖਣ ਪਹਿਲਕਦਮੀ ਵਜੋਂ ਜਲੰਧਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚੱਲ ਰਹੀ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਦੌਰਾਨ ਬਰਲਟਨ ਪਾਰਕ ਸਥਿਤ ਓਲੰਪੀਅਨ ਸੁਰਜੀਤ ਸਿੰਘ ਹਾਕੀ ਸਟੇਡੀਅਮ ਵਿੱਚ ਸਾਡਾ ਪਿੰਡ ਸਥਾਪਤ ਕੀਤਾ ਗਿਆ ਹੈ। ਪੰਜਾਬ ਦੀ ਅਮੀਰ ਪੇਂਡੂ ਵਿਰਾਸਤ ਦੀ ਝਲਕ ਦਿਖਾਉਣ ਲਈ ਤਿਆਰ ਕੀਤਾ ਗਿਆ ਇਹ ਸੱਭਿਆਚਾਰਕ ਕੇਂਦਰ ਬਹੁਤ ਹੀ ਘੱਟ ਸਮੇਂ ਵਿੱਚ ਲੋਕਾਂ ਵਿੱਚ ਖਿੱਚ ਦਾ ਵੱਡਾ ਕੇਂਦਰ ਬਣ ਗਿਆ ਹੈ। ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਨਿੰਦਰ ਕੌਰ ਬਰਾੜ ਨੇ ਅੱਜ 'ਸਾਡਾ ਪਿੰਡ' ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਉੱਥੇ ਆਏ ਲੋਕਾਂ ਨਾਲ ਗੱਲਬਾਤ ਵੀ ਕੀਤੀ। ਉਨ੍ਹਾਂ ਕਿਹਾ ਕਿ ਇੱਥੋਂ ਦਾ ਮਾਹੌਲ ਰਿਵਾਇਤੀ ਪੰਜਾਬੀ ਜੀਵਨ ਨੂੰ ਬਹੁਤ ਹੀ ਵਾਸਤਵਿਕ ਢੰਗ ਨਾਲ ਪੇਸ਼ ਕਰਦਾ ਹੈ ਅਤੇ ਪੇਂਡੂ ਘਰੇਲੂ ਮਾਹੌਲ ਦੀ ਝਲਕ ਇਥੇ ਆਉਣ ਵਾਲਿਆਂ ਨੂੰ ਮੰਤਰ-ਮੁਗਧ ਕਰ ਦਿੰਦੀ ਹੈ। ਇਸ ਪ੍ਰਦਰਸ਼ਨੀ ਵਿੱਚ ਪੇਂਡੂ ਜੀਵਨ ਦੀਆਂ ਵਿਸ਼ੇਸ਼ ਝਲਕੀਆਂ ਦੇਖਣ ਨੂੰ ਮਿਲਦੀਆਂ ਹਨ, ਜਿਨ੍ਹਾਂ ਵਿੱਚ ਹੱਥ ਨਾਲ ਬੁਣੇ ਦੇਸੀ ਮੰਜੇ, ਬਰੀਕ ਕਢਾਈ, ਕਣਕ ਸਟੋਰ ਕਰਨ ਵਾਲੇ ਰਵਾਇਤੀ ਢਾਂਚੇ, ਵਿਰਾਸਤੀ ਖੂਹ, ਕੰਧਾਂ 'ਤੇ ਕੀਤੀ ਗਈ ਰੰਗ-ਬਿਰੰਗੀ ਕਲਾਕਾਰੀ ਅਤੇ ਹਾਕੀ ਦੇ ਮਾਣਮੱਤੇ ਇਤਿਹਾਸ ਨੂੰ ਸਮਰਪਿਤ ਇੱਕ ਵਿਸ਼ੇਸ਼ ਦੀਵਾਰ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਅਮੀਰ ਵਿਰਸੇ ਨਾਲ ਰੂ-ਬਰੂ ਹੋਣ ਲਈ ਸੈਂਕੜੇ ਲੋਕ, ਜਿਨ੍ਹਾਂ ਵਿੱਚ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਵੀ ਸ਼ਾਮਿਲ ਹਨ, ਰੋਜ਼ਾਨਾ ਇੱਥੇ ਆ ਰਹੇ ਹਨ।

ਪੰਜਾਬ ਦੀ ਸ਼ਾਂਤੀ, ਸੁਰੱਖਿਆ ਤੇ ਕਾਨੂੰਨ-ਵਿਵਸਥਾ ਬਹਾਲ ਕਰਨ ਲਈ ਭਾਜਪਾ ਵਚਨਬੱਧ : ਸੈਣੀ

ਜ਼ੀਰਕਪੁਰ (ਜਤਿੰਦਰ ਕੁਮਾਰ)- ਭਾਜਪਾ ਓਬੀਸੀ ਮੋਰਚਾ ਪੰਜਾਬ ਦੇ ਮੀਤ ਪ੍ਰਧਾਨ ਅਤੇ ਹਲਕਾ ਡੇਰਾਬੱਸੀ ਦੇ ਸੀਨੀਅਰ ਭਾਜਪਾ ਆਗੂ ਸਰਦਾਰ ਗੁਰਦਰਸ਼ਨ ਸਿੰਘ ਸੈਣੀ ਨੇ ਸ਼ਨੀਵਾਰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕਰਕੇ ਸੂਬੇ ਨਾਲ ਜੁੜੇ ਕਈ ਅਹਿਮ ਮੁੱਦਿਆਂ 'ਤੇ ਚਰਚਾ ਕੀਤੀ। ਇਸ ਦੌਰਾਨ ਉਨ੍ਹਾਂ ਪੰਜਾਬ ਵਿੱਚ ਲਗਾਤਾਰ ਵਧ ਰਹੇ ਨਸ਼ਿਆਂ ਦੇ ਪ੍ਰਕੋਪ, ਨੌਜਵਾਨ ਪੀੜ੍ਹੀ 'ਤੇ ਪੈ ਰਹੇ ਇਸ ਦੇ ਮਾੜੇ ਪ੍ਰਭਾਵਾਂ ਅਤੇ ਸੂਬੇ ਦੀ ਵਿਗੜ ਰਹੀ ਕਾਨੂੰਨ-ਵਿਵਸਥਾ ਸਮੇਤ ਕਈ ਗੰਭੀਰ ਮੁੱਦੇ ਰਾਜਪਾਲ ਦੇ ਧਿਆਨ ਵਿੱਚ ਲਿਆਂਦੇ। ਮੁਲਾਕਾਤ ਤੋਂ ਬਾਅਦ ਸੈਣੀ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦਾ ਵਧਦਾ ਪ੍ਰਚਲਨ ਸਮਾਜ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਨਸ਼ਿਆਂ ਕਾਰਨ ਜਿੱਥੇ ਨੌਜਵਾਨਾਂ ਦਾ ਭਵਿੱਖ ਹਨੇਰੇ ਵੱਲ ਜਾ ਰਿਹਾ ਹੈ, ਉੱਥੇ ਹੀ ਇਸ ਦਾ ਮਾੜਾ ਪ੍ਰਭਾਵ ਪਰਵਾਰਾਂ ਅਤੇ ਸਮਾਜਿਕ ਢਾਂਚੇ 'ਤੇ ਵੀ ਪੈ ਰਿਹਾ ਹੈ। ਇਸ ਮੌਕੇ ਰਾਜਪਾਲ ਨੇ ਵੀ ਪੰਜਾਬ ਦੀ ਸ਼ਾਂਤੀ, ਆਪਸੀ ਭਾਈਚਾਰਕ ਸਾਂਝ ਅਤੇ ਸੁਰੱਖਿਆ ਨੂੰ ਲੈ ਕੇ ਆਪਣੇ ਵਿਚਾਰ ਸਾਂਝੇ ਕੀਤੇ। ਮੀਟਿੰਗ ਦੌਰਾਨ ਸੂਬੇ ਦੇ ਭਵਿੱਖ ਅਤੇ ਮੌਜੂਦਾ ਚੁਣੌਤੀਆਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਸੈਣੀ ਨੇ ਕਿਹਾ ਕਿ ਪੰਜਾਬ ਦੀ ਸ਼ਾਂਤੀ, ਖ਼ੁਸ਼ਹਾਲੀ, ਵਿਕਾਸ ਅਤੇ ਨੌਜਵਾਨ ਪੀੜ੍ਹੀ ਦਾ ਸੁਨਹਿਰੀ ਭਵਿੱਖ ਭਾਜਪਾ ਦੀਆਂ ਮੁੱਖ ਤਰਜੀਹਾਂ ਵਿੱਚ ਸ਼ਾਮਲ ਰਹੇਗਾ। ਇਸ ਮੌਕੇ ਗੁਰਦਰਸ਼ਨ ਸਿੰਘ ਸੈਣੀ ਦੇ ਪੁੱਤਰ ਹਰਦੀਪ ਸਿੰਘ ਸੈਣੀ, ਜੈਨ ਕਾਨਫਰੰਸ ਦਿੱਲੀ ਦੇ ਮੀਤ ਪ੍ਰਧਾਨ ਵਿਮਲ ਜੈਨ, ਸਨਤ ਭਾਰਦਵਾਜ ਸਮੇਤ ਹੋਰ ਪਤਵੰਤੇ ਵੀ ਹਾਜ਼ਰ ਸਨ।

ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਪੰਜਾਬ ਸਰਕਾਰ ਵਚਨਬੱਧ : ਡਾ. ਰਵਜੋਤ ਸਿੰਘ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)- ਪੰਜਾਬ ਦੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਪਿੰਡ ਕੋਟਲੀ ਬਾਵਾ ਦਾਸ ਪਹੁੰਚ ਕੇ ਉੱਥੇ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਨੇ ਪਿੰਡ ਵਿੱਚ ਕਰਵਾਏ ਜਾ

ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਨਿਰੀਖਣ ਕਰਦਿਆਂ ਪੇਂਡੂ ਖੇਤਰਾਂ ਵਿੱਚ ਬੁਨਿਆਦੀ ਸਹੂਲਤਾਂ ਨੂੰ ਬਿਹਤਰ ਬਣਾਉਣ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਈ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿੰਡਾਂ ਦੇ ਸਰਵਪੱਖੀ ਵਿਕਾਸ ਅਤੇ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ। ਸਰਕਾਰ ਦਾ ਉਦੇਸ਼ ਪੇਂਡੂ ਖੇਤਰਾਂ ਵਿੱਚ ਵਿਕਾਸ ਕਾਰਜਾਂ ਨੂੰ ਤੇਜ਼ੀ ਦੇਣਾ ਅਤੇ ਲੋਕਾਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾ ਕੇ ਉਨ੍ਹਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਲਿਆਉਣਾ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਦਾ ਵਿਕਾਸ ਸੂਬੇ ਦੀ ਤਰੱਕੀ ਦਾ ਅਹਿਮ ਆਧਾਰ ਹੈ। ਇਸ ਲਈ ਪੇਂਡੂ ਖੇਤਰਾਂ ਵਿੱਚ ਵਿਕਾਸ ਕਾਰਜਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ, ਤਾਂ ਜੋ ਪਿੰਡਾਂ ਦੇ ਲੋਕਾਂ ਨੂੰ ਵੀ ਬਿਹਤਰ ਸਹੂਲਤਾਂ ਮਿਲ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਵਿਕਾਸ ਯੋਜਨਾਵਾਂ ਨੂੰ ਅੱਗੇ ਵਧਾ ਰਹੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਦਾ ਉਦੇਸ਼ ਉਨ੍ਹਾਂ ਦੀ ਪ੍ਰਗਤੀ 'ਤੇ ਨਜ਼ਰ ਰੱਖਣਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਲੋਕਾਂ ਨੂੰ ਇਨ੍ਹਾਂ ਕਾਰਜਾਂ ਦਾ ਉਚਿਤ ਲਾਭ ਮਿਲੇ।

ਸੂਬਾ ਸਰਕਾਰ ਪੇਂਡੂ ਖੇਤਰਾਂ ਦੇ ਵਿਕਾਸ ਲਈ ਲਗਾਤਾਰ ਯਤਨਸ਼ੀਲ ਹੈ ਅਤੇ ਲੋਕਾਂ ਦੀਆਂ ਲੋੜਾਂ ਅਨੁਸਾਰ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ।

ਦਿ ਲੈਂਡਮਾਰਕ ਸਕੂਲ ਨੂੰ ਸੀ ਬੀ ਐੱਸ ਈ ਅਧਿਆਪਕ ਸਿਖਲਾਈ ਕੇਂਦਰ ਵਜੋਂ ਮਿਲੀ ਮਾਨਤਾ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ) ਦਿ ਲੈਂਡਮਾਰਕ ਸਕੂਲ, ਭੋਗਪੁਰ ਲਈ ਇਹ ਬਹੁਤ ਹੀ ਮਾਣ ਅਤੇ ਖੁਸ਼ੀ ਦਾ ਪਲ ਹੈ ਕਿ ਸਕੂਲ ਨੂੰ ਸੀ ਬੀ ਐਸ ਈ ਅਧਿਆਪਕ ਸਿਖਲਾਈ ਕੇਂਦਰ ਵਜੋਂ ਮਾਨਤਾ ਮਿਲੀ ਹੈ।ਇਹ ਪ੍ਰਾਪਤੀ ਸਿੱਖਿਆ ਦੇ ਖੇਤਰ ਵਿੱਚ ਉੱਤਮਤਾ ਅਤੇ ਅਧਿਆਪਕਾਂ ਦੇ ਹੁਨਰ ਨੂੰ ਨਿਖਾਰਨ ਵੱਲ ਸਕੂਲ ਦਾ ਇੱਕ ਮਹੱਤਵਪੂਰਨ ਕਦਮ ਹੈ। ਇਸ ਖੁਸ਼ੀ ਨੂੰ ਹੋਰ ਵਧਾਉਂਦੇ ਹੋਏ ਸਕੂਲ ਵੱਲੋਂ ਕੌਸ਼ਲ ਵਿਕਾਸ ਵਿਸ਼ੇ 'ਤੇ ਆਪਣਾ ਪਹਿਲਾ ਸੀ ਬੀ ਐਸ ਈ ਸਮਰੱਥਾ ਵਿਕਾਸ ਪ੍ਰੋਗਰਾਮ ਸਫਲਤਾਪੂਰਵਕ ਕਰਵਾਇਆ ਗਿਆ।ਇਸ ਪ੍ਰੋਗਰਾਮ ਵਿੱਚ ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲਾਂ, ਵਾਈਸ ਪ੍ਰਿੰਸੀਪਲਾਂ, ਕੋਆਰਡੀਨੇਟਰਾਂ ਅਤੇ ਅਧਿਆਪਕਾਂ ਨੇ ਉਤਸ਼ਾਹ ਨਾਲ ਭਾਗ ਲਿਆ।ਇਸ ਸਿਖਲਾਈ ਪ੍ਰੋਗਰਾਮ ਰਾਹੀਂ ਅਧਿਆਪਕਾਂ ਨੂੰ ਆਪਣੇ ਹੁਨਰਾਂ ਨੂੰ ਹੋਰ ਬਿਹਤਰ ਬਣਾਉਣ, ਨਵੀਆਂ ਸਿੱਖਿਆ ਤਕਨੀਕਾਂ ਬਾਰੇ ਜਾਣਨ ਅਤੇ ਕਲਾਸਰੂਮ ਵਿੱਚ ਪੜ੍ਹਾਈ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਵਿਚਾਰ ਸਾਂਝੇ ਕਰਨ ਦਾ ਮੌਕਾ ਮਿਲਿਆ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੋਨਮ ਸ਼ਰਮਾ ਨੇ ਸੀ ਬੀ ਐਸ ਈ ਦਾ ਇਸ ਜ਼ਿੰਮੇਵਾਰੀ ਲਈ ਸਕੂਲ 'ਤੇ ਭਰੋਸਾ ਜਤਾਉਣ ਵਾਸਤੇ ਦਿਲੋਂ ਧੰਨਵਾਦ ਕੀਤਾ।ਸਕੂਲ ਦੇ ਚੇਅਰਮੈਨ ਇੰਜੀਨੀਅਰ ਸੁਖਵਿੰਦਰ ਸਿੰਘ, ਵਾਈਸ ਚੇਅਰਮੈਨ ਅਤੇ ਸੋਮਾਂਸ਼ੂ ਸੂਦ ਨੇ ਵੀ ਇਸ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਇਸ ਸਫਲਤਾ ਲਈ ਸਮੂਹ ਟੀਮ ਦੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਮਾਨਤਾ ਨਾਲ ਦਿ ਲੈਂਡਮਾਰਕ ਸਕੂਲ ਦਾ ਉਦੇਸ਼ ਇਲਾਕੇ ਦੇ ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਨੂੰ ਸਿੱਖਣ, ਆਪਣੇ ਵਿਚਾਰ ਸਾਂਝੇ ਕਰਨ ਅਤੇ ਆਪਣੇ ਹੁਨਰਾਂ ਨੂੰ ਹੋਰ ਨਿਖਾਰਨ ਲਈ ਇੱਕ ਵਧੀਆ ਮੰਚ ਪ੍ਰਦਾਨ ਕਰਨਾ ਹੈ।

ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਨੇ ਐੱਸ ਡੀ ਐੱਮ ਰਾਹੀਂ ਮੁੱਖ ਮੰਤਰੀ ਨੂੰ ਮੰਗ ਪੱਤਰ ਸੌਂਪਿਆ

ਬਲਾਚੌਰ (ਜਸਵਿੰਦਰ ਬੈਂਸ)- ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਬਲਾਚੌਰ ਅਤੇ ਇਲਾਕਾ ਵਾਸੀਆਂ ਵੱਲੋਂ ਹਲਕਾ ਇੰਚਾਰਜ ਸੇਠੀ ਸਰਪੰਚ ਥੋਪੀਆ ਦੀ ਅਗਵਾਈ ਹੇਠ ਐੱਸ ਡੀ ਐੱਮ ਬਲਾਚੌਰ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਨੂੰ 16 ਨੁਕਤੀ ਮੰਗ ਪੱਤਰ ਸੌਂਪਿਆ ਗਿਆ। ਇਸ ਮੰਗ ਪੱਤਰ ਰਾਹੀਂ ਬਲਾਚੌਰ ਹਲਕੇ ਅਤੇ ਆਸ-ਪਾਸ ਦੇ ਪਿੰਡਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਬੁਨਿਆਦੀ ਸਮੱਸਿਆਵਾਂ, ਲੋਕ ਭਲਾਈ ਦੇ ਮੁੱਦਿਆਂ ਅਤੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦੀ ਮੰਗ ਕੀਤੀ ਗਈ।ਮੰਗ ਪੱਤਰ ਵਿੱਚ ਕਿਹਾ ਗਿਆ ਕਿ ਇਲਾਕੇ ਦੇ ਲੋਕ ਸੜਕਾਂ ਦੀ ਖਸਤਾ ਹਾਲਤ, ਸਿਹਤ ਸਹੂਲਤਾਂ ਦੀ ਘਾਟ, ਨਸ਼ਿਆਂ ਦੇ ਵਧ ਰਹੇ ਕਾਰੋਬਾਰ, ਟ੍ਰੈਫਿਕ ਸਮੱਸਿਆਵਾਂ ਅਤੇ ਵਾਤਾਵਰਨ ਪ੍ਰਦੂਸ਼ਣ ਵਰਗੀਆਂ ਗੰਭੀਰ ਸਮੱਸਿਆਵਾਂ ਨਾਲ ਜੂਝ ਰਹੇ ਹਨ। ਸਰਕਾਰ ਨੂੰ ਇਨ੍ਹਾਂ ਮੁੱਦਿਆਂ ਵੱਲ ਤੁਰੰਤ ਧਿਆਨ ਦੇ ਕੇ ਲੋਕਾਂ ਨੂੰ ਰਾਹਤ ਦੇਣੀ ਚਾਹੀਦੀ ਹੈ। ਮੰਗ ਪੱਤਰ ਰਾਹੀਂ ਬਲਾਚੌਰ ਵਿਖੇ 400 ਮੀਟਰ ਦਾ ਖੇਡ ਟਰੈਕ ਬਣਾਉਣ ਅਤੇ ਇਲਾਕੇ ਦੇ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਨੂੰ ਪੂਰਾ ਕਰਨ ਦੀ ਮੰਗ ਕੀਤੀ ਗਈ। ਇਸੇ ਤਰ੍ਹਾਂ ਬਲਾਚੌਰ ਸ਼ਹਿਰ ਦੀਆਂ ਭੱਦੀ ਰੋਡ, ਮੇਨ ਚੌਂਕ, ਗੜ੍ਹਸ਼ੰਕਰ ਰੋਡ ਸਮੇਤ ਹੋਰ ਟੁੱਟੀਆਂ ਸੜਕਾਂ ਦੀ ਮੁਰੰਮਤ ਅਤੇ ਨਵੀਨੀਕਰਨ ਕਰਵਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ।

ਆਪ ਨੇ ਜਿੰਪਾ, ਘੁੰਮਣ, ਰਾਜਾ ਤੇ ਡਾ. ਇਸ਼ਾਂਕ ਨੂੰ ਮੁੜ ਚੋਣ ਮੈਦਾਨ 'ਚ ਉਤਾਰਿਆ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ) ਆਮ ਆਦਮੀ ਪਾਰਟੀ ਵੱਲੋਂ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਜਾਰੀ ਕੀਤੀ ਪਹਿਲੀ ਸੂਚੀ ਵਿੱਚ ਲੋਕ ਸਭਾ ਹੁਸ਼ਿਆਰਪੁਰ ਅੰਦਰ ਪੈਂਦੇ ਚਾਰ ਵਿਧਾਨ ਸਭਾ ਹਲਕਿਆਂ ਦੇ ਉਮੀਦਵਾਰਾਂ ਦੇ ਨਾਮ ਵੀ ਪ੍ਰਮੁੱਖ ਚਰਚਾ ਵਿੱਚ ਹਨ।ਆਮ ਆਦਮੀ ਪਾਰਟੀ ਵਲੋਂ ਜਾਰੀ ਉਮੀਦਵਾਰਾਂ ਦੀ ਪਹਿਲੀ ਸੂਚੀ ਵਿੱਚ ਵਿਧਾਨ ਸਭਾ ਹੁਸ਼ਿਆਰਪੁਰ ਤੋਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ, ਦਸੂਹਾ ਤੋਂ ਵਿਧਾਇਕ ਕਰਮਵੀਰ ਸਿੰਘ ਘੁੰਮਣ, ਓੜ ਮੁੜ ਤੋਂ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਅਤੇ ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਦਾ ਨਾਮ ਸ਼ਾਮਲ ਹੈ। ਪਹਿਲੀ ਸੂਚੀ ਜਿਸ ਵਿੱਚ 40 ਉਮੀਦਵਾਰਾਂ ਦੇ ਨਾਮ ਐਲਾਨ ਕੀਤੇ ਗਏ ਹਨ ਜਿਨ੍ਹਾਂ ਵਿੱਚ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਵਿਧਾਇਕ ਜੈ ਕਿਸ਼ਨ ਰੌੜੀ ਨੂੰ ਗੜ੍ਹਸ਼ੰਕਰ ਤੋਂ ਦਵਾਰਾ ਉਮੀਦਵਾਰ ਬਣਾਇਆ ਹੈ।

ਜਨਮ ਦਿਨ ਮੁਬਾਰਕ

ਗਨੀਬਜੋਤ ਕੌਰ
ਜਲੰਧਰ

ਰਣਬੀਰ
ਸੰਗਤਪੁਰਾ

ਐੱਚ ਆਈ ਐੱਮ ਟੀ ਕਾਲਜ ਵਿਖੇ ਇਨਾਮ ਵੰਡ ਸਮਾਰੋਹ

ਅੱਡਾ ਸਰਾਂ (ਜਸਵੀਰ ਕਾਜਲ)- ਹਰੀ ਪ੍ਰਕਾਸ਼ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ (ਐੱਚ. ਆਈ. ਐੱਮ. ਟੀ . ਕਾਲਜ) ਟਾਂਡਾ ਵਿਖੇ ਵਿਦਿਆਰਥੀਆਂ ਦੀ ਮਿਹਨਤ, ਲਗਨ, ਪ੍ਰਤਿਭਾ ਅਤੇ ਪ੍ਰਾਪਤੀਆਂ ਨੂੰ ਸਨਮਾਨਤ ਕਰਨ ਦੇ ਉਦੇਸ਼ ਨਾਲ ਇਕ ਵਿਸ਼ੇਸ਼ ਇਨਾਮ ਵੰਡ ਸਮਾਰੋਹ ਬੜੇ ਉਤਸ਼ਾਹ ਨਾਲ ਕਰਵਾਇਆ ਗਿਆ। ਸਮਾਰੋਹ ਦੌਰਾਨ ਵੱਖ-ਵੱਖ ਖੇਤਰਾਂ ਵਿਚ ਆਪਣੀ ਕਾਬਲੀਅਤ ਦਾ ਲੋਹਾ ਮਨਵਾਉਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਇਨਾਮ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਯੂਥ ਫੈਸਟੀਵਲ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ

ਵਿਦਿਆਰਥੀਆਂ, ਵਾਲੀਬਾਲ ਖੇਡ ਮੁਕਾਬਲਿਆਂ ਵਿਚ ਆਪਣੀ ਖੇਡ ਪ੍ਰਤਿਭਾ ਦਿਖਾਉਣ ਵਾਲੇ ਖਿਡਾਰੀਆਂ, ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿਚ ਸਥਾਨ ਹਾਸਲ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਅਤੇ ਪ੍ਰੋਗਰਾਮਿੰਗ ਮੁਕਾਬਲਿਆਂ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ।ਯੂਥ ਫੈਸਟੀਵਲ ਵਿਚ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀਆਂ ਗਈਆਂ ਕਲਾਤਮਕ ਅਤੇ ਸੱਭਿਆਚਾਰਕ ਪੇਸ਼ਕਾਰੀਆਂ ਨੇ ਕਾਲਜ ਦੀ ਪ੍ਰਤਿਭਾ ਅਤੇ ਰਚਨਾਤਮਕਤਾ ਨੂੰ ਦਰਸਾਇਆ। ਇਸੇ ਤਰ੍ਹਾਂ ਵਾਲੀਬਾਲ ਮੁਕਾਬਲਿਆਂ ਵਿਚ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਰੋਹਿਤ ਟੰਡਨ ਨੇ ਸਾਰੇ ਸਨਮਾਨਤ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੀ ਮਿਹਨਤ ਅਤੇ ਪ੍ਰਾਪਤੀਆਂ ਦੀ ਭਰਪੂਰ ਸ਼ਲਾਘਾ ਕੀਤੀ।ਕਾਲਜ ਦੀ ਵਾਈਸ ਪ੍ਰਿੰਸੀਪਲ ਭਾਨੂ ਪ੍ਰਿਆ ਨੇ ਵੀ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਹਰ ਵਿਦਿਆਰਥੀ ਵਿੱਚ ਕੋਈ ਨਾ ਕੋਈ ਵਿਸ਼ੇਸ਼ ਪ੍ਰਤਿਭਾ ਹੁੰਦੀ ਹੈ, ਲੋੜ ਸਿਰਫ਼ ਉਸ ਨੂੰ ਪਛਾਣਨ ਅਤੇ ਸਹੀ ਦਿਸ਼ਾ ਦੇਣ ਦੀ ਹੁੰਦੀ ਹੈ। ਇਸ ਮੌਕੇ ਭਾਰਤ ਰਤਨ ਟੰਡਨ, ਦਿਸ਼ਾਂਤ ਕੁਮਾਰ, ਅਮਨਦੀਪ ਕੁਮਾਰ, ਹਰਪ੍ਰੀਤ ਸਿੰਘ, ਭਾਨੂ ਪ੍ਰਿਆ, ਅੰਕਿਤਾ ਕੁਮਾਰੀ, ਹਰਪ੍ਰੀਤ ਕੌਰ, ਹਰਪ੍ਰੀਤ ਕੌਰ ਮੱਲੀ, ਗੁਰਪ੍ਰੀਤ ਕੌਰ, ਖੁਸ਼ਪ੍ਰੀਤ ਕੌਰ, ਖੁਸ਼ੀ, ਹਰਜਿੰਦਰ ਕੌਰ, ਸਿਮਰਨ, ਅਨਮੋਲਪ੍ਰੀਤ ਕੌਰ, ਜੀਵਣਜੋਤ ਕੌਰ, ਹਰਜੀਤ ਕੌਰ, ਅਮਨਦੀਪ ਕੌਰ, ਜੈਸਮੀਨ, ਗੁਰਪ੍ਰੀਤ ਕੌਰ ਅਤੇ ਨਵਰਤ ਕੌਰ ਸਮੇਤ ਹੋਰ ਸਟਾਫ ਮੈਂਬਰ ਵੀ ਹਾਜ਼ਰ ਸਨ।

ਡੇਰਾ ਸੱਚਖੰਡ ਬੱਲਾਂ ਨੂੰ ਬਦਨਾਮ ਕਰਨ ਵਾਲੀਆਂ ਕਥਿਤ ਗਲਤ ਪੋਸਟਾਂ ਖ਼ਿਲਾਫ਼ ਕਾਰਵਾਈ ਨਾ ਹੋਣ 'ਤੇ ਭੜਕੇ ਬਹੁਜਨ ਸਮਾਜ ਦੇ ਲੋਕ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)- ਆਦਮਪੁਰ ਵਿਖੇ ਉਸ ਸਮੇਂ ਮਾਹੌਲ ਤਣਾਅਪੂਰਨ ਹੋ ਗਿਆ ਜਦੋਂ ਡੇਰਾ ਸੱਚਖੰਡ ਬੱਲਾਂ ਬਾਰੇ ਸੋਸ਼ਲ ਮੀਡੀਆ 'ਤੇ ਕਥਿਤ ਤੌਰ 'ਤੇ ਗਲਤ ਪੋਸਟਾਂ ਪਾ ਕੇ ਬਦਨਾਮ ਕਰਨ ਵਾਲੇ ਵਿਅਕਤੀ ਖ਼ਿਲਾਫ਼ ਲਿਖਤੀ ਸ਼ਿਕਾਇਤ ਦੇਣ ਦੇ ਬਾਵਜੂਦ ਆਦਮਪੁਰ ਪੁਲਸ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਦੇ ਰੋਸ ਵਜੋਂ ਵੱਖ-ਵੱਖ ਜਥੇਬੰਦੀਆਂ ਅਤੇ ਸੰਗਤਾਂ ਸੜਕਾਂ 'ਤੇ ਉਤਰ ਆਈਆਂ। ਸ੍ਰੀ ਗੁਰੂ ਰਵਿਦਾਸ ਜੀ ਅਤੇ ਮਹਾਰਿਸ਼ੀ ਭਗਵਾਨ ਵਾਲਮੀਕਿ ਨਾਮਲੇਵਾ ਸੰਗਤਾਂ, ਸਾਹਿਬ ਡਾ. ਬੀ.ਆਰ. ਅੰਬੇਡਕਰ ਸਭਾਵਾਂ, ਬਾਬਾ ਬੁੱਢਾ ਦਲ ਆਦਮਪੁਰ ਦੇ ਸੇਵਾਦਾਰਾਂ ਅਤੇ ਡੇਰਾ ਸੱਚਖੰਡ ਬੱਲਾਂ ਨਾਲ ਸਬੰਧਤ ਸੰਗਤਾਂ ਨੇ ਸ਼ੁੱਕਰਵਾਰ ਰਾਤ ਕਰੀਬ 7.30 ਵਜੇ ਆਦਮਪੁਰ ਥਾਣੇ ਦੇ ਸਾਹਮਣੇ ਮੁੱਖ ਮਾਰਗ ਜਾਮ ਕਰਕੇ ਧਰਨਾ ਲਗਾ ਦਿੱਤਾ।ਡਾ. ਬੀ.ਆਰ. ਅੰਬੇਡਕਰ ਏਕਤਾ ਮੰਚ ਪੰਜਾਬ ਦੇ ਪ੍ਰਧਾਨ ਬਾਬਾ ਮੁਕੇਸ਼ ਦਾਸ ਨਗਰ, ਅੰਬੇਡਕਰ ਸੈਨਾ ਪੰਜਾਬ ਦੇ ਬਲਵਿੰਦਰ ਕੁਮਾਰ ਅਤੇ ਆਦਮਪੁਰ ਦੇ ਪ੍ਰਧਾਨ ਬਲਬੀਰ ਸਿੰਘ ਨੇ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਡੇਰਾ ਸੱਚਖੰਡ ਬੱਲਾਂ ਨੂੰ ਬਦਨਾਮ ਕਰਨ ਲਈ ਇੱਕ ਵਿਅਕਤੀ ਵੱਲੋਂ ਸੋਸ਼ਲ ਮੀਡੀਆ 'ਤੇ ਗਲਤ ਪੋਸਟਾਂ ਪਾਈਆਂ ਜਾ ਰਹੀਆਂ ਹਨ। ਇਸ ਸਬੰਧੀ ਉਨ੍ਹਾਂ ਵੱਲੋਂ ਆਦਮਪੁਰ ਪੁਲਸ ਨੂੰ ਲਿਖਤੀ ਸ਼ਿਕਾਇਤ ਦੇ ਕੇ ਸਬੰਧਤ ਵਿਅਕਤੀ ਖ਼ਿਲਾਫ਼ ਕਾਰਵਾਈ ਕਰਨ ਲਈ ਤਿੰਨ-ਚਾਰ ਦਿਨ ਦਾ ਸਮਾਂ ਦਿੱਤਾ ਗਿਆ ਸੀ ਪਰ ਨਿਰਧਾਰਤ ਸਮਾਂ ਬੀਤ ਜਾਣ ਦੇ ਬਾਵਜੂਦ ਕੋਈ ਕਾਰਵਾਈ ਨਾ ਹੋਣ ਕਾਰਨ ਸੰਗਤਾਂ ਵਿੱਚ ਰੋਸ

ਪਾਇਆ ਜਾ ਰਿਹਾ ਸੀ।ਉਨ੍ਹਾਂ ਆਦਮਪੁਰ ਪੁਲਸ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਜਾਣਕਾਰੀ ਮਿਲੀ ਸੀ ਕਿ ਸਬੰਧਤ ਵਿਅਕਤੀ ਨੂੰ ਪੁਲਸ ਵੱਲੋਂ ਫੜ ਕੇ ਥਾਣੇ ਲਿਆਂਦਾ ਗਿਆ ਸੀ ਪਰ ਬਿਨਾਂ ਕੋਈ ਕਾਰਵਾਈ ਕੀਤੇ ਛੱਡ ਦਿੱਤਾ ਗਿਆ। ਇਸ ਕਾਰਨ ਉਨ੍ਹਾਂ ਨੂੰ ਮਜਬੂਰ ਹੋ ਕੇ ਮੁੱਖ ਮਾਰਗ ਜਾਮ ਕਰਕੇ ਧਰਨਾ ਲਾਉਣਾ ਪਿਆ। ਇਸ ਮੌਕੇ ਅੰਬੇਡਕਰ ਸੈਨਾ ਪੰਜਾਬ ਦੇ ਜਨਰਲ ਸਕੱਤਰ ਬਲਵਿੰਦਰ ਕੁਮਾਰ, ਸੁਖਦੇਵ ਕੁਮਾਰ ਬਹੁਜਨ ਪੰਥ ਪ੍ਰਧਾਨ ਰਵਿਦਾਸੀਆ ਧਰਮ ਪ੍ਰਚਾਰ ਕਮੇਟੀ ਆਦਮਪੁਰ, ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਭਾਈ ਗੁਰਦੀਪ ਸਿੰਘ, ਹਲਕਾ ਆਦਮਪੁਰ ਦੇ ਇੰਚਾਰਜ ਗੁਰਪ੍ਰੀਤ ਸਿੰਘ ਭੋਗਲ, ਬਾਬਾ ਬੁੱਢਾ ਦਲ ਆਦਮਪੁਰ ਦੇ ਸੇਵਾਦਾਰ ਵਿਕਰਮ ਸਿੰਘ, ਬਾਬਾ ਗੁਰਦੀਪ ਸਿੰਘ ਅਤੇ ਆਦਮਪੁਰ ਸ਼ਹਿਰ ਸਮੇਤ ਵੱਖ-ਵੱਖ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਮੌਕੇ 'ਤੇ ਪਹੁੰਚੀਆਂ। ਧਰਨਾਕਾਰੀਆਂ ਨੇ ਮੰਗ ਕੀਤੀ ਕਿ ਡੇਰਾ ਸੱਚਖੰਡ ਬੱਲਾਂ ਬਾਰੇ ਕਥਿਤ ਤੌਰ 'ਤੇ ਗਲਤ ਪੋਸਟਾਂ ਪਾਉਣ ਵਾਲੇ ਵਿਅਕਤੀ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਮਾਮਲੇ ਦੀ ਨਿਰਪੱਖ ਜਾਂਚ ਕਰਕੇ ਉਸ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਮੌਕੇ 'ਤੇ ਪਹੁੰਚੇ ਡੀ.ਐੱਸ.ਪੀ. ਸਬ-ਡਵੀਜ਼ਨ ਆਦਮਪੁਰ ਨੇ ਧਰਨਾਕਾਰੀਆਂ ਨਾਲ ਗੱਲਬਾਤ ਕਰਕੇ ਮਾਮਲੇ ਦਾ ਹੱਲ ਕਰਨ ਦਾ ਭਰੋਸਾ ਦਿੱਤਾ ਪਰ ਧਰਨਾਕਾਰੀ ਇਸ ਗੱਲ 'ਤੇ ਅੜੇ ਰਹੇ ਕਿ ਜਦੋਂ ਤੱਕ ਪੋਸਟਾਂ ਪਾਉਣ ਵਾਲੇ ਵਿਅਕਤੀ ਖ਼ਿਲਾਫ਼ ਕਾਰਵਾਈ ਨਹੀਂ ਹੁੰਦੀ, ਉਦੋਂ ਤੱਕ ਧਰਨਾ ਨਹੀਂ ਚੁੱਕਿਆ ਜਾਵੇਗਾ। ਇਸ ਮੌਕੇ ਬਸਪਾ ਆਗੂ ਮਨਪ੍ਰੀਤ ਮੰਤਰੀ, ਬਸਪਾ ਆਗੂ ਸੁਭਾਸ਼ ਦੇਵਲੀ, ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਭਾਈ ਗੁਰਦੀਪ ਸਿੰਘ, ਗੁਰਪ੍ਰੀਤ ਸਿੰਘ ਭੋਗਲ, ਜਸਪਾਲ ਪ੍ਰਧਾਨ ਰਾਜਪੂਤ, ਰਾਜੇਸ਼ ਸਿੰਘ, ਬਲਵੀਰ ਸਿੰਘ ਚੌਧਰੀਵਾਲੀ ਸਮੇਤ ਵੱਖ-ਵੱਖ ਸਭਾਵਾਂ ਦੇ ਆਗੂ ਅਤੇ ਸੰਗਤਾਂ ਹਾਜ਼ਰ ਸਨ। ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਭਾਈ ਗੁਰਦੀਪ ਸਿੰਘ ਅਤੇ ਹਲਕਾ ਆਦਮਪੁਰ ਦੇ ਇੰਚਾਰਜ ਗੁਰਪ੍ਰੀਤ ਸਿੰਘ ਭੋਗਲ ਨੇ ਕਿਹਾ ਕਿ ਕਿਸੇ ਵੀ ਵਿਅਕਤੀ ਵੱਲੋਂ ਸੋਸ਼ਲ ਮੀਡੀਆ 'ਤੇ ਧਾਰਮਿਕ ਸੰਸਥਾਵਾਂ ਬਾਰੇ ਗਲਤ ਅਤੇ ਇਤਰਾਜ਼ਯੋਗ ਪੋਸਟਾਂ ਪਾਉਣਾ ਮੰਦਭਾਗਾ ਹੈ। ਉਨ੍ਹਾਂ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਕੇ ਤੱਥਾਂ ਦੇ ਆਧਾਰ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ, ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

ਵਰ੍ਹੇਗੰਢ ਮੁਬਾਰਕ

ਪਵਿੱਤਰ ਸਿੰਘ ਅਤੇ ਮਨਦੀਪ ਕੌਰ ਵਾਸੀ ਪਿੰਡ ਮਾਣਕ ਨੇ ਵਿਆਹ ਦੀ ਪਹਿਲੀ ਵਰ੍ਹੇਗੰਢ ਮਨਾਈ।

ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਵਿਖੇ 3 ਕਿਲੋਮੀਟਰ ਮੈਰਾਥਨ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਲੈਂਡ ਪੋਰਟ ਅਥਾਰਟੀ ਆਫ਼ ਇੰਡੀਆ ਆਈ ਸੀ ਪੀ ਵੱਲੋਂ ਮੈਨੇਜਰ ਸੰਦੀਪ ਮਹਾਜਨ ਦੀ ਅਗਵਾਈ ਅਤੇ ਹੈਲਥ ਫਿੱਟਨੈੱਸ ਟਰੱਸਟ ਦਿੱਲੀ ਦੇ ਇੰਚਾਰਜ ਡਾਕਟਰ ਸੁਨੀਤਾ ਗੋਦਾਰਾ ਏਸ਼ੀਅਨ ਮੈਰਾਥਨ ਚੈਂਪੀਅਨ 1996 ਗੋਲਡ ਮੈਡਲ ਜੇਤੂ ਦੀ ਟੀਮ ਦੇ ਸਹਿਯੋਗ ਨਾਲ ਸ਼੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਡੇਰਾ ਬਾਬਾ ਨਾਨਕ ਵਿਖੇ ਐੱਲ ਪੀ ਏ ਆਈ ਫਿਟਨਿਸ ਰਨ 0 ਜ਼ੀਰੋ ਲਾਈਨ ਰਨ ਆਫ਼ ਯੂਨਿਟੀ ਪ੍ਰੋਗਰਾਮ ਤਹਿਤ 3 ਕਿਲੋਮੀਟਰ ਮੈਰਾਥਨ ਦੌੜ ਕਰਵਾਈ ਗਈ।ਇਸ ਮੌਕੇ ਐੱਲ ਪੀ ਆਈ ਏ ਦੇ ਸਹਿਯੋਗੀ ਵਿਭਾਗਾਂ, ਬੀ ਐੱਸ ਐੱਫ ਦੇ ਜਵਾਨਾਂ ਤੇ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਵਿਸ਼ੇਸ਼ ਤੌਰ ਤੇ ਪਹੁੰਚ ਕੇ ਫਿਟਨੈੱਸ ਰਨ ਜ਼ੀਰੋ ਲਾਈਨ ਰਨ ਆਫ਼ ਯੂਨਿਟੀ ਵਿੱਚ ਹਿੱਸਾ ਲਿਆ ।ਇਸ ਮੌਕੇ ਮੁੱਖ ਮਹਿਮਾਨ ਵਜੋਂ 200 ਬਟਾਲੀਅਨ ਬੀਐੱਸਐੱਫ ਦੇ ਕਮਾਂਡੈਂਟ ਵਿਨੋਦ ਯਾਦਵ, ਡਾਕਟਰ ਸੁਨੀਤਾ ਗੋਦਾਰਾ,ਜੀ. ਐੱਮ. ਸੰਦੀਪ ਮਹਾਜਨ ਨੇ ਸ਼ਮ੍ਹਾ ਰੌਸ਼ਨ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ।ਇਸ ਮੌਕੇ ਡਾਕਟਰ ਸੁਨੀਤਾ ਗੋਦਾਰਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਨੂੰ ਸਾਰਿਆਂ ਨੂੰ ਸਰੀਰਕ ਤੌਰ ਤੇ ਮਜ਼ਬੂਤ, ਸਿਹਤਮੰਦ ਤੇ ਤੰਦਰੁਸਤ ਰਹਿਣ ਲਈ ਕਸਰਤ ਕਰਨੀ ਚਾਹੀਦੀ ਹੈ ਤੇ ਜੇਕਰ ਅਸੀ ਨਸ਼ਿਆਂ ਤੋ ਦੂਰ ਰਹਾਂਗੇ ਤਾਂ ਹੀ ਸਰੀਰਕ ਤੌਰ ਤੇ ਤੰਦਰੁਸਤ ਰਹਿ ਸਕਦੇ ਹਾਂ।ਉਨ੍ਹਾਂ ਕਿਹਾ ਕਿ ਅੱਜ ਇਸ ਦੀ ਸ਼ੁਰੂਆਤ ਸ਼੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਡੇਰਾ ਬਾਬਾ ਨਾਨਕ ਤੋਂ ਕੀਤੀ ਜਾ ਰਹੀ ਹੈ।ਇਸ ਮੌਕੇ 3 ਕਿਲੋਮੀਟਰ ਦੌੜ ਦੌਰਾਨ ਵੱਖ-ਵੱਖ ਵਰਗਾਂ ਦੇ ਨੌਜਵਾਨਾਂ, ਬਜ਼ੁਰਗਾਂ, ਲੜਕੀਆਂ ਤੇ ਔਰਤਾਂ ਨੇ ਹਿੱਸਾ ਲਿਆ ਤੇ ਪਹਿਲੇ ਦੂਜੇ ਤੇ ਤੀਸਰੇ ਸਥਾਨ ਹਾਸਲ ਕਰਨ ਵਾਲੇ ਜੇਤੂਆਂ ਨੂੰ ਐੱਲ ਪੀ ਆਈ ਏ ਦੇ ਅਧਿਕਾਰੀਆਂ ਵੱਲੋਂ ਸਨਮਾਨ ਚਿੰਨ੍ਹ ਤੇ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਐੱਲ ਪੀ ਆਈ ਏ ਦੇ ਅਧਿਕਾਰੀਆਂ ਵੱਲੋਂ ਸਮੂਹ ਖਿਡਾਰੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ ।ਇਸ ਮੌਕੇ ਸ਼੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਦੇ ਜੀ ਐੱਮ ਸੰਦੀਪ ਮਹਾਜਨ ਨੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਸਮੂਹ ਖਿਡਾਰੀਆਂ ਤੇ ਹਾਜ਼ਰੀਨ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਡੇ ਵੱਲੋਂ ਅਗਾਂਹ ਵੀ ਅਜਿਹੇ ਸਮਾਗਮ ਕਰਵਾਏ ਜਾਣਗੇ।ਇਸ ਮੌਕੇ ਐੱਲ ਪੀ ਏ ਆਈ ਤੋਂ ਮਨਜੀਤ ਸਿੰਘ, ਰਤਨ ਲਾਲ ਜੇ ਈ, ਵਿਪਨ ਕੁਮਾਰ, ਬਲਵੰਤ ਸਿੰਘ, ਅਮਨਪ੍ਰੀਤ ਸਿੰਘ, ਜਸਵੰਤ ਸਿੰਘ, ਸਰਦੂਲ ਸਿੰਘ, ਭੀਮ ਸਿੰਘ, ਪਰਮਿੰਦਰ ਸਿੰਘ ਸੈਣੀ ਸਕੱਤਰ ਸਮਰਪਣ ਸੋਸਾਇਟੀ ਗੁਰਦਾਸਪੁਰ, ਡਾਕਟਰ ਅਸ਼ਵਨੀ ਕੁਮਾਰ ਭੱਲਾ ਪ੍ਰਿੰਸੀਪਲ ਸਰਕਾਰੀ ਕਾਲਜ ਗੁਰਦਾਸਪੁਰ, ਸਿਟੀ ਵੈੱਲਫੇਅਰ ਕਲੱਬ ਪ੍ਰਧਾਨ ਰਾਜੇਸ਼ ਹਾਂਡਾ, ਮਾਸਟਰ ਪਲਵਿੰਦਰ ਸਿੰਘ ਰੰਧਾਵਾ, ਡਾਕਟਰ ਅਸ਼ੋਕ ਸੋਨੀ, ਵਿਜੇ ਵਿੱਗ, ਹੈਲਥ ਫਿੱਟਨੈੱਸ ਹਰਸ਼ ਪਾਰਿਕ ਦਿੱਲੀ, ਐਡਵੋਕੇਟ ਅੰਜੁਮ, ਗੋਕਲ ਮਿਸ਼ਰਾ ਰਜਨੀ, ਸੋਨੀਆ ਚਾਵਲਾ, ਦੀਪਕ ਅਰੋੜਾ, ਭਵਿਯ ਅਰੋੜਾ, ਵਿਕਾਸ ਕੁਮਾਰ, ਜਤਿੰਦਰ, ਏ ਐੱਸ ਆਈ ਬੇਅੰਤ ਸਿੰਘ ਤੋਂ ਇਲਾਵਾ ਸੀ ਪਾਇਟ ਕੈਂਪ ਡੇਰਾ ਬਾਬਾ ਨਾਨਕ ਦੇ ਬੱਚੇ, ਬੀ ਐੱਸ ਐੱਫ ਦੇ ਜਵਾਨ, ਵੱਖ-ਵੱਖ ਪਿੰਡਾ ਦੇ ਨੌਜਵਾਨਾਂ ਤੋ ਇਲਾਵਾ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੀ ਗਰਾਊਂਡ ਦੇ ਖਿਡਾਰੀ ਹਾਜ਼ਰ ਸਨ ।

ਜਲ੍ਹਿਆਂਵਾਲਾ ਬਾਗ ਦੇ ਪ੍ਰਵੇਸ਼ ਦੁਆਰ ਦੇ ਸੁੰਦਰੀਕਰਨ ਲਈ ਔਜਲਾ ਨੇ ਏ ਐੱਸ ਆਈ ਨੂੰ ਲਿਖਿਆ ਪੱਤਰ

ਛੇਹਰਟਾ, (ਮਨੋਜ ਕੁਮਾਰ) : ਜਲ੍ਹਿਆਂਵਾਲਾ ਬਾਗ ਦੀ ਇਤਿਹਾਸਕ ਮਹੱਤਤਾ ਤੇ ਇੱਥੇ ਆਉਣ ਵਾਲੇ ਦੇਸ਼-ਵਿਦੇਸ਼ ਦੇ ਸੈਲਾਨੀਆਂ ਦੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਨੇ ਇਸ ਦੇ ਪ੍ਰਵੇਸ਼ ਦੁਆਰ ਦੇ ਸੁੰਦਰੀਕਰਨ ਤੇ ਸੁਧਾਰ ਦੀ ਮੰਗ ਉਠਾਈ ਹੈ। ਇਸ ਸਬੰਧੀ ਉਨ੍ਹਾਂ ਨੇ ਭਾਰਤੀ ਪੁਰਾਤੱਤਵ ਸਰਵੇਖਣ (ਏ. ਐੱਸ. ਆਈ.), ਭਾਰਤ ਸਰਕਾਰ ਦੇ ਸੀਨੀਅਰ ਕੰਜ਼ਰਵੇਸ਼ਨ ਅਸਿਸਟੈਂਟ ਨੂੰ ਪੱਤਰ ਲਿਖ ਕੇ ਪ੍ਰਵੇਸ਼ ਦੁਆਰ ਦੇ ਬਾਹਰੀ ਹਿੱਸੇ ਦਾ ਸੁੰਦਰੀਕਰਨ, ਨਵੀਨੀਕਰਨ ਤੇ ਸੁਧਾਰ ਕਰਵਾਉਣ ਦੀ ਮੰਗ ਕੀਤੀ ਹੈ। ਔਜਲਾ ਨੇ ਪੱਤਰ ਵਿੱਚ ਕਿਹਾ ਕਿ ਜਲ੍ਹਿਆਂਵਾਲਾ ਬਾਗ ਦੇਸ਼ ਦੇ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ। ਇਸ ਇਤਿਹਾਸਕ ਸਥਾਨ 'ਤੇ ਦੇਸ਼ ਦੇ ਵੱਖ-ਵੱਖ ਸੂਬਿਆਂ ਤੇ ਵਿਦੇਸ਼ ਤੋਂ ਲੱਖਾਂ ਸ਼ਰਧਾਲੂ, ਸੈਲਾਨੀ ਤੇ ਹੋਰ ਲੋਕ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪੁੱਜਦੇ ਹਨ। ਅਜਿਹੇ ਮਹੱਤਵਪੂਰਨ ਸਮਾਰਕ ਦਾ ਪ੍ਰਵੇਸ਼ ਦੁਆਰ ਇਸ ਦੀ ਇਤਿਹਾਸਕ ਮਹੱਤਤਾ ਤੇ ਮਾਣ-ਮਰਿਆਦਾ ਅਨੁਸਾਰ ਹੋਣਾ ਚਾਹੀਦਾ ਹੈ। ਉਨ੍ਹਾਂ ਪੱਤਰ ਵਿੱਚ ਦੱਸਿਆ ਕਿ ਪ੍ਰਵੇਸ਼ ਦੁਆਰ 'ਤੇ ਪ੍ਰਮੁੱਖ ਸਾਈਨ ਬੋਰਡਾਂ ਤੇ ਲੋੜੀਂਦੇ ਬਾਹਰੀ ਸੁੰਦਰੀਕਰਨ ਦੀ ਘਾਟ ਕਾਰਨ ਕਈ ਵਾਰ ਇੱਥੇ ਆਉਣ ਵਾਲੇ ਲੋਕਾਂ ਨੂੰ ਜਲ੍ਹਿਆਂਵਾਲਾ ਬਾਗ ਦੇ ਪ੍ਰਵੇਸ਼ ਦੁਆਰ ਦੀ ਸਹੀ ਪਛਾਣ ਕਰਨ ਤੇ ਇਸ ਨੂੰ ਆਸਾਨੀ ਨਾਲ ਲੱਭਣ ਵਿਚ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਪ੍ਰਵੇਸ਼ ਦੁਆਰ ਦੀ ਪਛਾਣ ਸਪੱਸ਼ਟ ਹੋਣੀ ਤੇ ਆਲੇ-ਦੁਆਲੇ ਦਾ ਇਲਾਕਾ ਸੁਚੱਜਾ ਤੇ ਆਕਰਸ਼ਕ ਹੋਣਾ ਬਹੁਤ ਜ਼ਰੂਰੀ ਹੈ। ਔਜਲਾ ਨੇ ਏ. ਐੱਸ. ਆਈ. ਨੂੰ ਅਪੀਲ ਕੀਤੀ ਹੈ ਕਿ ਪ੍ਰਵੇਸ਼ ਦੁਆਰ ਦੇ ਸੁੰਦਰੀਕਰਨ, ਮੁਰੰਮਤ ਤੇ ਨਵੀਨੀਕਰਨ ਲਈ ਲੋੜੀਂਦੇ ਕਦਮ ਚੁੱਕੇ ਜਾਣ।

ਮੰਡੀਆਂ 'ਚ ਸਰਕਾਰੀ ਖਰੀਦ ਬੰਦ ਹੋਣ ਕਾਰਨ ਕਿਸਾਨ ਪ੍ਰੇਸ਼ਾਨ : ਸੁੱਖ ਔਜਲਾ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਪੰਜਾਬ ਦੀਆਂ ਮੰਡੀਆਂ ਵਿੱਚ ਝੋਨੇ ਦੀ ਸਰਕਾਰੀ ਖਰੀਦ ਬੰਦ ਹੋਣ ਅਤੇ ਪਹਿਲਾਂ ਖਰੀਦੀ ਗਈ ਫਸਲ ਦੀ ਸਮੇਂ ਸਿਰ ਲਿਫਟਿੰਗ ਨਾ ਹੋਣ ਕਾਰਨ ਕਿਸਾਨਾਂ ਦੀਆਂ ਮੁਸ਼ਕਲਾਂ ਲਗਾਤਾਰ ਵਧ ਰਹੀਆਂ ਹਨ। ਮੰਡੀਆਂ ਵਿੱਚ ਝੋਨੇ ਦੇ ਢੇਰ ਲੱਗੇ ਹੋਏ ਹਨ।ਖਰੀਦ ਅਤੇ ਲਿਫਟਿੰਗ ਦੀ ਸੁਸਤ ਪ੍ਰਕਿਰਿਆ ਕਾਰਨ ਕਿਸਾਨਾਂ ਵਿੱਚ ਸਰਕਾਰ ਅਤੇ ਸਬੰਧਤ ਖਰੀਦ ਏਜੰਸੀਆਂ ਖ਼ਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੈ।ਇਸ ਸਥਿਤੀ ਦਾ ਜਾਇਜ਼ਾ ਲੈਣ ਲਈ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਦੇ ਭਰਾ ਅਤੇ ਸੀਨੀਅਰ ਕਾਂਗਰਸੀ ਆਗੂ ਸੁਖਜਿੰਦਰ ਸਿੰਘ ਸੁਖ ਔਜਲਾ ਨੇ ਅਜਨਾਲਾ ਹਲਕੇ ਦੀਆਂ ਵੱਖ-ਵੱਖ ਅਨਾਜ ਮੰਡੀਆਂ ਦਾ ਦੌਰਾ ਕੀਤਾ।ਇਸ ਦੌਰਾਨ ਉਨ੍ਹਾਂ ਨੇ ਅਜਨਾਲਾ, ਸੁਧਾਰ, ਚੱਕ ਸਿਕੰਦਰ ਅਤੇ ਗੱਗੋ ਮਾਹਲ ਦੀਆਂ ਮੰਡੀਆਂ ਵਿੱਚ ਪਹੁੰਚ ਕੇ ਕਿਸਾਨਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ।ਸੁੱਖ ਔਜਲਾ ਨੇ ਦੱਸਿਆ ਕਿ ਅਜਨਾਲਾ ਦੀ ਮੁੱਖ ਮੰਡੀ ਵਿੱਚ ਕੁਝ ਥਾਵਾਂ 'ਤੇ ਅੰਸ਼ਕ ਤੌਰ ਤੇ ਝੋਨੇ ਦੀ ਖਰੀਦ ਹੋ ਰਹੀ ਹੈ, ਪਰ ਹਲਕੇ ਦੀਆਂ ਛੋਟੀਆਂ ਮੰਡੀਆਂ ਵਿੱਚ ਸਥਿਤੀ ਬੇਹੱਦ ਚਿੰਤਾਜਨਕ ਹੈ। ਸੁਧਾਰ, ਚੱਕ ਸਿਕੰਦਰ ਅਤੇ ਗੱਗੋ ਮਾਹਲ ਵਰਗੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਨਹੀਂ ਹੋ ਰਹੀ।ਇਸ ਕਾਰਨ ਕਿਸਾਨ ਆਪਣੀ ਫਸਲ ਲੈ ਕੇ ਮੰਡੀਆਂ ਵਿੱਚ ਬੈਠੇ ਹਨ ਅਤੇ ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਕਿ ਉਨ੍ਹਾਂ ਦੀ ਫਸਲ ਦੀ ਖਰੀਦ ਕਦੋਂ ਹੋਵੇਗੀ।ਉਨ੍ਹਾਂ ਕਿਹਾ ਕਿ ਸਮੱਸਿਆ ਸਿਰਫ਼ ਸਰਕਾਰੀ ਖਰੀਦ ਤੱਕ ਹੀ ਸੀਮਤ ਨਹੀਂ ਹੈ, ਸਗੋਂ ਜਿਨ੍ਹਾਂ ਕਿਸਾਨਾਂ ਦੀ ਫਸਲ ਪਹਿਲਾਂ ਹੀ ਖਰੀਦੀ ਜਾ ਚੁੱਕੀ ਹੈ, ਉਸ ਦੀ ਲਿਫਟਿੰਗ ਵੀ ਸਮੇਂ ਸਿਰ ਨਹੀਂ ਕੀਤੀ ਜਾ ਰਹੀ।ਇਸ ਕਾਰਨ ਮੰਡੀਆਂ ਵਿੱਚ ਜਗ੍ਹਾ ਦੀ ਕਮੀ ਹੋ ਰਹੀ ਹੈ ਅਤੇ ਨਵੀਂ ਫਸਲ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਸੁੱਖ ਔਜਲਾ ਨੇ ਕਿਹਾ ਕਿ ਝੋਨੇ ਦੀ ਖਰੀਦ ਅਤੇ ਲਿਫਟਿੰਗ ਵਿੱਚ ਦੇਰੀ ਦਾ ਸਿੱਧਾ ਅਸਰ ਕਿਸਾਨਾਂ ਦੇ ਅਗਲੇ ਖੇਤੀ ਸੀਜ਼ਨ ਤੇ ਪੈ ਸਕਦਾ ਹੈ।ਸਮੇਂ ਸਿਰ ਫਸਲ ਦੀ ਖਰੀਦ ਅਤੇ ਮੰਡੀਆਂ ਵਿੱਚੋਂ ਲਿਫਟਿੰਗ ਨਾ ਹੋਣ ਕਾਰਨ ਕਿਸਾਨ ਆਪਣੀ ਜ਼ਮੀਨ ਖਾਲੀ ਨਹੀਂ ਕਰਵਾ ਸਕਣਗੇ।ਇਸ ਨਾਲ ਖੇਤਾਂ ਦੀ ਤਿਆਰੀ ਅਤੇ ਅਗਲੀ ਫਸਲ ਦੀ ਬਿਜਾਈ ਵਿੱਚ ਦੇਰੀ ਹੋਣ ਦਾ ਖਦਸ਼ਾ ਹੈ।ਖੇਤੀਬਾੜੀ ਦਾ ਚੱਕਰ ਪ੍ਰਭਾਵਿਤ ਹੋਣ ਕਾਰਨ ਕਿਸਾਨਾਂ ਨੂੰ ਆਰਥਿਕ ਨੁਕਸਾਨ ਵੀ ਝੱਲਣਾ ਪੈ ਸਕਦਾ ਹੈ।ਉਨ੍ਹਾਂ ਸਰਕਾਰ ਅਤੇ ਸਬੰਧਤ ਖਰੀਦ ਏਜੰਸੀਆਂ ਤੋਂ ਮੰਗ ਕੀਤੀ ਕਿ ਅਜਨਾਲਾ, ਸੁਧਾਰ, ਚੱਕ ਸਿਕੰਦਰ ਅਤੇ ਗੱਗੋ ਮਾਹਲ ਸਮੇਤ ਹਲਕੇ ਦੀਆਂ ਸਾਰੀਆਂ ਮੰਡੀਆਂ ਵਿੱਚ ਝੋਨੇ ਦੀ ਸਰਕਾਰੀ ਖਰੀਦ ਤੁਰੰਤ ਸੁਚਾਰੂ ਢੰਗ ਨਾਲ ਸ਼ੁਰੂ ਕਰਵਾਈ ਜਾਵੇ ਅਤੇ ਪਹਿਲਾਂ ਖਰੀਦੀ ਗਈ ਫਸਲ ਦੀ ਲਿਫਟਿੰਗ ਜੰਗੀ ਪੱਧਰ 'ਤੇ ਕਰਵਾਈ ਜਾਵੇ, ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਲੰਬਾ ਸਮਾਂ ਇੰਤਜ਼ਾਰ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਆਪਣੀ ਮਿਹਨਤ ਦੀ ਫਸਲ ਵੇਚਣ ਲਈ ਖੱਜਲ-ਖੁਆਰ ਹੋਣਾ ਪੈ ਰਿਹਾ ਹੈ, ਜਦਕਿ ਸਰਕਾਰ ਨੂੰ ਖਰੀਦ ਸੀਜ਼ਨ ਦੌਰਾਨ ਪਹਿਲਾਂ ਹੀ ਪੁਖਤਾ ਪ੍ਰਬੰਧ ਕਰਨੇ ਚਾਹੀਦੇ ਸਨ।

ਸਿੱਖਿਆ ਮੰਤਰੀ ਦਾ ਪੁਤਲਾ ਫੂਕ ਕੇ ਕੀਤਾ ਰੋਸ ਪ੍ਰਦਰਸ਼ਨ

ਧਾਰੀਵਾਲ, (ਮਨਦੀਪ ਵਿੱਕੀ)-ਸਮੂਹ ਅਧਿਆਪਕ ਜਥੇਬੰਦੀਆਂ ਦੇ ਸੱਦੇ ਤੇ ਸੈਂਕੜੇ ਅਧਿਆਪਕਾਂ ਵੱਲੋਂ ਗੁਰੂ ਨਾਨਕ ਪਾਰਕ ਵਿੱਚ ਇਕੱਠੇ ਕਰਕੇ 253 ਅਧਿਆਪਕਾਂ ਦੀਆਂ ਸਿੱਖਿਆ ਵਿਭਾਗ ਵੱਲੋਂ ਸੇਵਾਵਾਂ ਖ਼ਤਮ ਕਰਨ ਵਿਰੁੱਧ ਰੋਸ ਵਜੋਂ ਸਿੱਖਿਆ ਮੰਤਰੀ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ।ਇਸ ਮੌਕੇ ਤੇ ਬੋਲਦਿਆਂ ਅਧਿਆਪਕ ਆਗੂਆਂ ਕੁਲਦੀਪ ਪੁਰੋਵਾਲ, ਓਂਕਾਰ ਸਿੰਘ, ਰਾਜ ਸੁਖਵਿੰਦਰ ਸਿੰਘ, ਰਜਨੀ ਪਰਕਾਸ਼, ਬਲਵਿੰਦਰ ਕੌਰ, ਅਨਿਲ ਕੁਮਾਰ ਲਾਹੌਰੀਆ, ਸੰਜੀਵ ਕੁਮਾਰ ਨੇ ਦੱਸਿਆ ਕਿ ਇਹ 253 ਅਧਿਆਪਕ ਪਿਛਲੇ 5 ਸਾਲਾਂ ਤੋਂ ਸਕੂਲਾਂ ਵਿੱਚ ਸੇਵਾਵਾਂ ਨਿਭਾ ਰਹੇ ਸਨ।ਇਨ੍ਹਾਂ ਦੀ ਚੋਣ ਉੱਚ ਅਧਿਕਾਰੀਆਂ ਵੱਲੋਂ ਮੈਰਿਟ ਦੇ ਆਧਾਰ ਤੇ ਕੀਤੀ ਗਈ ਸੀ।ਆਗੂਆਂ ਕਿਹਾ ਕਿ ਵੱਖ-ਵੱਖ ਭਰਤੀਆਂ ਵਿੱਚ ਸੰਵਿਧਾਨ ਦੇ ਵਿਰੁੱਧ ਜਾ ਕੇ ਰੀਕਾਸਟ ਸੂਚੀਆਂ ਕਢੀਆਂ ਜਾ ਰਹੀਆਂ ਹਨ।ਇਨ੍ਹਾਂ ਰਿਕਾਸਟ ਸੂਚੀਆਂ ਨੂੰ ਤੁਰੰਤ ਰੱਦ ਕੀਤੀਆਂ ਜਾਣ। ਆਗੂਆਂ ਨੇ ਪੁਰਾਣੀ ਪੈਨਸ਼ਨ ਬਹਾਲ ਕਰਨ, ਡੀ ਏ ਦੀ ਪੀ,17/7/20 ਅਤੇ 15/1/15 ਦਾ ਪੱਤਰ ਵਾਪਿਸ ਲੈਣ ਦੀ ਮੰਗ ਕੀਤੀ ਅਤੇ 17 ਨਵੰਬਰ ਨੂੰ ਚੰਡੀਗੜ੍ਹ ਪੱਕੇ ਮੋਰਚੇ ਵਿਚ ਹਿੱਸਾ ਲੈਣ ਦਾ ਫੈਸਲਾ ਕੀਤਾ।ਇਸ ਮੌਕੇ ਸ਼ਵੇਤਾ ਮਹਾਜਨ, ਸੰਦੀਪਾ, ਨਿਰਮਲ ਜੋਤੀ, ਬਲਕਾਰ ਸਿੰਘ, ਅਭਿਸ਼ੇਕ, ਹਰਪ੍ਰੀਤ ਸਿੰਘ, ਕੁਲਵੰਤ ਸਿੰਘ, ਅਵਤਾਰ ਸਿੰਘ, ਪਵਨ ਕੁਮਾਰ, ਅਮਰਜੀਤ ਕੋਠੇ, ਅਨੁਸ਼ ਮਹਾਜਨ, ਸੁੱਖਵਿੰਦਰ ਸਿੰਘ, ਅਮਿਤ, ਸਲਵਿੰਦਰ ਕੁਮਾਰ, ਜਸਬੀਰ ਸਿੰਘ ਰਮਨ ਮਹਾਜਨ ਆਦਿ ਹਾਜ਼ਰ ਸਨ।

ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਸਕੂਲ 'ਚ ਨੁੱਕੜ ਨਾਟਕ ਖੇਡਿਆ

ਫਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ)-ਡੀ. ਡੀ. ਆਈ. ਸਕੂਲ ਪਿੰਡ ਪਿੰਡੀ ਫਤਿਹਗੜ੍ਹ ਚੂੜੀਆਂ ਵਿਖੇ ਸਕੂਲ ਦੇ ਐਮ. ਡੀ. ਇੰਦਰਜੀਤ ਸਿੰਘ ਭਾਟੀਆ ਦੀ ਰਹਿਨੁਮਾਈ ਹੇਠ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਦੇ ਉਦੇਸ਼ ਨਾਲ ਇਕ ਵਿਸ਼ੇਸ਼ ਨੁੱਕੜ ਨਾਟਕ ਕਰਵਾਇਆ ਗਿਆ।ਇਹ ਨਾਟਕ ਪ੍ਰੀਤ ਨਗਰ ਆਰਟ ਗਰੁੱਪ ਅੰਮ੍ਰਿਤਸਰ ਵੱਲੋਂ ਪੇਸ਼ ਕੀਤਾ ਗਿਆ।ਇਸ ਮੌਕੇ ਕਲਾਕਾਰਾਂ ਨੇ ਆਪਣੀ ਸ਼ਾਨਦਾਰ ਅਦਾਕਾਰੀ ਰਾਹੀਂ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ।ਨਾਟਕ ਵਿੱਚ ਸਾਹਿਲ, ਦੀਪਕ ਅਤੇ ਗੁਰਪਾਲ ਨੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਆਪਣੀ ਭੂਮਿਕਾ ਨਿਭਾਈ।ਉਨ੍ਹਾਂ ਨੇ ਦਿਖਾਇਆ ਕਿ ਕਿਸ ਤਰ੍ਹਾਂ ਨਸ਼ਿਆਂ ਦੇ ਵਪਾਰੀ ਨੌਜਵਾਨਾਂ ਨੂੰ ਆਪਣੇ ਜਾਲ ਵਿੱਚ ਫਸਾ ਕੇ ਨਸ਼ਿਆਂ ਦਾ ਆਦੀ ਬਣਾਉਂਦੇ ਹਨ ਅਤੇ ਹੌਲੀ-ਹੌਲੀ ਉਨ੍ਹਾਂ ਦੀ ਜ਼ਿੰਦਗੀ, ਪਰਿਵਾਰ ਅਤੇ ਭਵਿੱਖ ਨੂੰ ਪ੍ਰਭਾਵਿਤ ਕਰਦੇ ਹਨ। ਕਲਾਕਾਰਾਂ ਨੇ ਨਾਟਕ ਰਾਹੀਂ ਇਹ ਵੀ ਸਮਝਾਇਆ ਕਿ ਨਸ਼ਿਆਂ ਦੀ ਸ਼ੁਰੂਆਤ ਭਾਵੇਂ ਛੋਟੀ ਲੱਗਦੀ ਹੈ, ਪਰ ਇਸ ਦੇ ਨਤੀਜੇ ਬੇਹੱਦ ਗੰਭੀਰ ਹੋ ਸਕਦੇ ਹਨ।ਨਾਟਕ ਦੀ ਪੇਸ਼ਕਾਰੀ ਇੰਨੀ ਪ੍ਰਭਾਵਸ਼ਾਲੀ ਸੀ ਕਿ ਇਸ ਨੂੰ ਦੇਖ ਕੇ ਵਿਦਿਆਰਥੀ ਅਤੇ ਮੌਜੂਦ ਸਾਰੇ ਲੋਕ ਭਾਵੁਕ ਹੋ ਗਏ।ਅੰਤ ਵਿੱਚ ਐੱਮ. ਡੀ. ਇੰਦਰਜੀਤ ਸਿੰਘ ਭਾਟੀਆ ਅਤੇ ਪ੍ਰਿੰਸੀਪਲ ਸਵਲੀਨ ਭਾਟੀਆ ਵੱਲੋਂ ਨਾਟਕ ਪੇਸ਼ ਕਰਨ ਆਈ ਪ੍ਰੀਤ ਨਗਰ ਆਰਟ ਗਰੁੱਪ ਦੀ ਟੀਮ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਡਾਇਰੈਕਟਰ ਗੁਰਪ੍ਰੀਤ ਕੌਰ, ਸ਼੍ਰੀ ਭਾਟੀਆ ਅਤੇ ਵਾਈਸ ਪ੍ਰਿੰਸੀਪਲ ਮੈਡਮ ਪੂਜਨ ਅਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

ਡੀ ਐੱਚ ਐੱਲ ਐਕਸਪ੍ਰੈੱਸ ਨੇ ਦੀਵਾਲੀ 'ਤੇ ਸ਼ਿਪਮੈਂਟਾਂ ਲਈ 60 ਫ਼ੀਸਦੀ ਤੱਕ ਛੋਟ ਦਾ ਕੀਤਾ ਐਲਾਨ

ਲੁਧਿਆਣਾ-ਡੀਐੱਚਐੱਲ ਐਕਸਪ੍ਰੈਸ ਨੇ ਦੀਵਾਲੀ ਮੌਕੇ ਗਾਹਕਾਂ ਲਈ ਅੰਤਰਰਾਸ਼ਟਰੀ ਅਤੇ ਘਰੇਲੂ ਸ਼ਿਪਮੈਂਟਾਂ 'ਤੇ 60 ਫ਼ੀਸਦੀ ਤੱਕ ਛੋਟ ਦੇਣ ਦਾ ਐਲਾਨ ਕੀਤਾ ਹੈ। ਇਹ ਪੇਸ਼ਕਸ਼ 14 ਨਵੰਬਰ, 2026 ਤੱਕ ਲਾਗੂ ਰਹੇਗੀ। ਗਾਹਕ ਡੀਐੱਚਐੱਲ ਦੀ ਵੈੱਬਸਾਈਟ ਜਾਂ ਸਰਵਿਸ ਪੁਆਇੰਟ 'ਤੇ ਪ੍ਰੋਮੋ ਕੋਡ ਫੈਸਟੀਵਲ60 ਦੀ ਵਰਤੋਂ ਕਰਕੇ ਛੋਟ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ, ਗਾਹਕ ਡੀਐੱਚਐੱਲ ਗੋ ਗ੍ਰੀਨ ਪਲੱਸ ਸੇਵਾ ਰਾਹੀਂ ਸਸਟੇਨੇਬਲ ਏਵੀਏਸ਼ਨ ਫਿਊਲ ਦੀ ਵਰਤੋਂ ਕਰਕੇ ਸ਼ਿਪਮੈਂਟਾਂ ਨਾਲ ਜੁੜੇ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਉਣ ਵਿੱਚ ਯੋਗਦਾਨ ਪਾ ਸਕਦੇ ਹਨ।ਕੰਪਨੀ ਦੇ ਵਾਈਸ ਪ੍ਰੈਜ਼ੀਡੈਂਟ ਸੰਦੀਪ ਜੁਨੇਜਾ ਨੇ ਕਿਹਾ ਕਿ ਇਸ ਪੇਸ਼ਕਸ਼ ਦਾ ਉਦੇਸ਼ ਗਾਹਕਾਂ ਲਈ ਆਪਣੇ ਪਰਿਵਾਰ ਅਤੇ ਅਜ਼ੀਜ਼ਾਂ ਤੱਕ ਤੋਹਫ਼ੇ ਪਹੁੰਚਾਉਣਾ ਆਸਾਨ ਬਣਾਉਣਾ ਹੈ।

ਪ੍ਰਾਈਡ ਆਫ਼ ਕਾਊਜ਼ ਵੱਲੋਂ ਚੰਡੀਗੜ੍ਹ 'ਚ ਕਾਰੋਬਾਰ ਸ਼ੁਰੂ

ਚੰਡੀਗੜ੍ਹ: ਪਰਾਗ ਮਿਲਕ ਫੂਡਜ਼ ਲਿਮਟਿਡ ਦੇ ਪ੍ਰੀਮੀਅਮ ਡੇਅਰੀ ਬ੍ਰਾਂਡ ਪ੍ਰਾਈਡ ਆਫ਼ ਕਾਊਜ਼ ਨੇ ਚੰਡੀਗੜ੍ਹ ਵਿੱਚ ਆਪਣੀ ਮੌਜੂਦਗੀ ਦਾ ਵਿਸਥਾਰ ਕੀਤਾ ਹੈ। ਇਸ ਪਹਿਲਕਦਮੀ ਤਹਿਤ ਕੰਪਨੀ ਆਪਣੇ ਸਿਗਨੇਚਰ-ਓਰਿਜਨ ਫਾਰਮ-ਟੂ-ਹੋਮ ਡੇਅਰੀ ਉਤਪਾਦਾਂ ਦੀ ਵਿਸ਼ਾਲ ਰੇਂਜ ਗਾਹਕਾਂ ਲਈ ਉਪਲਬਧ ਕਰਵਾਏਗੀ।

ਕੰਪਨੀ ਦੀ ਕਾਰਜਕਾਰੀ ਨਿਰਦੇਸ਼ਕ ਅਕਸ਼ਲੀ ਸ਼ਾਹ ਨੇ ਕਿਹਾ ਕਿ ਚੰਡੀਗੜ੍ਹ ਬ੍ਰਾਂਡ ਦੇ ਵਿਸਥਾਰ ਲਈ ਅਹਿਮ ਬਾਜ਼ਾਰ ਹੈ। ਉਨ੍ਹਾਂ ਅਨੁਸਾਰ, ਬ੍ਰਾਂਡ ਦਾ ਉਦੇਸ਼ ਬਿਹਤਰ ਗੁਣਵੱਤਾ, ਨਵੀਨਤਾ ਅਤੇ ਪ੍ਰੀਮੀਅਮ ਡੇਅਰੀ ਉਤਪਾਦਾਂ ਰਾਹੀਂ ਗਾਹਕਾਂ ਨਾਲ ਲੰਬੇ ਸਮੇਂ ਦੇ ਸਬੰਧ ਸਥਾਪਤ ਕਰਨਾ ਹੈ।ਇਹ ਵਿਸਥਾਰ ਕੰਪਨੀ ਦੀ ਸ਼ਹਿਰੀ ਬਾਜ਼ਾਰਾਂ ਵਿੱਚ ਪਹੁੰਚ ਮਜ਼ਬੂਤ ਕਰਨ ਦੀ ਰਣਨੀਤੀ ਦਾ ਹਿੱਸਾ ਹੈ।

ਡਿਪਟੀ ਕਮਿਸ਼ਨਰ ਉੱਪਲ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਖ਼ੁਦ ਮੈਦਾਨ 'ਚ ਨਿੱਤਰੇ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪਰਾਲੀ ਅਤੇ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਡਿਪਟੀ ਕਮਿਸ਼ਨਰ ਆਦਿਤਿਆ ਉੱਪਲ ਦੀਆਂ ਹਦਾਇਤਾਂ ਤੇ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਫੀਲਡ ਵਿੱਚ ਨਿੱਤਰਿਆ ਹੋਇਆ ਹੈ।ਡਿਪਟੀ ਕਮਿਸ਼ਨਰ ਆਦਿਤਿਆ ਉੱਪਲ ਅਤੇ ਐੱਸ ਐੱਸ ਪੀ ਬਟਾਲਾ ਡਾ. ਮਹਿਤਾਬ ਸਿੰਘ ਵੱਲੋਂ ਬਟਾਲਾ ਅਤੇ ਡੇਰਾ ਬਾਬਾ ਨਾਨਕ ਖੇਤਰ ਦਾ ਦੌਰਾ ਕੀਤਾ ਗਿਆ ਅਤੇ ਫਾਇਰ ਬ੍ਰਿਗੇਡ ਰਾਹੀਂ ਕਈ ਥਾਵਾਂ ਵਿਖੇ ਖੇਤਾਂ 'ਚ ਲੱਗੀ ਅੱਗ ਨੂੰ ਬੁਝਾਇਆ ਗਿਆ।ਇਸ ਮੌਕੇ ਉਨ੍ਹਾਂ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਸੁਚੱਜੇ ਪ੍ਰਬੰਧਨ ਲਈ ਪ੍ਰੇਰਿਤ ਕੀਤਾ। ਡਿਪਟੀ ਕਮਿਸ਼ਨਰ ਤੋਂ ਇਲਾਵਾ ਵਧੀਕ ਡਿਪਟੀ ਕਮਿਸ਼ਨਰ, ਸਮੂਹ ਉਪ ਮੰਡਲ ਮੈਜਿਸਟ੍ਰੇਟ, ਖੇਤੀਬਾੜੀ ਅਤੇ ਪੁਲਸ ਵਿਭਾਗ ਦੀਆਂ ਸਾਂਝੀਆਂ ਟੀਮਾਂ ਵੱਲੋਂ ਵੱਖ-ਵੱਖ ਪਿੰਡਾਂ ਦੀ ਪੈਟਰੋਲਿੰਗ ਕੀਤੀ ਗਈ।ਇਸ ਦੌਰਾਨ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਕਾਰਵਾਈ ਕੀਤੀ ਗਈ ਅਤੇ ਮੌਕੇ 'ਤੇ ਲੱਗੀ ਅੱਗ ਨੂੰ ਬੁਝਾਇਆ ਗਿਆ।ਇਸ ਦੌਰਾਨ ਟੀਮਾਂ ਵੱਲੋਂ ਵੱਖ ਪਿੰਡਾਂ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲਿਆ ਗਿਆ।ਇਸ ਮੌਕੇ ਡਿਪਟੀ ਕਮਿਸ਼ਨਰ ਆਦਿਤਿਆ ਉੱਪਲ ਨੇ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਪ੍ਰਸ਼ਾਸਨ ਵੱਲੋਂ ਜਾਗਰੂਕਤਾ ਦੇ ਨਾਲ-ਨਾਲ ਸਖ਼ਤੀ ਵੀ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਇਸ ਸਬੰਧੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਇਸ ਦਾ ਖੇਤਾਂ ਵਿੱਚ ਹੀ ਪ੍ਰਬੰਧਨ ਕਰਨ ਜਾਂ ਬੇਲਰ ਵਰਗੀ ਖੇਤੀ ਮਸ਼ੀਨਰੀ ਰਾਹੀਂ ਗੱਠਾਂ ਬਣਵਾ ਕੇ ਇਸ ਦੀ ਸੁਚੱਜੀ ਵਰਤੋਂ ਕਰਨ। ਉਨ੍ਹਾਂ ਕਿਹਾ ਕਿ ਗੱਠਾਂ ਬਣਾਉਣ ਉਪਰੰਤ ਫਸਲ ਦੀ ਰਹਿੰਦ ਖੂੰਹਦ ਨੂੰ ਵੀ ਅੱਗ ਨਾ ਲਾਈ ਜਾਵੇ।ਫਸਲ ਦੀ ਰਹਿੰਦ ਖੂੰਹਦ ਨੂੰ ਖੇਤ ਵਿੱਚ ਵਾਹ ਕੇ ਫਸਲ ਦੀ ਬਿਜਾਈ ਕੀਤੀ ਜਾਵੇ।ਉਨ੍ਹਾਂ ਨੇ ਕਿਸਾਨਾਂ ਅਤੇ ਪਿੰਡਾਂ ਦੇ ਸਰਪੰਚਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਪ੍ਰਬੰਧਨ ਸਬੰਧੀ ਮਾਣਯੋਗ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨ.ਜੀ.ਟੀ) ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣ ਲਈ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਦੇਣ।ਉਨ੍ਹਾਂ ਕਿਹਾ ਕਿ ਪਰਾਲੀ ਦਾ ਸੁਚੱਜਾ ਪ੍ਰਬੰਧਨ ਕਰਨਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ ਅਤੇ ਇਸ ਲਈ ਕਿਸਾਨਾਂ, ਪੰਚਾਇਤਾਂ ਤੇ ਸਬੰਧਤ ਵਿਭਾਗਾਂ ਦਾ ਆਪਸੀ ਸਹਿਯੋਗ ਬਹੁਤ ਜ਼ਰੂਰੀ ਹੈ।

ਕਿਸਾਨ ਪਰਾਲੀ ਨੂੰ ਅੱਗ ਲਗਾਉਣ ਤੋਂ ਪੂਰੀ ਤਰ੍ਹਾਂ ਗੁਰੇਜ਼ ਕਰਨ : ਐੱਸ ਡੀ ਐੱਮ

ਬਟਾਲਾ, (ਡਾ. ਮਲਵਿੰਦਰ ਸਿੰਘ) ਜ਼ਿਲ੍ਹਾ ਗੁਰਦਾਸਪੁਰ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਖੇਤੀਬਾੜੀ ਵਿਭਾਗ ਵੱਲੋਂ ਸਖ਼ਤੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ।ਇਸੇ ਲੜੀ ਤਹਿਤ ਐੱਸ ਡੀ ਐੱਮ ਬਟਾਲਾ ਸਾਰੰਗਪ੍ਰੀਤ ਸਿੰਘ ਵਲੋਂ ਵੱਖ ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ ਅਤੇ ਪਿੰਡ ਭਾਗੋਵਾਲ ਅਤੇ ਚੰਨਣਕੇ ਵਿਖੇ ਖੇਤ ਵਿੱਚ ਲੱਗੀ ਅੱਗ ਨੂੰ ਮੌਕੇ ਤੇ ਬੁਝਵਾਇਆ ਗਿਆ।ਇਸ ਮੌਕੇ ਏਡੀਓ ਬਟਾਲਾ ਸਿਮਰਨਜੀਤ ਸਿੰਘ ਵੀ ਮੌਜੂਦ ਸਨ। ਐੱਸ ਡੀ ਐੱਮ ਬਟਾਲਾ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀਆਂ ਹਦਾਇਤਾਂ ਅਨੁਸਾਰ ਅੱਜ ਵੱਖ-ਵੱਖ ਪਿੰਡਾਂ ਦਾ ਦੌਰਾ ਕਰਕੇ ਪਰਾਲੀ ਪ੍ਰਬੰਧਨ ਦਾ ਜਾਇਜ਼ਾ ਲਿਆ ਗਿਆ ਅਤੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਜਾਗਰੂਕ ਕੀਤਾ ਗਿਆ।ਇਸ ਮੌਕੇ ਕਿਸਾਨਾਂ ਨੂੰ ਫ਼ਸਲੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧਨ ਅਤੇ ਖੇਤੀ ਮਸ਼ੀਨਰੀ ਦੀ ਵਰਤੋਂ ਬਾਰੇ ਜਾਗਰੂਕ ਕੀਤਾ ਗਿਆ।ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਅੱਗ ਲਗਾਉਣ ਤੋਂ ਪੂਰੀ ਤਰ੍ਹਾਂ ਗੁਰੇਜ਼ ਕਰਨ ਅਤੇ ਬੇਲਰ, ਹੈਪੀ ਸੀਡਰ, ਸੁਪਰ ਸੀਡਰ ਅਤੇ ਹੋਰ ਉਪਲਬਧ ਖੇਤੀ ਮਸ਼ੀਨਰੀ ਰਾਹੀਂ ਪਰਾਲੀ ਦਾ ਪ੍ਰਬੰਧਨ ਕਰਨ।ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਮਿੱਟੀ ਦੀ ਉਪਜਾਊ ਸ਼ਕਤੀ ਪ੍ਰਭਾਵਿਤ ਹੁੰਦੀ ਹੈ ਅਤੇ ਮਿੱਤਰ ਕੀੜਿਆਂ ਨੂੰ ਨੁਕਸਾਨ ਪਹੁੰਚਦਾ ਹੈ।ਪ੍ਰਸ਼ਾਸਨ ਵੱਲੋਂ ਪਰਾਲੀ ਸਾੜਨ ਵਾਲਿਆਂ ਨੂੰ ਸਪੱਸ਼ਟ ਸੰਦੇਸ਼ ਦਿੱਤਾ ਗਿਆ ਹੈ ਕਿ ਪਰਾਲੀ ਸਾੜਨ ਦੀ ਕਿਸੇ ਵੀ ਘਟਨਾ ਨੂੰ ਹਲਕੇ ਵਿੱਚ ਨਹੀਂ ਲਿਆ ਜਾਵੇਗਾ।ਕਿਸਾਨ ਵਾਤਾਵਰਨ ਅਤੇ ਜ਼ਮੀਨ ਦੀ ਸਿਹਤ ਦੀ ਰਾਖੀ ਲਈ ਸਹਿਯੋਗ ਦੇਣ ਅਤੇ ਪਰਾਲੀ ਪ੍ਰਬੰਧਨ ਦੇ ਸੁਚੱਜੇ ਤਰੀਕੇ ਅਪਣਾਉਣ।

ਗੁਰਨਸੀਬ ਕੌਰ ਨੇ ਕੀਰਤਨ ਮੁਕਾਬਲੇ 'ਚ ਇੱਕ ਲੱਖ ਰੁਪਏ ਦਾ ਇਨਾਮ ਜਿੱਤਿਆ

ਫਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ): ਡੀ. ਡੀ. ਆਈ. ਸਕੂਲ ਪਿੰਡ ਪਿੰਡੀ ਫਤਿਹਗੜ੍ਹ ਚੂੜੀਆਂ ਦੀ ਜਮਾਤ ਸੱਤਵੀਂ (ਸੈਕਸ਼ਨ ਬੀ) ਦੀ ਹੋਣਹਾਰ ਵਿਦਿਆਰਥਣ ਗੁਰਨਸੀਬ ਕੌਰ ਨੇ ਪੰਜਾਬ ਪੱਧਰ 'ਤੇ ਕਰਵਾਏ ਗਏ ਧਾਰਮਿਕ ਕੀਰਤਨ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।ਗੁਰਨਸੀਬ ਕੌਰ ਨੇ ਗੁਰੂ ਕੀ ਰਸੋਈ, ਪਿੰਡ ਖੇਰੜ ਅੱਛਰਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਕਰਵਾਏ ਗਏ ਇਸ ਮੁਕਾਬਲੇ ਵਿੱਚ ਪਰਤਾਲ ਗਾਇਨ ਸ਼ੈਲੀ ਰਾਹੀਂ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਸ ਪ੍ਰਾਪਤੀ ਲਈ ਵਿਦਿਆਰਥਣ ਨੂੰ ਇੱਕ ਲੱਖ ਰੁਪਏ ਦਾ ਨਕਦ ਇਨਾਮ ਵੀ ਪ੍ਰਾਪਤ ਹੋਇਆ।ਇਸ ਮਾਣਮੱਤੀ ਪ੍ਰਾਪਤੀ ਲਈ ਅੱਜ ਸਕੂਲ 'ਚ ਕਰਵਾਏ ਗਏ ਵਿਸ਼ੇਸ਼ ਪ੍ਰੋਗਰਾਮ ਦੌਰਾਨ ਫਤਿਹਗੜ੍ਹ ਚੂੜੀਆਂ ਦੇ ਤਹਿਸੀਲਦਾਰ ਜਸਵਿੰਦਰ ਸਿੰਘ, ਨਾਇਬ ਤਹਿਸੀਲਦਾਰ ਮਨੀ ਮਹਾਜਨ, ਡੀ. ਡੀ. ਆਈ. ਸਕੂਲ ਦੇ ਐੱਮ. ਡੀ. ਇੰਦਰਜੀਤ ਸਿੰਘ ਭਾਟੀਆ, ਡਾਇਰੈਕਟਰ ਐਕਮੀ ਭਾਟੀਆ ਅਤੇ ਪ੍ਰਿੰ. ਸਵਲੀਨ ਭਾਟੀਆ ਵਲੋਂ ਗੁਰਨਸੀਬ ਕੌਰ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਤਹਿਸੀਲਦਾਰ ਜਸਵਿੰਦਰ ਸਿੰਘ ਅਤੇ ਨਾਇਬ ਤਹਿਸੀਲਦਾਰ ਮਨੀ ਮਹਾਜਨ ਨੇ ਗੁਰਨਸੀਬ ਕੌਰ ਦੀ ਪ੍ਰਾਪਤੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਧਾਰਮਿਕ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਵਿਦਿਆਰਥੀਆਂ ਦੀ ਭਾਗੀਦਾਰੀ ਉਨ੍ਹਾਂ ਅੰਦਰ ਚੰਗੇ ਸੰਸਕਾਰ, ਅਨੁਸ਼ਾਸਨ ਅਤੇ ਆਤਮ-ਵਿਸ਼ਵਾਸ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ।ਅਜਿਹੇ ਮੁਕਾਬਲੇ ਵਿਦਿਆਰਥੀਆਂ ਨੂੰ ਆਪਣੀ ਕਲਾ ਅਤੇ ਪ੍ਰਤਿਭਾ ਨੂੰ ਵੱਡੇ ਮੰਚ 'ਤੇ ਪੇਸ਼ ਕਰਨ ਦਾ ਮੌਕਾ ਦਿੰਦੇ ਹਨ।ਉਨ੍ਹਾਂ ਕਿਹਾ ਕਿ ਡੀ.ਡੀ.ਆਈ ਸਕੂਲ ਦੇ ਵਿਦਿਆਰਥੀ ਵੱਖ-ਵੱਖ ਗਤੀਵਿਧੀਆਂ ਅਤੇ ਮੁਕਾਬਲਿਆਂ 'ਚ ਹਿੱਸਾ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ ਅਤੇ ਇਲਾਕੇ ਦਾ ਨਾਮ ਪੂਰੇ ਪੰਜਾਬ 'ਚ ਰੋਸ਼ਨ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਸਕੂਲ ਅਧਿਆਪਕਾਂ ਵਲੋਂ ਬੱਚਿਆਂ ਤੋਂ ਕਰਵਾਈ ਜਾ ਰਹੀ ਮਿਹਨਤ ਕਾਬਿਲੇ ਤਾਰੀਫ ਹੈ ਅਤੇ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਇਸ ਸਕੂਲ ਦੇ ਵਿਦਿਆਰਥੀ ਭਵਿੱਖ 'ਚ ਵੀ ਖੇਡਾਂ ਅਤੇ ਹੋਰ ਗਤੀਵਿਧੀਆਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਨਗੇ।ਇਸ ਮੌਕੇ ਸਕੂਲ ਦੇ ਐੱਮ. ਡੀ. ਇੰਦਰਜੀਤ ਸਿੰਘ ਭਾਟੀਆ ਅਤੇ ਪ੍ਰਿੰ. ਸਵਲੀਨ ਭਾਟੀਆ ਨੇ ਕਿਹਾ ਕਿ ਗੁਰਨਸੀਬ ਕੌਰ ਦੀ ਇਹ ਪ੍ਰਾਪਤੀ ਹੋਰਨਾਂ ਵਿਦਿਆਰਥੀਆਂ ਲਈ ਵੀ ਪ੍ਰੇਰਨਾ ਦਾ ਸਰੋਤ ਹੈ।ਉਨ੍ਹਾਂ ਨੇ ਵਿਦਿਆਰਥਣ ਦੇ ਉਂਜਵਲ ਭਵਿੱਖ ਦੀ ਕਾਮਨਾ ਕਰਦਿਆਂ ਕਿਹਾ ਕਿ ਸਕੂਲ ਵੱਲੋਂ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਧਾਰਮਿਕ, ਸੱਭਿਆਚਾਰਕ ਅਤੇ ਹੋਰ ਸਿਰਜਣਾਤਮਕ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਸਕੂਲ ਦੇ ਵਿਦਿਆਰਥੀ ਜਿਥੇ ਪੜ੍ਹਾਈ 'ਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ, ਉੱਥੇ ਨਾਲ ਹੀ ਖੇਡਾਂ ਅਤੇ ਹੋਰ ਗਤੀਵਿਧੀਆਂ 'ਚ ਵੀ ਸਕੂਲ ਦਾ ਨਾਮ ਰੋਸ਼ਨ ਕਰ ਰਹੇ ਹਨ।ਅੰਤ 'ਚ ਉਨ੍ਹਾਂ ਵਿਦਿਆਰਥਣ ਗੁਰਨਸੀਬ ਕੌਰ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਭਗਤ ਰਵਿਦਾਸ ਜੀ ਨੂੰ ਸਮਰਪਿਤ ਹੋਵੇਗਾ ਪੰਜਾਬੀ ਹਫ਼ਤਾ : ਡਾ. ਗੁਰਜੀਤ ਸਿੰਘ

ਧਾਰੀਵਾਲ (ਮਨਦੀਪ ਵਿੱਕੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਪ੍ਰਿੰਸੀਪਲ ਡਾ.ਗੁਰਜੀਤ ਸਿੰਘ ਦੀ ਦੇਖ-ਰੇਖ ਹੇਠ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਕਾਲਜ ਦੇ ਪੰਜਾਬੀ ਵਿਭਾਗ ਵੱਲੋਂ ਹਰ ਸਾਲ ਦੀ ਤਰ੍ਹਾਂ 2 ਨਵੰਬਰ ਤੋਂ 7 ਨਵੰਬਰ ਤੱਕ ਪੰਜਾਬੀ ਹਫ਼ਤਾ ਮਨਾਇਆ ਜਾ ਰਿਹਾ ਹੈ।ਹਰ ਸਾਲ ਪੰਜਾਬੀ ਹਫ਼ਤਾ ਮਨਾਉਣ ਦਾ ਉਦੇਸ਼ ਅਜੋਕੇ ਵਿਦਿਆਰਥੀ ਵਰਗ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਜੋੜਦੇ ਹੋਏ ਉਨ੍ਹਾਂ ਦੇ ਗਿਆਨ ਅਤੇ ਹੁਨਰ ਨੂੰ ਰੁਸ਼ਨਾਉਣਾ ਹੈ ਤਾਂ ਕਿ ਉਹ ਭਵਿੱਖ ਵਿੱਚ ਚੰਗੇ ਇਨਸਾਨ ਬਣਨ ਅਤੇ ਆਪਣੀ ਮੰਜ਼ਿਲ ਤੇ ਪਹੁੰਚ ਕੇ ਮਾਂ ਬੋਲੀ ਅਤੇ ਦੇਸ਼ ਦੀ ਸੇਵਾ ਕਰਨ ਵਿੱਚ ਆਪਣਾ ਸਾਰਥਕ ਯੋਗਦਾਨ ਪਾ ਸਕਣ।ਕਾਲਜ ਪ੍ਰਿੰਸੀਪਲ ਡਾ.ਗੁਰਜੀਤ ਸਿੰਘ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਕਾਲਜ ਵਿੱਚ ਵਿਦਿਆਰਥੀਆਂ ਨੂੰ ਮਾਤ ਭਾਸ਼ਾ ਨਾਲ ਜੁੜੇ ਰਹਿ ਕੇ ਆਪਣੀ ਕਲਾ ਅਤੇ ਪ੍ਰਤਿਭਾ ਨੂੰ ਨਿਖਾਰਨ ਦੇ ਮੌਕੇ ਮੁਹੱਈਆ ਕਰਵਾਏ ਜਾਂਦੇ ਹਨ।ਇਸ ਸਾਲ 2 ਨਵੰਬਰ ਤੋਂ 7 ਨਵੰਬਰ 2026 ਤੱਕ ਮਨਾਇਆ ਜਾਣ ਵਾਲਾ ਪੰਜਾਬੀ ਹਫ਼ਤਾ ਭਗਤ ਰਵਿਦਾਸ ਜੀ ਨੂੰ ਸਮਰਪਿਤ ਹੋਵੇਗਾ।ਕਾਲਜ ਦੇ ਪੰਜਾਬੀ ਵਿਭਾਗ ਵੱਲੋਂ 2 ਤੋਂ 6 ਨਵੰਬਰ ਤੱਕ ਕ੍ਰਮਵਾਰ ਭਗਤ ਰਵਿਦਾਸ ਜੀ ਨਾਲ ਸਬੰਧਤ ਸ਼ਬਦ ਗਾਇਨ ਮੁਕਾਬਲੇ, ਭਾਸ਼ਣ ਤੇ ਕਵਿਤਾ ਉਚਾਰਨ ਮੁਕਾਬਲੇ,ਪੋਸਟਰ ਮੇਕਿੰਗ, ਨਾਅਰਾ ਲੇਖਣ, ਚਿੱਤਰਕਾਰੀ ਮੁਕਾਬਲੇ, ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਜਾਣਗੇ।ਇਨ੍ਹਾਂ ਮੁਕਾਬਲਿਆਂ ਰਾਹੀਂ ਵਿਦਿਆਰਥੀਆਂ ਨੂੰ ਭਗਤ ਰਵਿਦਾਸ ਜੀ ਦੇ ਜੀਵਨ, ਬਾਣੀ ਅਤੇ ਵਿਚਾਰਧਾਰਾ ਬਾਰੇ ਜਾਨਣ ਦਾ ਮੌਕਾ ਮਿਲੇਗਾ।7 ਨਵੰਬਰ ਨੂੰ ਬਾਣੀਏ ਭਗਤ ਰਵਿਦਾਸ ਜੀ ਵਿਸ਼ੇ ਤੇ ਅੰਤਰਰਾਸ਼ਟਰੀ ਸੈਮੀਨਾਰ ਕਰਵਾਇਆ ਜਾਵੇਗਾ।ਸਮੁੱਚੇ ਪ੍ਰੋਗਰਾਮ ਦੇ ਕੋਆਰਡੀਨੇਟਰ ਵਿਭਾਗ ਮੁਖੀ ਡਾ. ਆਤਮਾ ਸਿੰਘ ਨੇ ਕਿਹਾ ਕਿ ਪੰਜਾਬੀ ਹਫ਼ਤਾ ਮਨਾਉਣ ਸਬੰਧੀ ਰੂਪ ਰੇਖਾ ਤਿਆਰ ਕਰ ਲਈ ਗਈ ਹੈ ਤੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।

ਲਾਅ ਦੀਆਂ ਵਿਦਿਆਰਥਣਾਂ ਵੱਲੋਂ 'ਵਰਸਿਟੀ ਇਮਤਿਹਾਨਾਂ 'ਚ ਸ਼ਾਨਦਾਰ ਪ੍ਰਦਰਸ਼ਨ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਖਾਲਸਾ ਕਾਲਜ ਆਫ਼ ਲਾਅ ਦੀਆਂ ਵਿਦਿਆਰਥਣਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਲਈ ਗਈ ਬੀ. ਕਾਮ. ਐਲ. ਐਲ. ਬੀ. (ਪੰਜ ਸਾਲਾ) ਕੋਰਸ ਸਮੈਸਟਰ ਚੌਥਾ ਦੇ ਇਮਤਿਹਾਨਾਂ 'ਚੋਂ ਸ਼ਾਨਦਾਰ ਸਥਾਨ ਪ੍ਰਾਪਤ ਕਰਕੇ ਕਾਲਜ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਉਕਤ ਇਮਤਿਹਾਨ 'ਚ ਕਾਲਜ ਵਿਦਿਆਰਥਣ ਸ਼ਾਇਨਪ੍ਰੀਤ ਕੌਰ ਅਤੇ ਸਿਮਰਪ੍ਰੀਤ ਕੌਰ ਨੇ 421—600 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ 'ਚੋਂ ਤੀਜਾ ਸਥਾਨ ਹਾਸਲ ਕੀਤਾ ਹੈ। ਇਸ ਮੌਕੇ ਡਾਇਰੈਕਟਰ—ਕਮ—ਪ੍ਰਿੰਸੀਪਲ ਪ੍ਰੋ. (ਡਾ.) ਜਸਪਾਲ ਸਿੰਘ ਨੇ ਆਪਣੇ ਦਫਤਰ ਵਿਖੇ ਉਕਤ ਵਿਦਿਆਰਥਣਾਂ ਦਾ ਮੂੰਹ ਮਿੱਠਾ ਕਰਵਾਉਣ ਉਪਰੰਤ ਕਿਹਾ ਕਿ ਕਾਲਜ ਦਾ ਵਧੀਆ ਨਤੀਜਾ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸਖ਼ਤ ਮਿਹਨਤ, ਲਗਨ ਅਤੇ ਮੈਨੇਜਮੈਂਟ ਵੱਲੋਂ ਸਿੱਖਿਆ ਦਾ ਵਧੀਆ ਵਾਤਾਵਰਣ ਪ੍ਰਦਾਨ ਕਰਨ ਕਰਕੇ ਹੀ ਸੰਭਵ ਹੋ ਸਕਿਆ ਹੈ। ਉਨ੍ਹਾਂ ਵਿਦਿਆਰਥਣਾਂ ਨੂੰ ਅਗਾਂਹ ਹੋਰ ਵੀ ਮਿਹਨਤ ਕਰਕੇ ਆਪਣਾ ਅਤੇ ਆਪਣੇ ਕਾਲਜ ਦਾ ਨਾਂ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਗੁਨੀਸ਼ਾ ਸਲੂਜਾ, ਡਾ. ਰਾਸ਼ਿਮਾ ਚੰਗੋਤਰਾ, ਡਾ. ਸੀਮਾ ਰਾਣੀ, ਡਾ. ਗੁਰਸ਼ਿੰਦਰ ਕੌਰ, ਪ੍ਰੋ. ਸੁਗਮ ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

ਐਨ ਕੇ ਫਾਰਮਾ ਕੈਮਿਸਟ ਦਾ ਡਰੱਗ ਲਾਇਸੈਂਸ ਰੱਦ, ਦੁਕਾਨ ਕੀਤੀ ਸੀਲ

ਐਸ ਏ ਐਸ ਨਗਰ (ਗੁਰਜੀਤ ਬਿੱਲਾ)-ਮੁਹਾਲੀ ਵਿੱਚ ਪਾਬੰਦੀਸ਼ੁਦਾ ਦਵਾਈਆਂ ਦੀ ਵਿਕਰੀ ਖਿਲਾਫ ਕਾਰਵਾਈ ਕਰਦਿਆਂ ਡਰੱਗ ਵਿਭਾਗ ਵੱਲੋਂ ਐਨ ਕੇ ਫਾਰਮਾ ਕੈਮਿਸਟ ਦਾ ਲਾਇਸੈਂਸ ਰੱਦ ਕਰ ਦਿੱਤਾ ਗਿਆ । ਇਸ ਦੇ ਨਾਲ ਹੀ ਕੈਮਿਸਟ ਦੀ ਦੁਕਾਨ ਨੂੰ ਸੀਲ ਵੀ ਕਰ ਦਿੱਤਾ ਗਿਆ। ਡੀ ਐਸ ਪੀ ਸਿਟੀ-2 ਹਰਸਿਮਰਨ ਸਿੰਘ ਬੱਲ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਡਰੱਗ ਇੰਸਪੈਕਟਰ ਅਤੇ ਥਾਣਾ ਫੇਜ਼ 11 ਦੇ ਮੁਖੀ ਅਮਨ ਬੈਦਵਾਨ ਦੀ ਟੀਮ ਵੱਲੋਂ ਉਕਤ ਕੈਮਿਸਟ ਦੀ ਦੁਕਾਨ ਤੇ ਛਾਪੇਮਾਰੀ ਕੀਤੀ ਗਈ ਸੀ। ਇਸ ਦੌਰਾਨ ਪੈਗਾਬਾਲਿਨ ਸਮੇਤ ਕਈ ਹੋਰ ਪਾਬੰਦੀਸ਼ੁਦਾ ਦਵਾਈਆਂ ਬਰਾਮਦ ਹੋਈਆਂ ਸਨ। ਉਹਨਾਂ ਕਿਹਾ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਡਰੱਗ ਇੰਸਪੈਕਟਰ ਵੱਲੋਂ ਕੈਮਿਸਟ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਗਿਆ ਸੀ। ਨੋਟਿਸ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਸੀ ਕਿ ਜੇਕਰ ਤਸੱਲੀਬਖਸ਼ ਜਵਾਬ ਨਾ ਮਿਲਿਆ ਤਾਂ ਲਾਇਸੈਂਸ ਮੁਅੱਤਲ ਜਾਂ ਰੱਦ ਕਰਨ ਸਬੰਧੀ ਕਾਰਵਾਈ ਕੀਤੀ ਜਾ ਸਕਦੀ ਹੈ। ਉਹਨਾਂ ਕਿਹਾ ਕਿ ਹੁਣ ਵਿਭਾਗ ਵੱਲੋਂ ਅਗਲੀ ਕਾਰਵਾਈ ਕਰਦਿਆਂ ਲਾਇਸੈਂਸ ਰੱਦ ਕਰ ਦਿੱਤਾ ਗਿਆ ਹੈ ਅਤੇ ਦੁਕਾਨ ਸੀਲ ਕਰ ਦਿੱਤੀ ਗਈ ਹੈ।

ਲਾਡੀ ਢੋਸ ਨੂੰ ਮੁੜ ਉਮੀਦਵਾਰ ਐਲਾਨਣ 'ਤੇ ਆਗੂਆਂ ਤੇ ਵਰਕਰਾਂ 'ਚ ਖ਼ੁਸ਼ੀ ਦੀ ਲਹਿਰ

ਕੋਟ ਈਸੇ ਖਾਂ (ਅਰੋੜਾ)-ਪੰਜਾਬ ਵਿੱਚ ਅਗਲੇ ਸਾਲ 2027 'ਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਆਮ ਆਦਮੀ ਪਾਰਟੀ ਵੱਲੋਂ ਆਪਣੀ ਪਹਿਲੀ ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ ਗਈ ਹੈ।

ਇਸ ਸੂਚੀ ਵਿੱਚ ਵਿਧਾਨ ਸਭਾ ਹਲਕਾ ਧਰਮਕੋਟ ਤੋਂ ਮੌਜੂਦਾ ਵਿਧਾਇਕ ਸ. ਦਵਿੰਦਰਜੀਤ ਸਿੰਘ ਲਾਡੀ ਢੋਸ ਨੂੰ ਮੁੜ ਪਾਰਟੀ ਦਾ ਉਮੀਦਵਾਰ ਐਲਾਨੇ ਜਾਣ 'ਤੇ ਹਲਕੇ ਦੇ ਆਮ ਆਦਮੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਵਿੱਚ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।ਇਸ ਮੌਕੇ ਨਗਰ ਪੰਚਾਇਤ ਕੋਟ ਈਸੇ ਖਾਂ ਦੇ ਪ੍ਰਧਾਨ ਸਚਿਨ ਧੀਰ, ਵਾਈਸ ਪ੍ਰਧਾਨ ਕਿਰਨ ਦੇ ਪਤੀ ਤੇ ਸੀਨੀਅਰ ਆਪ ਆਗੂ ਵਿਜੇ ਭਾਊ, ਦੇਸ ਰਾਜ ਟੱਕਰ, ਵਾਰਡ ਨੰਬਰ 7 ਤੋਂ ਐੱਮ ਸੀ ਸੁਖਮਜੀਤ ਦੇ ਪਤੀ ਤੇ ਆਪ ਆਗੂ ਅਮਨਦੀਪ (ਅਮਨ) ਟੱਕਰ, ਪ੍ਰਦੀਪ ਪਲਤਾ, ਕੌਂਸਲਰ ਸੁੱਚਾ ਪੂਰਬਾ, ਬਿਕਰਮਜੀਤ, ਗੁਰਬੇਜ ਸਿੰਘ ਆਦਿ ਆਗੂ ਤੇ ਵਰਕਰਾਂ ਵੱਲੋਂ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦਾ ਮੂੰਹ ਮਿੱਠਾ ਕਰਵਾ ਕੇ ਉਨ੍ਹਾਂ ਨੂੰ ਵਧਾਈ ਦਿੱਤੀ ਗਈ।ਇਸ ਦੌਰਾਨ ਆਗੂਆਂ ਤੇ ਵਰਕਰਾਂ ਨੇ ਪਾਰਟੀ ਹਾਈਕਮਾਂਡ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਲਾਡੀ ਢੋਸ ਨੂੰ ਮੁੜ ਉਮੀਦਵਾਰ ਐਲਾਨੇ ਜਾਣ ਨਾਲ ਪਾਰਟੀ ਵਰਕਰਾਂ ਵਿੱਚ ਨਵਾਂ ਜੋਸ਼ ਤੇ ਉਤਸ਼ਾਹ ਪੈਦਾ ਹੋਇਆ ਹੈ।ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਲਿਆ ਗਿਆ ਇਹ ਫੈਸਲਾ ਧਰਮਕੋਟ ਹਲਕੇ ਦੇ ਵਰਕਰਾਂ ਲਈ ਖ਼ੁਸ਼ੀ ਵਾਲੀ ਗੱਲ ਹੈ।ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਸਮੂਹ ਆਗੂ ਤੇ ਵਰਕਰ ਇਕਜੁੱਟ ਹੋ ਕੇ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਨਗੇ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਜਿੱਤ ਯਕੀਨੀ ਬਣਾਉਣ ਲਈ ਪੂਰੀ ਮਿਹਨਤ ਕਰਨਗੇ।ਇਸ ਮੌਕੇ ਸਮੂਹ ਹਾਜ਼ਰੀਨ ਵੱਲੋਂ ਵਿਧਾਇਕ ਲਾਡੀ ਢੋਸ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਕਿਹਾ ਕਿ ਪਹਿਲਾਂ ਦੀ ਤਰ੍ਹਾਂ ਡੱਟ ਕੇ ਸਾਥ ਦਿੱਤਾ ਜਾਵੇਗਾ।ਇਸ ਦੌਰਾਨ ਵਿਧਾਇਕ ਢੋਸ ਵੱਲੋਂ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਵਿਸ਼ਵਾਸ ਦਿਵਾਇਆ ਕਿ ਹਲਕੇ ਦੇ ਵਿਕਾਸ ਕਾਰਜ ਜਾਰੀ ਰਹਿਣਗੇ।

ਉੱਤਰ ਰੇਲਵੇ

ਈ-ਨਿਵਿਦਾ ਸੂਚਨਾ

ਨਿਵਿਦਾ ਨੰਬਰ: 174,175-2026-27-ADEN-2-FZR & 176,177,178,187-2026-27-ADEN-1-FZR **ਤਾਰੀਕ :** 30.10.2026

ਮੰਡਲ ਇੰਜੀਨੀਅਰ-ਹੈਡਕੁਆਟਰ/ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਟਾਈਟਲ ਵਾਲੀਆਂ ਈ-ਟੈਂਡਰਾਂ ਦੀ ਮੰਗ ਕਰਦੇ ਹਨ ਜੋ www.ireps.gov.in 'ਤੇ ਉਪਲਬਧ ਹਨ ਅਤੇ ਜਿਨ੍ਹਾਂ ਦੇ ਬੰਦ ਹੋਣ ਦੀ ਮਿਤੀ 20.11.2026 ਦੁਪਹਿਰ15:00 ਵਜੇ ਤਕ ਹੈ।ਨਿਵਿਦਾਕਰਤਾ ਕੇਵਲ ਨਿਵਿਦਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਹੀ ਆਪਣੇ ਮੂਲ/ਸੰਸ਼ੋਧਿਤ ਨਿਵਿਦਾਵਾਂ ਪੇਸ਼ ਕਰ ਸਕਦੇ ਹਨ। ਇਸ ਨਿਵਿਦਾ ਦੇ ਵਿਰੁਧ ਮੈਨੂੰਅਲ ਪ੍ਰਸਤਾਵ ਦੀ ਇਜਾਜਤ ਨਹੀਂ ਹੈ ਅਤੇ ਪ੍ਰਾਪਤ ਹੋਣ ਵਾਲੇ ਐਸੇ ਕਿਸੇ ਵੀ ਮੈਨੂੰਅਲ ਪ੍ਰਸਤਾਵ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰਾਂ ਇਸ ਨਿਵਿਦਾ ਦੇ ਲਈ ਨਿਵਿਦਾ ਫਾਰਮ ਫੀਸ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਭੁਗਤਾਨ ਮੋਡ ਦੇ ਮਾਧਿਅਮ ਨਾਲ ਕਰਨ ਦੀ ਇਜਾਜਤ ਹੈ। ਨੈਟ ਬੈਂਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਆਦਿ ਜਿਵੇਂ ਪੋਰਟਲ, ਡਿਮਾਂਡ ਡ੍ਰਾਫਟ ਬੈਂਕਰ ਚੈਕ, ਜਮ੍ਹਾ ਰਸੀਦਾਂ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜਾਜਤ ਨਹੀਂ ਹੈ। ਵਧੇਰੇ ਜਾਣਕਾਰੀ ਦੇ ਲਈ www.ireps.gov.in. ਲਾਗ ਇਨ ਕਰੋ

ਨਿਵਿਦਾ ਪ੍ਰਕਾਰ	ਨਿਵਿਦਾ ਅਨੁਭਾਗ	ਬੋਲੀ ਪ੍ਰਣਾਲੀ
ਖੁਲ੍ਹਾ	ਕੰਮ	ਸਿੰਗਲ ਪੈਕੇਟ ਪ੍ਰਣਾਲੀ
ਨਿਵਿਦਾ ਅਪਲੋਡ ਕਰਨ ਦੀ ਮਿਤੀ	**ਬੋਲੀ ਸ਼ੁਰੂ ਦੀ ਮਿਤੀ**	**ਨਿਵਿਦਾ ਸਮਾਪਨ ਦੀ ਮਿਤੀ ਅਤੇ ਸਮਾਂ**
28.10.2026	06.11.2026	20.11.2026 15:00 ਵਜੇ

ਲੜੀ ਨੰਬਰ	ਨਿਵਿਦਾ ਸੰਖਿਆ, ਮਿਤੀ	ਨਿਵਿਦਾ ਦਾ ਵੇਰਵਾ
1.	174-2026-27-ADEN-2-FZR	ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਫਿਰੋਜਪੁਰ ਦੇ ਤਹਿਤ ਸੀਨੀਅਰ ਅਨੁਭਾਗੀ / ਕੰਮ/ ਜਲਾਲਾਬਾਦ ਸੈਕਸ਼ਨ ਵਿਚ, ਫਿਰੋਜਪੁਰ ਸਿਟੀ ਤੋਂ ਫਾਜਿਲਕਾ ਅਤੇ ਅਬੋਹਰ ਤੋਂ ਫਾਜਿਲਕਾ (ਇਸ ਨੂੰ ਛੱਡ ਕੇ) ਤੋਂ ਫਿਰੋਜਪੁਰ ਸਿਟੀ ਤਕ ਦੇ ਰੇਲ ਸੈਕਸ਼ਨ (ਜੋਨ-1) ਵਿਚ ਸਟੇਸ਼ਨ ਭਵਨਾਂ ਅਤੇ ਹੋਰ ਸਰਵਿਸ ਭਵਨਾਂ ਦੀ ਸਾਧਾਰਨ ਮੁਰੰਮਤ ਅਤੇ ਰਖਰਖਾਅ, ਨਾਲ ਹੀ ਮੌਜੂਦਾ ਢਾਂਚੇ ਵਿਚ ਨਵੀਂ ਉਸਾਰੀ, ਵਿਸਤਾਰ, ਬਦਲਾਅ ਅਤੇ ਐਮਰਜੈਂਸੀ ਕੰਮ (2026-27)।
		ਵਿਗਿਆਪਨ ਮੁੱਲ (ਰੁ): 8998531.26 · ਬਿਆਨਾ ਰਾਸ਼ੀ: 180000.00 · ਆਫਰ ਦੀ ਵੈਲੇਡਿਟੀ: 60 ਦਿਨ · ਸਮਾਪਨ ਦੀ ਅਵਧੀ: 12 ਮਹੀਨੇ
		ਸਮਾਨ ਨੇਚਰ ਦਾ ਕੰਮ: "ਟ੍ਰੈਕ ਦੇ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"
2.	175-2026-27-ADEN-2-FZR	ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਫਿਰੋਜਪੁਰ ਦੇ ਤਹਿਤ ਸੀਨੀਅਰ ਅਨੁਭਾਗੀ / ਕੰਮ/ ਲੋਹੀਯਾਂ ਖਾਸ ਸੈਕਸ਼ਨ ਅਨੁਭਾਗ ਦੇ ਤਹਿਤ ਫਿਰੋਜਪੁਰ ਨੂੰ (ਇਸ ਨੂੰ ਛੱਡ ਕੇ) ਜਾਲੰਧਰ ਸ਼ਹਿਰ (ਛੱਡ ਕੇ) ਸੈਕਸ਼ਨ (ਜੋਨ-2) ਵਿਚ ਸਟੇਸ਼ਨ ਭਵਨਾਂ ਅਤੇ ਹੋਰ ਸਰਵਿਸ ਭਵਨਾਂ ਦੀ ਸਾਧਾਰਨ ਮੁਰੰਮਤ ਅਤੇ ਰਖਰਖਾਅ, ਨਾਲ ਹੀ ਮੌਜੂਦਾ ਢਾਂਚੇ ਵਿਚ ਨਵੀਂ ਉਸਾਰੀ, ਵਿਸਤਾਰ, ਬਦਲਾਅ ਅਤੇ ਐਮਰਜੈਂਸੀ ਕੰਮ (2026-27)।
		ਵਿਗਿਆਪਨ ਮੁੱਲ (ਰੁ): 4999150.39 · ਬਿਆਨਾ ਰਾਸ਼ੀ: 100000.00 · ਆਫਰ ਦੀ ਵੈਲੇਡਿਟੀ: 60 ਦਿਨ · ਸਮਾਪਨ ਦੀ ਅਵਧੀ: 12 ਮਹੀਨੇ
		ਸਮਾਨ ਨੇਚਰ ਦਾ ਕੰਮ: "ਕੋਈ ਕੰਮ ਨਹੀਂ।"
3.	176-2026-27-ADEN-1-FZR	ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਸੀਨੀਅਰ ਅਨੁਭਾਗੀ / ਕੰਮ/ ਕੋਟਕਪੁਰਾ ਦੇ ਸੈਕਸ਼ਨ ਵਿਚ ਫਿਰੋਜਪੁਰ ਨੂੰ (ਇਸ ਨੂੰ ਛੱਡ ਕੇ) ਬਠਿੰਡਾ (ਛੱਡ ਕੇ) ਅਤੇ ਕੋਟਕਪੁਰਾ-ਫਾਜਿਲਕਾ (ਤੱਡ ਕੇ) ਸੈਕਸ਼ਨ (ਜੋਨ ਨੰਬਰ-4) ਵਿਚ ਸਟੇਸ਼ਨ ਭਵਨਾਂ ਅਤੇ ਹੋਰ ਸਰਵਿਸ ਭਵਨਾਂ ਦੀ ਸਾਧਾਰਨ ਮੁਰੰਮਤ ਅਤੇ ਰਖਰਖਾਅ, ਨਾਲ ਹੀ ਮੌਜੂਦਾ ਢਾਂਚੇ ਵਿਚ ਨਵੀਂ ਉਸਾਰੀ, ਵਿਸਤਾਰ, ਬਦਲਾਅ ਅਤੇ ਐਮਰਜੈਂਸੀ ਕੰਮ (2026-27)।
		ਵਿਗਿਆਪਨ ਮੁੱਲ (ਰੁ): 8999356.59 · ਬਿਆਨਾ ਰਾਸ਼ੀ: 180000.00 · ਆਫਰ ਦੀ ਵੈਲੇਡਿਟੀ: 60 ਦਿਨ · ਸਮਾਪਨ ਦੀ ਅਵਧੀ: 12 ਮਹੀਨੇ
		ਸਮਾਨ ਨੇਚਰ ਦਾ ਕੰਮ: "ਟ੍ਰੈਕ ਦੇ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"
4.	177-2026-27-ADEN-1-FZR	ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਸੀਨੀਅਰ ਅਨੁਭਾਗੀ / ਕੰਮ/ ਜਗਰਾਂਵ ਦੇ ਸੈਕਸ਼ਨ ਵਿਚ ਤਲਵੰਡੀ (ਛੱਡ ਕੇ) ਲੁਧਿਆਣਾ (ਛੱਡ ਕੇ) ਸੈਕਸ਼ਨ (ਜੋਨ ਨੰਬਰ-5) ਵਿਚ ਸਟੇਸ਼ਨ ਭਵਨਾਂ ਅਤੇ ਹੋਰ ਸਰਵਿਸ ਭਵਨਾਂ ਦੀ ਸਾਧਾਰਨ ਮੁਰੰਮਤ ਅਤੇ ਰਖਰਖਾਅ, ਨਾਲ ਹੀ ਮੌਜੂਦਾ ਢਾਂਚੇ ਵਿਚ ਨਵੀਂ ਉਸਾਰੀ, ਵਿਸਤਾਰ, ਬਦਲਾਅ ਅਤੇ ਐਮਰਜੈਂਸੀ ਕੰਮ (2026-27)।
		ਵਿਗਿਆਪਨ ਮੁੱਲ (ਰੁ): 8999111.36 · ਬਿਆਨਾ ਰਾਸ਼ੀ: 180000.00 · ਆਫਰ ਦੀ ਵੈਲੇਡਿਟੀ: 60 ਦਿਨ · ਸਮਾਪਨ ਦੀ ਅਵਧੀ: 12 ਮਹੀਨੇ
		ਸਮਾਨ ਨੇਚਰ ਦਾ ਕੰਮ: "ਟ੍ਰੈਕ ਦੇ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"
5.	178-2026-27-ADEN-1-FZR	ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਸੀਨੀਅਰ ਅਨੁਭਾਗੀ / ਕੰਮ/ ਫਿਰੋਜਪੁਰ ਸੈਕਸ਼ਨ ਵਿਚ ਫਿਰੋਜਪੁਰ ਦੀ ਕਾਲੋਨੀ ਨੰਬਰ 1 ਅਤੇ 2 ਵਿਚ ਸਟੇਸ਼ਨ ਸਾਧਾਰਨ ਮੁਰੰਮਤ ਅਤੇ ਰਖਰਖਾਅ, ਨਾਲ ਹੀ ਮੌਜੂਦਾ ਢਾਂਚੇ ਵਿਚ ਨਵੀਂ ਉਸਾਰੀ, ਵਿਸਤਾਰ, ਬਦਲਾਅ ਅਤੇ ਐਮਰਜੈਂਸੀ ਕੰਮ (2026-2027)।
		ਵਿਗਿਆਪਨ ਮੁੱਲ (ਰੁ): 8998367.70 · ਬਿਆਨਾ ਰਾਸ਼ੀ: 180000.00 · ਆਫਰ ਦੀ ਵੈਲੇਡਿਟੀ: 60 ਦਿਨ · ਸਮਾਪਨ ਦੀ ਅਵਧੀ: 12 ਮਹੀਨੇ
		ਸਮਾਨ ਨੇਚਰ ਦਾ ਕੰਮ: "ਟ੍ਰੈਕ ਦੇ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"
6.	187-2026-27-ADEN-1-FZR	ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਸੀਨੀਅਰ ਅਨੁਭਾਗੀ / ਕੰਮ/ ਫਿਰੋਜਪੁਰ ਸੈਕਸ਼ਨ ਵਿਚ ਫਿਰੋਜਪੁਰ ਦੀ (ਜੋਨ ਨੰਬਰ-2) ਦੀ ਕਾਲੋਨੀ ਨੰਬਰ 3 ਅਤੇ 4 ਵਿਚ ਸਾਧਾਰਨ ਮੁਰੰਮਤ ਅਤੇ ਰਖਰਖਾਅ, ਨਾਲ ਨਵੀਂ ਉਸਾਰੀ, ਮੌਜੂਦਾ ਢਾਂਚੇ ਵਿਚ ਵਿਸਤਾਰ, ਬਦਲਾਅ ਅਤੇ ਐਮਰਜੈਂਸੀ ਕੰਮ (2026-2027)।
		ਵਿਗਿਆਪਨ ਮੁੱਲ (ਰੁ): 8995514.01 · ਬਿਆਨਾ ਰਾਸ਼ੀ: 179900.00 · ਆਫਰ ਦੀ ਵੈਲੇਡਿਟੀ: 60 ਦਿਨ · ਸਮਾਪਨ ਦੀ ਅਵਧੀ: 12 ਮਹੀਨੇ
		ਸਮਾਨ ਨੇਚਰ ਦਾ ਕੰਮ: "ਟ੍ਰੈਕ ਦੇ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ।
2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

ਨੰ.: 770-W/169/WA/FZR/2026-27 ਤਾਰੀਕ : 30.10.2026 3821/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਤਿਉਹਾਰਾਂ ਦੇ ਮੱਦੇਨਜ਼ਰ ਸ਼ਹਿਰ 'ਚ ਸਫ਼ਾਈ ਦੇ ਪੁਖ਼ਤਾ ਪ੍ਰਬੰਧ ਕਰਨ ਦੇ ਨਿਰਦੇਸ਼ : ਮਨਪ੍ਰੀਤ ਬਾਂਸਲ

ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)-ਤਿਉਹਾਰਾਂ ਦੇ ਮੱਦੇਨਜ਼ਰ ਸ਼ਹਿਰ ਵਿੱਚ ਸਫ਼ਾਈ ਵਿਵਸਥਾ ਨੂੰ ਸੁਚਾਰੂ ਬਣਾਉਣ ਲਈ ਨਗਰ ਕੌਂਸਲ ਪ੍ਰਧਾਨ ਸ੍ਰੀ ਮਨਪ੍ਰੀਤ ਬਾਂਸਲ ਵੱਲੋਂ ਸਬੰਧਤ ਅਧਿਕਾਰੀਆਂ ਤੇ ਸਫ਼ਾਈ ਕਰਮਚਾਰੀਆਂ ਨੂੰ ਸ਼ਹਿਰ ਵਿੱਚ ਸਫ਼ਾਈ ਦੇ ਪੂਰੇ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।ਉਨ੍ਹਾਂ ਕਿਹਾ ਕਿ ਤਿਉਹਾਰਾਂ ਦੇ ਦਿਨਾਂ ਵਿੱਚ ਸ਼ਹਿਰ ਦੇ ਬਾਜ਼ਾਰਾਂ, ਮੁੱਖ ਸੜਕਾਂ, ਗਲੀਆਂ ਤੇ ਜਨਤਕ ਥਾਵਾਂ ਦੀ ਵਿਸ਼ੇਸ਼ ਸਫ਼ਾਈ ਯਕੀਨੀ ਬਣਾਈ ਜਾਵੇ।ਮਨਪ੍ਰੀਤ ਬਾਂਸਲ ਨੇ ਕਿਹਾ ਕਿ ਤਿਉਹਾਰਾਂ ਦੇ ਮੌਕੇ ਸ਼ਹਿਰ ਵਿੱਚ ਲੋਕਾਂ ਦੀ ਆਵਾਜਾਈ ਵਧ ਜਾਂਦੀ ਹੈ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਸਫ਼ਾਈ ਪ੍ਰਬੰਧਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਨਗਰ ਕੌਂਸਲ ਵੱਲੋਂ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣ ਲਈ ਲਗਾਤਾਰ ਉਪਰਾਲੇ ਕੀਤੇ ਜਾਣਗੇ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੀ ਸਫ਼ਾਈ ਮੁਹਿੰਮ ਵਿੱਚ ਆਪਣਾ ਯੋਗਦਾਨ ਪਾਉਣ ਤੇ ਕੂੜਾ ਇੱਧਰ-ਉੱਧਰ ਸੁੱਟਣ ਦੀ ਬਜਾਏ ਨਿਰਧਾਰਤ ਥਾਵਾਂ 'ਤੇ ਹੀ ਪਾਉਣ।ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਸੁਨਾਮ ਸ਼ਹਿਰ ਨੂੰ ਤਿਉਹਾਰਾਂ ਮੌਕੇ ਹੋਰ ਵੀ ਸੁੰਦਰ, ਸਾਫ਼-ਸੁਥਰਾ ਤੇ ਖ਼ੂਬਸੂਰਤ ਬਣਾਇਆ ਜਾਵੇਗਾ।

ਖ਼ਾਲਸਾ ਕਾਲਜ 'ਚ ਪ੍ਰਕਾਸ਼ ਪੁਰਬ ਦੇ ਸਬੰਧ 'ਚ ਕਰਵਾਏ ਪੇਂਟਿੰਗ ਮੁਕਾਬਲੇ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)—ਖਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ 'ਚ ਕਰਵਾਏ ਗਏ ਪੇਂਟਿੰਗ ਮੁਕਾਬਲੇ 'ਚ ਸ਼ਾਨਦਾਰ ਸਥਾਨ ਹਾਸਲ ਕੀਤਾ ਹੈ। ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ, ਅੰਮ੍ਰਿਤਸਰ ਵਿਖੇ 'ਤੇਜਾ ਸਿੰਘ ਸਮੁੰਦਰੀ ਹਾਲ ਦਾ ਦ੍ਰਿਸ਼' ਵਿਸ਼ੇ 'ਤੇ ਆਯੋਜਿਤ ਉਕਤ ਮੁਕਾਬਲੇ ਦੌਰਾਨ ਕਾਲਜ ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ ਦੂਜਾ ਸਥਾਨ ਅਤੇ ਅੰਗਦਦੀਪ ਸਿੰਘ ਨੂੰ ਕੌਂਸੋਲੇਸ਼ਨ ਇਨਾਮ (ਵਿਸ਼ੇਸ਼ ਹੌਸਲਾ—ਅਫ਼ਜ਼ਾਈ ਪੁਰਸਕਾਰ) ਨਾਲ ਸਨਮਾਨਿਆ ਗਿਆ। ਇਸ ਸਬੰਧੀ ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਉਕਤ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਮੁਕਾਬਲੇ ਦਾ ਵਿਸ਼ਾ 'ਤੇਜਾ ਸਿੰਘ ਸਮੁੰਦਰੀ ਹਾਲ ਦਾ ਦ੍ਰਿਸ਼' ਸੀ, ਜਿਨ੍ਹਾਂ ਦੀ ਸਿੱਖ ਇਤਿਹਾਸ 'ਚ ਵਿਸ਼ੇਸ਼ ਮਹੱਤਤਾ ਹੈ।ਉਨ੍ਹਾਂ ਕਿਹਾ ਕਿ ਇਸ ਸਮਾਗਮ ਨੇ ਨੌਜਵਾਨ ਕਲਾਕਾਰਾਂ ਨੂੰ ਆਪਣੀ ਕਲਾ ਅਤੇ ਸਿਰਜਣਾਤਮਕਤਾ ਰਾਹੀਂ ਸਿੱਖ ਵਿਰਾਸਤ ਅਤੇ ਅਧਿਆਤਮਿਕਤਾ ਪ੍ਰਤੀ ਸ਼ਰਧਾ ਪ੍ਰਗਟਾਉਣ ਲਈ ਇੱਕ ਵਧੀਆ ਮੰਚ ਪ੍ਰਦਾਨ ਕੀਤਾ। ਇਸ ਮੌਕੇ ਪ੍ਰਿੰ: ਡਾ. ਰੰਧਾਵਾ ਨੇ ਕਿਹਾ ਕਿ ਕਾਲਜ ਦੇ ਫਾਈਨ ਆਰਟਸ ਵਿਭਾਗ ਦੇ ਉਕਤ ਦੋ ਵਿਦਿਆਰਥੀਆਂ ਨੇ ਮੁਕਾਬਲੇ 'ਚ ਉਤਸ਼ਾਹ ਨਾਲ ਭਾਗ ਲੈਂਦਿਆਂ ਆਪਣੀ ਕਲਾਤਮਕ ਪ੍ਰਤਿਭਾ, ਸ਼ਰਧਾ ਅਤੇ ਸਿਰਜਣਾਤਮਕ ਸੋਚ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੇ ਪੂਰੀ ਲਗਨ ਅਤੇ ਦਿਲਚਸਪੀ ਨਾਲ ਆਪਣੀਆਂ ਕਲਾਕ੍ਰਿਤੀਆਂ ਤਿਆਰ ਕੀਤੀਆਂ, ਜਿਨ੍ਹਾਂ 'ਚ ਮੁਕਾਬਲੇ ਦੇ ਵਿਸ਼ੇ ਪ੍ਰਤੀ ਉਨ੍ਹਾਂ ਦੀ ਡੂੰਘੀ ਭਾਵਨਾ ਅਤੇ ਸਤਿਕਾਰ ਝਲਕਦਾ ਸੀ। ਉਨ੍ਹਾਂ ਕਿਹਾ ਕਿ ਮੁਕਾਬਲੇ 'ਚ ਬੀ. ਏ. ਸਮੈਸਟਰ ਪਹਿਲਾ ਦੀ ਜਸਪ੍ਰੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਜਦਕਿ ਇਸੇ ਜਮਾਤ ਦੇ ਵਿਦਿਆਰਥੀ ਅੰਗਦਦੀਪ ਸਿੰਘ ਨੂੰ ਵਿਸ਼ੇਸ਼ ਹੌਸਲਾ-ਅਫ਼ਜ਼ਾਈ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਮੁਕਾਬਲੇ ਦੀ ਤਿਆਰੀ ਸਬੰਧੀ ਵਿਭਾਗ ਦੇ ਅਧਿਆਪਕਾਂ ਡਾ. ਹਰਮਨਦੀਪ ਕੌਰ ਅਤੇ ਪ੍ਰੋ. ਜਗਦੀਪ ਕੌਰ ਨੇ ਮਹੱਤਵਪੂਰਨ ਯੋਗਦਾਨ ਪਾਇਆ। ਉਨ੍ਹਾਂ ਦੀ ਨਿਰੰਤਰ ਰਹਿਨੁਮਾਈ ਸਦਕਾ ਵਿਦਿਆਰਥੀਆਂ ਨੂੰ ਆਪਣੀ ਕਲਾ ਨੂੰ ਹੋਰ ਨਿਖਾਰਨ ਅਤੇ ਪੂਰੀ ਮਿਹਨਤ ਨਾਲ ਮੁਕਾਬਲੇ 'ਚ ਭਾਗ ਲੈਣ ਦਾ ਮੌਕਾ ਮਿਲਿਆ।

ਸ਼ਟਰ ਭੰਨ ਕੇ ਮੋਬਾਇਲ ਚੋਰੀ

ਦੁਸਾਂਝ ਕਲਾਂ (ਸੁਰਿੰਦਰਪਾਲ ਕੁੱਕੂ)-ਬੀਤੀ ਰਾਤ ਹਲਕਾ ਫਿਲੌਰ ਦੇ ਥਾਣਾ ਗੁਰਾਇਆ ਅਧੀਨ ਪੈਂਦੀ ਪੁਲਸ ਚੌਕੀ ਦੁਸਾਂਝ ਕਲਾਂ ਦੇ ਪਿੰਡ ਸਰਹਾਲ ਮੁੰਡੀ ਦੇ ਅੱਡੇ ਤੇ ਚੋਰਾਂ ਨੇ ਸ਼ਟਰ ਤੋੜ ਕੇ ਮੋਬਾਇਲ ਠੀਕ ਕਰਨ ਵਾਲੇ ਤੇ ਪੁਰਾਣੇ ਫੋਨ ਚੋਰ ਚੋਰੀ ਕਰਕੇ ਲੈ ਗਏ। ਇਸ ਦੀ ਜਾਣਕਾਰੀ ਦਿੰਦਿਆ ਸੰਦੀਪ ਕੁਮਾਰ ਪੁੱਤਰ ਰੇਸ਼ਮ ਲਾਲ ਵਾਸੀ ਢੰਡਵਾੜ ਨੇ ਦੱਸਿਆ ਮੇਰੀ ਦੁਕਾਨ ਸਰਹਾਲ ਮੰਡੀ ਅੱਡੇ ਵਿੱਚ ਮੋਬਾਇਲ ਰਿਪੇਅਰ ਦੀ ਹੈ। ਮੈਂ ਮੋਬਾਇਲ ਠੀਕ ਕਰਨ ਦਾ ਕੰਮ ਕਰਦਾ ਹਾ। ਬੀਤੀ ਰਾਤ ਚੋਰਾਂ ਨੇ 11 ਵਜੇ ਮੇਰੀ ਦੁਕਾਨ ਦਾ ਸ਼ਟਰ ਤੋੜ ਕੇ ਪੁਰਾਣੇ ਰਿਪੇਅਰ ਕਰਨ ਵਾਲੇ ਮੋਬਾਇਲ ਚੋਰ ਚੋਰੀ ਕਰ ਕੇ ਲੈਣ ਗਏ। ਇਹ ਘਟਨਾ ਕੈਮਰੇ ਵਿਚ ਕੈਦ ਹੋ ਗਈ ਹੈ। ਮੇਰੇ ਚੋਰੀ ਹੋਏ ਮੋਬਾਇਲ ਦੀ ਕੀਮਤ 50 ਤੋਂ 60 ਹਜ਼ਾਰ ਰੁਪਏ ਬਣਦੀ ਹੈ। ਇਸ ਦੀ ਸੂਚਨਾ ਲਿਖਤੀ ਰੂਪ ਵਿੱਚ ਦਸਾਂਝ ਕਲਾਂ ਦੇਣ ਗਏ ਤਾਂ ਪੁਲਸ ਚੌਕੀ ਦੇ ਵਿੱਚ ਕੋਈ ਵੀ ਮੁਲਾਜ਼ਮ ਨਾ ਹੋਣ ਸਾਨੂੰ ਖਾਲੀ ਹੱਥੀ ਮੁੜਨਾ ਪਿਆ। ਫ਼ਿਰ ਮੈਂ 112 ਤੇ ਕਾਲ ਕੀਤੀ। ਇਸ ਮੌਕੇ ਇੰਚਾਰਜ ਹਰਭਜਨ ਸਿੰਘ ਗਿੱਲ ਪਹੁੰਚੇ। ਉਨ੍ਹਾਂ ਕਿਹਾ ਚੋਰਾਂ ਦੀ ਭਾਲ ਕਰਕੇ ਜਲਦੀ ਸਲਾਖਾਂ ਦੇ ਪਿੱਛੇ ਦਿੱਤੇ ਜਾਣਗੇ। ਜਦੋਂ ਚੋਰੀ ਦੀ ਘਟਨਾ ਸਬੰਧੀ ਪੁਲਿਸ ਚੌਕੀ ਦਸਾਂਝ ਕਲਾਂ ਦੇ ਇੰਚਾਰਜ ਨਾਲ ਫੋਨ ਤੇ ਸੰਪਰਕ ਕੀਤਾ ਗਿਆ ਤਾਂ ਫੋਨ ਬੰਦ ਆ ਰਿਹਾ ਸੀ।

ਆਸ਼ੀਰਵਾਦ
ਦੀਵਾਲੀ, ਬੰਦੀਛੋੜ, ਵਿਸ਼ਵਕਰਮਾ ਦਿਵਸ 'ਤੇ ਗੁਰਪ੍ਰੀਤ ਸਿੰਘ ਭੋਗਲ ਵੱਲੋਂ ਕੱਢੇ ਗਏ ਵਿਸ਼ੇਸ਼ ਸਪਲੀਮੈਂਟ ਲਈ ਮੁਬਾਰਕਬਾਦ ਦਿੰਦਾ ਹਾਂ।
ਵੱਲੋਂ
ਸੰਤ ਬਾਬਾ ਸੰਤੋਸ਼ ਦਾਸ ਜੀ
ਡੇਰਾ ਬਾਬਾ ਸ੍ਰੀ ਚੰਦ ਜੀ ਪਿੰਡ ਪੂਬੋਵਾਲ, ਜ਼ਿਲ੍ਹਾ ਊਨਾ (ਹਿਮਾਚਲ ਪ੍ਰਦੇਸ਼)
ਗੁਰਪ੍ਰੀਤ ਸਿੰਘ ਭੋਗਲ

Bhogal Preet
ਕੈਟਰਿੰਗ
Bhogpur Wale
ਵਿਆਹ ਸ਼ਾਦੀਆਂ ਕਿੱਟੀ ਪਾਰਟੀ, ਨਾਈਟ ਪਾਰਟੀ, ਰਿੰਗ ਸੈਰਮਨੀ ਅਤੇ ਹੋਰ ਪ੍ਰੋਗਰਾਮਾਂ ਲਈ ਕੈਟਰਿੰਗ ਦਾ ਖਾਸ ਪ੍ਰਬੰਧ ਹੈ।
PREET HI-FI DJ
ਸਪੈਸ਼ਲ ਆਫਰ 31,000/-
ਡੀ.ਜੇ + ਜਾਗੋ + ਢੋਲੀ+ਲੜੀਆਂ+ ਸਾਊਂਡ + ਰਾਤ ਦੇ ਖਾਣੇ ਤੇ ਲਾਈਟ + ਜਨਰੇਟਰ + ਐਲ.ਈ.ਡੀ ਸਕਰੀਨ, ਨੇਮ ਪਲੇਟ
M: 94636-82748

Ganesh
ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ
TRUSTED SINCE 1989
Ganesh
SWEETS (INDIA) PVT. LTD.
ਸਾਡਾ ਮੋਟੋ : ਸਵਾਦ, ਸੇਵਾ ਤੇ ਸ਼ੁੱਧਤਾ
ਸ਼ੁੱਧ ਅਤੇ ਸਵਾਦੀ ਮਠਿਆਈਆਂ ਲਈ ਇੱਕੋ-ਇੱਕ ਨਾਮ
ਗਨੇਸ਼ ਸਵੀਟਸ (ਇੰਡੀਆ ਲਿਮ.)
GANESH SWEETS (India) Ltd.
ਇੱਥੇ ਸਟੇਨਲੈੱਸ ਸਟੀਲ ਦੇ ਬਰਤਨਾਂ ਅਤੇ ਸਾਫ ਵਾਤਾਵਰਣ ਵਿੱਚ ਮਠਿਆਈਆਂ ਤਿਆਰ ਕੀਤੀਆਂ ਜਾਂਦੀਆਂ ਹਨ।
ਅਸੀਂ ਕੁਆਲਿਟੀ ਨਾਲ ਸਮਝੌਤਾ ਨਹੀਂ ਕਰਦੇ, ਇਸ ਲਈ ਸਾਡੇ ਰੇਟ ਫਿਕਸਡ ਹਨ।
Near Rest House, G.T. Road, Bhogpur (Jal.) Pb.
Ph. : 0181-2722111, 5050222

ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ
ਲੱਖ-ਲੱਖ ਮੁਬਾਰਕਾਂ
ਝੁੰਮਟ ਟੈਂਟ ਹਾਊਸ
ਭੋਗਪੁਰ ਅਤੇ ਮਾਣਕਰਾਈ
ਇੱਥੇ ਧਾਰਮਿਕ ਪ੍ਰੋਗਰਾਮ ਤੇ ਹਰ ਖੁਸ਼ੀ ਦੇ ਮੌਕੇ 'ਤੇ ਸਾਫ਼ ਸੁਥਰੇ ਟੈਂਟ, ਵੇਟਰ, ਪੰਡਾਲ, ਜਨਰੇਟਰ, ਕੂਲਰ, ਪੱਖਿਆਂ ਦਾ ਤੇ ਵਧੀਆ ਸਾਊਂਡ, ਡੀ. ਜੇ. ਤੇ ਲਾਈਟ ਦਾ ਖਾਸ ਪ੍ਰਬੰਧ ਹੈ।
ਮੋ. : 94176-18438

WE CARE FOR YOUR HEALTH
NITIKA
PATH LABS
ਨੀਤੀਕਾ ਪੈਥ ਲੈਬਸ
ਲੈਬੋਰੇਟਰੀ
88724-46992
ਨੋਟ : ਘਰੋਂ ਸੈਂਪਲ ਲਿਆਉਣ ਦੀ ਸੁਵਿਧਾ ਵੀ ਉਪਲੱਬਧ ਹੈ।
ਬੀ ਪੀ ਓ ਪੱਜੋਦਿਓਤਾ, ਭੋਗਪੁਰ - ਬੁੱਲੋਵਾਲ ਰੋਡ ਜਿਲ੍ਹਾ ਹੁਸ਼ਿਆਰਪੁਰ

ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ
ਵਿਸ਼ਵਕਰਮਾ ਟਰੇਡਿੰਗ ਕੰਪਨੀ
ਮਾਣਕਰਾਏ ਵਾਲੇ
ਸਨਮਾਈਕਾ ਬੋਰਡ, ਪਲਾਈ, ਸ਼ੀਸ਼ਾ, ਹਾਰਡਵੇਅਰ, ਚਿਮਨੀਆਂ ਚੁੱਲ੍ਹੇ, ਕਿਚਨ ਦਾ ਸਾਮਾਨ, ਫੈਂਸੀ ਮੋਲਡਿੰਗ
Adampur Road, Bhogpur (Jalandhar)
Office : 98764-68441, Ph. 0181-5050362
Prop. : Kundan Singh Rehsi
Mob. 98720-32361
ਕੁੰਦਨ ਸਿੰਘ ਰਹਿਸੀ
ਪ੍ਰਧਾਨ ਵਿਸ਼ਵਕਰਮਾ ਭਵਨ ਕਮੇਟੀ
ਜਸਦੀਪ ਸਿੰਘ ਜੱਸੀ, ਪ੍ਰੋਪ.
ਕੰਮ ਕਰਨ ਲਈ ਕਾਰਗੀਗਰਾਂ ਦਾ ਖਾਸ ਪ੍ਰਬੰਧ ਹੈ।

ਨਿਰਾਸ਼ ਰੋਗੀ ਮਿਲੋ
ਰਣਜੀਤ ਹਸਪਤਾਲ
Dr. Ranjit Singh (MBBS, MD, AM)
Dr. Ravinder Singh (MD, Medicine PB), Prem Parkash (MBBS, Ex. PCMS-1)
Dr. Ramandeep Kaur (BAMS)
ਗੋਡੇ ਦੀ ਦਰਦ ਇੱਕ ਘੰਟੇ 'ਚ ਖਤਮ
ਮਰੀਜ਼ ਨੂੰ ਚੈਕ ਕਰਨ ਜਾਂ ਸਲਾਹ ਲੈਣ ਦੀ ਕੋਈ ਫੀਸ ਨਹੀਂ
ਇੱਥੇ ਜੋੜਾਂ ਦੀਆਂ ਦਰਦਾਂ, ਰੀਹ, ਗਠੀਆ, ਸਰਵਾਈਕਲ, ਡਿਸਕ ਦਾ ਹਿੱਲ ਜਾਣਾ ਜਾਂ ਆਪਣੀ ਜਗ੍ਹਾ ਤੋਂ ਖਿਸਕ ਜਾਣਾ, ਗੋਡਿਆਂ ਦੀਆਂ ਦਰਦਾਂ ਦਾ ਇਲਾਜ, ਪੇਟ ਦਰਦ, ਗੈਸ, ਕਬਜ਼, ਕਿੱਲ, ਸ਼ਾਹੀਆਂ, ਪੀਲੀਆ, ਹੱਥਾਂ-ਪੈਰਾਂ ਦਾ ਸੌਣਾ ਜਾਂ ਸੋਜ, ਟੁੱਟੀਆਂ ਹੱਡੀਆਂ ਦਾ ਇਲਾਜ, ਛਾਤੀ ਦੀਆਂ ਬਿਮਾਰੀਆਂ ਅਤੇ ਗੁਰਦੇ ਦੀ ਪੱਥਰੀ ਦਾ ਇਲਾਜ ਤਸੱਲੀਬਖਸ਼ ਕੀਤਾ ਜਾਂਦਾ ਹੈ।
ਪਤਾ : ਲੜੋਈ ਰੋਡ, ਭੋਗਪੁਰ, ਮੋ. : 92179-89271

MOHAN SWEETS
ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ
ਮੋਹਨ ਸਵੀਟਸ ਐਂਡ ਬੇਕਰੀ
ਟੀ ਪੁਆਇੰਟ ਆਦਮਪੁਰ ਰੋਡ ਭੋਗਪੁਰ (ਜਲੰਧਰ)
ਵਧੀਆ ਅਤੇ ਸ਼ੁੱਧ ਮਠਿਆਈਆਂ ਦੇ ਨਾਲ ਨਾਲ ਬੇਕਰੀ ਤੇ ਫਾਸਟ ਫੂਡ ਦਾ ਵੀ ਪ੍ਰਬੰਧ ਹੈ। ਸਾਡਾ ਸਪੈਸ਼ਲ ਕੰਸਪਟ ਹੈ ਕਿ ਤੁਸੀਂ ਕੋਈ ਵੀ ਕੇਕ ਸਾਡੇ ਕੋਲੋਂ 10-15 ਮਿੰਟ ਵਿੱਚ ਤਿਆਰ ਕਰਵਾ ਸਕਦੇ ਹੋ।
ਕਿੱਟੀ ਪਾਰਟੀ ਦਾ ਵੀ ਖਾਸ ਪ੍ਰਬੰਧ ਹੈ।
ਸਪੈਸ਼ਲ : ਫਰੈਸ਼ ਡੋ ਪੀਜ਼ਾ, ਦੇਸੀ ਘਿਓ ਦੇ ਬਿਸਕੁਟ
ਮੋਬਾਇਲ
86990-67155

ਮਰੀਜ਼ ਦੇਖਣ ਦੀ ਕੋਈ ਫੀਸ / ਪਰਚੀ ਨਹੀਂ
ਇਲਾਕੇ ਦਾ ਨੰਬਰ 1 ਹਸਪਤਾਲ
ਐਮਰਜੈਂਸੀ 24x7
ਐਂਬੂਲੈਂਸ 24 ਘੰਟੇ
Sunday Open
All Doctors Available 24 X 7
SK
ਸੰਜੀਵ ਮਲਟੀਸਪੈਸ਼ਲਿਟੀ ਹਸਪਤਾਲ
ਸਾਰੀਆਂ ਹਾਰਟ ਸਮੱਸਿਆਵਾਂ ਦਾ ਹੱਲ
THE FIRST FULLY AUTOMATIC ROBOT
FOR KNEE & HIP REPLACEMENT IN YOUR AREA
ਗੂੰਜੂਗੀ ਕਿਲਕਾਰੀ ਹੁਣ ਤੁਹਾਡੇ ਵਿਹੜੇ ਵਿੱਚ ਵੀ
ਸੰਜੀਵ ਹਸਪਤਾਲ ਹੈ ਤਾਂ, ਇਲਾਜ ਸਹੀ ਹੋਵੇਗਾ
Your Health Our Mission
ਬਾਂਝਪਨ ਹੁਣ ਚਿੰਤਾ ਦਾ ਵਿਸ਼ਾ ਨਹੀਂ
LOWEST PRICE 100% GUARANTEED
ਜੀ.ਟੀ.ਰੋਡ, ਭੋਗਪੁਰ 98771-98775
www.sanjeevmultispecialityhospital.com support@sanjeevmultispecialityhospital.com

ਵਾਰਿਸ ਪੰਜਾਬ ਦੇ
ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ
ਬਾਪੂ ਤਰਸੇਮ ਸਿੰਘ ਜੀ
ਕਾਰਜਕਾਰੀ ਪ੍ਰਧਾਨ ਅਕਾਲੀ ਦਲ ਵਾਰਿਸ ਪੰਜਾਬ ਦੇ
ਪਰਮਜੀਤ ਸਿੰਘ ਜੌਹਲ
ਕੋਆਰਡੀਨੇਟਰ ਪੰਜਾਬ, ਅਕਾਲੀ ਦਲ ਵਾਰਿਸ ਪੰਜਾਬ ਦੇ
ਗੁਰਪ੍ਰੀਤ ਸਿੰਘ ਭੋਗਲ
ਸੇਵਾਦਾਰ ਅਕਾਲੀ ਦਲ ਵਾਰਿਸ ਪੰਜਾਬ ਦੇ, ਹਲਕਾ ਆਦਮਪੁਰ
ਹਲਕਾ ਆਦਮਪੁਰ ਤੋਂ ਅਕਾਲੀ ਦਲ ਵਾਰਿਸ ਪੰਜਾਬ ਦੇ ਨਾਲ ਜੁੜਨ ਲਈ ਸੰਪਰਕ ਕਰੋ : 94636-82748

ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ
ਭੰਡਾਰੀ ਕਾਰ ਬਜ਼ਾਰ
ਦੋ ਘੰਟੇ ਵਿੱਚ ਲੋਨ ਕਰਵਾ ਕੇ ਆਪਣੀ ਮਨਪਸੰਦ ਕਾਰ ਆਪਣੇ ਘਰ ਲਿਜਾ ਸਕਦੇ ਹੋ।
ਤਨਖਾਹ 10 ਹਜ਼ਾਰ ਤੋਂ 15 ਹਜ਼ਾਰ
ਕਲੈਰੀਕਲ ਕੰਮ ਕਰਨ ਵਾਲੇ ਲੜਕੇ ਲੜਕੀਆਂ ਅਤੇ ਗੱਡੀਆਂ ਦੀ ਧੁਵਾਈ ਵਾਸਤੇ ਲੜਕਿਆਂ ਦੀ ਜ਼ਰੂਰਤ ਹੈ।
ਮਿਲਣ ਦਾ ਸਮਾਂ ਸਵੇਰੇ 9 ਵਜੇ ਤੋਂ 10 ਵਜੇ ਤੱਕ
ਜੀ ਟੀ ਰੋਡ, ਭੋਗਪੁਰ, 62800-30861


ST. SOLDIER DIVINE PUBLIC SCHOOL, BHOGPUR
AFFILIATED TO CBSE DELHI
ADMISSION OPEN
AFFILIATION NUMBER: 1630227
Why Choose Us?
Spacious Campus
Modern Labs
Qualified Teachers
Sports Facilities
62831-50767, 98726-75765
Bhogpur, [Jalandhar]

ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ
ਸਮਰਾਟ ਸਵੀਟਸ
ਲੁਹਾਰਾਂ ਚਾੜ੍ਹਕੇ ਰੋਡ, ਭੋਗਪੁਰ
ਇੱਥੇ ਹਰ ਪ੍ਰਕਾਰ ਦੀਆਂ ਮਠਿਆਈਆ ਦੇ ਹੋਲਸੇਲ ਰੇਟ 'ਤੇ ਆਰਡਰ ਬੁੱਕ ਕੀਤੇ ਜਾਂਦੇ ਹਨ।
ਭੋਗਪੁਰ ਇਲਾਕੇ ਵਿੱਚ ਸਭ ਤੋਂ ਵੱਡਾ ਸ਼ੋਅ ਰੂਮ ਬਣ ਕੇ ਤਿਆਰ ਹੈ।
ਮੋਬਾ. 90840-00047, 98721-14356

ਦੀਵਾਲੀ, ਬੰਦੀਛੋੜ ਦਿਵਸ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ
ਸ. ਅਮਨਪ੍ਰੀਤ ਸਿੰਘ ਮਾਨ
ਮੁੱਖ ਸੇਵਾਦਾਰ ਗੁਰੂ ਕੇ ਵਜ਼ੀਰ ਚੜ੍ਹਦੀਕਲਾ ਸੇਵਾ ਸੁਸਾਇਟੀ ਭੋਗਪੁਰ

ਦੀਵਾਲੀ, ਬੰਦੀਛੋੜ ਦਿਵਸ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ
ਗੁਰਦੀਪ ਸਿੰਘ ਬਹਿਣੀਵਾਲ
ਸੈਂਟਰਲ ਕੌਂਸਲ ਮੈਂਬਰ ਆਲ ਇੰਡੀਆ ਡੈਮੋਕ੍ਰੇਟਿਕ ਸਟੂਡੈਂਟ ਆਰਗੇਨਾਈਜ਼ੇਸ਼ਨ (ਏ ਆਈ ਡੀ ਐਸ ਓ)

ਦੀਵਾਲੀ, ਬੰਦੀਛੋੜ ਦਿਵਸ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ
ਬਿਕਰਮਜੀਤ ਸਿੰਘ ਰੰਧਾਵਾ
ਅਕਾਲੀ ਦਲ ਵਾਰਿਸ ਪੰਜਾਬ ਦੇ ਸੇਵਾਦਾਰ ਹਲਕਾ ਕਰਤਾਰਪੁਰ

ਦੀਵਾਲੀ, ਬੰਦੀਛੋੜ ਦਿਵਸ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ
ਤਰਸੇਮ ਸਿੰਘ
ਸਰਪੰਚ ਪਿੰਡ ਰਾਜਪੁਰ

ਦੀਵਾਲੀ, ਬੰਦੀਛੋੜ ਦਿਵਸ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ
ਸ. ਅਵਤਾਰ ਸਿੰਘ ਖਾਲਸਾ
ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ

ਦੀਵਾਲੀ, ਬੰਦੀਛੋੜ ਦਿਵਸ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ
ਲਵਪ੍ਰੀਤ ਇੰਟਰਪ੍ਰਾਈਜਿਜ਼
Opp. PNB Bank, Adampur Road, Bhogpur

THE PREMIER CBSE SCHOOL
THE LANDMARK SCHOOL
Affiliated to CBSE, New Delhi
Affiliation No: 1631583
An ISO 9001:2015 Certified
ADMISSION OPEN
SESSION 2027-28
THE LANDMARK SCHOOL
BE A PART OF INDIA'S TOP SCHOOL
ADAMPUR ROAD, BHOGPUR
FOR PLAYWAY TO GRADE-XI
+91 708 708 9356
www.thelandmarkedu.com

ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ
BMB
BIKANER MISTHAN BHANDAR
SWEETS SNACKS BAKERY
Sweets with Real Taste of Rajasthan........
Bikaner
Misthan Bhandar
ਬੀਕਾਨੇਰ ਮਿਸ਼ਠਾਨ ਭੰਡਾਰ
Sweets
Snacks
Bakery
ਇੱਥੇ ਹਰ ਪ੍ਰਕਾਰ ਦੀ ਮਿਠਾਈਆਂ, ਬੇਕਰਸ, ਸਨੈਕਸ ਆਦਿ ਮਿਲਦੇ ਹਨ।
Opp. Civil Hospital,
G.T. Road, Bhogpur, Distt. Jalandhar
(M) 86999 46803
(M) 94176 59900

'ਕਿਰਤੀ' ਦੀ ਪ੍ਰਕਾਸ਼ਨਾ ਸ਼ਤਾਬਦੀ ਮੌਕੇ (ਆਖ਼ਰੀ ਸਫ਼ੇ 'ਤੇ)

ਨਵਾਂ ਜ਼ਮਾਨਾ ਐਤਵਾਰਤਾ

ਦੇਖ ਅਚਾਨਕ ਹੋਇਆ ਹਮਲਾ, ਕੌਮੀ ਸੇਵਕ ਨੱਠੇ।
ਮਾਰਾਂ ਖਾਂਦੇ ਜਾ ਅਜਨਾਲੇ, ਫੇਰ ਜੁੜੇ ਹੋ ਕੱਠੇ।
ਫ਼ੌਜ ਫ਼ਰੰਗੀ ਨੇ ਕਰ ਪਿੱਛਾ, ਜਾ ਉੱਥੇ ਵੀ ਘੇਰੇ।
ਨਾਲ ਸਿਰਾਂ ਦੇ ਖੂਹ ਭਰ ਸੁੱਟਿਆ, ਵੱਢ-ਵੱਢ ਕਰ ਡੇਰੇ।
(ਕੌਮੀ ਲਹਿਰਾਂ 'ਚੋਂ)

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 1 ਨਵੰਬਰ 2026 www.nawanzamana.in ਕੀਮਤ 5.00 ਰੁਪਏ

ਬੱਬਰ ਅਕਾਲੀ ਲਹਿਰ ਦੀਆਂ ਸ਼ਹਾਦਤਾਂ ਦੀ ਸ਼ਤਾਬਦੀ ਨੂੰ ਸਮਰਪਤ

ਬੱਬਰ ਅਕਾਲੀਆਂ ਦੀ ਸ਼ਹਾਦਤ

ਇਹ ਵਰ੍ਹਾ ਬੱਬਰ ਅਕਾਲੀ ਲਹਿਰ ਲਈ ਮਹੱਤਤਾ ਰੱਖਦਾ ਹੈ। ਜਿਸ ਵਿਚ ਬੱਬਰ ਅਕਾਲੀ ਸਾਜ਼ਿਸ਼ ਕੇਸ ਦੂਜਾ ਦੇ ਫ਼ੈਸਲੇ ਅਨੁਸਾਰ 91 ਦੇਸ਼ ਭਗਤਾਂ ਵਿੱਚੋਂ ਛੇ ਬੱਬਰਾਂ ਨੂੰ 27 ਫਰਵਰੀ, 1926 ਵਾਲੇ ਦਿਨ ਫਾਂਸੀ ਲਾਇਆ ਗਿਆ ਸੀ। ਫਾਂਸੀ ਲਾਏ ਗਏ ਜਥੇਦਾਰ ਕਿਸ਼ਨ ਸਿੰਘ ਗੜਗੱਜ, ਭਾਈ ਨੰਦ ਸਿੰਘ ਘੁੜਿਆਲ, ਬਾਬੂ ਸੰਤਾ ਸਿੰਘ, ਸ. ਦਲੀਪ ਸਿੰਘ (ਦਲੀਪਾ) ਧਾਮੀਆਂ, ਭਾਈ ਕਰਮ ਸਿੰਘ ਮਾਣਕੋ ਅਤੇ ਭਾਈ ਧਰਮ ਸਿੰਘ ਹਯਾਤਪੁਰ ਦੀਆਂ ਸ਼ਹਾਦਤਾਂ ਦਾ 'ਸ਼ਹੀਦੀ ਸ਼ਤਾਬਦੀ' ਵਰ੍ਹਾ ਹੈ।

ਬੱਬਰ ਅਕਾਲੀ ਲਹਿਰ ਪੰਜਾਬ ਵਿੱਚ ਗ਼ਦਰ ਲਹਿਰ ਤੋਂ ਬਾਅਦ ਉਭਰੀ ਇੱਕ ਸ਼ਕਤੀਸ਼ਾਲੀ ਇਨਕਲਾਬੀ ਲਹਿਰ ਸੀ, ਜਿਸ ਨੇ ਅੰਗਰੇਜ਼ੀ ਰਾਜ ਨੂੰ ਹੱਥਾਂ-ਪੈਰਾਂ ਦੀ

ਚਰੰਜੀ ਲਾਲ ਕੰਗਣੀਵਾਲ

ਪਾ ਦਿੱਤੀ ਸੀ। 20 ਫਰਵਰੀ 1921 ਨੂੰ ਅੰਗਰੇਜ਼ੀ ਹਕੂਮਤ ਦੀ ਸ਼ਹਿ 'ਤੇ ਮਹੰਤਾਂ ਵੱਲੋਂ ਨਨਕਾਣਾ ਸਾਹਿਬ ਵਿਖੇ ਕਰਵਾਇਆ ਗਿਆ ਦਰਦਨਾਕ ਸਾਕਾ ਅਤੇ ਗੁਰੂ ਕੇ ਬਾਗ਼ ਵਿੱਚ ਸਿੱਖਾਂ ਉਪਰ ਵਹਿਸ਼ੀ ਤਸ਼ੱਦਦ ਇਸ ਲਹਿਰ ਦੇ ਤਤਕਾਲੀ ਕਾਰਨ ਸਨ, ਜਿਸ ਨਾਲ ਅਣਖੀਲੇ ਪੰਜਾਬੀਆਂ ਵਿੱਚ ਰੋਹ ਦੀ ਜਵਾਲਾ ਭੜਕ ਉੱਠੀ ਸੀ।

ਮਾਸਟਰ ਮੋਤਾ ਸਿੰਘ ਤੇ ਜਥੇਦਾਰ ਕਿਸ਼ਨ ਸਿੰਘ ਗੜਗੱਜ ਇਸ ਲਹਿਰ ਦੇ ਬਾਨੀ ਸਨ। ਇਨ੍ਹਾਂ ਦੁਆਬੇ ਵਿੱਚ ਇਸ ਲਹਿਰ ਨੂੰ ਪ੍ਰਚੰਡ ਕੀਤਾ। ਪੰਜਾਬ ਵਿੱਚ ਅਕਾਲੀ ਲਹਿਰ ਸ਼ਾਂਤਮਈ ਅਤੇ ਬੱਬਰ ਅਕਾਲੀ ਲਹਿਰ ਹਥਿਆਰਬੰਦ ਸੀ, ਜੋ ਬਰੋ-ਬਰਾਬਰ ਚੱਲੀਆਂ। ਅਸਲ ਵਿੱਚ ਬੱਬਰ ਅਕਾਲੀ ਲਹਿਰ ਗ਼ਦਰ ਪਾਰਟੀ ਲਹਿਰ ਦੀ ਹੀ ਅਗਲੀ ਕੜੀ ਸੀ, ਜਿਸ ਵਿੱਚ ਕਈ ਗ਼ਦਰ ਪਾਰਟੀ ਵਾਲੇ ਦੇਸ਼ ਭਗਤ ਸ਼ਾਮਲ ਸਨ। ਬੱਬਰ ਅਕਾਲੀਆਂ ਦਾ ਖਿਆਲ ਸੀ ਕਿ ਗੁਰਧਾਮਾਂ ਨੂੰ ਆਜ਼ਾਦ ਕਰਾਉਣਾ ਮਾਰਗ ਤਾਂ ਹੈ, ਪਰ ਮੰਜ਼ਲ ਨਹੀਂ। ਬੱਬਰ ਅਕਾਲੀ ਲਹਿਰ

ਇਸ ਅਪੀਲ 'ਤੇ ਇਕੱਠਾ ਹੋਇਆ ਫੰਡ ਜਲਦੀ ਪੀੜਤ ਪਰਿਵਾਰਾਂ ਨੂੰ ਵੰਡਿਆ ਗਿਆ ਜਿਵੇਂ ਵੇਰਵਾ ਇਸ ਤਰ੍ਹਾਂ ਹੈ :

1. ਸ਼ਹੀਦ ਕਿਸ਼ਨ ਸਿੰਘ ਗੜਗੱਜ ਸੁਪਤਨੀ ਧਰਮ ਕੌਰ ਦੀ ਵੱਡੀ ਲੜਕੀ ਜੀਤ ਕੌਰ, ਉਮਰ 11 ਸਾਲ, ਵੱਡਾ ਲੜਕਾ ਇੰਦਰਜੀਤ ਸਿੰਘ ਉਮਰ 8 ਸਾਲ, ਦੂਜੀ ਜਮਾਤ ਅਤੇ ਤੀਜਾ ਸਭ ਤੋਂ ਛੋਟਾ ਗੁਰਮੁਖ ਸਿੰਘ ਉਮਰ ਚਾਰ ਸਾਲ।
2. ਸ਼ਹੀਦ ਧਰਮ ਸਿੰਘ ਸੁਪਤਨੀ ਬੀਬੀ ਬਸੰਤ ਕੌਰ ਦਾ ਲੜਕਾ ਸੰਤ ਸਿੰਘ, ਉਮਰ 12 ਕੁ ਸਾਲ, ਜਮਾਤ 6ਵੀਂ ਅਤੇ ਛੋਟੀ ਲੜਕੀ ਅਮਰ ਕੌਰ ਦੀ ਉਮਰ ਤਿੰਨ ਸਾਲ ਸੀ।
3. ਸ਼ਹੀਦ ਨੰਦ ਸਿੰਘ ਘੁੜਿਆਲ ਦੇ ਤਿੰਨ ਲੜਕੇ ਸਨ, ਪਹਿਲਾ ਸੰਤੋਖ ਸਿੰਘ ਉਮਰ 12 ਸਾਲ, ਪੰਜਵੀਂ ਜਮਾਤ, ਦੂਸਰਾ ਸੋਹਣ ਸਿੰਘ 9 ਸਾਲ, ਦੂਜੀ ਜਮਾਤ ਅਤੇ ਤੀਜਾ ਹਰਬੰਸ ਸਿੰਘ ਤਿੰਨ ਕੁ ਸਾਲ ਉਮਰ ਸੀ।
4. ਸ਼ਹੀਦ ਕਰਮ ਸਿੰਘ ਮਾਣਕੋ: ਸੁਪਤਨੀ ਬੀਬੀ ਇੰਦਰ ਕੌਰ ਦੀਆਂ ਦੋ ਲੜਕੀਆਂ ਸਨ। ਵੱਡੀ ਲੜਕੀ ਸਵਰਨ ਕੌਰ ਉਮਰ 7 ਸਾਲ, ਦੂਜੀ ਲੜਕੀ ਗੁਰਬਚਨ ਕੌਰ ਚਾਰ ਸਾਲ ਉਮਰ।
5. ਭਾਈ ਪਿਆਰਾ ਸਿੰਘ ਪਿੰਡ ਧਾਮੀਆਂ ਤੇ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਭੁਗਤੀ ਸੀ। ਉਨ੍ਹਾਂ ਦੀ ਸੁਪਤਨੀ ਬੀਬੀ ਚਰਨ ਕੌਰ ਅਤੇ ਧੀ ਅਮਰ ਕੌਰ ਸੀ।


ਬਾਬੂ ਸੰਤਾ ਸਿੰਘ ਛੋਟੀ ਹਰਿਓ


ਬਾਬੂ ਸੰਤਾ ਸਿੰਘ ਛੋਟੀ ਹਰਿਓ


ਨੰਦ ਸਿੰਘ ਘੁੜਿਆਲ


ਦਲੀਪ ਸਿੰਘ ਧਾਮੀਆਂ

ਕਰਮ ਸਿੰਘ ਮਾਣਕੋ

ਧਰਮ ਸਿੰਘ ਹਯਾਤਪੁਰ

ਦੀ ਸ਼ੁਰੂਆਤ 25 ਤੋਂ 27 ਮਾਰਚ 1921 ਨੂੰ ਹੁਸ਼ਿਆਰਪੁਰ ਵਿੱਚ ਹੋਈ ਤੇਰ੍ਹਵੀਂ ਸਿੱਖ ਐਜੂਕੇਸ਼ਨ ਕਾਨਫਰੰਸ ਵੇਲੇ ਹੋਈ ਮੰਨੀ ਜਾਂਦੀ ਹੈ। 15 ਜੂਨ 1922 ਨੂੰ ਮਾਸਟਰ ਮੋਤਾ ਸਿੰਘ ਦੀ ਗ੍ਰਿਫ਼ਤਾਰੀ ਨੂੰ ਬੱਬਰ ਦੇਸ਼ ਭਗਤ ਸਹਿਣ ਨਾ ਕਰ ਸਕੇ ਤੇ ਉਨ੍ਹਾਂ ਲਹਿਰ ਨੂੰ ਹਥਿਆਰਬੰਦ ਰੂਪ ਦੇ ਦਿੱਤਾ ਸੀ।

1921 ਤੋਂ 1930 ਤੱਕ ਅਤੇ 1931 ਤੋਂ 1944 ਤੱਕ ਇਸ ਦੇ ਦੋਵਾਂ ਪੜਾਵਾਂ ਵਿੱਚ ਬੱਬਰ ਅਕਾਲੀ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਤੇ ਕਾਰਨਾਮੇ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਸਨ। ਇਸ ਲਹਿਰ ਨਾਲ ਦੁਆਬੇ ਵਿੱਚ ਏਨੀ ਤਰਥੱਲੀ ਮਚੀ ਤੇ ਇਹ ਏਨੀ ਸ਼ਕਤੀਸ਼ਾਲੀ ਹੋ ਗਈ ਕਿ ਸਤੰਬਰ 1922 ਵਿੱਚ ਤਾਂ ਹਾਲਾਤ ਸਰਕਾਰ ਦੇ ਕਾਬੂ ਤੋਂ ਬਾਹਰ ਹੋ ਗਏ ਸਨ। ਇਸ ਲਹਿਰ ਨਾਲ ਅੰਗਰੇਜ਼ ਸਰਕਾਰ ਤੇ ਉਸਦੇ ਝੋਲੀ ਚੁੱਕ ਤਰਾਹ-ਤਰਾਹ ਕਰਨ ਲੱਗ ਪਏ। ਅੰਗਰੇਜ਼ੀ ਸਰਕਾਰ ਨੇ ਇਸ ਵਿਰੁੱਧ ਫੌਜ ਤੇ ਹਥਿਆਰਬੰਦ ਪੁਲਸ ਵਰਤ ਕੇ ਬੱਬਰ ਲਹਿਰ ਨੂੰ ਦਬਾਉਣ ਦਾ ਯਤਨ ਕੀਤਾ, ਜਿਸ ਬਾਰੇ ਗਵਰਨਰ ਮਾਇਕਲ ਓਡਵਾਇਰ ਨੇ ਲਿਖਿਆ:

"ਕਾਨੂੰਨ ਦਾ ਡਰ ਜਿਹੜਾ ਬਹੁਤੇ ਲੋਕਾਂ ਉਪਰ ਪ੍ਰਭਾਵ ਰੱਖਣ ਲਈ ਮੁੱਖ ਸੀ। 1919 ਵਿੱਚ ਫਿਰ ਗ਼ਦਰ ਪਾਰਟੀ ਦੇ ਕੁਝ ਬਾਗ਼ੀ ਸਿਰ ਚੁੱਕਣ ਲੱਗ ਪਏ ਤਾਂ ਉਹ ਡਰ ਹਟਣ ਲੱਗ ਪਿਆ। ਇਹ ਬਹੁਤ ਖ਼ਤਰਨਾਕ ਸੀ ਕਿ ਉਨ੍ਹਾਂ ਨੇ ਅਕਾਲੀ ਸਿੱਖਾਂ ਦੇ ਕਰਾਂਤੀਕਾਰੀ ਅੰਦੋਲਨ ਨੂੰ ਕੇਂਦਰ ਬਣਾਇਆ, ਜੋ ਪਿਛਲੇ ਕੁਝ ਸਾਲਾਂ ਤੋਂ ਅੱਗੇ ਵੱਧ ਰਿਹਾ ਸੀ। ਇਹ ਲੋਕ 'ਬੱਬਰ' ਅਕਾਲੀ ਗੈਂਗ ਦੇ ਮੁੱਖ ਆਗੂ ਸਨ। ਉਨ੍ਹਾਂ ਨੇ ਗ਼ਦਰ ਲਹਿਰ ਦੀਆਂ ਨੀਹਾਂ 'ਤੇ ਕਤਲ, ਲੁੱਟ-ਮਾਰ ਦੀ ਮੁਹਿੰਮ ਜਲੰਧਰ, ਲੁਧਿਆਣਾ ਅਤੇ ਹੁਸ਼ਿਆਰਪੁਰ ਦੇ ਇਲਾਕਿਆਂ ਵਿੱਚ ਸ਼ੁਰੂ ਕੀਤੀ। ਪਰ ਅੰਤ 1923 ਵਿੱਚ ਕਾਫ਼ੀ ਖੂਨ-ਖਰਾਬੇ ਤੋਂ ਬਾਅਦ ਫੌਜ ਤੇ ਪੁਲਿਸ ਦੇ ਮਿਲਵੇਂ ਹਮਲੇ ਨਾਲ ਦਬਾ ਦਿੱਤੀ ਗਈ।"

(ਇੰਡੀਆ ਐਜ਼ ਆਈ ਨਿਓ ਇਟ, ਪੰਨਾ 209)

ਬੱਬਰ ਅਕਾਲੀ ਦੂਜਾ ਸਾਜ਼ਿਸ਼ ਕੇਸ, ਜਿਸ ਵਿੱਚ 91 ਬੱਬਰਾਂ ਨੂੰ ਗ੍ਰਿਫ਼ਤਾਰ ਕਰਕੇ ਮੁਕੱਦਮਾ ਚਲਾਇਆ ਗਿਆ। ਸੈਸ਼ਨ ਜੱਜ ਨੇ ਕੁਝ ਇੱਕ ਨੂੰ ਸੱਤ-ਸੱਤ ਸਾਲ ਸਖ਼ਤ ਕੈਦ, ਕਈਆਂ ਨੂੰ ਉਮਰ ਕੈਦ (ਕਾਲੇ ਪਾਣੀ) ਦੀ ਸਜ਼ਾ ਸੁਣਾਈ ਤੇ ਹੇਠ ਲਿਖੇ ਛੇ ਦੇਸ਼ ਭਗਤਾਂ ਨੂੰ ਮੌਤ ਦੀ ਸਜ਼ਾ ਸੁਣਾ ਕੇ 27 ਫਰਵਰੀ 1926 ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਫਾਂਸੀ ਲਾ ਦਿੱਤਾ। ਫਾਂਸੀ ਲੱਗੇ ਸ਼ਹੀਦਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਜਥੇਦਾਰ ਕਿਸ਼ਨ ਸਿੰਘ ਗੜਗੱਜ ਦਾ ਜਨਮ ਸ. ਫਤਿਹ ਸਿੰਘ ਪਿੰਡ ਬਿਣਗ (ਨੇੜੇ ਜਲੰਧਰ ਛਾਉਣੀ) ਵਿਖੇ ਹੋਇਆ। ਜਿਹੜੇ ਲਹਿਰ ਦੇ ਮੋਢੀ ਆਗੂ ਸਨ। ਉਹ ਫੌਜ ਵਿੱਚ ਹੁੰਦਿਆਂ ਗ਼ਦਰ ਲਹਿਰ ਸਮੇਂ ਭਾਈ ਰਣਧੀਰ ਸਿੰਘ ਨਾਰੰਗਵਾਲ ਦੇ ਸੰਪਰਕ ਵਿੱਚ ਸਨ ਪਰ ਮੌਕੇ 'ਤੇ ਤਾਲਮੇਲ ਨਾ ਹੋ ਸਕਣ 'ਤੇ ਉਹ ਸ਼ਾਮਲ ਨਹੀਂ ਸੀ ਹੋ ਸਕੇ।

2. ਸ਼ਹੀਦ ਨੰਦ ਸਿੰਘ ਉਮਰ 30 ਸਾਲ, ਦਾ ਜਨਮ 12 ਅਕਤੂਬਰ 1895 ਨੂੰ ਗੰਗਾ ਸਿੰਘ ਭਾਰਜ (ਰਾਮਗੜ੍ਹੀਆ) ਦੇ ਘਰ ਪਿੰਡ ਘੁੜਿਆਲ ਥਾਣਾ ਆਦਮਪੁਰ ਵਿੱਚ ਹੋਇਆ ਉਹ ਵਿਗਿਆਨਕ ਸੂਝ ਵਾਲੇ ਤੇ ਜੁਝਾਰੂ ਕਵੀ ਸਨ। ਉਨ੍ਹਾਂ ਦੀ ਕਵਿਤਾ 'ਸ਼ਹੀਦਾਂ ਦਾ ਲਹੂ" ਦੀਆਂ ਕੁੱਝ ਸਤਰਾਂ:

ਭਾਰਤ ਮਾਤਾ ਮੇਰੀ, ਤੇਰੇ ਪਿਆਰ ਅੰਦਰ ਸਿਰ ਆਈਆਂ ਮੁਸੀਬਤਾਂ ਕੱਟ ਚੱਲੇ।
ਜੋ ਕੁਝ ਕੱਟਣਾ ਸੀ ਘੱਟ ਚੱਲੇ, ਸਿਰੋਂ ਲਾਹ ਗੁਲਾਮੀ ਛੱਟ ਚੱਲੇ।
ਆਜ਼ਾਦੀਆਂ ਮਿਲਣ ਨਾ ਮਿਲਣ ਭਾਵੇਂ, ਪਰਚੇ ਗਏ ਇਮਤਿਹਾਨ ਦੇ ਬੜੇ ਔਖੇ।
ਲਗਨ ਵਤਨ ਪ੍ਰੇਮੀ ਦੀ ਬੁਰੀ ਹੁੰਦੀ, ਦੁੱਖ ਆਉਂਦੇ ਨਵੇਂ ਤੋਂ ਨਵੇਂ ਔਖੇ।
ਲੈਨਿਨ ਹੁਰੀਂ ਜੋ ਰੂਸ ਦੇ ਬੜੇ ਆਗੂ, ਸਾਇਬੇਰੀਆ ਜੇਹਲ ਵਿਚ ਰਹੇ ਔਖੇ।
ਭਾਰਤ ਮਾਤਾ ਮੇਰੀ ...

ਪਿੰਡ ਘੁੜਿਆਲ ਵਿੱਚ ਉਨ੍ਹਾਂ ਦੇ ਜਨਮ ਅਸਥਾਨ ਨੂੰ ਯਾਦਗਾਰ ਦੇ ਰੂਪ ਵਿੱਚ ਸਥਾਪਤ ਕੀਤਾ ਗਿਆ ਹੈ।

3. ਬਾਬੂ ਸੰਤਾ ਸਿੰਘ ਨੂੰ ਫਾਂਸੀ ਲਾਉਣ ਸਮੇਂ ਉਨ੍ਹਾਂ ਦੀ ਉਮਰ 30 ਸਾਲ ਸੀ। ਉਨ੍ਹਾਂ ਦਾ ਜਨਮ ਸੂਬਾ ਸਿੰਘ ਦੇ ਘਰ ਪਿੰਡ ਹਰੀਓ ਖੁਰਦ (ਲੁਧਿਆਣਾ) ਵਿੱਚ ਹੋਇਆ। ਉਹ ਦਲੇਰ ਅਤੇ ਪ੍ਰਚੰਡ ਰੁਚੀਆਂ ਦਾ ਮਾਲਕ ਸੀ। ਪੁਲਸ

ਬਾਕੀ ਸਫ਼ਾ 4 'ਤੇ

ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੀ ਭੂਮਿਕਾ

ਗ਼ਦਰ ਲਹਿਰ ਦੇ ਸ਼ਹੀਦਾਂ, ਉਮਰ ਕੈਦਾਂ ਭੁਗਤ ਰਹੇ ਦੇਸ਼ ਭਗਤਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਬਣੀ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਵੱਲੋਂ ਹੁਣ ਬੱਬਰ ਅਕਾਲੀ ਸ਼ਹੀਦਾਂ ਤੇ ਕੈਦਾਂ ਭੁਗਤ ਰਹੇ ਦੇਸ਼ ਭਗਤਾਂ ਦਿਆਂ ਪਰਿਵਾਰਾਂ ਦੀ ਸਹਾਇਤਾ ਲਈ 13 ਅਗਸਤ 1934 ਦੇ 'ਕਿਰਤੀ' ਅੰਕ ਰਾਹੀ ਅਪੀਲ ਕੀਤੀ ਕਿ :

ਹਰ ਇੱਕ ਦੇਸ਼ ਵਾਸੀ ਦਾ ਫਰਜ਼ ਹੋਣਾ ਚਾਹੀਦਾ ਹੈ ਕਿ ਹੋਰ ਕਈ ਪ੍ਰਕਾਰ ਦੇ ਫਜ਼ੂਲ ਕੰਮਾਂ ਉਤੇ ਰੁਪਇਆ ਖਰਚਣਾ ਬੰਦ ਕਰਕੇ ਦੇਸ਼ ਭਗਤਾਂ ਦੇ ਬਾਲ ਬੱਚਿਆਂ ਅਤੇ ਬਿਰਧ ਮਾਪਿਆਂ ਦੀ ਸਹਾਇਤਾ ਵਾਸਤੇ ਆਪਣੀ ਕਮਾਈ ਵਿਚੋਂ ਕੁਛ ਨਾ ਕੁਛ ਜ਼ਰੂਰ ਚੰਦਾ ਦੇਵੇ। ਜੋ ਦੇਸ਼ ਭਗਤ ਆਪਣਾ ਤਨ, ਮਨ, ਧਨ ਗਰੀਬਾਂ ਦੀ ਭਲਾਈ ਅਤੇ ਉੱਨਤੀ ਵਾਸਤੇ ਅਰਪਨ ਕਰ ਚੁੱਕੇ ਹਨ, ਕੀ ਉਨ੍ਹਾਂ ਦੇ ਬਾਲ-ਬੱਚਿਆਂ ਦੀ ਸਹਾਇਤਾ ਵਾਸਤੇ ਅਸੀਂ ਆਪਣੀ ਕਮਾਈ ਵਿਚੋਂ ਥੋੜਾ ਜਿਹਾ ਧਨ ਵੀ ਅਰਪਨ ਨਹੀਂ ਕਰ ਸਕਦੇ? ਆਪਣੇ ਘਰਾਂ ਵਿੱਚ ਅਨੰਦ ਕਾਰਜ ਅਤੇ ਹੋਰ ਉਤਸਵ ਮਨਾਉਣ ਵੇਲੇ ਦੇਸ਼ ਭਗਤਾਂ ਦੇ ਪਰਿਵਾਰਾਂ ਦਾ ਜ਼ਰੂਰ ਧਿਆਨ ਰੱਖਣਾ ਚਾਹੀਦਾ ਹੈ। 1914-15 ਵਾਲੇ ਗ਼ਦਰੀ ਦੇਸ਼ ਭਗਤਾਂ ਦੇ ਪਰਿਵਾਰਾਂ ਨੂੰ ਸਹਾਇਤਾ ਭੇਜ ਦਿੱਤੀ ਗਈ ਹੈ, ਬੱਬਰ ਅਕਾਲੀ ਪਰਿਵਾਰਾਂ ਦੀ ਸਹਾਇਤਾ ਦੀ ਪੜਤਾਲ ਵਾਸਤੇ ਕਮੇਟੀ ਨੇ 1 ਅਗਸਤ ਤੋਂ ਦੌਰਾ ਸ਼ੁਰੂ ਕਰ ਦਿੱਤਾ ਹੈ ਅਤੇ ਬਹੁਤ ਜਲਦੀ ਪੜਤਾਲ ਖ਼ਤਮ ਕਰ ਕੇ ਇਨ੍ਹਾਂ ਪਰਿਵਾਰਾਂ ਨੂੰ ਸਹਾਇਤਾ ਭੇਜ ਦਿੱਤੀ ਜਾਵੇਗੀ।

- ਬਾਬਾ ਹਰਨਾਮ ਸਿੰਘ ਟੁੰਡੀਲਾਟ
ਸਕੱਤਰ, ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ, ਅੰਮ੍ਰਿਤਸਰ।

ਬੱਬਰ ਅਕਾਲੀ ਲਹਿਰ ਅਤੇ ਗ਼ਦਰੀ ਬਾਬਿਆਂ ਦਾ ਮੇਲਾ

ਦੇਸ਼ ਦੇ ਆਜ਼ਾਦੀ ਸੰਗਰਾਮ 'ਚ ਅੰਗਰੇਜ਼ ਸਾਮਰਾਜ-ਤਖ਼ਤ ਉਖਾੜਨ ਵਾਲੀ ਗ਼ਦਰ ਪਾਰਟੀ ਦਾ ਲਹੂ-ਭਿੱਜਿਆ ਇਤਿਹਾਸ ਅੱਜ ਵੀ ਸਾਮਰਾਜੀ ਲੁੱਟ ਤੇ ਫ਼ਾਸ਼ੀ ਫ਼ਿਰਕੂ ਤਾਕਤਾਂ ਨੂੰ ਵੰਗਾਰਦਾ ਹੈ ਅਤੇ ਇਨ੍ਹਾਂ ਵਿਰੁੱਧ ਲੜ ਰਹੇ ਸੰਗਰਾਮੀਆਂ ਲਈ ਪ੍ਰੇਰਨਾ ਸਰੋਤ ਵੀ ਹੈ ਤੇ ਰਾਹ ਦਸੇਰਾ ਵੀ...।

ਬੱਬਰ ਅਕਾਲੀ ਲਹਿਰ ਦੀਆਂ ਸ਼ਹਾਦਤਾਂ ਦੀ ਸ਼ਤਾਬਦੀ ਨੂੰ ਸਮਰਪਤ ਹੈ, 35ਵਾਂ ਮੇਲਾ ਗ਼ਦਰੀ ਬਾਬਿਆਂ ਦਾ। ਬੱਬਰ ਅਕਾਲੀ ਲਹਿਰ ਦੀ ਪਿੱਠ ਭੂਮੀ, ਇਸ ਲਹਿਰ ਦੇ ਉਦੇਸ਼, ਇਸਦਾ ਸੁਰਮਗਤੀ ਭਰਿਆ ਇਤਿਹਾਸ, ਜਿਥੇ ਅੰਗਰੇਜ਼ ਹਕੂਮਤ ਖ਼ਿਲਾਫ਼ ਯੁੱਧ, ਜਲ੍ਹਿਆਂਵਾਲਾ ਬਾਗ਼ ਦੀ ਲਹੂ ਭਿੱਜੀ ਮਿੱਟੀ ਦਾ ਨਿਰੰਤਰ ਸਫ਼ਾ ਹੈ, ਓਥੇ ਇਸਦਾ ਅਗਲਾ ਵਰਕਾ ਕਿਰਤੀ ਲਹਿਰ, ਕਾਕੋਰੀ ਕਾਂਡ ਅਤੇ ਨੌਜਵਾਨ ਭਾਰਤ ਸਭਾ ਦੇ ਇਨਕਲਾਬੀ ਇਤਿਹਾਸ ਨਾਲ ਜੁੜਿਆ ਹੋਇਆ ਹੈ। ਇਹ ਮੇਲਾ ਜਿੱਥੇ 'ਗ਼ਦਰ' ਅਖ਼ਬਾਰ ਦੇ ਇਤਿਹਾਸ ਦਾ ਪ੍ਰਤੀਕ ਹੈ ਓਥੇ ਇਹ ਵਰ੍ਹਾ ਕਿਰਤੀ ਅਖ਼ਬਾਰ, ਕਾਕੋਰੀ ਕਾਂਡ ਅਤੇ ਨੌਜਵਾਨ ਭਾਰਤ ਸਭਾ ਦੇ ਇਤਿਹਾਸ ਦਾ ਵੀ 100ਵਾਂ ਵਰ੍ਹਾ ਹੈ - ਇਹਨਾਂ ਸਭਨਾਂ ਇਨਕਲਾਬੀ ਲਹਿਰਾਂ ਦਾ ਸੰਗਮ ਵੀ ਹੈ।

ਗ਼ਦਰੀ ਸੂਰਬੀਰਾਂ ਦੀ ਯਾਦ 'ਚ ਹਰ ਸਾਲ ਲਗਦਾ ਮੇਲਾ ਏਸ ਵਾਰ ਗ਼ਦਰ ਪਾਰਟੀ ਦੇ ਬੱਬਰ ਅਕਾਲੀ ਲਹਿਰ ਦੀਆਂ ਸ਼ਹਾਦਤਾਂ ਦੀ ਸ਼ਤਾਬਦੀ ਨੂੰ ਸਮਰਪਤ ਹੈ। ਬੱਬਰ ਲਹਿਰ ਜਿਸ ਵਿੱਚ ਗ਼ਦਰੀ ਸੂਰਬੀਰਾਂ ਦੇ ਸੰਗਰਾਮ ਦੀ ਲੋਅ ਸੀ, ਉਨ੍ਹਾਂ ਵਲੋਂ ਅੰਗਰੇਜ਼ ਸਾਮਰਾਜ ਵਿਰੁੱਧ ਯੁੱਧ ਦੀ ਜਵਾਲਾ ਸੀ... ਉਸ ਸੰਗਰਾਮ ਦੀ 35ਵੇਂ ਮੇਲੇ ਵਿੱਚ ਗੂੰਜ ਪਏਗੀ...

ਅੱਜ ਮੁਲਕ ਦੇ ਹਾਲਾਤ ਅੰਗਰੇਜ਼ ਹਕੂਮਤ ਤੋਂ ਵੀ ਬਦਤਰ ਹਨ। ਦੇਸ਼ ਭਰ 'ਚ ਮਜ਼ਦੂਰ-ਕਿਸਾਨ, ਮੁਲਾਜ਼ਮ, ਨੌਜਵਾਨ, ਵਿਦਿਆਰਥੀ, ਔਰਤਾਂ ਸਭ ਦੇ ਹੱਕ-ਹਕੂਕਾਂ ਨੂੰ ਕੁਚਲਿਆ ਜਾ ਰਿਹਾ ਹੈ। ਫ਼ਿਰਕੂ ਨਫ਼ਰਤ ਵੱਲੋਂ ਲੋਕ ਏਕਤਾ ਤੇ ਸਾਂਝੇ ਭਾਈਚਾਰੇ ਨੂੰ ਤੋੜਨ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਲੋਕ ਰੋਹ ਨੂੰ ਪੁਲਸੀ ਜਬਰ ਤੇ ਤਸ਼ੱਦਦ ਨਾਲ ਦਬਾਉਣ ਲਈ ਹਮਲੇ ਹੋ ਰਹੇ ਹਨ। ਅੱਜ ਬਾਹਰੀਆਂ ਆਈਆਂ ਸਾਮਰਾਜੀ ਕੰਪਨੀਆਂ ਅਤੇ ਦੇਸੀ ਕਾਰਪੋਰੇਟ ਘਰਾਣਿਆਂ ਦੀਆਂ ਕੰਪਨੀਆਂ ਪੂਰੇ ਮੁਲਕ ਦੇ ਕੁਦਰਤੀ ਅਨਮੋਲ ਸੋਮਿਆਂ ਨੂੰ ਲੁੱਟਣ ਲਈ ਸਾਡੀ ਧਰਤੀ ਉਪਰ ਜੋਂਕਾਂ ਮਾਰ ਰਹੀਆਂ ਹਨ। ਸਾਡੀ ਖੇਤੀ, ਘਰੇਲੂ ਸਨਅਤ, ਸਿੱਖਿਆ, ਸਿਹਤ, ਬਿਜਲੀ, ਪਾਣੀ, ਸੜਕਾਂ, ਜ਼ਮੀਨਾਂ ਉਪਰ ਡਾਕਾ ਮਾਰਨ ਲਈ ਹਕੂਮਤਾਂ ਉਹਨਾਂ ਕੰਪਨੀਆਂ ਲਈ ਰਾਹ ਮੋਕਲਾ ਕਰ ਰਹੀਆਂ ਨੇ। ਲੋਕਾਂ ਨੂੰ ਸੂਝ-ਬੂਝ ਨਾਲ ਲੈਸ ਕਰਨ ਅਤੇ ਚੇਤਨਾ ਦੇ ਚਿਰਾਗ਼ ਬਾਲਣ ਵਾਲੇ ਬੁੱਧੀਜੀਵੀਆਂ, ਇਨਕਲਾਬੀਆਂ ਨੂੰ ਜਾਨੋਂ ਮਾਰਨ ਅਤੇ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿੱਚ ਸਾੜਨ ਦੇ ਬੇਸ਼ਰਮੀ ਨਾਲ ਐਲਾਨ ਕੀਤੇ ਜਾ ਰਹੇ ਨੇ। ਇਤਿਹਾਸ, ਫਲਸਫ਼ੇ, ਸਾਹਿਤ, ਕਲਾ ਅਤੇ ਯਾਦਗਾਰਾਂ, ਯੂਨੀਵਰਸਿਟੀ ਮਿਟਾਉਣ, ਉਹਨਾਂ ਦਾ ਮੁਹਾਂਦਰਾ ਬਦਲਣ ਅਤੇ ਇਤਿਹਾਸ ਨੂੰ ਆਪਣੇ ਮਨਪਸੰਦ ਇੱਕੋ ਰੰਗ ਦੀ ਪੁੱਠ ਚਾੜ੍ਹਨ ਦੇ ਮਨਸ਼ੇ ਹਨ। ਲੋਕਾਂ ਦੇ ਵੋਟ ਤੋਂ ਲੈ ਕੇ ਹਰ ਕਿਸਮ ਦੇ ਮੁੱਢਲੇ ਅਧਿਕਾਰਾਂ ਅਤੇ ਵਿਸ਼ੇਸ਼ ਕਰਕੇ ਦਲਿਤਾਂ, ਆਦਿਵਾਸੀਆਂ ਨੂੰ ਹਮਲੇ ਦਾ ਚੋਣਵਾਂ ਨਿਸ਼ਾਨਾ ਬਣਾ ਕੇ ਉਨ੍ਹਾਂ ਉਪਰ ਹਕੂਮਤੀ ਰੋਲਰ ਚਾੜ੍ਹਿਆ ਜਾ ਰਿਹਾ ਹੈ। ਜੰਤਰ ਮੰਤਰ ਦਿੱਲੀ ਵਰਗੀਆਂ ਥਾਵਾਂ 'ਤੇ ਸ਼ਰਮ ਹਯਾ ਦੇ ਸਾਰੇ ਪਰਦੇ ਹਟਾ ਕੇ ਗੁੰਡਾਗਰਦੀ ਦਾ ਨੰਗਾ ਨਾਚ ਨੱਚਿਆ ਜਾ ਰਿਹਾ ਹੈ। ਸਾਰੇ ਕਾਇਦੇ ਕਾਨੂੰਨ, ਨਿਜ਼ਾਮ ਦੇ ਮੰਦਰ ਕਹਾਉਂਦੇ ਅਦਾਰਿਆਂ ਦਾ ਭੋਗ ਪਾ ਕੇ ਫਾਸ਼ੀਪੁਣੇ ਦੀ ਹਨੇਰਗਰਦੀ ਮਚਾਈ ਜਾ ਰਹੀ ਹੈ। ਇਸ ਹਾਲਤ 'ਚ ਸੰਘਰਸ਼ਾਂ ਦਾ ਸੁਲੱਖਣਾ ਵਰਤਾਰਾ ਭਵਿੱਖ ਦੀਆਂ ਸ਼ਾਨਦਾਰ ਝਲਕਾਂ ਪੇਸ਼ ਕਰਦਾ ਹੈ। ਮੁਲਕ ਦੀ ਜਵਾਨੀ ਸੜਕਾਂ 'ਤੇ ਨਿੱਤਰ ਕੇ ਤਿੱਖੇ ਸੁਆਲ ਕਰਨ ਲੱਗੀ ਹੈ। ਇਸ ਚੜ੍ਹਦੇ ਨਵੇਂ ਸੂਰਜ ਨੂੰ ਸਲਾਮ ਕਰੇਗਾ, ਮੇਲਾ ਗ਼ਦਰੀ ਬਾਬਿਆਂ ਦਾ।

- ਗੁਰਮੀਤ
ਜਨਰਲ ਸਕੱਤਰ, ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ

ਗਿਆਨੀ ਗੁਰਦਿੱਤ ਸਿੰਘ "ਦਲੇਰ" ਵੱਲੋਂ ਫਾਂਸੀ ਚੜ੍ਹਨ ਸਮੇਂ ਦੇਸ਼ ਵਾਸੀਆਂ ਨੂੰ "ਅੰਤਿਮ ਸੰਦੇਸ਼ਾ"

(ਗਿਆਨੀ ਗੁਰਦਿੱਤ ਸਿੰਘ ਦਲੇਰ ਨੂੰ ਪੁਲਿਸ ਟਾਊਟ ਅਨੂਪ ਸਿੰਘ ਮਾਣਕੋ ਦੇ ਕਤਲ ਵਿਚ 19 ਮਈ 1939 ਨੂੰ ਮੁਲਤਾਨ ਸ਼ਹਿਰ ਵਿਚ ਫਾਂਸੀ ਦਿੱਤੀ ਗਈ ਸੀ। ਹੇਠਲੀ ਕਵਿਤਾ ਪੁਰੀ ਅਤੇ ਅਗਲੀ ਕਵਿਤਾ ਦੀਆਂ ਪਹਿਲੀਆਂ ਛੇ ਪੰਕਤੀਆਂ ਇਸ ਅਨੁਵਾਨ ਹੇਠ ਅਖ਼ਬਾਰ 'ਕਿਰਤੀ ਲਹਿਰ' ਦੇ 4 ਜੂਨ 1939 ਵਾਲੇ ਅੰਕ ਵਿਚ ਪ੍ਰਕਾਸ਼ਿਤ ਹੋਈਆਂ ਸਨ)

ਫਰੀਦਾ ਬਾਰ ਪਰਾਏ ਬੈਸਣਾ, ਸਾਂਈ ਮੁਝੈ ਨਾ ਦੇ
ਜੇ ਤੂੰ ਏਵੈਂ ਰਖਸੀ, ਜੀਉ ਸਰੀਰਹੁ ਲੇ

ਆਦਰਸ਼...
ਦਿੱਤੀ ਸਿੱਖਿਆ ਗੁਰੂ ਦਸਮੇਸ਼ ਜੀ ਨੇ ਖਾਤਰ ਵਤਨ ਦੀ ਹੋਣਾ ਕੁਰਬਾਨ ਵੀਰੋ।
ਦੁਖੀ ਦੇਸ਼ ਖਾਤਰ ਬਾਪੂ ਵਾਰ ਸੋਹਣਾ ਮਾਤ ਪੁੱਤਰ ਬਲੀ ਚੜ੍ਹਾਨ ਵੀਰੋ।
ਏਸੇ ਹੁਕਮ ਨੂੰ ਕਰਨ ਪ੍ਰਵਾਨ ਸੂਰੇ-ਸੰਨ ਚੌਦਾਂ ਦੇ ਸ਼ੇਰ ਜਵਾਨ ਵੀਰੋ।
ਏਸੇ ਹੁਕਮ 'ਤੇ "ਬੱਬਰ" ਸ਼ਹੀਦ ਹੋ ਗਏ ਜੂੰਝੀ ਕੌਮ ਨੂੰ ਟੁੰਬ ਜਗਾਣ ਵੀਰੋ।
"ਰਤਨ ਸਿੰਘ, ਸੁਖਦੇਵ ਤੇ ਰਾਜ ਗੁਰੂ,
ਭਗਤ ਸਿੰਘ ਨੇ ਸੀਸ ਲਗਾਇਆ ਏ।
ਉਹੋ ਹੁਕਮ ਆਗਿਆ "ਦਲੇਰ" ਨੂੰ ਵੀ,
ਸੀਸ ਭੇਟ ਆਜ਼ਾਦੀ ਚੜ੍ਹਾਇਆ ਏ।
ਐਪਰ, ਰੱਜ ਨਹੀਂ ਸੇਵ ਕਮਾ ਸਕਿਆ,
ਖਟਕਾ ਪਹਿਲਾਂ ਹੀ ਜ਼ਾਲਮ ਨੂੰ ਖੁੜ ਗਿਆ,
ਮੇਰੇ ਦਿਲ ਦੀ ਹੋਈ ਨਹੀਂ ਆਸ ਪੂਰੀ,
ਦਿਲੋਂ ਕੱਢ ਅਰਮਾਨ ਨਾ ਝੁੱਕ ਸਕਿਆ,
ਬਣਿਆ ਜਿਸਮ "ਦਲੇਰ" ਬਰੂਦ ਦਾ ਸੀ,
ਬਿਨਾਂ ਚਲਿਆ ਬੰਬ" ਮੈਂ ਬੁਝ ਗਿਆ।
ਸਾਡੇ ਨਾਲ ਨਾ ਪਾਪੀ ਇਨਸਾਫ਼ ਕੀਤਾ,
ਮੈਨੂੰ ਮਾਰਨੇ ਤੇ ਜ਼ਾਲਮ ਰੁੱਝ ਗਿਆ।
ਕਦੇ ਉਸਰਨਾ ਇੱਟਾਂ ਦੇ ਨਾਲ ਨਹੀਂ,
ਜਿਹੜਾ ਚੋਰਾ ਆਜ਼ਾਦੀ ਦਾ ਮਹਿਲ ਭਾਈ

ਇਹ ਤਾਂ ਬਣੂੰ ਸ਼ਹੀਦਾਂ ਦੀਆਂ ਹੱਡੀਆਂ ਦਾ,
ਕਾਨੂੰਨਸਾਜ਼ਾਂ ਦੇ ਏਸ ਨੂੰ ਸਹਿਲ ਭਾਈ।
ਏਸ ਮਿੱਟੀ ਦੇ ਬੁੱਤ ਨੂੰ ਤੋੜਨੇ ਲਈ,
ਘਟਾ ਜ਼ੁਲਮ ਦੀ ਗਈ ਏ ਝੁੱਲ ਵੀਰੋ!
ਨਹੀਂ ਆਤਮਾ ਮੇਰੀ ਛੂਹ ਸਕਿਆ,
ਜ਼ਾਲਮ ਪੰਥਾਂ ਤੋਂ ਗਿਆ ਏ ਤੁੱਲ ਵੀਰੋ!
ਮੇਰੀ ਮੌਤ ਦਾ ਨਹੀਂ ਅਫਸੋਸ ਕਰਨਾ,
ਸਗੋਂ ਚਾੜ੍ਹਨੇ ਖੁਸ਼ੀ ਦੇ ਫੁੱਲ ਵੀਰੋ!
ਭਾਣੇ ਵਿਚ ਅਕਾਲ "ਦਲੇਰ" ਜਾਵੇ,
ਪਿਆਰੇ ਦਿਲਾਂ ਨੂੰ ਜਾਵੇ ਨਾ ਭੁੱਲ ਵੀਰੋ!
ਮੇਰੀ ਰੂਹ ਨੂੰ ਤਦੋਂ ਹੈ ਸ਼ਾਂ ਆਵੇ
ਪਿਆਰੇ ਵਤਨ ਤੇ ਜਦੋਂ ਬਹਾਰ ਫਿਰ ਸੀ
ਗੌਣ ਬੁਲਬੁਲਾਂ ਗੀਤ ਆਜ਼ਾਦੀ ਦੇ
ਸੁਹਣੇ ਚਮਨ 'ਚ ਜਦੋਂ ਗੁਲਜ਼ਾਰ ਖਿੜੀ ਸੀ।

ਬੁਲਬੁਲ ਦਾ ਤਾਹਨਾਂ 'ਸੱਯਾਦ' ਨੂੰ

ਵਤਨ ਦੇ ਮਰਨ ਥੀਂ ਨਹੀਂ ਡਰਦੇ, ਕਰਨਾ, ਡਰਨਾ ਕੀ? ਮਰਨਾ ਬੇਸ਼ੱਕ ...
ਅਜ਼ੀਜ਼ ! ਇਹ ਗੱਲਾਂ ਜੁਦਾ ਹੋਸਨ, ਸਮਝ ਲਿਆ ਮੈਂ ਦਿਲ 'ਚ ਪੱਕ ਪਾਪੀ
ਮੈਂ ਵੀ ਆਸ ਥੀ ਤੂੰ ਬੇਆਸ ਬੈਠਾ, ਤੂੰ ਵੀ ਮਾਰਨੇ ਨੂੰ ਬੱਧਾ ਲੱਕ ਪਾਪੀ
ਤੇਰੇ ਸੀਸ ਸ਼ਰਾਬੀ ਜ਼ਾਲਮਾਂ ਕਾਲ ਕੜਕੇ, ਆਖਰ ਤੂੰ ਵੀ ਜੀਵੇਂ ਕਦ ਤੱਕਣ ॥
ਕਾਨੂੰਨ ਮਾਰਦਾਂ ਜ਼ਾਲਮਾਂ ਬੁਲਬੁਲਾਂ ਨੂੰ? ਸਾਡੀ ਰੂਹ ਨਹੀਂ 'ਚਮਨ' ਤੋਂ ਦੂਰ ਹੋਣਾ
ਵਕਤ ਆਗਿਆ ਹੁਣ ਨਾ ਦੇਰ ਕੋਈ, ਚੰਦਰ ਤੇਰੀ ਨੇ ਏਥੋਂ ਕਾਫੂਰ ਹੋਣਾ
ਉਠ! ਗੋਰਖੂਆ ਦੁਲਿਆ ਕਿਰਤੀਆ ਓਏ, ਕਿਸਮਤ ਆਪਣੀ ਨੇ ਬਣਾ ਸ਼ੇਰਾ!
ਜੋਸ਼ ਤੇਰਾ ਇਹ ਹਿੰਮਤ ਨੂੰ ਟੁੰਬ ਆਖੇ, ਜੰਗ ਵਿਚ ਤੂਫਾਨ ਲਿਆ ਸ਼ੇਰਾ!
ਤੇਗ ਤੇਰੀ 'ਚ ਸ਼ਕਤ ਹੈ ਬਿਜਲੀਆਂ ਦੀ, ਲਿਸ਼ਕ ਏਸ ਦੀ ਪਲੇ ਮਚਾ ਦੇਵੇਂ।
ਜਥੇਬੰਦ ਹੋ ਕੇ ਇਕ ਮਾਰ ਹੇਠਾ-ਗੱਲੋਂ ਤੋੜ ਗੁਲਾਮੀ ਦਾ ਲਾਹਿ ਸ਼ੇਰਾ॥
ਤੇਰੇ ਉਠਿਆਂ ਧਰਤ ਵੀ ਕੰਬ ਜਾਵੇ-ਪਾਵੇ ਹੋਲ ਸਮੁੰਦਰ ਨੂੰ ਗਰਜ ਤੇਰੀ।
ਤੇਰੀ ਭਾਕ ਤੋਂ ਸੂਰਜ ਵੀ ਸਹਿਮ ਖਾਂਦਾ, ਜੇਕਰ ਹੋਵੇ ਨਾ ਝੂੱਟ ਦੀ ਮਰਜ਼ ਤੇ...
ਤੇਰੀ ਜਾਗ ਹਕੂਮਤਾਂ ਪਲਟ ਦੇਵੇ, ਦੇਖੇ ਜਿਸ ਨੂੰ ਕੁਲ ਜਹਾਨ ਬੀਬਾ!
ਦਾਈਆ ਤੇਗ ਹੈ ਜੰਗ ਨੂੰ ਜਿੱਤ ਲੈਣਾ, ਅੱਗੇ ਵਧਣ ਦਾ ਤੇਰਾ ਨਿਸ਼ਾਨ ਬੀਬਾ!
ਤੂੰ ਤਾਂ ਸ਼ੇਰਾਂ ਦਾ ਸ਼ੇਰ ਬਹਾਦਰਾ ਓਏ, ਤੇਰੇ ਰੋਹ 'ਚ ਸਭ ਦੀ ਕੁਮੰਡ ਬੀਬਾ
ਝੁੱਲੇ ਉੱਚਾ ਨਿਸ਼ਾਨ ਜੱਗ ਕਿਰਤੀਆਂ ਦਾ, ਡੀਲਾਂ ਤੇਰੀਆਂ ਤੇਰੀ ਏ ਸ਼ਾਨ ਬੀਬਾ
ਸੋਸ਼ਲਿਸਟ, ਅਕਾਲੀ ਨਾ ਫਰਕ ਕੋਈ, ਆਪਸ ਵਿਚ ਨਾ ਕਰੀ ਕਲੇਸ਼ ਭਾਈ
ਸਾਂਝਾ ਕੰਮ ਤੇ ਇਕ ਨਿਸ਼ਾਨ ਸਾਡਾ, 'ਲੜਨਾ ਜੰਗ ਆਜ਼ਾਦੀ' ਹੋਸ਼ ਭਾਈ
'ਖਿੜਿਆ ਰਹਿਣਾ ਨਹੀਂ ਚਮਨ ਸੰਸਾਰ ਤੇਰਾ, ਸੇਵਾ ਵਤਨ ਦੀ ਵਸਤ ਕਮਾਲ ਬੀਬਾ
ਮਾਣਦਾ ਜਿਨ੍ਹਾਂ ਦੇ ਵਿਚ ਕੁਰਬਾਨੀਆਂ ਦਾ, ਸਦਾ ਚਮਕਦ ਰਹਿਣ ਜਿਉਂ ਲਾਲ ਬੀ
ਝੂਠਾ ਤਖਤ ਦਾ ਜਿਨ੍ਹਾਂ ਨੇ ਮਾਣਿਆ ਏ, ਮਾਲਕ ਤਖਤ ਦੇ ਓਹੀ 'ਦਲੇਰ' ਬਣਦੇ
ਅੱਖਾਂ ਪੁੱਟ ਕੇ ਵੇਖ ਲੋ 'ਰੂਸ' ਵੱਲੀ, ਜੀਊਂਦੀ ਜੰਗ ਦੇ ਵਿਚ ਮਿਸਾਲ ਬੀਬਾ
ਮੇਰੀ ਮੌਤ ਤੇ ਭਾਵੇਂ ਨਾ ਡੋਲ ਜਾਵੀਂ, ਮੇਰਾ ਆਖਰੀ ਇਹ ਸੰਦੇਸ਼ ਬੀਬਾ
ਲੈ ਹੁਣ ਆਗਿਆ ਆ ਦੇਰ ਮੈਂ ਫਤੇ ਆਖਾਂ, ਚੜ੍ਹਦੀ ਕਲਾ 'ਚ ਰਹੀਂ ਹਮੇਸ਼ ਬੀਬਾ।

* ਗੁਲ ਤੋਂ ਭਾਵ ਮਾਸੂਮ ਬੱਚਿਆਂ ਦਾ ਹੈ
* ਤੇਗ ਦਾ ਲਫ਼ਜ਼ ਸਖ਼ਤ ਹੋਵੇ ਤਾਂ ਇਸ ਥਾਂ ਤਾਕਤ ਦਾ ਲਫ਼ਜ਼ ਬਦਲ ਦੇਣਾ।

ਪੇਸ਼ਕਸ਼ : ਮਨਜੀਤ ਕੇਸਰ

ਗ਼ਦਰ ਪਾਰਟੀ, ਗ਼ਦਰ ਅਤੇ ਅੰਗਰੇਜ਼ੀ ਹਕੂਮਤ

ਜਿਸ ਵਕਤ ਗ਼ਦਰ ਪਾਰਟੀ ਅਮਰੀਕਾ ਦੀ ਧਰਤੀ 'ਤੇ ਹੋਂਦ ਵਿੱਚ ਆਉਂਦੀ ਹੈ, ਉਸ ਵੇਲੇ ਅਮਰੀਕਾ ਸਰਮਾਏਦਾਰੀ ਨੂੰ ਪੱਕਿਆਂ ਕਰ ਰਿਹਾ ਸੀ। ਇਸ ਲਈ ਅਮਰੀਕਾ ਨੂੰ ਕਿਰਤੀਆਂ ਦੀ ਬਹੁਤ ਜ਼ਰੂਰਤ ਸੀ।ਅਮਰੀਕਾ ਦੀ ਇਸ ਲੋੜ ਨੂੰ ਵਿਦੇਸ਼ਾਂ ਵਿੱਚੋਂ ਆਏ ਕਿਰਤੀਆਂ ਨੇ ਪੂਰਾ ਕੀਤਾ। ਹਿੰਦੁਸਤਾਨ ਵਿੱਚ ਉਸ ਵੇਲੇ ਇਹ ਹਾਲਾਤ ਸਨ ਕਿ ਅੰਗਰੇਜ਼ੀ ਹਕੂਮਤ ਨੇ ਕਿਸਾਨੀ ਨੂੰ ਬਹੁਤ ਕਰਜ਼ਾਈ ਕੀਤਾ ਹੋਇਆ ਸੀ। ਇਸ ਹਾਲਤ ਵਿੱਚ ਪੰਜਾਬ ਦਾ ਕਿਰਤੀ-ਕਿਸਾਨ ਵੀ ਫਿਰ ਕਰਨ ਲਈ ਵੱਡੇ ਪੱਧਰ 'ਤੇ ਅਮਰੀਕਾ-ਕੈਨੇਡਾ ਦੀ ਧਰਤੀ 'ਤੇ ਪਹੁੰਚ ਗਿਆ। ਕਿਰਤੀਆਂ ਨੇ ਉੱਥੇ ਖ਼ੁਸ਼ਿਆਲੀ ਦੇ ਨਾਲ-ਨਾਲ ਜਮਹੂਰੀਅਤ ਵੀ ਵੇਖੀ। ਹਾਲਾਤ ਇਹ ਸਨ ਕਿ ਵਿਦੇਸ਼ੀ ਕਿਰਤੀ ਵੀ ਮਿਲ ਬੈਠ ਕੇ ਆਪਣੇ ਦੁੱਖਾਂ-ਸੁੱਖਾਂ ਬਾਰੇ ਵਿਚਾਰਾਂ ਕਰ ਸਕਦੇ ਸਨ।

ਅਮਰੀਕਾ-ਕੈਨੇਡਾ ਦੀ ਧਰਤੀ 'ਤੇ ਆਰਾ ਮਿੱਲਾਂ, ਰੇਲਵੇ ਵਰਕਸ਼ਾਪਾਂ, ਰੇਲ ਪਟੜੀਆਂ ਉੱਤੇ ਵੀਰਾਂ-ਪੰਜੀਆਂ ਦੀਆਂ ਟੋਲੀਆਂ ਵਿੱਚ ਸੈਂਕੜੇ ਕਿਰਤੀ ਕੰਮ ਕਰਦੇ ਸਨ। ਉਹ ਰਲ-ਮਿਲ ਕੇ ਕੰਮ ਕਰਨ ਦੇ ਨਾਲ-ਨਾਲ ਇਕੱਠੇ ਹੀ ਡੇਰਿਆਂ ਵਿੱਚ ਰਹਿੰਦੇ ਅਤੇ ਰੋਟੀ-ਪਾਣੀ ਵੀ ਇਕੱਠਾ ਹੀ ਖਾਂਦੇ-ਪੀਂਦੇ ਸਨ। ਕਿਰਤੀਆਂ ਦੇ ਇਸ ਜਲਵੇ ਨੇ ਉਨ੍ਹਾਂ 'ਚੋਂ ਜਾਤ-ਪਾਤ ਦਾ ਵਿਤਕਰਾ ਵੀ ਖ਼ਤਮ ਕੀਤਾ। ਹਕੀਕਤ ਵਿੱਚ ਮਨੁੱਖੀ ਕਿਰਤ ਦੀ ਸਾਂਝ ਹੀ ਜਾਤ-ਪਾਤ ਦੇ ਭੇਦਭਾਵ ਨੂੰ ਖ਼ਤਮ ਕਰਦੀ ਹੈ।

ਹਿੰਦ ਦੀ ਆਜ਼ਾਦੀ ਦੇ ਚਾਹਵਾਨ ਸਵਦੇਸ਼ ਸੇਵਕ, ਪਰਦੇਸੀ ਖਾਲਸਾ, ਸੰਸਾਰ, ਫਰੀ ਹਿੰਦੁਸਤਾਨ ਆਦਿ ਪੇਪਰ ਉਰਦੂ ਤੇ ਪੰਜਾਬੀ ਵਿੱਚ ਛਾਪਦੇ ਸਨ। ਉਹ ਅਖ਼ਬਾਰਾਂ ਪੜ੍ਹਨ ਦਾ ਹਿੰਦੀ ਕਿਰਤੀਆਂ ਨੂੰ ਵੀ ਮੌਕਾ ਮਿਲਦਾ ਸੀ। ਰਾਮਨਾਥ ਪੁਰੀ ਪੰਜਕਰਨ ਤੇ ਮੌਲਵੀ ਬਰਕਤ ਉੱਲਾ ਵੀ ਪੇਪਰ ਕਿਰਤੀਆਂ ਤੱਕ ਪਹੁੰਚਾਉਂਦੇ ਸਨ। ਇਨ੍ਹਾਂ ਪੇਪਰਾਂ ਰਾਹੀਂ ਕਿਰਤੀਆਂ ਵਿੱਚ ਇੱਕ ਰਾਜਨੀਤਕ ਪਾਰਟੀ ਬਣਾਉਣ ਦੀ ਚੇਟਕ ਲੱਗ ਚੁੱਕੀ ਸੀ। ਇਸ ਤੋਂ ਇਲਾਵਾ ਨਿਊਯਾਰਕ ਵਿੱਚ ਤਾਰਕਨਾਥ ਦਾਸ ਦੀ ਅਗਵਾਈ ਹੇਠ ਨਿਊਯਾਰਕ ਵਿੱਚ 1911 ਵਿੱਚ 'ਈਸਟ ਇੰਡੀਆ ਐਸੋਸੀਏਸ਼ਨ' ਬਣੀ ਹੋਈ ਸੀ। ਇਸ ਜਥੇਬੰਦੀ ਦੇ ਵਿਚਾਰ ਸਨ ਕਿ ਹਿੰਦੁਸਤਾਨ ਅੰਗਰੇਜ਼ਾਂ ਤੋਂ ਹਥਿਆਰਬੰਦ ਯੁੱਧ ਨਾਲ ਆਜ਼ਾਦ ਕਰਾਇਆ ਜਾਵੇ। ਇਸ ਜਥੇਬੰਦੀ ਅਨੁਸਾਰ ਹਿੰਦੁਸਤਾਨ ਦੀ ਆਜ਼ਾਦ ਧਰਤੀ 'ਤੇ ਨਿਰੋਲ ਆਪਣੀ ਸਰਕਾਰ ਹੋਵੇਗੀ। ਕੀ ਧੱਬਰ 'ਤੇ ਵਿਗਿਆਨ ਵਿਕਾਸ, ਖੇਤੀਬਾੜੀ ਅਤੇ ਵਪਾਰ ਦੇ ਕਾਰੋਬਾਰ ਵਿੱਚ ਤਰੱਕੀ ਕੀਤੀ ਜਾਵੇਗੀ।

ਕੁਝ ਹਿੰਦੀ ਕਿਰਤੀ ਹਾਲੇ ਵੀ ਕਿਰਤੀਆਂ ਦੇ ਡੇਰਿਆਂ 'ਤੇ ਸਮਾਜ ਸੁਧਾਰ ਦਾ ਹੀ ਪ੍ਰਚਾਰ ਕਰਦੇ ਸਨ। ਪੰਜਾਬੀ ਕਿਰਤੀ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਨੇ ਉਨ੍ਹਾਂ ਨੂੰ ਸਮਝਾਇਆ ਕਿ ਇਸ ਵੇਲੇ ਹਾਲਾਤ ਇਹ ਬਣ ਚੁੱਕੇ ਹਨ ਕਿ ਹਿੰਦੁਸਤਾਨ ਦੀ ਆਜ਼ਾਦੀ ਲਈ ਸਿੱਧਾ ਕੰਮ ਕਰਨ ਵਾਸਤੇ ਇੱਕ ਰਾਜਨੀਤਕ ਪਾਰਟੀ ਬਣਾਈ ਜਾਵੇ। ਇਸ ਸੋਚ ਵਿੱਚੋਂ 'ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ' ਦੀ ਜਥੇਬੰਦੀ 1912 ਵਿੱਚ ਹੋਂਦ ਵਿੱਚ ਆਈ, ਜਿਸ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਜੀ ਡੀ ਕੁਮਾਰ ਅਤੇ ਖ਼ਜ਼ਾਨਚੀ ਪੰਡਤ ਕਾਂਸ਼ੀ ਰਾਮ

ਪਿਰਥੀਪਾਲ ਸਿੰਘ ਮਾੜੀਮੇਘਾ

ਮੜੌਲੀ ਬਣੇ। ਲਾਲਾ ਹਰਦਿਆਲ ਦੇ ਆਉਣ 'ਤੇ 21 ਅਪਰੈਲ 1913 ਨੂੰ ਇਸੇ ਜਥੇਬੰਦੀ ਦਾ ਨਾਂਅ 'ਹਿੰਦੀ ਪੈਸੇਫਿਕ ਐਸੋਸੀਏਸ਼ਨ' ਪਿਆ। ਇਸ ਦੇ ਵੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਲਾਲਾ ਹਰਦਿਆਲ, ਖ਼ਜ਼ਾਨਚੀ ਪੰਡਤ ਕਾਂਸ਼ੀ ਰਾਮ ਮੜੌਲੀ, ਮੀਤ ਪ੍ਰਧਾਨ ਬਾਬਾ ਕੇਸਰ ਸਿੰਘ ਠੱਠਗੜ੍ਹ ਅਤੇ ਜੁਆਇੰਟ ਸਕੱਤਰ ਲਾਲਾ ਠਾਕੁਰ ਦਾਸ ਧੂਰੀ ਸਨ।

ਹਿੰਦੀ ਪੈਸਿਫਿਕ ਐਸੋਸੀਏਸ਼ਨ ਜਥੇਬੰਦੀ ਨੇ ਨਵੰਬਰ 1, 1913 ਨੂੰ ਸਪਤਾਹਕ 'ਗ਼ਦਰ' ਉਰਦੂ ਵਿੱਚ ਛਾਪਿਆ। ਇਹ ਪੇਪਰ ਇਨਕਲਾਬੀ, ਆਜ਼ਿਵਰੂ, ਧਰਮ ਨਿਰਪੱਖ ਤੇ ਜਮਹੂਰੀ ਸੀ। ਇਹ ਪੇਪਰ ਜਿਹੜੇ ਵੀ ਦੇਸ਼ਾਂ ਤੱਕ ਪਹੁੰਚਦਾ, ਉੱਥੇ ਹੀ ਪਾਰਟੀ ਹੋਂਦ ਵਿੱਚ ਆ ਜਾਂਦੀ ਸੀ। ਇਹ ਅਖ਼ਬਾਰ ਹਿੰਦੀ ਕਿਰਤੀਆਂ ਨੂੰ ਮੁਫ਼ਤ ਮਿਲਦਾ ਸੀ।

'ਗ਼ਦਰ' ਅਖ਼ਬਾਰ ਦਾ ਪੰਜਾਬੀ ਦਾ ਪਲੇਠਾ ਅੰਕ 8 ਦਿਸੰਬਰ 1913 ਨੂੰ ਛਪਿਆ। ਅਖ਼ਬਾਰ ਦੇ ਉਪਰਲੇ ਪਾਸੇ ਦੇ ਖੂੰਜੇ ਵਿੱਚ 'ਬੰਦੇ' ਤੇ ਸੱਜੇ ਪਾਸੇ ਦੇ ਖੂੰਜੇ ਵਿੱਚ 'ਮਾਤ੍ਰਮ' ਛਪਿਆ ਹੋਇਆ ਸੀ। ਇਨ੍ਹਾਂ ਦੋਹਾਂ ਸ਼ਬਦਾਂ ਦੇ ਵਿਚਕਾਰ 'ਜੇ ਤਉ ਪ੍ਰੇਮ ਖੇਲਨ ਕਾ ਚਾਉ ਸਿਰ ਧਰਿ ਤਲੀ ਗਲੀ ਮੇਰੀ ਆਉ' ਲਿਖਿਆ ਹੁੰਦਾ ਸੀ। ਪੰਜਾਬੀ ਦੇ ਪਹਿਲੇ ਅੰਕ ਵਿੱਚ ਉਰਦੂ ਦੇ ਪਹਿਲੇ ਅੰਕ ਵਾਲਾ ਪ੍ਰਕਾਸ਼ਿਤ ਹੋਇਆ ਲੇਖ 'ਸਾਡਾ ਕੰਮ, ਸਾਡਾ ਨਾਂ' ਦਾ ਉਲੇਖ਼ਾ, ਦੂਜਾ 'ਅੰਕੜਿਆਂ ਦੀ ਗਵਾਹੀ', 'ਸਿੱਖ ਤੇ ਸਰਕਾਰ' ਤੇ '1857 ਦੇ ਗ਼ਦਰ' ਦਾ ਇਤਿਹਾਸ ਤੇ ਕੁਝ ਹੋਰ ਲਿਖਤਾਂ ਛਪੀਆਂ ਸਨ। ਅਖ਼ਬਾਰ ਨੇ ਹਿੰਦੀ ਕਿਰਤੀਆਂ ਵਿੱਚ ਇਨਾ ਜ਼ਿਆਦਾ ਇਨਕਲਾਬੀ ਜਜ਼ਬਾ ਪੈਦਾ ਕਰ ਦਿੱਤਾ ਕਿ ਇਸ ਦੀ ਮੰਗ ਵਧਣ ਲੱਗੀ। ਇਸ ਦੇ ਉਰਦੂ, ਪੰਜਾਬੀ ਤੋਂ ਇਲਾਵਾ ਹਿੰਦੀ, ਗੁਜਰਾਤੀ, ਬੰਗਾਲੀ, ਪਸ਼ਤੋ ਅਤੇ ਨਿਪਾਲੀ ਵਿੱਚ ਸੰਸਕਰਣ ਅੰਕ ਕੱਢੇ ਜਾਂਦੇ ਸਨ। ਇੱਕ ਰਿਪੋਰਟ ਅਨੁਸਾਰ ਅਖ਼ਬਾਰ ਹਫ਼ਤੇ ਦਾ ਦਸ ਲੱਖ ਛਪਣ ਲੱਗ ਪਿਆ ਸੀ। ਅਖ਼ਬਾਰ ਹੀ ਇਕ ਬਣ ਗਏ ਸਨ ਕਿ ਲੋਕ ਅਖ਼ਬਾਰ ਦੇ ਮੁੱਢਲੇ ਨਾਂਅ ਦੀ ਥਾਂ ਗ਼ਦਰ ਪਾਰਟੀ ਹੀ ਕਹਿਣ ਲੱਗ ਪਏ ਅਤੇ ਇਹ ਨਾਂਅ ਹੀ ਦੁਨੀਆ ਭਰ ਵਿੱਚ ਪ੍ਰਸਿੱਧ ਹੋ ਗਿਆ।

ਗ਼ਦਰ ਪਾਰਟੀ ਨੇ ਇੰਗਲੈਂਡ ਵਿਸ਼ਵ ਜੰਗ ਵਿੱਚ ਫਸਿਆ ਹੋਇਆ ਵੇਖ ਕੇ ਵਿਚਾਰ-ਵਟਾਂਦਰਾ ਕੀਤਾ ਅਤੇ ਗ਼ਦਰ ਅਖ਼ਬਾਰ ਦੇ 8 ਅਗਸਤ 1914 ਵਾਲੇ ਅੰਕ ਵਿੱਚ ਐਲਾਨ ਕਰ ਦਿੱਤਾ ਕਿ ਹਿੰਦੀ ਕਿਰਤੀ ਹਿੰਦੁਸਤਾਨ ਨੂੰ ਹਥਿਆਰਬੰਦ ਘੋਲ ਨਾਲ ਆਜ਼ਾਦ ਕਰਾਉਣ ਲਈ ਹਿੰਦ ਪਹੁੰਚ ਜਾਣ। ਗ਼ਦਰ ਪਾਰਟੀ ਦੇ ਇਸ ਫ਼ੈਸਲੇ ਬਾਬਤ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੇ ਇੱਕ ਇੰਟਰਵਿਊ ਵਿੱਚ ਉਸ ਵਕਤ ਦੀ ਗ਼ਦਰ ਪਾਰਟੀ ਦੀ ਸਮਝ ਬਾਰੇ ਜਵਾਬ ਦਿੱਤਾ ਕਿ 'ਪਹਿਲੇ ਸੰਸਾਰ ਯੁੱਧ ਦੇ ਬੱਦਲ ਇਸ ਉੱਤੇ ਮੰਡਰਾ ਰਹੇ ਸਨ। ਅੰਗਰੇਜ਼ ਸ਼ਿਕੰਜੇ ਵਿੱਚ ਜਕੜਨ ਲੱਗਾ ਸੀ, ਇਸ ਲਈ ਪਾਰਟੀ ਨੇ ਫੈਸਲਾ ਕੀਤਾ ਕਿ ਬਦੇਸ਼ਾਂ ਵਿੱਚ ਰਹਿੰਦੇ ਭਾਰਤੀ, ਦੇਸ਼ ਵੱਲ ਮੁਹਾਰਾਂ ਮੋੜ ਲੈਣ, ਜਥੇਬੰਦ ਫੌਜੀ ਬਗਾਵਤ ਕਰਾਉਣ, ਸਰਕਾਰ ਦੇ ਪੈਰਾਂ ਥੱਲੇ ਅੰਗਰੇਜ਼ ਰੱਖ ਦੇਣ ਤਾਂ ਜੋ ਉਸ ਨੂੰ ਦਮ ਦਬਾ ਕੇ ਭੱਜਣਾ ਪਵੇ।'

ਗ਼ਦਰ ਪਾਰਟੀ ਦੇ ਐਲਾਨ ਤੋਂ ਬਾਅਦ ਗ਼ਦਰੀਆਂ ਨੇ ਹਿੰਦੁਸਤਾਨ ਵੱਲ ਵਹੀਰਾਂ ਘੱਤ ਦਿੱਤੀਆਂ। ਗ਼ਦਰੀ ਇੱਕ-ਦੂਜੇ ਤੋਂ ਪਹਿਲਾਂ ਆਉਣ ਲਈ ਉਤਾਵਲੇ ਹੋ ਗਏ। ਹਿੰਦੁਸਤਾਨ ਦੀ ਆਜ਼ਾਦੀ ਦੀ ਜੰਗ ਵਿੱਚ ਹਿੱਸਾ ਲੈਣ ਲਈ 10000 ਦੇ ਕਰੀਬ ਗ਼ਦਰੀ ਪਹੁੰਚ ਗਏ। ਅੰਗਰੇਜ਼ੀ ਹਕੂਮਤ ਨੇ ਬਹੁਤੇ ਗ਼ਦਰੀਆਂ ਨੂੰ ਸਮੁੰਦਰੀ ਘਾਟਾਂ ਤੋਂ ਹੀ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ। ਗ਼ਦਰੀ ਬਚ-ਬਚਾ ਕੇ ਹਿੰਦੁਸਤਾਨ ਦੀ ਧਰਤੀ 'ਤੇ ਪਹੁੰਚ ਗਏ, ਉਨ੍ਹਾਂ ਨੇ ਹਿੰਦੁਸਤਾਨ ਵਿੱਚ ਨਵੇਂ ਸਿਰੇ ਤੋਂ ਪਾਰਟੀ ਜਥੇਬੰਦ ਕੀਤੀ। ਹਿੰਦੁਸਤਾਨ ਵਿਚਲੇ ਕ੍ਰਾਂਤੀਕਾਰੀਆਂ ਨਾਲ ਤਾਲਮੇਲ ਬਣਾਇਆ ਅਤੇ ਉਨ੍ਹਾਂ ਦੇ ਪ੍ਰਮੁੱਖ ਆਗੂ ਰਾਸ ਬਿਹਾਰੀ ਬੋਸ ਨੂੰ ਲਾਹੌਰ ਹੈੱਡਕੁਆਰਟਰ 'ਤੇ ਲਿਆਂਦਾ। ਗ਼ਦਰੀਆਂ ਵੱਲੋਂ ਇਨਕਲਾਬੀ ਜੰਗ ਲੜਨ ਦੀਆਂ ਪੂਰੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਪਾਰਟੀ ਵਿੱਚ ਲੁਕੇ ਅੰਗਰੇਜ਼ੀ ਹਕੂਮਤ ਦੇ ਮੁਖ਼ਬਰਾਂ ਨੇ ਗ਼ਦਰ ਕਾਮਯਾਬ ਨਾ ਹੋਣ ਦਿੱਤਾ। ਹਕੂਮਤ ਦੀ ਸਖ਼ਤੀ ਦੌਰਾਨ ਬਚੇ-ਖੁਚੇ ਗ਼ਦਰੀਆਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਅੰਗਰੇਜ਼ਾਂ ਨੇ ਲੋਕ ਵਿਖਾਵੇ ਵਾਸਤੇ ਕੇਸ ਚਲਾਏ, ਪਰ ਉਨ੍ਹਾਂ ਗ਼ਦਰੀਆਂ ਨੂੰ ਮੌਤ ਦੀਆਂ ਸਜ਼ਾਵਾਂ, ਜਾਇਦਾਦਾਂ ਜ਼ਬਤ ਅਤੇ ਉਮਰ ਕੈਦ ਕਾਲੇ ਪਾਣੀ ਦੀਆਂ ਸਜ਼ਾਵਾਂ ਦਿੱਤੀਆਂ। ਗ਼ਦਰ ਪਾਰਟੀ ਦੀ ਇਸ ਇਨਕਲਾਬੀ ਜੰਗ ਨੇ ਦੇਸ਼ ਵਾਸੀਆਂ ਨੂੰ ਹਿੰਦੁਸਤਾਨ ਆਜ਼ਾਦ ਕਰਾਉਣ ਲਈ ਬਹੁਤ ਉਤਸ਼ਾਹਿਤ ਕਰ ਦਿੱਤਾ।

ਸੰਪਰਕ : 98760-78731

'ਡਾ. ਰੰਡਾਲ ਸੀਕਿਓਰਾ-ਕਬਾਇਲੀ ਖ਼ਿਦਮਤ ਤੋਂ ਜੇਲ੍ਹ ਦੀਆਂ ਸਲਾਖਾਂ ਤੱਕ'

ਸੁਜੀਤ ਬਿਜ਼ੋਗ

ਅਨੁਵਾਦ : ਡਾ. ਜਸਬੀਰ ਸਿੰਘ ਔਲਖ

ਮੁੰਬਈ ਵਿੱਚ ਆਪਣੀ ਡਾਕਟਰੀ ਦੀ ਪੜ੍ਹਾਈ ਖ਼ਤਮ ਕਰਨ ਤੋਂ ਬਾਅਦ ਰੰਡਾਲ ਸੀਕਿਓਰਾ ਨੇ ਉਹ ਰਾਹ ਚੁਣਿਆ, ਜਿਸ ਰਾਹ 'ਤੇ ਕੋਈ ਵਿਰਲਾ ਹੀ ਚੱਲਣ ਦੀ ਹਿੰਮਤ ਜੁਟਾਉਂਦਾ ਹੈ। ਉਹ ਮੁੰਬਈ ਜਿੱਥੇ ਉਹ ਜਵਾਨ ਹੋਇਆ ਸੀ, ਨੂੰ ਛੱਡ ਉੜੀਸਾ ਦੇ ਕਾਲਾ ਹਾਂਡੀ ਜ਼ਿਲ੍ਹੇ ਨੂੰ ਉਸ ਨੇ ਆਪਣੀ ਕਰਮ ਭੂਮੀ ਬਣਾ ਲਿਆ। ਇਸ ਖਿੱਤੇ ਵਿੱਚ ਕਬਾਇਲੀਆਂ ਲਈ ਡਾਕਟਰੀ ਸਹੂਲਤਾਂ ਮ੍ਰਿਗ ਤ੍ਰਿਸ਼ਨਾ ਤੋਂ ਵੱਧ ਕੁੱਝ ਨਹੀਂ ਸਨ।

ਸਥਾਨਕ ਲੋਕਾਂ ਦੀ ਨਬਜ਼ ਟਟੋਲ੍ਹਦੇ-ਟਟੋਲ੍ਹਦੇ 39 ਸਾਲਾ ਡਾ. ਰੰਡਾਲ ਬੌਕਸਾਈਟ ਦੀ ਮਾਈਨਿੰਗ ਦੇ ਖ਼ਿਲਾਫ਼ ਚੱਲ ਰਹੇ ਕਬਾਇਲੀ ਅੰਦੋਲਨ ਨਾਲ ਇੱਕ-ਮਿੱਕ ਹੋ ਗਿਆ ਨਤੀਜਾ ਇਸ ਸੋਲਾਂ ਅਕਤੂਬਰ ਨੂੰ ਰਾਤ ਦੇ ਗਿਆਰਾਂ ਵਜੇ ਨੂੰ ਇੱਕ ਹੋਰ ਕਾਰਕੁੰਨ ਲਕਸ਼ਮਣ ਨਾਇਕ ਦੇ ਭਵਾਨੀਪਟਨਾ ਸਥਿਤ ਘਰੋਂ ਪੁਲਸ ਚੁੱਕ ਲੈਂਦੀ ਹੈ। ਅਗਲੀ 'ਤਫਤੀਸ਼' ਲਈ ਉਸ ਨੂੰ ਰਾਇਗੜ੍ਹਾ ਦੇ ਸਪੁਰਦ ਕਰ ਦਿੱਤਾ ਜਾਂਦਾ ਹੈ ਅਤੇ ਹੁਣ ਉਹ ਉੱਥੋਂ ਦੀ ਸਬ-ਜੇਲ੍ਹ ਦੀਆਂ ਸਲਾਖਾਂ ਪਿੱਛੇ ਡੱਕ ਦਿੱਤਾ ਗਿਆ ਹੈ। ਉਸ 'ਤੇ ਇਰਾਦਾ ਕਤਲ, ਦੰਗਾ ਕਰਨ ਅਤੇ ਹਥਿਆਰ ਰੱਖਣ ਦੇ ਦੋਸ਼ ਵੀ ਮੜ੍ਹ ਦਿੱਤੇ ਗਏ ਹਨ। ਦੱਖਣ-ਪੱਛਮੀ ਰੇਂਜ ਦੇ ਆਈ ਜੀ ਅਖਿਲੇਸ਼ ਸਿੰਘ ਮੁਤਾਬਕ ਅਜਿਹਾ ਕਰਨਾ 'ਅਮਨ-ਸ਼ਾਂਤੀ' ਕਾਇਮ ਕਰਨ ਲਈ ਜ਼ਰੂਰੀ ਸੀ। ਇਹ ਪੁਲਸ ਕਹਿੰਦਾ ਹੈ, 'ਉਸ 'ਤੇ ਘੱਟੋ-ਘੱਟ ਚਾਰ-ਪੰਜ ਕੇਸ 'ਗੰਭੀਰ' ਹਨ। ਉਸ ਨੇ ਸਰਕਾਰ ਖ਼ਿਲਾਫ਼ ਝੂਠੇ ਪ੍ਰਾਪੇਗੰਡੇ ਰਾਹੀਂ ਪਬਲਿਕ ਨੂੰ ਭੜਕਾਇਆ ਹੈ। ਦੋ ਕਬਾਇਲੀ ਔਰਤਾਂ ਨੇ ਵੀ ਬਿਆਨ ਤਹਿਰੀਰ ਕਰਵਾਇਆ ਹੈ ਕਿ ਉਸ ਨੇ ਉਹਨਾਂ ਨੂੰ ਭੜਕਾਇਆ ਸੀ।' ਪੁਲਸ ਅਨੁਸਾਰ ਇਸ ਅਪ੍ਰੈਲ ਵਿੱਚ ਕਬਾਇਲੀਆਂ ਅਤੇ ਪੁਲਸ ਵਿਚਾਲੇ ਹਿੰਸਕ ਝੜਪ ਹੋਈ ਸੀ, ਜਦੋਂ ਪ੍ਰਸ਼ਾਸਨ ਰਾਇਗੜ੍ਹਾ ਜ਼ਿਲ੍ਹੇ ਵਿੱਚ ਸਿਜਮਲੀ ਵਿਖੇ ਬੌਕਸਾਈਟ ਰਿਜ਼ਰਵ ਤੱਕ ਸੜਕ ਬਣਾਉਣ ਲਈ ਬਜ਼ਿੱਦ ਸੀ। ਮੁੱਢਲੀ ਐੱਫ ਆਈ ਆਰ ਵਿੱਚ ਡਾ. ਰੰਡਾਲ ਦਾ ਨਾਂਅ ਨਹੀਂ ਸੀ, ਪਰ ਬਾਅਦ ਦੀ 'ਤਫਤੀਸ਼' ਵਿੱਚ ਉਸ ਦਾ ਰੋਲ ਸਾਹਮਣੇ ਆਇਆ ਸੀ।

ਡਾ. ਰੰਡਾਲ ਬੁਨਿਆਦੀ ਤੌਰ 'ਤੇ ਮੰਗਲੌਰ (ਕਰਨਾਟਕ) ਨਾਲ ਸੰਬੰਧਤ ਹੈ। ਉਸ ਨੇ ਸਕੂਲੀ ਵਿੱਦਿਆ ਮੁੰਬਈ ਤੋਂ ਹਾਸਲ ਕੀਤੀ। ਬੰਗਲੌਰ ਦੇ ਸੇਂਟ ਜੌਹਨ ਮੈਡੀਕਲ ਕਾਲਜ ਤੋਂ ਐੱਮ ਬੀ ਬੀ ਐੱਸ ਦੀ ਡਿਗਰੀ ਲੈਣ ਤੋਂ ਬਾਅਦ ਉਸ ਨੇ ਜੈਪੁਰ ਦੇ ਵਕਾਰੀ ਐੱਸ ਐੱਮ ਐੱਸ ਮੈਡੀਕਲ ਕਾਲਜ ਤੋਂ ਐੱਮ ਡੀ (ਮੈਡੀਸਿਨ) ਦੀ ਪੋਸਟ ਗ੍ਰੈਜੂਏਸ਼ਨ ਕੀਤੀ। ਸਾਲ 2017 ਵਿੱਚ ਉਹ ਕਬਾਇਲੀਆਂ ਦੀ ਭਲਾਈ ਵਿੱਚ ਲੱਗੀ ਇੱਕ ਐੱਨ ਜੀ ਓ ਦੇ ਨਾਲ ਜੁੜ ਗਿਆ ਅਤੇ ਕਾਲਾ ਹਾਂਡੀ ਚਲਾ ਗਿਆ। ਕੁੱਝ ਸਮੇਂ ਬਾਅਦ ਉਸ ਨੇ ਆਜ਼ਾਦਾਨਾ ਤੌਰ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਉਹਨਾਂ ਦੂਰ-ਦੁਰਾਡੇ ਕਬਾਇਲੀ ਇਲਾਕਿਆਂ ਵਿੱਚ ਵੀ ਮੈਡੀਕਲ ਸਹੂਲਤ ਦੇਣ ਚਲਾ ਜਾਂਦਾ ਸੀ, ਜਿੱਥੇ ਅੱਜ ਤੱਕ ਕੋਈ ਮੈਡੀਕਲ ਸਹੂਲਤ ਪਹੁੰਚੀ ਹੀ ਨਹੀਂ ਸੀ। ਉਸ ਦੀ ਇੱਕ ਪੁਰਾਣੀ ਸਹਿਯੋਗੀ ਡਾ. ਦੀਵਾਲ ਸਵਾਰਕਰ ਕਹਿੰਦੇ ਹਨ, 'ਉਹ ਇਹਨਾਂ ਕਬਾਇਲੀ ਇਲਾਕਿਆਂ ਵਿੱਚ ਵੱਡੇ ਪੱਧਰ 'ਤੇ ਫੈਲੀਆਂ ਮਲੇਰੀਆ ਜਾਂ ਤਪਦਿਕ ਦੀਆਂ ਬਿਮਾਰੀਆਂ ਨੂੰ ਠੀਕ ਕਰਨ ਲਈ ਸਿਰਫ਼ ਦਵਾਈਆਂ ਹੀ ਨਹੀਂ ਦਿੰਦਾ, ਬਲਕਿ ਇਹਨਾਂ ਬਿਮਾਰੀਆਂ ਦੇ ਜ਼ਿੰਮੇਵਾਰ ਆਰਥਿਕ, ਸਮਾਜਿਕ ਅਤੇ ਵਾਤਾਵਰਨ ਪਹਿਲੂਆਂ ਨੂੰ ਵੀ ਸਮਝਣ ਦੀ ਕੋਸ਼ਿਸ਼ ਕਰਦਾ ਹੈ।'

ਡਾ. ਦੀਵਾਲ ਮੁਤਾਬਿਕ ਡਾ. ਰੰਡਾਲ ਦਾ ਮੱਤ ਹੈ ਕਿ ਲੋਕਾਂ ਨੂੰ ਆਪਣੀ ਸਿਹਤ ਸੰਬੰਧੀ ਫੈਸਲੇ ਕਰਨ ਲਈ ਪ੍ਰੇਰਿਤ ਕੀਤਾ ਜਾਵੇ, ਨਾ ਕਿ ਸਿਰਫ਼ ਡਾਕਟਰਾਂ ਜਾਂ ਦਵਾਈਆਂ ਦਾ ਮੁਥਾਜ ਬਣਾ ਦਿੱਤਾ ਜਾਵੇ। ਡਾ. ਦੀਵਾਲ ਅੱਗੇ ਕਹਿੰਦੇ ਹਨ, 'ਉਹ ਪਿੰਡੋ-ਪਿੰਡ ਜਾਂਦਾ, ਗਰਭਵਤੀ ਔਰਤਾਂ ਅਤੇ ਕੁਪੋਸ਼ਣ ਦਾ ਸ਼ਿਕਾਰ ਬੱਚਿਆਂ ਲਈ ਕੈਂਪ ਲਗਾਉਂਦਾ, ਉਹਨਾਂ ਦੀਆਂ ਸਿਹਤ ਸਮੱਸਿਆਵਾਂ ਖਾਸ ਕਰਕੇ ਭੋਜਨ ਅਤੇ ਜੱਚਾ ਸੰਭਾਲ ਬਾਰੇ ਜਾਗਰੂਕ ਕਰਦਾ।' ਉਸ ਦੇ ਦੋਸਤਾਂ ਅਨੁਸਾਰ ਡਾ. ਰੰਡਾਲ ਕਬਾਇਲੀ ਵਿਦਿਆਰਥੀਆਂ ਨੂੰ ਮੈਡੀਕਲ ਪੜ੍ਹਾਈ ਦੇ ਦਾਖਲਾ ਟੈਸਟਾਂ ਲਈ ਵੀ ਅਗਵਾਈ ਦਿੰਦਾ ਸੀ। ਉਸ ਦਾ ਸੋਸ਼ਲ ਮੀਡੀਆ ਅਕਾਊਂਟ ਦੱਸਦਾ ਹੈ ਕਿ ਉਸ ਨੇ ਕਬਾਇਲੀ ਭਾਈਚਾਰੇ ਦੀ ਨੇੜਿਓਂ ਜਾ ਕੇ ਸੇਵਾ ਕੀਤੀ ਹੈ ਅਤੇ ਮੁੱਢਲੀਆਂ ਸਿਹਤ ਸੇਵਾਵਾਂ ਲਈ ਵਲੰਟੀਅਰ ਵੀ ਤਿਆਰ ਕੀਤੇ। ਡਾ. ਰੰਡਾਲ ਲਿਖਦੇ ਹਨ, 'ਮੈਨੂੰ ਇਸ ਕੰਮ ਵਿੱਚ ਖ਼ੁਸ਼ੀ ਮਿਲਦੀ ਹੈ, ਕਿਉਂਕਿ ਮੈਂ ਭਾਈਚਾਰੇ ਨੂੰ ਸਿਹਤ ਸੰਭਾਲ ਲਈ ਸਥਾਨਕ ਇਕਾਈਆਂ ਬਣਾਉਣ ਲਈ ਪ੍ਰੇਰਿਤ ਕੀਤਾ ਹੈ।

ਇਨ੍ਹਾਂ ਸਮਿਆਂ ਵਿੱਚ ਹੀ ਡਾ. ਰੰਡਾਲ ਨੇ ਕਬਾਇਲੀਆਂ ਦੇ ਬੌਕਸਾਈਟ ਮਾਈਨਿੰਗ ਖਿਲਾਫ਼ ਚੱਲ ਰਹੀ ਜੱਦੋਜਹਿਦ ਨੂੰ ਸਹਾਇਤਾ ਦੇਣੀ ਸ਼ੁਰੂ ਕਰ ਦਿੱਤੀ। ਸਤੰਬਰ 2023 ਵਿੱਚ ਉਸ ਦਾ ਨਾਂਅ ਪਹਿਲੀ ਵਾਰ ਕਾਸ਼ੀਪੁਰ (ਰਾਇਗੜ੍ਹਾ) ਦੀ ਪੁਲਸ ਡਾਇਰੀ ਵਿੱਚ ਆਇਆ, ਜਦੋਂ ਉਹ ਸਿਜਮਲੀ ਵਿਖੇ ਪ੍ਰਸਤਾਵਿਤ ਮਾਈਨਿੰਗ ਦੇ ਖਿਲਾਫ਼ ਪੈਂਫਲਿਟ ਵੰਡ ਰਿਹਾ ਸੀ। ਜੁਲਾਈ 2025 ਵਿੱਚ ਉੜੀਸਾ ਹਾਈਕੋਰਟ ਨੇ ਬੀ ਐੱਨ ਐੱਸ ਐੱਸ ਦੀ ਧਾਰਾ 163 ਤਹਿਤ ਜਾਰੀ ਹੁਕਮ ਨੂੰ ਰੱਦ ਕਰ ਦਿੱਤਾ, ਜਿਸ ਰਾਹੀਂ ਡਾ. ਰੰਡਾਲ ਦੇ ਰਾਇਗੜ੍ਹਾ ਵਿੱਚ ਦਾਖਲੇ 'ਤੇ ਪਾਬੰਦੀ ਲਗਾਈ ਗਈ ਸੀ। ਇਹ ਧਾਰਾ ਕਾਰਜਕਾਰੀ ਮੈਜਿਸਟ੍ਰੇਟ ਨੂੰ ਖਤਰੇ, ਪਬਲਿਕ ਅਸ਼ਾਂਤੀ, ਦੰਗਾ ਅਤੇ ਜਨਤਕ ਸੇਫਟੀ ਲਈ ਆਰਜ ਹੁਕਮ ਜਾਰੀ ਕਰਨ ਦੀਆਂ ਸ਼ਕਤੀ ਦਿੰਦੀ ਹੈ।

ਡਾ. ਰੰਡਾਲ ਦੇ ਐੱਮ ਬੀ ਬੀ ਐੱਸ ਦੇ ਸਮੇਂ ਤੋਂ ਦੋਸਤ ਸਾਇਰਕ ਅਬੇ ਫਿਲਿਪਿਸ ਦਾ ਕਹਿਣਾ ਹੈ ਕਿ ਉਸ ਨੂੰ ਅਤੇ ਲਕਸ਼ਮਣ ਨਾਇਕ ਨੂੰ ਬਿਨਾਂ ਕਿਸੇ ਵਾਰੰਟ, ਗ੍ਰਿਫ਼ਤਾਰੀ ਮੀਮੋ ਜਾਂ ਲਿਖਤੀ ਕਾਰਨਾਂ ਤੋਂ ਬਿਨਾਂ ਰਾਤ ਦੇ ਸਮੇਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਵਕੀਲਾਂ ਅਤੇ ਪਰਵਾਰ ਨੂੰ ਵੀ ਮਿਲਣ ਨਹੀਂ ਦਿੱਤਾ ਗਿਆ। ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਫਿਲਿਪਸ ਲਿਖਦੇ ਹਨ, 'ਰੰਡਾਲ ਨੇ ਕਾਲਾ ਹਾਂਡੀ ਅਤੇ ਰਾਇਗੜ੍ਹਾ ਦੇ ਦੂਰ-ਦੁਰਾਡੇ ਕਬਾਇਲੀ ਇਲਾਕਿਆਂ ਵਿੱਚ ਸਾਲਾਂਬੱਧੀ ਸਿਹਤ ਸੇਵਾਵਾਂ ਦਿੱਤੀਆਂ। ਉਸ ਦੀ ਗ੍ਰਿਫ਼ਤਾਰੀ ਦਰਅਸਲ ਕਬਾਇਲੀਆਂ ਅਤੇ ਦਲਿਤਾਂ 'ਤੇ ਵੱਡੇ ਹਮਲੇ ਦਾ ਹਿੱਸਾ ਹੈ, ਕਿਉਂਕਿ ਉਹ ਸਿਜਮਲ ਅਤੇ ਕੁਤਰਾਮਲੀ ਵਿੱਚ ਬੌਕਸਾਈਟ ਮਾਈਨਿੰਗ ਦਾ ਵਿਰੋਧ ਕਰ ਰਹੇ ਹਨ। ਸੈਂਕੜੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਇਸ ਵਿਰੋਧ ਦੇ ਆਗੂਆਂ ਨੂੰ ਜ਼ਮਾਨਤ ਹੋਣ ਤੋਂ ਬਾਅਦ ਫਿਰ ਨਵੇਂ ਕੇਸਾਂ ਵਿੱਚ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ।'

ਅਸਲ ਵਿੱਚ ਸਿਜਮਲ ਅਤੇ ਕੁਤਰਾਮਲੀ ਵਿੱਚ ਬੌਕਸਾਈਟ ਦਾ ਵੱਡਾ ਕੁਦਰਤੀ ਜ਼ਖ਼ੀਰਾ ਹੈ। ਇਹ ਕਾਲਾ ਹਾਂਡੀ ਅਤੇ ਰਾਇਗੜ੍ਹਾ ਜ਼ਿਲ੍ਹਿਆਂ ਵਿੱਚ ਫੈਲਿਆ ਹੋਇਆ ਉੱਚ ਕੁਆਲਟੀ ਦਾ ਬੌਕਸਾਈਟ ਹੈ। ਅੰਦਾਜ਼ਨ ਉੱਥੇ ਬਾਈ ਸੌ ਹੈਕਟੇਅਰ ਰਕਬੇ ਵਿੱਚ ਸਾਢੇ ਚਾਰ ਸੌ ਮਿਲੀਅਨ ਟਨ ਬੌਕਸਾਈਟ ਹੈ। ਫਰਵਰੀ 2023 ਵਿੱਚ ਵੇਦਾਂਤਾਂ ਨੇ ਸਿਜਮਲੀ ਅਤੇ ਅਡਾਨੀ ਦੀ ਕਲਿੰਗਾ ਆਲੂਮੀਨੀਅਮ ਲਿਮਟਿਡ ਨੇ ਕੁਤਰਾਮਲੀ ਇਹਨਾਂ ਖੇਤਰਾਂ ਵਿੱਚੋਂ ਬੌਕਸਾਈਟ ਮਾਈਨਿੰਗ ਦਾ ਠੇਕਾ ਹਾਸਲ ਕੀਤਾ ਹੈ। ਕਬਾਇਲੀਆਂ ਦਾ ਇਤਰਾਜ਼ ਹੈ ਕਿ ਇਹ ਮਾਈਨਿੰਗ ਉਹਨਾਂ ਦਾ ਨਾ ਸਿਰਫ਼ ਰਹਿਣ-ਸਹਿਣ ਅਤੇ ਕੁਦਰਤੀ ਜ਼ਿੰਦਗੀ ਨੂੰ ਤਬਾਹ ਕਰ ਦੇਵੇਗੀ, ਬਲਕਿ ਵਾਤਾਵਰਨ ਅਤੇ ਜੀਵ ਵਿਭਿੰਨਤਾ 'ਤੇ ਵੀ ਲਗਾਤਾਰ ਮਾਰੂ ਪ੍ਰਭਾਵ ਛੱਡੇਗੀ। ਇਸ ਕਰਕੇ ਹੀ ਕਬਾਇਲੀ ਰੇਲ ਅਤੇ ਸੜਕ ਬਣਾਉਣ ਦਾ ਵਿਰੋਧ ਕਰ ਰਹੇ ਸੀ, ਕਿਉਂਕਿ ਇਹ ਸਿੱਧਾ ਕਾਰਪੋਰੇਟ ਘਰਾਣਿਆਂ ਦੇ ਹਿੱਤ ਪੂਰਦਾ ਹੈ। ਕਬਾਇਲੀਆਂ ਦਾ ਵਿਰੋਧ 'ਮਾ ਮਾਟੀ ਮਾਲੀ ਸੁਰੱਖਿਆ' ਜਥੇਬੰਦੀ ਦੀ ਅਗਵਾਈ ਵਿੱਚ ਲੜਿਆ ਜਾ ਰਿਹਾ ਹੈ। ਸੱਤ ਅਪ੍ਰੈਲ 2026 ਨੂੰ ਪੁਲਸ ਸਵੇਰੇ ਤਿੰਨ ਵਜੇ ਕਾਂਤਾਮਲ ਪਿੰਡ ਨੂੰ ਘੇਰ ਲੈਂਦੀ ਹੈ ਅਤੇ ਅੰਦੋਲਨ ਦੇ ਕੁੱਝ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਲੈ ਜਾਂਦੀ ਹੈ। ਇਸ ਘਟਨਾ ਨੇ ਹੀ ਕਬਾਇਲੀ ਲੋਕਾਂ ਅਤੇ ਪੁਲਸ ਵਿਚਾਲੇ ਝੜਪ ਦਾ ਮੁੱਢ ਬੰਨ੍ਹਿਆ। ਪਿੰਡ ਦੇ ਲੋਕਾਂ ਮੁਤਾਬਕ ਪੁਲਸ ਨੇ ਛਾਪੇ ਤੋਂ ਪਹਿਲਾਂ ਪਿੰਡ ਦੀ ਬਿਜਲੀ ਕੱਟ ਦਿੱਤੀ ਅਤੇ ਲੋਕਾਂ ਦੇ ਘਰਾਂ ਦੇ ਦਰਵਾਜ਼ੇ ਤੋੜ ਦਿੱਤੇ। ਪੁਲਸ ਦੀ ਕਹਾਣੀ ਕਹਿੰਦੀ ਹੈ ਕਿ ਉਹ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਗਈ ਸੀ, ਜਿਸ ਦੇ ਖ਼ਿਲਾਫ਼ ਗੈਰ-ਜ਼ਮਾਨਤੀ ਗ੍ਰਿਫ਼ਤਾਰੀ ਵਾਰੰਟ ਸੀ। ਦੋਵਾਂ ਧਿਰਾਂ ਦੇ 58 ਵਿਅਕਤੀਆਂ ਨੂੰ ਸੱਟਾਂ ਵੱਜੀਆਂ ਅਤੇ ਪੁਲਸ ਨੇ ਤੇਈ ਕਾਰਕੁੰਨ ਅਤੇ ਪੇਂਡੂ ਦਬੋਚ ਲਏ। ਗੋਲਡਮੈਨ ਐਨਵਾਇਰਮੈਂਟ ਇਨਾਮ ਜੇਤੂ ਕਾਰਕੁੰਨ ਪ੍ਰਫੁੱਲਾ ਸਮੰਤਰਾ ਪਿਛਲੇ ਬਾਰਾਂ ਸਾਲਾਂ ਤੋਂ ਬੌਕਸਾਈਟ ਮਾਈਨਿੰਗ ਦੇ ਖਿਲਾਫ਼ ਕਾਲਾ ਹਾਂਡੀ ਦੀ ਨਿਆਮਗਿਰੀ ਪਹਾੜੀ ਨੂੰ ਬਚਾਉਣ ਦੀ ਜੱਦੋਜਹਿਦ ਵਿੱਚ ਲੱਗਿਆ ਹੋਇਆ ਹੈ। ਪ੍ਰਫੁੱਲਾ ਨੇ ਕਾਲਾ ਹਾਂਡੀ ਅਤੇ ਰਾਇਗੜ੍ਹਾ ਦੇ ਪੁਲਸ ਮੁਖੀਆਂ ਨੂੰ ਲਿਖਿਆ ਹੈ, 'ਡਾ. ਰੰਡਾਲ ਵਰਗੇ ਇਨਸਾਨ ਨੂੰ ਜਿਹੜਾ ਕਬਾਇਲੀਆਂ ਦੇ ਸੰਵਿਧਾਨਕ ਹੱਕਾਂ ਦੀ ਰਾਖੀ ਲਈ ਜਾਰੀ ਅੰਦੋਲਨ ਦਾ ਹਮਦਰਦ ਹੀ ਹੈ, ਨੂੰ ਸਲਾਖਾਂ ਪਿੱਛੇ ਸੁੱਟਣਾ ਆਪਣੇ ਆਪ ਵਿੱਚ ਜੁਰਮ ਹੈ।' ਪ੍ਰਫੁੱਲਾ ਸਮੰਤਰਾ ਜੋ ਲੋਕ ਸ਼ਕਤੀ ਅਭਿਆਨ ਦਾ ਨੈਸ਼ਨਲ ਕਨਵੀਨਰ ਵੀ ਹੈ, ਨੇ ਸਥਾਨਕ ਕਬਾਇਲੀਆਂ ਅਤੇ ਦਲਿਤਾਂ 'ਤੇ ਸਰਕਾਰੀ ਤਸ਼ੱਦਦ ਅਤੇ ਗ੍ਰਿਫ਼ਤਾਰੀਆਂ ਦਾ ਵੀ ਵਿਰੋਧ ਕੀਤਾ ਹੈ।

(ਇੰਡੀਅਨ ਐਕਸਪ੍ਰੈਸ ਦੇ ਅਕਤੂਬਰ 24, 2026 ਅੰਕ ਵਿੱਚੋਂ ਧੰਨਵਾਦ ਸਹਿਤ)

ਸੰਪਰਕ-98728-44163

ਸੁਰਾਂ ਨੂੰ ਬਿਠਾ ਦੇ ਥਾਓਂ-ਥਾਈਂ

ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-88

ਸੁਰਜੀਤ ਸੁਮਨ

ਵਕਤ ਬਦਲਦਿਆਂ ਦੇਰ ਨਈਂ ਲਗਦੀ। ਇਸ ਨੇ ਬੀਤ ਹੀ ਜਾਣਾ ਹੁੰਦਾ ਹੈ। ਇਹ ਕਦੋਂ ਠਹਿਰਦਾ ਹੈ? ਭਾਈ ਵੀਰ ਸਿੰਘ ਆਪਣੀ ਕਵਿਤਾ 'ਸਮਾਂ' ਵਿੱਚ ਇਹੋ ਕੁਝ ਹੀ ਤਾਂ ਕਹਿੰਦੇ ਨੇ, 'ਰਹੀ ਵਾਸਤੇ ਘੱਟ ਸਮੇਂ ਨੇ ਇੱਕ ਨਾ ਮੰਨੀ/ ਫੜ ਫੜ ਰਹੀ ਧਰੀਕ ਸਮੇਂ ਖਿਸਕਾਈ ਕੰਨੀ।' ਏਸੇ ਲਈ ਉਹ ਕੁਦਰਤ ਪ੍ਰੇਮੀ, ਰਹੱਸਮਈ ਤੇ ਰੂਹਾਨੀ ਕਵੀ ਮੰਨੇ ਗਏ, ਜਿਨ੍ਹਾਂ ਨੇ ਪੁਰਾਤਨ ਕਵਿਤਾ ਨੂੰ ਆਧੁਨਿਕ ਤੇ ਰੂਹਾਨੀ ਰੰਗ ਵਿੱਚ ਰੰਗਿਆ। ਆਪਾਂ ਗੱਲ ਸਮੇਂ ਦੀ ਕਰਨੀ ਹੈ। ਸੋਚੋ, ਅਸੀਂ ਉਸ ਪੀੜ੍ਹੀ ਦੇ ਜੰਮੇ-ਜਾਏ ਹਾਂ, ਜਿਸ ਨੇ ਉਹ ਸਮਾਂ ਦੇਖਿਆ ਹੈ, ਜਦੋਂ ਸਾਡਾ ਦੇਸ਼ ਹਾਲੇ ਮਸ਼ੀਨੀਕਰਨ ਦੇ ਦੁਆਰ 'ਤੇ ਖੜ੍ਹਾ ਸੀ। ਮੇਰੀ ਸੁਰਤ ਸੰਭਲ਼ਦਿਆਂ ਖੇਤਾਂ ਵਿੱਚ ਟਾਵੀਆਂ-ਟਾਵੀਆਂ ਡਰੰਮੀਆਂ ਨੇ ਪੈਰ ਧਰਾਈ ਕੀਤੀ ਸੀ। ਕਣਕਾਂ ਨੂੰ ਗਾਹੁਣ ਦਾ ਸਮਾਂ ਕਰੀਬ ਕਰੀਬ ਬੀਤ ਚੁੱਕਿਆ ਸੀ। ਉਂਝ ਘਰਾਂ ਤੇ ਖੇਤਾਂ ਵਿੱਚ ਬਲ਼ਦਾਂ ਦੀ ਹਾਲੇ ਬੇਕਦਰੀ ਨਹੀਂ ਹੋ ਸੀ ਹੋਈ। ਲੋਕ ਮਿੱਟੀ-ਘੱਟੇ ਨਾਲ਼ ਘੁਲ਼ ਕੇ ਅਨੰਦਿਤ ਹੁੰਦੇ ਸਨ। ਉਦੋਂ ਇਹ ਕੋਈ ਨਈਂ ਸੀ ਕਹਿੰਦਾ, 'ਤੈਨੂੰ ਡਸਟ ਅਲਰਜ਼ੀ ਹੈ।' ਉਦੋਂ ਇਹ ਕੋਈ ਨਹੀਂ ਸੀ ਕਹਿੰਦਾ, 'ਮੈਂ ਡਿਪੈਰਸ਼ਨ 'ਚ ਆਂ। ਮੈਨੂੰ ਬਲੱਡ ਪ੍ਰੈਸ਼ਰ ਦੀ ਸ਼ਿਕਾਇਤ ਆ। ਮੈਂ ਡਾਇਬਟਿਕ ਆਂ। ਮੈਨੂੰ ?' ਕਸਬਿਆਂ ਵਿੱਚ ਵੈਦਪੁਣਾ ਆਪਣੀ ਚਰਮ 'ਤੇ ਸੀ। ਐਲੋਪੈਥੀ ਡਾਕਟਰ ਕਿਧਰੇ ਘੱਟ ਹੀ ਲੱਭਦਾ ਸੀ। ਸਾਡੇ ਸ੍ਰੀ ਚਮਕੌਰ ਸਾਹਿਬ ਇਲਾਕੇ ਦੇ ਕਸਬਾ ਬਹਿਰਾਮਪੁਰ ਬੇਟ ਵਿੱਚ ਇੱਕੋ ਇੱਕ ਡਾਕਟਰ ਹੁੰਦਾ ਸੀ, ਜਿਸ ਨੂੰ 'ਬਿੱਲਾ ਡਾਕਟਰ' ਦੇ ਨਾਂ ਨਾਲ਼ ਜਾਣਿਆਂ ਜਾਂਦਾ ਸੀ। ਉਸ ਵੱਲੋਂ ਦਿੱਤੀਆਂ ਤਿੰਨ ਕੁ ਖ਼ੁਰਾਕਾਂ ਈ ਆਪਣਾ ਪੂਰਾ ਕੰਮ ਕਰ ਜਾਂਦੀਆਂ। ਚੌਥੀ ਦੀ ਲੋੜ ਈ ਨਹੀ ਨਾ ਪੈਂਦੀ। ਉਹ ਵੀ ਆਖਦਾ, 'ਆਉਣ ਦੀ ਲੋੜ ਈ ਨਹੀਂ।' ਸੋਚਦਾਂ, ਸਾਡੀ ਪੀੜ੍ਹੀ ਦੇ ਲੋਕਾਂ ਨੇ ਜੇ ਪਿੰਡਾਂ ਦੀਆਂ ਧੁੱਦਲ਼ ਭਰੀਆਂ ਸੜਕਾਂ, ਗਲ਼ੀਆਂ, ਪਹੀਆਂ ਗਾਹੀਆਂ ਹਨ, ਤਾਂ ਅੱਜ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਜ਼ਮਾਨੇ ਵਿੱਚ ਉੱਡਣ ਵਾਲ਼ੀਆਂ ਕਾਰਾਂ ਦੇਖ ਸਕਦੇ ਆਂ।

ਅੱਜ ਉਹ ਸਮਾਂ ਹੈ, ਜਦੋਂ ਅਸੀਂ ਹੱਥ 'ਚ ਫੜੇ ਫੋਨ ਰਾਹੀਂ ਅੱਖ ਦੇ ਫੋਰ ਵਿੱਚ ਦੁਨੀਆਂ ਗਾਹ ਮਾਰਦੇ ਹਾਂ। ਸਾਨੂੰ ਕੋਲ਼ ਬੈਠੇ ਘਰ ਦੇ ਜੀਅ ਦਾ ਵੀ ਅਹਿਸਾਸ ਨਹੀਂ ਹੁੰਦਾ। ਘਰ ਵਿੱਚ ਇਕੱਠੇ ਬੈਠੇ ਵੀ ਅਸੀਂ ਆਪਣੀ ਆਪਣੀ ਦੁਨੀਆਂ ਵਿੱਚ ਖੋਏ ਹੁੰਦੇ ਹਾਂ। ਸਾਨੂੰ ਇੱਕ ਦੂਜੇ ਦੀ ਸਾਰ ਨਹੀਂ ਹੁੰਦੀ। ਬੱਸ, ਇੰਟਰਨੈੱਟ, ਵਾਈ-ਫਾਈ ਚੱਲਣਾ ਚਾਹੀਦਾ ਹੈ। ਵਾਈਕ ਚਲਾਉਂਦੇ ਫੋਨ ਸੁਣਨ ਲਗਦੇ ਹਾਂ। ਗੱਡੀ ਚਲਾਉਂਦੇ ਫੋਨ ਉੱਤੇ ਗੱਲਾਂ ਮਾਰ ਲੈਂਦੇ ਆਂ। ਇੱਥੋਂ ਤੱਕ ਭਾਰੀ ਵਾਹਨ ਚਲਾਉਣ ਵਾਲ਼ੇ ਡਰਾਈਵਰ ਵੀ ਫੋਨ ਦੀ ਜਕੜ ਤੋਂ ਮੁਕਤ ਨਹੀਂ। ਅੱਜ ਦੇ ਸਮੇਂ ਵਿੱਚ ਜਦੋਂ ਹੱਥੀਂ ਚੁਣੀਆਂ ਹੋਈਆਂ ਸਾਡੀਆਂ ਸਰਕਾਰਾਂ, ਅੰਗਰੇਜ਼ ਸਰਕਾਰ ਵਾਂਗ ਆਪਣੇ ਲੋਕਾਂ ਨਾਲ਼ ਕਿੜ ਕੱਢ ਰਹੀਆਂ ਹਨ, ਤਾਂ ਸਮਝ ਨਹੀਂ ਆਉਂਦਾ ਲੋਕੀ ਜਾਣ ਤਾਂ ਕਿੱਥੇ ਜਾਣ। ਅਜਿਹੇ ਸਮਿਆਂ ਵਿੱਚ ਸਾਨੂੰ ਸਾਡੇ ਲੋਕ ਨਾਇਕ ਯਾਦ ਹੋਣੇ ਚਾਹੀਦੇ ਹਨ। ਦੇਸ਼ ਦੀ ਆਜ਼ਾਦੀ ਵਿੱਚ ਆਪਣੇ ਜੀਵਨ ਦੀ ਅਹੂਤੀ ਦੇ ਕੇ, ਲੱਖਾਂ ਕਸ਼ਟ ਸਹਿਣ ਵਾਲ਼ੇ ਗਦਰੀ ਬਾਬਿਆਂ ਨੂੰ ਯਾਦ ਕਰ ਲੈਣਾ ਚਾਹੀਦਾ ਹੈ। ਧੰਨ ਹਨ ਜਲੰਧਰੀਏ, ਜਿਹੜੇ ਹਰ ਸਾਲ ਗਦਰੀ ਬਾਬਿਆਂ ਦਾ ਮੇਲਾ ਲਾ ਕੇ ਧੂਣੀ ਧੁਖਾਈ ਰੱਖਦੇ ਹਨ। ਪਰ ਅਫਸੋਸ ਤਾਂ ਉਦੋਂ ਹੁੰਦਾ ਹੈ ਜਦੋਂ ਅਸੀਂ ਆਪਣੇ ਲੋਕ ਨਾਇਕਾਂ ਨੂੰ ਵਿਸਾਰਨਾ ਸ਼ੁਰੂ ਕਰ ਦਿੰਦੇ ਹਾਂ।

ਬੱਸ, ਇਸੇ ਨੂੰ ਹੀ ਸਮਾਂ ਕਹਿੰਦੇ ਹਨ। ਸੱਚਮੁੱਚ ਅੱਜ ਸਮਾਂ ਬਦਲ ਗਿਆ ਹਾਂ। ਵਿਗਿਆਨ ਦੀ ਹਨ੍ਹੇਰੀ ਨੇ ਸਾਨੂੰ ਸਾਰਿਆਂ ਨੂੰ ਸੁੱਖ ਰਹਿਣੇ ਕਰਦਿਆਂ ਕੱਖੋਂ ਹੌਲ਼ੇ ਵੀ ਕਰ ਦਿੱਤਾ ਹੈ। ਕੋਈ ਵੇਲ਼ਾ ਸੀ। ਖੇਤਾਂ ਵਿੱਚ ਕੰਮ ਕਰਨ ਲਈ ਤਾਕਤਵਰ ਗੱਭਰੂਆਂ ਦੀ ਪ੍ਰਸੰਸਾ ਹੁੰਦੀ ਸੀ। ਅੱਜ ਦੇ ਤਾਕਤਵਰ ਗੱਭਰੂ ਜਿਮਾ ਵਿੱਚੋਂ ਨਿਕਲ਼ਦੇ ਹਨ। ਉਨ੍ਹਾਂ ਜਿੰਮਾਂ ਵਿੱਚੋਂ ਜਿਨ੍ਹਾਂ ਵਿੱਚੋਂ ਕਈ ਵਾਰੀ ਸੌ ਸੌ ਅਲਾਮਤਾਂ ਵੀ ਮਗਰ ਲੱਗ ਜਾਂਦੀਆਂ ਸਨ। ਫਿਰ ਇਹ ਅਲਾਮਤਾਂ ਅਜਿਹੀਆਂ ਚਿੰਬੜਦੀਆਂ ਹਨ ਕਿ ਰਹੇ ਰੱਬ ਦਾ ਨਾਂ। ਕਿਹਾ ਜਾਂਦਾ ਹੈ ਕਿ ਜਿੰਮ ਲਾਉਣ ਵਾਲ਼ੇ ਗੱਭਰੂ ਅਕਸਰ ਨਸ਼ਿਆਂ ਜਾਂ ਮਾੜੀਆਂ ਅਲਾਮਤਾਂ ਤੋਂ ਦੂਰ ਰਹਿੰਦੇ ਹਨ, ਪਰ ਕੀ ਕੀਤਾ ਜਾ ਸਕਦਾ ਹੈ? ਇਨ੍ਹਾਂ ਜਿੰਮਾਂ ਵਿੱਚਲੇ ਕਲਚਰ ਅੱਜ ਕੱਲ੍ਹ ਬੌਂਸਰ ਪੈਦਾ ਕਰ ਰਹੇ ਹਨ। ਇਹ ਬੌਂਸਰ ਕਾਰਪੋਰੇਟ ਘਰਾਣਿਆਂ ਦੇ ਦੁਆਲ਼ੇ ਇੱਕ ਮਜ਼ਬੂਤ ਕੰਧ ਬਣ ਖੜ੍ਹ ਜਾਂਦੇ ਹਨ। ਉਹ ਕਾਰਪੋਰੇਟ ਘਰਾਣੇ ਫਿਰ ਲੋਕਾਂ ਨੂੰ ਦੋਹੀਂ ਹੱਥੀਂ ਲੁੱਟਦੇ ਹਨ। ਆਮ ਲੋਕਾਂ ਦੀਆਂ ਜ਼ਮੀਨਾਂ-ਜਾਇਦਾਦਾਂ ਹਥਿਆਉਣ ਦੀਆਂ ਗੋਂਦਾਂ ਗੁ?ਦਦੇ ਹਨ। ਆਮ ਲੋਕਾਂ ਨਾਲ਼ ਧੱਕਾ ਕਰਦੇ ਹਨ। ਸਾਡੇ ਢਹਿ-ਢੇਰੀ ਹੋ ਰਹੇ ਵੋਟ ਕਲਚਰ ਤੋਂ ਉਤਾਂਹ ਉੱਠ ਇਹ ਖ਼ੁਦ ਦਖਲਅੰਦਾਜ਼ੀ ਕਰਕੇ, ਸਿਆਸੀ ਪਾਰਟੀਆਂ ਨੂੰ ਭਾਰੀ ਭਰਕਮ ਚੰਦਾ ਦੇ ਕੇ ਪਹਿਲਾਂ ਹੀ ਆਪਣੇ ਜਾਲ਼ ਵਿੱਚ ਫਸਾ ਲੈਂਦੇ ਹਨ। ਨਵੀਂ ਸਰਕਾਰ ਗਠਿਤ ਹੁੰਦਿਆਂ ਹੀ ਇਨ੍ਹਾਂ ਦੀਆਂ ਪੌਂਅ-ਬਾਰਾਂ ਹੋ ਜਾਂਦੀਆਂ ਹਨ। ਫਿਰ ਸਕੀਮਾਂ ਇਨ੍ਹਾਂ ਦੀਆਂ ਹੁੰਦੀਆਂ ਹਨ ਤੇ ਕਲਮ ਸਰਕਾਰ ਦੀ। ਫਿਰ ਵਾਰੀ ਆਉਂਦੀ ਹੈ, ਗੰਨ ਕਲਚਰ ਵਾਲ਼ੇ ਗੀਤ ਸਭਿਆਚਾਰ ਨੂੰ ਵਿਕਸਤ ਕਰਨ ਦੀ। ਗੀਤ ਸੁਣਿਆ ਜਾਂਦਾ ਹੈ, 'ਚੱਕ ਲਓ ਰਿਵਾਲਵਰ, ਰਫਲਾਂ ਕਬਜ਼ਾ ਲੈਣਾ ਏਂ।'

ਅਜਿਹੇ ਸਮਿਆਂ ਵਿੱਚ ਹੀ ਮੁੜ ਮੁੜ ਗਦਰੀ ਬਾਬੇ ਚੇਤੇ ਆਉਂਦੇ ਹਨ। ਕਿੱਥੇ ਚਲੇ ਗਏ ਹਨ ਇਹ ਲੋਕ? ਇਨ੍ਹਾਂ 'ਚੋਂ ਪੈਦਾ ਹੋਈ ਅਗਲੀ ਕਤਾਰ ਨੇ ਆਪਣਾ ਮੁਹਾਣ ਕਿੱਧਰ ਨੂੰ ਮੋੜ ਲਿਆ ਹੈ? ਉਂਝ ਇਹ ਵੀ ਸੱਚ ਐ, ਬਈ ਲੜਨ ਵਾਲ਼ੇ ਤਾਂ ਅੱਜ ਵੀ ਲੜ ਰਹੇ ਨੇ। ਸ਼ਿਕਵਾ ਕਰਨ ਵਾਲ਼ੇ ਸ਼ਿਕਵਾ ਕਰ ਰਹੇ ਹਨ। ਮੇਰੇ ਚੇਤੇ ਦੀ ਸੂਈ ਕੁਝ ਪਿਛਾਂਹ ਵੱਲ ਘੁੰਮ ਜਾਂਦੀ ਹੈ। ਕੁਝ ਦਿਨ ਪਹਿਲਾਂ ਮੈਨੂੰ ਮੇਰੀ ਮਾਂ ਵਰਗੀ ਇੱਕ ਸੁਲਝੀ ਹੋਈ ਲੇਖਿਕਾ ਦਾ ਫੋਨ ਆਉਂਦੈ। ਉਸ ਨੇ ਥਾਣੇ ਜਾਣਾ ਹੈ। ਬੁੱਢੇ-ਵਾਰੇ, ਜਿਸ ਵੇਲ਼ੇ ਉਹਨੂੰ ਸਹਾਰੇ ਦੀ ਜ਼ਰੂਰਤ ਹੈ, ਉਸ ਤੋਂ ਸਹਾਰੇ ਖੁਸ ਰਹੇ ਹਨ। ਉਪ ਮੰਡਲ ਮੈਜਿਸਟਰੇਟ ਵੱਲੋਂ ਓਹਦੇ ਹੱਕ ਵਿੱਚ ਸੁਣਾਏ ਫੈਸਲੇ ਦੀ ਇਬਾਰਤ ਮੈਂ ਪੜ੍ਹਨ ਲਗਦਾ ਹਾਂ। ਮੁਨਸ਼ੀ ਦੇ ਕਮਰੇ ਦੇ ਬਾਹਰ ਬੈਂਚ ਉੱਤੇ ਓਹਦੀ ਨੂੰਹ ਬੈਠੀ ਹੈ। ਬਦਹਵਾਸ ਚਿਹਰਾ। ਅੰਦਰ ਨੂੰ ਧਸੀਆਂ ਹੋਈਆਂ ਗੱਲ੍ਹਾਂ। ਇਸ ਮਾਂ ਵਰਗੀ ਔਰਤ ਤੋਂ ਇਜਾਜ਼ਤ ਲੈ ਕੇ ਮੈਂ ਉਸ ਨਾਲ਼ ਗੱਲ ਕਰਦਾ ਹਾਂ। ਉਹ ਆਪਣਾ ਦੁੱਖੜਾ ਰੋਂਦੀ ਹੈ। ਕਿਸੇ ਵੇਲ਼ੇ ਦਾ ਕਬੱਡੀ ਪਲੇਅਰ ਮੁੰਡਾ ਅੱਜ ਕੱਲ੍ਹ ਨਸ਼ਿਆਂ ਦੀ ਦਲਦਲ ਵਿੱਚ ਫਸਿਆ ਹੋਇਆ ਹੈ। ਉਸ ਨੂੰ ਆਪਣੇ ਪਰਿਵਾਰ, ਮਾਂ ਤੇ ਬੱਚਿਆਂ ਦੀ ਕੋਈ ਸੁੱਧ-ਬੁੱਧ ਨਹੀਂ। ਇਸ ਨੂੰਹ ਦੀਆਂ ਗੱਲਾਂ ਵਿੱਚੋਂ ਮੈਨੂੰ ਹੋਰ ਹੀ ਕਿਸਮ ਦੀ ਬੋਅ ਆਉਣ ਲਗਦੀ ਹੈ। ਮੈਨੂੰ ਓਹਦੇ ਅੰਦਰਲੇ ਰਿਸ਼ਤਿਆਂ ਦਾ ਨਿੱਘ ਮਰ ਚੁੱਕਾ ਜਾਪਿਆ। ਉਹ ਆਪਣਾ ਭਵਿੱਖ ਸੰਵਾਰਨ ਲਈ ਇਸ ਮੇਰੀ ਮਾਂ ਵਰਗੀ ਲੇਖਿਕਾ ਔਰਤ ਨੂੰ ਜਿੰਨਾ ਹੋ ਸਕਦੈ ਨਿਚੋੜ ਲੈਣਾ ਚਾਹੁੰਦੀ ਹੈ। ਇਹ ਮੇਰੀ ਮਾਂ ਵਰਗੀ ਲੇਖਿਕਾ ਔਰਤ, ਆਪਣੀ ਨੂੰਹ ਦਾ ਹਰ ਨਾਜ਼-ਨਖ਼ਰਾ ਉਠਾਉਂਦੀ ਹੈ। ਆਪਣੀ ਪੈਨਸ਼ਨ ਵਿੱਚੋਂ ਇੱਕ ਵੱਡੀ ਰਕਮ ਆਪਣੀ ਨੂੰਹ ਨੂੰ ਹਰ ਮਹੀਨੇ ਸੌਂਪਦੀ ਹੈ। ਮੁੰਡਾ ਕਿਸੇ ਕਾਰੀ ਦਾ ਹੁੰਦਾ, ਤਾਂ ਕਹਿਣੇ ਹੀ ਕੀ ਸਨ? ਇਹ ਮੇਰੀ ਮਾਂ ਵਰਗੀ ਲੇਖਿਕਾ ਔਰਤ ਸੰਤਾਪ ਭੋਗ ਰਹੀ ਹੈ। ਇਸ ਸੰਤਾਪ ਦੀ ਨਿਚੋੜੀ ਹੋਈ ਆਪਣਾ ਦੁੱਖ ਕਿਤਾਬਾਂ ਨਾਲ਼ ਸਾਂਝਾ ਕਰਦੀ ਹੈ। ਫਿਰ ਹੰਝੂਆਂ ਨਾਲ਼ ਨਵੀਂ ਇਬਾਰਤ ਲਿਖਣ ਲਗਦੀ ਹੈ।

ਥਾਣੇਦਾਰ ਦੇ ਕਮਰੇ ਬਾਹਰ ਕੁਰਸੀ 'ਤੇ ਬਜ਼ੁਰਗ ਸੇਵਾਦਾਰ ਬੈਠਾ ਹੈ। ਅਸੀਂ ਉਸ ਨਾਲ਼ ਗੱਲੀਂ ਲੱਗ ਜਾਂਦੇ ਹਾਂ। ਲੋਕ ਬਾਹਰ ਇੰਤਜ਼ਾਰ ਵਿੱਚ ਹਨ। ਥਾਣੇਦਾਰ ਕੋਲ਼ ਕੋਈ ਹੋਰ ਪਾਰਟੀ ਬੈਠੀ ਹੈ। ਇੱਕ ਚੌਵੀ-ਪੱਚੀ ਸਾਲਾਂ ਦਾ ਉੱਚਾ-ਲੰਮਾ, ਦਿਲਕਸ਼ ਮੁੰਡਾ ਆਪ-ਮੁਹਾਰੇ ਬੋਲਣ ਲਗਦਾ ਹੈ, 'ਦੇਖੋ ਜੀ ਮੈਂ ਕੇਸ ਦਰਜ ਕਰਾਉਣ ਆਇਆਂ। ਛੇ ਮਹੀਨੇ ਪਹਿਲਾਂ ਮੇਰਾ ਵਿਆਹ ਹੋਇਆਂ ਸੀ। ਮੈਂ ਮਾਪਿਆਂ ਦੀ ਇਕਲੌਤੀ ਔਲਾਦ ਆਂ। ਹੁਣ ਮੇਰੀ ਪਤਨੀ ਤੇ ਸਹੁਰੇ ਮੇਰੇ 'ਤੇ ਦਬਾਓ ਪਾ ਰਹੇ ਨੇ ਕਿ ਮੈਂ ਮਾਂ-ਬਾਪ ਤੋਂ ਅਲੱਗ ਰਹਾਂ। ਨਾਲ਼ੇ ਇੱਕ ਕਰੋੜ ਮੰਗ ਰਹੇ ਨੇ।'

ਓਧਰ ਥਾਣੇ ਦਾ ਸੇਵਾਦਾਰ ਆਪ-ਬੀਤੀ ਸੁਣਾਉਂਦੈ। ਚੁੱਪ ਈ ਭਲੀ ਆ ਬਈ। ਐਥੇ ਬੜਾ ਕੁਸ ਦੇਖਣ ਨੂੰ ਮਿਲ਼ਦਾ ਰੋਜ਼। ਇੱਕ ਦਿਨ ਇੱਕ ਕੁੜੀ ਛੋਟੇ ਛੋਟੇ ਜਿਹੇ ਕੱਪੜੇ ਪਾ ਕੇ ਆਗੀ। ਸਾਡਾ ਛੋਟਾ ਥਾਣੇਦਾਰ ਉਹਨੂੰ ਸਮਝਾਉਣ ਲੱਗ ਪਿਆ। ਉਹਨੇ ਬੜੇ ਥਾਣੇਦਾਰ ਨੂੰ ਜਾ ਸ਼ਿਕਾਇਤ ਲਾਈ। ਪੈ ਗਿਆ ਰੱਫੜ। ਘੰਟੇ ਬਾਅਦ ਫਿਰ ਉਹ ਤਿੰਨ ਚਾਰ ਜਣੀਆਂ ਪਹਿਲਾਂ ਨਾਲ਼ੋਂ ਵੀ ਛੋਟੇ ਛੋਟੇ ਕੱਪੜੇ ਪਾ ਕੇ ਆਗੀਆਂ। ਕਹਿੰਦੀਆਂ ਤੁਸੀਂ ਕੌਣ ਹੁੰਦੇ ਓ ਰੋਕਣ ਆਲ਼ੇ?' ਮੇਰੀ ਸੁਤਾਅ ਦੁਪਹਿਰੇ ਬਾਈ ਦਲੇਰ ਸਿੰਘ ਨਾਲ਼ ਹੋਈ ਗੱਲਬਾਤ ਕੋਲ਼ ਪਹੁੰਚ ਜਾਂਦੀ ਹੈ। ਉਹ ਕਹਿ ਰਿਹਾ ਸੀ, 'ਛੋਟੇ ਭਾਈ ਸਾਡੇ ਪੰਜਾਬ ਚ ਤਾਂ ਫਿਰ ਕੋਈ ਦਿਓ ਆ ਵੜਿਆ। ਓਹਦੇ ਮੂੰਹ ਨੂੰ ਖ਼ੂਨ ਲੱਗ ਗਿਆ। ਹੁਣ ਓਹਨੇ ਰੋਜ਼ ਬੰਦੇ ਖਾਣ ਲਈ ਵਾਢਾ ਧਰ ਲਿਆ ਹੋਇਐ। ਨਸ਼ੇ ਦੇ ਵਪਾਰੀ ਤੇ ਸਿਆਸੀ ਲੋਕ ਆਪਣੀਆਂ ਆਪਣੀਆਂ ਸੁਰਾਂ ਨੂੰ ਥਾਓਂ-ਥਾਈਂ ਬਿਠਾਉਣ ਵਿੱਚ ਲੱਗੇ ਹੋਏ ਨੇ। ਉਨ੍ਹਾਂ ਨੂੰ ਸਤਾਈ ਦੀਲਏ ਚੋਣਾਂ ਦਿਸਦੀਆਂ। ਮੇਰੇ ਮਨ ਮਸਤਕ ਵਿੱਚ ਸਰਤਾਰ ਗੂੰਜਣ ਲਗਦਾ ਹੈ, 'ਸਾਈਂ ! ਵੇ ਸਾਡੀ ਫਰਿਆਦ ਤੇਰੇ ਤਾਈਂ/ ਸਾਈਂ ! ਵੇ ਬਾਹੋਂ ਫੜ ਬੇੜੇ ਬੰਨੇ ਲਾਈਂ।'

ਸੰਪਰਕ : 98144-30874

ਦੇਸ਼ ਭਗਤ ਯਾਦਗਾਰ ਹਾਲ ਦੇ ਵਿਹੜੇ ਵਿਚ ਕਿਤਾਬਾਂ ਹੀ ਕਿਤਾਬਾਂ

ਕੇਸਰ

1992 ਵਿਚ 'ਮੇਲਾ ਗ਼ਦਰੀ ਬਾਬਿਆਂ ਦਾ' ਸ਼ੁਰੂ ਹੋਇਆ। ਇਸ ਮੇਲੇ ਵਿਚ 'ਲੈਨਿਨ ਕਿਤਾਬ ਘਰ' ਮਹਿਲ ਕਲਾਂ, 'ਪੰਜਾਬ ਬੁਕ ਸੈਂਟਰ' ਨੇ ਆਪਣੀਆਂ ਕਿਤਾਬਾਂ ਦਾ ਪ੍ਰਦਰਸ਼ਨੀ ਲਗਾਈ। ਉਸ ਵਕਤ ਕਿਸੇ ਦੇ ਵੀ ਚਿਤ ਚੇਤੇ ਨਹੀਂ ਹੋਵੇਗਾ ਕਿ ਮੇਲੇ ਦੇ ਨਾਲ-ਨਾਲ ਇਕ ਹੋਰ ਮੇਲਾ ਵਿਕਸਤ ਹੋ ਜਾਵੇਗਾ, ਉਹ ਹੈ ਪੁਸਤਕ ਮੇਲਾ।

ਜਿਥੇ ਇਸ ਪੁਸਤਕ ਮੇਲੇ ਵਿਚ ਹਰ ਸਾਲ ਦੇਸ਼ ਭਰ ਪਬਲਿਸ਼ਰਜ਼, ਪੁਸਤਕ ਵਿਕਰੇਤਾ ਆਪਣੀਆਂ ਨਵੀਆਂ-ਪੁਰਾਣੀਆਂ ਕਿਤਾਬਾਂ ਲੈ ਕੇ ਪੁੱਜਦੇ ਹਨ, ਉਥੇ ਇਨਕਲਾਬੀ ਪਾਰਟੀਆਂ ਵੀ ਆਪਣੇ ਸਿਆਸੀ ਪ੍ਰੋਗਰਾਮ ਕਿਤਾਬਾਂ ਦੀ ਸ਼ਕਲ ਵਿਚ ਲੈ ਕੇ ਪੁੱਜਦੇ ਹਨ। ਤੇ ਹਜ਼ਾਰਾਂ ਲੋਕ ਆਪਣੇ ਮਨ ਪਸੰਦ ਦੀਆਂ ਕਿਤਾਬਾਂ ਖਰੀਦ ਦੇ ਝੋਲੇ ਭਰਕੇ ਲੈ ਲਿਜਾਂਦੇ ਹਨ।

ਮੇਲਾ ਸ਼ੁਰੂ ਕਰਨ ਵਾਲੇ ਬਾਬਿਆਂ ਨੇ ਇਨ੍ਹਾਂ ਪੁਸਤਕ ਵਿਕਰੇਤਾਂਵਾਂ ਨੂੰ 'ਕਿਤਾਬਾਂ ਦੇ ਵਣਜਾਰੇ' ਆਖਿਆ ਸੀ, ਜਿਹੜੇ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿਚ ਹੋਣ ਵਾਲੀਆਂ ਰੈਲੀਆਂ ਤੋਂ ਇਲਾਵਾ ਘਰ-ਘਰ ਸਾਹਿਤ ਦਾ ਚਾਨਣ ਵੰਡਦੇ ਹਨ।

ਇਸ ਵਾਰ ਦੇ ਪੁਸਤਕ ਮੇਲੇ ਵਿਚ ਵੀ ਪਿਛਲੇ ਮੇਲੇ ਦੀ ਤਰ੍ਹਾਂ 100 ਦੇ ਕਰੀਬ ਪੁਸਤਕਾਂ ਦੇ ਵਣਜਾਰੇ, ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਜਲੰਧਰ, ਪੰਜ ਆਬ ਪ੍ਰਕਾਸ਼ਨ ਜਲੰਧਰ, ਨੈਸ਼ਨਲ ਬੁੱਕ ਟ੍ਰਸਟ ਨਵੀਂ ਦਿੱਲੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਭਾਸ਼ਾ ਵਿਭਾਗ ਪੰਜਾਬ, ਪੰਜਾਬ ਬੁਕ ਸੈਂਟਰ ਚੰਡੀਗੜ੍ਹ, ਜਨ ਚੇਤਨਾ ਪ੍ਰਕਾਸ਼ਨ ਲਖਨਊ, ਜਨ ਚੇਤਨਾ ਪ੍ਰਕਾਸ਼ਨ ਚੇਤਨਾ ਪ੍ਰਕਾਸ਼ਨ, ਲੁਧਿਆਣਾ, ਦ ਲਿਟਰਰੀ ਜਿਊਲਰਜ਼ ਲੁਧਿਆਣਾ ਪੰਜਾਬ, ਬੇਗਮਪੁਰਾ ਬੁਕ ਸ਼ਾਪ ਨਵਾਂ ਸ਼ਹਿਰ, ਦਿਲਦੀਪ ਪ੍ਰਕਾਸ਼ਨ ਸਮਰਾਲਾ, ਚਿੰਤਨ ਪ੍ਰਕਾਸ਼ਨ ਲੁਧਿਆਣਾ, ਕੈਫੇ ਵਰਲਡ ਬਠਿੰਡਾ, ਉਡਾਰੀਆਂ ਕਿਤਾਬ ਘਰ ਲੁਧਿਆਣਾ, ਬਸਤਾ ਕਿਤਾਬ ਘਰ ਪਟਿਆਲਾ, ਦਾ ਕਿਤਾਬ ਆਰਟ+ਪਬਲੀਕੇਸ਼ਨ, ਟਰੂ ਸਪੈਰੋ ਪਬਲੀਸ਼ਰਜ਼ ਪਟਿਆਲਾ, ਸ਼ਹੀਦ ਭਗਤ ਸਿੰਘ ਬੁਕ ਸੈਂਟਰ, ਲੁਧਿਆਣਾ ਅਧਾਰ ਪ੍ਰਕਾਸ਼ਨ ਪੰਚਕੂਲਾ, ਨਵਰੰਗ ਪਬਲੀਕੇਸ਼ਨ, ਪੀਪਲਜ਼ ਫੋਰਮ ਬਰਗਾੜੀ, ਵਿਦਿਆਰਥੀ ਕਿਤਾਬ ਘਰ ਫਰੀਦਕੋਟ, ਊੜਾ ਪ੍ਰਕਾਸ਼ਨ ਮੋਗਾ, ਇਨਕਲਾਬੀ ਸਾਡਾ ਰਾਹ, ਅਹਿਮਦੀਆ ਮੁਸਲਿਮ ਜਮਾਤ ਜਲੰਧਰ, ਦੀਪਕ ਪਬਲਿਸ਼ਰਜ਼ ਜਲੰਧਰ, ਲੋਕ ਹਿਤ ਰੰਗ ਕਿਤਾਬ ਘਰ ਭਵਾਨੀਗੜ੍ਹ ਪੰਜਾਬੀ ਕਵੀ ਪਬਲੀਕੇਸ਼ਨ ਮੋਗਾ, ਰੀਤ ਕਿਤਾਬ ਘਰ ਕਾਲਾ ਸੰਘਾ, ਸਾਹਿਤ ਸ਼ਿਲਾ ਪ੍ਰਕਾਸ਼ਨ ਸ਼ਾਹਦਰਾ, S.U.C.I. ਕਮਿਊਨਿਸਟ ਪਾਰਟੀ ਪੰਜਾਬ, ERA KITAB ਮੀਰਪੁਰ, ਕਲਗੀਧਰ ਗੁਰਮਤਿ ਪ੍ਰਚਾਰ ਲਹਿਰ, ਮੋਨਿਕਾ ਦਿੱਲੀ, ਵਾਈਟ ਕਰੋ ਪਬਲੀਸ਼ਰਜ਼ ਮਾਨਸਾ ਮਿਲਿੰਦ ਪ੍ਰਕਾਸ਼ਨ ਜਲੰਧਰ, ਵਰਮਾ ਬੁੱਕ ਕੰਪਨੀ ਗਾਜੀਆਬਾਦ, ਸਾਦਿਕ ਪਬਲੀਕੇਸ਼ਨ ਬਠਿੰਡਾ, ਸੰਗਮ ਪਬਲੀਕੇਸ਼ਨ ਸਮਾਣਾ, ਆਤਮ ਆਰਟ ਪਟਿਆਲਾ, ਸਹਿਜ ਪਬਲੀਕੇਸ਼ਨ ਸਮਾਣਾ, ਇਨਕਲਾਬੀ ਕੇਂਦਰ ਪੰਜਾਬ, ਸਪਰੈਂਡ ਪਬਲੀਕੇਸ਼ਨ ਰਾਮਪੁਰ, ਮੈਜਿਕ ਐਂਡ ਬੁਕ ਸ਼ਾਪ ਲੰਗੇਰੀ, ਪਰਕਾਸ਼ਨ ਸੰਸਥਾਨ ਨਵੀਂ ਦਿੱਲੀ, ਅਫਲਾਜ਼ ਪਬਲੀਕੇਸ਼ਨ ਬੁਢਲਾਡਾ, ਚਮਨ ਲਾਲ ਚਣਕੋਆ, ਕਾਮਰੇਡ ਗੁਰਮੀਤ ਸਿੰਘ ਢੱਡਾ ਪ੍ਰਕਾਸ਼ਨ, ਜਲੰਧਰ, ਲੋਕ ਰੰਗ ਪਬਲੀਕੇਸ਼ਨ ਪਟਿਆਲਾ, ਪੰਜਾਬੀ ਇਸਲਾਮਿਕ ਪਬਲੀਕੇਸ਼ਨ, ਮਲੇਰਕੋਟਲਾ, ਬਰਕਤ ਪਬਲੀਕੇਸ਼ਨ ਬਾਗੜੀਆਂ, ਦਲਿਤ ਸਾਹਿਤ ਸਦਨ ਜਲੰਧਰ, ਬਿਬੇਕਗੜ੍ਹ ਪ੍ਰਕਾਸ਼ਨ ਆਨੰਦਪੁਰ ਸਾਹਿਬ, ਸ਼ਹੀਦ ਭਗਤ ਸਿੰਘ ਬੁਕ ਸੈਂਟਰ ਮੂਨਕ, ਕੈਲੀਬਰ ਪਬਲੀਕੇਸ਼ਨ, ਪਟਿਆਲਾ, ਕਥੋ ਪ੍ਰਕਾਸ਼ਨ ਪਟਿਆਲਾ, ਕਿਰਨਦੀਪ ਬੁਕ ਸ਼ਾਪ ਜਲੰਧਰ, ਕਾਂਗ ਪ੍ਰਕਾਸ਼ਨ ਜਲੰਧਰ, ਸਾਹਿਬਦੀਪ ਪਬਲੀਕੇਸ਼ਜ ਭੀਖੀ, ਸੁਰਖ ਲੀਹ ਪ੍ਰਕਾਸ਼ਨ, ਸੋਹਮ ਬੁੱਕ ਸਟਾਲ ਪਬਲਿਸ਼ਰ ਜਲੰਧਰ, ਬੂਟਾ ਬੁੱਕ ਸੈਂਟਰ ਮੋਹਾਲੀ, ਅੱਖਰ ਅੰਮ੍ਰਿਤ ਸਰਦੂਲਗੜ੍ਹ, All India Democratic Students ORG ਸੇਖੂਪੁਰਾ ਪਟਿਆਲਾ, ਪੀ. ਸੁੰਦਰੱਈਆ ਪ੍ਰਕਾਸ਼ਨ ਜਲੰਧਰ, ਭਾਰਤ ਬੁੱਕ ਸੈਂਟਰ ਜਲੰਧਰ, ਮਿਸਟਰ ਸਿੰਘ ਪਬਲੀਕੇਸ਼ਨ ਤਲਵੰਡੀ ਸਾਬੋ, ਨਵਾਂ ਜ਼ਮਾਨਾ ਅਖ਼ਬਾਰ ਜਲੰਧਰ, ਮਸਕੀਨ ਫਾਉਂਡੇਸ਼ਨ ਲੁਧਿਆਣਾ, ਕਿਤਾਬਾਂ ਦਾ ਸਮੁੰਦਰ ਮੋਗਾ, ਮਹਿਫ਼ਲ-ਏ-ਪੰਜਾਬ ਅੰਮ੍ਰਿਤਸਰ, ਆਜ਼ਾਦ ਬੁੱਕ ਹਾਊਸ ਅਮਲਾ ਸਿੰਘ ਵਾਲ਼ਾ, ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ, ਅਭਿਆਨ ਪਬਲੀਕੇਸ਼ਨ ਹਰਿਆਣਾ), ਲਾਲ ਤਾਰਾ ਪ੍ਰਕਾਸ਼ਨ ਦਿੱਲੀ, ਰੈੱਡ ਗੋ (ਦਿੱਲੀ ਯੂਨੀਵਰਸਿਟੀ ਸਟੂਡਿਟਸ, ਡਰੀਮੀ ਬੁੱਕ ਯੂਨੀਵਰਸ ਲੁਧਿਆਣਾ, Artists. Forchange Haryana, ਹੁਨਰ ਪਬਲੀਕੇਸ਼ਨ ਪਟਿਆਲਾ, ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ, ਜੇ.ਪੀ. ਪਬਲੀਕੇਸ਼ਨ, ਪਟਿਆਲਾ, ਪਿੰਗਲਵਾੜਾ ਸੰਸਥਾ, ਜਲੰਧਰ, Tripal gem publication, ਰਾਬਤਾ ਮੁਲਾਲਮਾ, ਸਰਬਜੀਤ ਸਿੰਘ ਸੰਧੂ, ਅੰਮ੍ਰਿਤਸਰ ਅਤੇ ਸੁਰਖ ਰੇਖਾ ਆਦਿ ਮਾਰਕਸਵਾਦ, ਤਰਕਸ਼ੀ, ਭਾਸ਼ਾ, ਸਾਹਿਤਕ, ਸਭਿਆਚਾਰ, ਵਿਗਿਆਨਕ ਅਤੇ ਰਾਜਨੀਤਕ ਕਿਤਾਬਾਂ ਲੈ ਕੇ ਪੁੱਜ ਰਹੇ ਹਨ। ਉਮੀਦ ਹੈ ਪਾਠਕ ਪਹਿਲੇ ਮੇਲਿਆਂ ਦੀ ਤਰ੍ਹਾਂ ਇਸ ਵਾਰ ਵੀ ਵੱਡੀ ਗਿਣਤੀ ਵਿਚ ਕਿਤਾਬਾਂ ਦੀ ਖਰੀਦਦਾਰੀ ਕਰਨਗੇ।

ਸੰਪਰਕ : 98140-87063

ਬ੍ਰਿਟਿਸ਼ ਸਾਮਰਾਜ ਤੋਂ ਹੁਣ ਦੇ ਸਾਮਰਾਜ ਤੱਕ ਕਿਸਾਨੀ ਸੰਘਰਸ਼

ਬਲਕਾਰ ਸਿੰਘ ਵਲਟੋਹਾ

ਅੱਜ ਸਿਜਦਾ ਕਰਦੇ ਹਾਂ ਉਹਨਾਂ ਮਹਾਨ ਯੋਧਿਆਂ ਨੂੰ, ਜਿਨ੍ਹਾਂ ਨੇ ਬ੍ਰਿਟਿਸ਼ ਸਾਮਰਾਜ ਦੇ ਦੌਰ ਵਿੱਚ ਭਾਰਤ ਵਰਗੇ ਮਹਾਨ ਖਿੱਤੇ ਵਿੱਚ ਖਿੱਲਰੀ-ਪੁੱਲਰੀ ਕਿਸਾਨੀ ਲਹਿਰ ਨੂੰ ਇੱਕ-ਮੁੱਠ ਕਰਨ ਲਈ ਵੱਡੇ ਯਤਨ ਕੀਤੇ ਅਤੇ ਉਹਨਾਂ ਨੂੰ ਸਾਰਥਕ ਬਣਾਇਆ। ਅੱਜ ਤੋਂ ਨੱਬੇ ਸਾਲ ਪਹਿਲਾਂ ਇਹ ਗੱਲ 11 ਅਪ੍ਰੈਲ 1936 ਦੀ ਹੈ, ਜਦੋਂ ਭਾਰਤ ਦੇ ਅਹਿਮ ਸ਼ਹਿਰ ਲਖਨਊ ਵਿਖੇ ਇਹਨਾਂ ਬਹਾਦਰ ਸੰਤ ਸਿਪਾਹੀਆਂ ਦੀ ਕੋਸ਼ਿਸ਼ ਸਦਕਾ 'ਕੁਲ ਹਿੰਦ ਕਿਸਾਨ ਸਭਾ' All India Kisan Sabha ਬਣਾਈ ਗਈ। ਇਸ ਦਿਨ ਇੱਥੇ ਹੋਈ ਕਾਨਫਰੰਸ ਵਿੱਚ ਜਿਨ੍ਹਾਂ ਨੇ ਮੋਹਰੀ ਰੋਲ ਅਦਾ ਕੀਤਾ, ਉਹ ਸੱਚਮੁੱਚ ਜਿੱਥੇ ਆਪ ਬਹੁਤ ਉੱਚ ਪਾਏ ਦੇ ਆਗੂ ਤੇ ਇਨਸਾਨ ਸਨ, ਉੱਥੇ ਉਹਨਾਂ ਦੇ ਇਸ ਇਕੱਠ ਵਿੱਚ ਹਿੰਦੁਸਤਾਨ ਦੀ ਧਰਮ ਨਿਰਪੱਖਤਾ ਦੀ ਇੱਕ ਵਿਸ਼ਾਲ ਦਿੱਖ ਆਪ-ਮੁਹਾਰੇ ਸਾਹਮਣੇ ਆ ਜਾਂਦੀ ਹੈ। ਇਹਨਾਂ ਮੂਹਰਲਿਆਂ ਵਿੱਚ ਸੁਆਮੀ ਸਹਿਜਾ ਨੰਦ ਸਰਸਵਤੀ ਬਿਹਾਰ ਤੋਂ, ਐਨ ਜੀ ਰੰਗਾ ਆਂਧਰਾ ਤੋਂ, ਬਿੰਦੂ ਲਾਲ ਯਾਗਨੀਕ ਗੁਜਰਾਤ ਤੋਂ, ਮੋਹਨ ਲਾਲ ਗੌਤਮ ਤੇ ਕੇ. ਐੱਮ. ਅਸ਼ਰਫ ਯੂ ਪੀ ਤੋਂ, ਸੋਹਣ ਸਿੰਘ ਜੋਸ਼ ਅਤੇ ਅਹਿਮਦ ਦੀਨ ਪੰਜਾਬ ਤੋਂ, ਕਮਲ ਸਰਕਾਰ ਅਤੇ ਸੁਧੀਨ ਪ੍ਰਮਾਣਿਕ ਬੰਗਾਲ ਤੋਂ, ਜੈ ਪ੍ਰਕਾਸ਼ ਨਰਾਇਣ ਅਤੇ ਆਰ.ਐੱਮ. ਲੋਹੀਆ ਵੀ ਸ਼ਾਮਲ ਸਨ। ਇਹ ਸਾਰੇ ਆਪੋ ਆਪਣੇ ਰਾਜਾਂ ਖਿੱਤਿਆਂ ਵਿੱਚ ਕਿਸਾਨਾਂ ਦੀ ਅਗਵਾਈ ਵੱਖ-ਵੱਖ ਕਿਸਾਨ ਸਭਾਵਾਂ ਦੇ ਨਾਂਅ ਥੱਲੇ ਕਰਦਿਆਂ ਸਥਾਨਕ ਸੰਘਰਸ਼ ਲੜ ਰਹੇ ਸਨ, ਪਰ ਉਸ ਵੇਲੇ ਲੋੜ ਸੀ ਸਮੁੱਚੇ ਬ੍ਰਿਟਿਸ਼ ਸਾਮਰਾਜ ਵਿਰੁੱਧ ਜ਼ੋਰਦਾਰ ਸੰਘਰਸ਼ ਲੜਦਿਆਂ ਅਤੇ ਬ੍ਰਿਟਿਸ਼ ਸਾਮਰਾਜ ਨੂੰ ਇਸ ਦੇਸ਼ 'ਚੋਂ ਭਜਾ ਕੇ ਇੱਕ ਵਧੀਆ ਖੇਤੀਬਾੜੀ ਪ੍ਰਬੰਧ ਸਿਰਜਣ ਦੀ, ਜਿਸ ਵਿੱਚ ਬਰਾਬਰਤਾ ਅਹਿਮ ਹੋਵੇ, ਦੀ ਤਾਂਘ ਇਹਨਾਂ ਯੋਧਿਆਂ ਦੇ ਅੰਦਰ ਸੀ।

ਬ੍ਰਿਟਿਸ਼ ਸਾਮਰਾਜ ਨੇ ਭਾਰਤ ਦੀ ਹਾਲਤ ਕੀ ਬਣਾ ਦਿੱਤੀ ਸੀ? ਇਹ ਸਭ ਤੋਂ ਵੱਧ ਸਿਧਾਂਤਕ ਤੌਰ 'ਤੇ ਜਾਨਣਾ ਹੋਵੇ ਤਾਂ ਦੁਨੀਆ ਦੇ ਮਹਾਨ ਫਿਲਾਸਫਰ ਅਤੇ ਪੂੰਜੀਵਾਦ ਦੇ ਸਭ ਤੋਂ ਵੱਡੇ ਪੜਚੋਲਕ ਕਾਰਲ ਮਾਰਕਸ ਵੱਲੋਂ ਲਿਖੀਆਂ ਲਿਖਤਾਂ 'ਬ੍ਰਿਟਿਸ਼ ਰੂਲ ਇਨ ਇੰਡੀਆ' ਵਿੱਚ ਭਾਰਤ ਬਾਰੇ ਬਾਖ਼ੂਬੀ ਚਿਤਰਿਆ ਗਿਆ ਹੈ। ਉਹ ਕਹਿੰਦੇ ਹਨ ਕਿ ਸਭ ਸਿਵਲ ਜੰਗਾਂ, ਹਮਲੇ, ਇਨਕਲਾਬ, ਜਿੱਤਾਂ, ਅਕਾਲ, ਅਣਕਿਆਸੇ ਰੂਪ ਵਿੱਚ ਗੁੰਝਲਦਾਰ, ਇੱਕ ਤੋਂ ਬਾਅਦ ਇੱਕ ਭਾਰਤ ਵਿੱਚ ਇਹ ਐਕਸ਼ਨ, ਜਿਵੇਂ ਵੀ ਮਰਜ਼ੀ ਦਿਸਣ, ਪਰ ਉਹ ਇਸ ਦੀ ਸਤਾਹ ਤੋਂ ਵਧੇਰੇ ਡੂੰਘੇਰੇ ਨਹੀਂ ਗਏ ਸਨ। ਇੰਗਲੈਂਡ ਨੇ ਭਾਰਤੀ ਸਮਾਜ ਦੇ ਸਮੁੱਚੇ ਚੌਖਟੇ ਨੂੰ ਬੁਰੀ ਤਰ੍ਹਾਂ ਖੇਰੂੰ-ਖੇਰੂੰ ਕਰ ਦਿੱਤਾ ਹੈ, ਜਿਸ ਦਾ ਕਿ ਮੁੜ ਇਕੱਠੇ ਹੋਣ ਦਾ ਕੋਈ ਲੱਛਣ ਅਜੇ ਨੇੜੇ-ਤੇੜੇ ਵੀ ਨਹੀਂ ਦਿਸ ਰਿਹਾ ਹੈ। ਨਵੇਂ ਦੀ ਪ੍ਰਾਪਤੀ ਹੋਏ ਬਿਨਾਂ, ਪੁਰਾਣੇ ਸੰਸਾਰ ਦਾ ਗਵਾਚ ਜਾਣਾ ਭਾਰਤ ਦੀ ਮੌਜੂਦਾ ਮੁਸੀਬਤ ਨੂੰ ਇੱਕ ਖਾਸ ਕਿਸਮ ਦੀ ਦਿਲਗੀਰੀ ਪ੍ਰਦਾਨ ਕਰਦਾ ਹੈ। ਬਰਤਾਨੀਆ ਬਸਤੀਵਾਦੀ ਭਾਰਤ ਨੂੰ 'ਹਿੰਦੁਸਤਾਨ' ਤੋਂ ਵੱਖ ਕਰਦਾ ਹੈ। ਇਸ ਦੀਆਂ ਸਭ ਪੁਰਾਤਨ ਪਰੰਪਰਾਵਾਂ ਨਾਲੋਂ ਅਤੇ ਇਸ ਦੇ ਸਮੁੱਚੇ ਪਿਛਲੇ ਇਤਿਹਾਸ ਨਾਲੋਂ ਈਸਟ ਇੰਡੀਆ ਕੰਪਨੀ ਬ੍ਰਿਟਿਸ਼ ਵਪਾਰੀਆਂ ਅਤੇ ਪੂੰਜੀਪਤੀਆਂ ਦੀ ਇੱਕ ਵੱਡੀ ਜਥੇਬੰਦੀ ਨੇ ਭਾਰਤ ਨਾਲ ਇੱਕ ਵਪਾਰਕ ਵਸਤੂਆਂ ਦੀ ਮੰਡੀ ਵਜੋਂ ਵਿਵਹਾਰ ਕੀਤਾ ਹੈ। ਇਸ ਦੀ ਵਰਤੋਂ ਕੀਤੀ ਹੈ ਅਤੇ ਬਿਨਾਂ ਕਿਸੇ ਨਿਵੇਸ਼ ਕੀਤਿਆਂ ਤੇ ਬਿਨਾਂ ਭੁਗਤਾਨ ਕੀਤਿਆਂ ਕੱਚਾ ਮਾਲ ਲੈਣ ਲਈ ਕਿਸਾਨੀ ਦੀ ਲੁੱਟ-ਖਸੁੱਟ ਦੇ ਜਗੀਰੂ ਢੰਗ-ਤਰੀਕਿਆਂ ਨੂੰ ਤਿੱਖਾ ਕੀਤਾ। ਵਪਾਰ ਅਤੇ ਭੋਇੰ ਉੱਤੇ ਟੈਕਸ ਲਗਾ ਕੇ ਉਹਨਾਂ ਨੂੰ ਲਾਭ ਵਜੋਂ ਪ੍ਰਾਪਤ ਕੀਤਾ। ਜਿਵੇਂ-ਜਿਵੇਂ ਬਸਤੀਵਾਦ ਦੀ ਤਰੱਕੀ ਹੋਈ, ਬਰਤਾਨਵੀ ਸਾਮਰਾਜ ਨੇ ਭਾਰਤੀ ਉਤਪਾਦਕਾਂ ਦੀ ਮੰਡੀ ਨੂੰ ਫਿਰ ਖਤਮ ਕਰਦੇ ਹੋਏ ਭਾਰਤੀ ਵਸਤਾਂ ਦੀ ਬਰਾਮਦ ਨੂੰ ਬਰਤਾਨੀਆ ਵਿੱਚ ਬਣੀਆਂ ਤਿਆਰ ਵਸਤਾਂ ਦੀ ਦਰਾਮਦ ਨਾਲ ਤਬਦੀਲ ਕਰ ਦਿੱਤਾ। ਪੁਰਾਤਨ ਪਿੰਡ ਅਧਾਰਤ ਢਾਂਚੇ ਦੇ ਟੁੱਟ ਜਾਣ ਨਾਲ ਉਤਪਾਦਕ ਸ਼ਕਤੀਆਂ ਵਿੱਚ ਸੁਧਾਰ ਤਾਂ ਹੋਇਆ, ਪਰ ਕੰਗਾਲੀ ਅਤੇ ਬਸਤੀਵਾਦੀ ਲੁੱਟ-ਖਸੁੱਟ, ਅਕਾਲ ਅਤੇ ਮਹਾਂਮਾਰੀਆਂ ਕਾਰਨ ਪੈਦਾ ਹੋਈਆਂ ਦੁਸ਼ਵਾਰੀਆਂ ਅਤੇ ਕਰੋੜਾਂ ਲੋਕਾਂ ਦੀਆਂ ਹੋਈਆਂ ਮੌਤਾਂ 'ਤੇ ਗੋਰਿਆਂ ਨੇ ਕੋਈ ਪਛਤਾਵਾ ਨਹੀਂ ਕੀਤਾ।

ਇਸੇ ਤਰ੍ਹਾਂ 1857 ਦੇ ਆਜ਼ਾਦੀ ਸੰਘਰਸ਼ ਤੋਂ ਪਹਿਲਾਂ ਵੀ ਭਾਰਤ ਅੰਦਰ ਬਹੁਤ ਸਾਰੇ ਕਿਸਾਨੀ ਤੇ ਕਬਾਇਲੀ ਲੋਕਾਂ ਦੇ ਅੰਦੋਲਨ ਹੋਏ। 1770 ਤੋਂ 1820 ਤੱਕ ਫ਼ਕੀਰ ਤੇ ਸੰਨਿਆਸੀ ਬਗਾਵਤਾਂ, 1804 ਤੋਂ 1860 ਤੱਕ ਇੰਡੀਗੋ ਬਗਾਵਤ, 1855 ਤੋਂ 57 ਕਬੀਲਾ ਬਗਾਵਤਾਂ, ਸੰਥਾਲ ਬਗਾਵਤ 1899 1900 , ਮੁੰਡਾ ਬਗਾਵਤ, ਗਾਰੋ ਬਗਾਵਤਾਂ, ਭੀਲ ਕਬੀਲੇ ਦੀ ਬਗਾਵਤ ਆਦਿ ।ਇਸੇ ਤਰ੍ਹਾਂ ਹੋਰ ਲਹਿਰਾਂ ਵੀ ਥਾਂ ਪਰ ਥਾਂ ਚੱਲਦੀਆਂ ਰਹੀਆਂ। ਵੀਹਵੀਂ ਸਦੀ ਦੇ ਸ਼ੁਰੂਆਤੀ ਦੌਰ ਤੋਂ ਅੱਗੇ ਕਈ ਲਹਿਰਾਂ ਵੱਖ-ਵੱਖ ਇਲਾਕਿਆਂ ਵਿੱਚ ਚੱਲੀਆਂ, ਜਿਹਦੇ ਵਿੱਚ ਮਾਪਲਾ ਲਹਿਰ, ਖਿਲਾਫਤ ਲਹਿਰ, ਰੇਸ਼ਮੀ ਰੁਮਾਲ ਲਹਿਰ, ਪਰਜਾ ਮੰਡਲ ਲਹਿਰ ਅਤੇ ਪਗੜੀ ਸੰਭਾਲ ਜੱਟਾ ਲਹਿਰ ਵਰਗੀਆਂ ਲਹਿਰਾਂ ਖਾਸ ਨਾਮਣੇ ਵਾਲੀਆਂ ਹਨ। ਜਿਨ੍ਹਾਂ ਸਮੇਂ-ਸਮੇਂ ਬ੍ਰਿਟਿਸ਼ ਹਕੂਮਤ ਨੂੰ ਝੁਕਣ ਲਈ ਮਜਬੂਰ ਕੀਤਾ, ਪਰ ਕਿਉਂਕਿ ਦੇਸ਼ ਬਹੁਤ ਵੱਡਾ ਸੀ। ਵੱਖ-ਵੱਖ ਸੱਭਿਆਚਾਰ ਤੇ ਬੋਲੀਆਂ ਦਾ ਮਾਲਕ ਸੀ। ਇਸ ਕਰਕੇ ਇੱਥੇ ਇੱਕ ਮੁੱਠ ਕਿਸਾਨ ਲਹਿਰ ਦਾ ਹੋਣਾ ਬਹੁਤ ਜ਼ਰੂਰੀ ਸੀ, ਜਿਸ ਦੀ ਪੂਰਤੀ ਉਪਰੋਕਤ ਮਹਾਨ ਕਿਸਾਨ ਆਗੂਆਂ ਨੇ 11 ਅਪ੍ਰੈਲ 1936 ਨੂੰ ਪੂਰੀ ਕਰ ਦਿੱਤੀ ।

ਇੱਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਦੇਸ਼ ਅੰਦਰ ਬਹੁਤ ਸਾਰੀਆਂ ਕਿਸਾਨੀ ਲਹਿਰਾਂ ਅਤੇ ਵਿਦਰੋਹ ਪੜ੍ਹਨ ਸਮਝਣ ਦੀ ਅੱਜ ਵੱਡੀ ਲੋੜ ਹੈ ਕਿ ਜਦੋਂ ਜਗੀਰਦਾਰਾਂ ਦੇ ਜ਼ੁਲਮਾਂ ਦੀ ਕੋਈ ਹੱਦ ਨਾ ਰਹੀ, ਸ਼ੋਸ਼ਣ ਹੱਦਾਂ ਬੰਨੇ ਟੱਪ ਗਿਆ ਅਤੇ ਗੁੰਡਾਗਰਦੀ ਨੇ ਧੀ-ਭੈਣ 'ਤੇ ਹੱਥ ਚੁੱਕ ਲਏ ਤਾਂ ਲੋਕਾਂ ਦਾ ਸ਼ਾਂਤ ਪਿਆ ਖ਼ੂਨ ਫਿਰ ਇੱਕ ਉਬਾਲੇ ਦੇ ਰੂਪ ਵਿੱਚ ਕਈ ਵਾਰ ਸਾਹਮਣੇ ਆਉਂਦਾ ਰਿਹਾ । ਕੂਕਾ ਲਹਿਰ ਮਾਲ ਬਾਰ ਅੰਦਰ ਮੋਪਲਾ ਵਿਦਰੋਹ, ਦੱਖਣ ਅੰਦਰ ਦੰਗੇ ਸੰਥਾਲ ਤੇ ਇੰਡੀਗੋ ਬਗਾਵਤਾਂ ਇਹਨਾਂ ਸਭ ਪਿੱਛੇ ਕਿਸੇ ਨਾ ਕਿਸੇ ਰੂਪ ਵਿੱਚ ਕਿਸਾਨੀ ਸ਼ਾਮਲ ਸੀ ਅਤੇ ਜਿਨ੍ਹਾਂ ਦਾ ਰਾਜਸੀ ਚਰਿੱਤਰ ਸੀ ਤੇ ਜਥੇਬੰਦਕ ਵੀ ਸਨ, ਭਾਵੇਂ ਉਹ ਆਰਜ਼ੀ ਸਨ, ਪਰ ਕੋਈ ਨਾ ਕੋਈ ਉਹਨਾਂ ਦਾ ਮਹਾਂ ਮੰਤਰ ਸੀ ।ਕੁਝ ਲਹਿਰਾਂ ਕਈ ਵਾਰ ਹੇਠਾਂ ਤੱਕ ਪ੍ਰਭਾਵਿਤ ਹੋ ਕੇ ਅੱਗੇ ਵਧਦੀਆਂ ਰਹੀਆਂ।

ਜ਼ਮੀਨ ਲੋਕਾਂ ਵਿੱਚ ਬਰਾਬਰ ਵੰਡੀ ਜਾਵੇ। ਰਜਵਾੜਾਸ਼ਾਹੀ ਤੇ ਜਗੀਰਦਾਰੀ ਖਤਮ ਕੀਤੀ ਜਾਵੇ ।ਇਹਨਾਂ ਵੱਡੇ ਅੰਦੋਲਨਾਂ ਨੇ ਰੰਗ ਵਿਖਾਇਆ। ਪੰਜਾਬ ਦੇ ਮਾਲਵਾ ਖੇਤਰ ਵਿੱਚ ਲੱਖਾਂ ਏਕੜ ਜ਼ਮੀਨ ਲੋਕਾਂ ਵਿੱਚ ਵੰਡੀ ਗਈ। ਰਾਜੇ ਜਗੀਰਦਾਰ ਜ਼ਮੀਨ ਤੋਂ ਪਾਸੇ ਕਰ ਦਿੱਤੇ ਗਏ ।ਇਸੇ ਤਰ੍ਹਾਂ ਦੇਸ਼ ਦੇ ਹੋਰ ਹਿੱਸਿਆਂ ਵਿੱਚ ਵੀ ਕਾਫੀ ਵੱਡੇ ਪੱਧਰ 'ਤੇ ਇਹ ਕੰਮ ਕਰਨ ਲਈ ਸਮੇਂ ਦੀ ਸਰਕਾਰ ਨੂੰ ਮਜਬੂਰ ਹੋਣਾ ਪਿਆ, ਪਰ ਫਿਰ ਵੀ ਉਹ ਕੁਝ ਨਾ ਹੋਇਆ, ਜੋ ਇਹਨਾਂ ਯੋਧਿਆਂ ਨੇ ਚਿਤਵਿਆ ਸੀ। ਚਾਹੀਦਾ ਤਾਂ ਇਹ ਸੀ ਕਿ ਆਜ਼ਾਦੀ ਮਿਲਣ ਉਪਰੰਤ ਜ਼ਮੀਨ ਦੀ ਬਰਾਬਰ ਵੰਡ ਕਰਕੇ ਸਾਂਝੀ, ਸਹਿਕਾਰੀ ਜਾਂ ਸਹਿਯੋਗੀ ਖੇਤੀ ਦਾ ਰਾਹ ਕੱਢਿਆ ਜਾਂਦਾ ਅਤੇ ਨਵੀਂ ਤਕਨੀਕ ਨਾਲ ਖੇਤੀ ਉਪਜਾਂ ਨਾਲ ਦੇਸ਼ ਨੂੰ ਮਾਲਾਮਾਲ ਕੀਤਾ ਜਾਂਦਾ ਤੇ ਦੇਸ਼ ਦਾ ਕਿਸਾਨ ਕੋਈ ਤਕੜਾ ਮਾੜਾ ਨਾ ਅਖਵਾਉਂਦਾ, ਸਗੋਂ ਬਰਾਬਰ ਦੀ ਹਿੱਸੇਦਾਰੀ ਨਾਲ ਸੋਹਣੇ ਸਮਾਜ ਦਾ ਸਿਰਜਕ ਹੁੰਦਾ, ਪਰ ਕਿਉਂਕਿ ਮੋਟੇ ਤੌਰ 'ਤੇ ਸਾਡੇ ਦੇਸ਼ ਦਾ ਰਾਜ ਪ੍ਰਬੰਧ ਪੂੰਜੀਵਾਦ ਦਾ ਹਾਮੀ ਸੀ। ਇਸ ਕਰਕੇ ਜ਼ਮੀਨ ਨਿੱਜੀ ਟੋਟਿਆਂ ਵਿੱਚ ਲੋਕਾਂ ਦੇ ਹਿੱਸੇ ਘੱਟ ਜਾਂ ਵੱਧ ਆਏ। ਗਰੀਬ ਲੋਕਾਂ ਤੋਂ ਧਨਾਢ ਲੋਕ ਮੁੜ ਜ਼ਮੀਨ ਹਾਸਲ ਕਰਨ ਵਿੱਚ ਬਹੁਤੀਆਂ ਥਾਵਾਂ 'ਤੇ ਕਈ ਢੰਗਾਂ ਨਾਲ ਸਫਲ ਹੋਏ, ਪਰ ਫਿਰ ਵੀ ਪੂੰਜੀਵਾਦ ਦੀ ਨਵੀਂ ਤਰੱਕੀ ਨਾਲ ਦੇਸ਼ ਦੇ ਅੰਨ ਭੰਡਾਰ ਵਿੱਚ ਵਾਧਾ ਵੀ ਹੋਇਆ ਅਤੇ ਕਿਸਾਨੀ ਦੇ ਇੱਕ ਹਿੱਸੇ ਨੂੰ ਕੁੱਝ ਲਾਭ ਵੀ ਮਿਲਿਆ। ਕੁੱਲ ਮਿਲਾ ਕੇ ਅੱਗੇ ਨਾਲੋਂ ਵੱਧ ਪਰ ਬਣਦੇ ਤੋਂ ਬਹੁਤ ਘੱਟ ਲੋਕਾਂ ਨੂੰ ਹਾਸਲ ਹੋਇਆ। ਕੁੱਲ ਹਿੰਦ ਕਿਸਾਨ ਸਭਾ ਨੇ ਲਗਾਤਾਰ ਸੰਘਰਸ਼ ਜਾਰੀ ਰੱਖੇ। ਆਜ਼ਾਦੀ ਤੋਂ ਬਾਅਦ ਜੇ ਪੰਜਾਬ ਦੀ ਗੱਲ ਕਰੀਏ ਤਾਂ 'ਖ਼ੁਸ਼ ਹੈਸੀਅਤ ਟੈਕਸ' ਵਿਰੁੱਧ ਵੱਡਾ ਅੰਦੋਲਨ ਹੋਇਆ। ਇਸੇ ਤਰ੍ਹਾਂ ਬਿਹਾਰ ਵਿੱਚ ਜਿੱਥੇ ਜਗੀਰਦਾਰੀ ਲੰਮਾ ਸਮਾਂ ਭਾਰੂ ਰਹੀ, ਉਥੇ ਲਗਾਤਾਰ ਸੰਘਰਸ਼ ਚੱਲਦੇ ਰਹੇ। ਅੱਜ ਸਾਨੂੰ ਕੁੱਲ ਹਿੰਦ ਕਿਸਾਨ ਸਭਾ ਦੇ ਉਨ੍ਹਾਂ ਮਹਾਨ ਲੀਡਰਾਂ ਤੋਂ ਵੱਡੇ ਸਬਕ ਲੈਣ ਦੀ ਲੋੜ ਹੈ, ਜਿਨ੍ਹਾਂ ਸਾਨੂੰ ਸਬਰ, ਕੁਰਬਾਨੀ ਅਤੇ ਜਥੇਬੰਦੀ ਲਈ ਸਬਕ ਤੇ ਸੇਧਾਂ ਜੋ ਦਿੱਤੀਆਂ, ਨੂੰ ਵਾਰ-ਵਾਰ ਦੁਹਰਾਉਂਦਿਆਂ ਅੱਗੇ ਵਧਣਾ ਚਾਹੀਦਾ ਹੈ।

ਭਾਵੇਂ ਅਸੀਂ ਪਿਛਲੇ ਸਮੇਂ 'ਚ ਮੋਦੀ ਸਰਕਾਰ ਵੱਲੋਂ ਕਾਰਪੋਰੇਟ ਪੱਖੀ ਲਿਆਂਦੇ ਗਏ ਮਾਰੂ ਕਾਨੂੰਨ ਵਾਪਸ ਕਰਾਉਣ ਵਿੱਚ ਸਫਲ ਹੋਏ ਹਾਂ, ਇਹ ਸਫਲਤਾ ਦਾ ਸਿਹਰਾ ਵੀ ਇੱਕ ਸਾਂਝਾ ਵਿਸ਼ਾਲ ਦੇਸ਼-ਵਿਆਪੀ ਸੰਘਰਸ਼ ਸੀ, ਪਰ ਫਿਰ ਵੀ ਸਾਡੇ ਦੇਸ਼ ਦੀਆਂ ਕਿਸਾਨ ਲਹਿਰਾਂ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਢੰਗਾਂ ਨਾਲ ਵੰਡੀਆਂ ਦਿਖਾਈ ਦਿੰਦੀਆਂ ਹਨ। ਅੱਜ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ 1964-65 ਵਿੱਚ ਕੁੱਲ ਹਿੰਦ ਕਿਸਾਨ ਸਭਾ ਦੋ ਹਿੱਸਿਆਂ ਵਿੱਚ ਵੰਡੀ ਗਈ। ਵੱਖ ਹੋਈ ਕਿਸਾਨ ਸਭਾ ਨੇ ਵੀ ਇਹੋ ਨਾਂਅ ਹੀ ਰੱਖਿਆ, ਜੋ ਅੱਜ ਵੀ ਜਾਰੀ ਹੈ। ਇਹਨਾਂ ਵਿੱਚੋਂ ਹੋਰ ਅੱਗੇ ਕਈ ਕਿਸਾਨ ਸਭਾਵਾਂ ਵੱਖ ਹੋਈਆਂ, ਜਿਸ ਨਾਲ ਦੇਸ਼ ਦੀ ਇੱਕ ਕਿਸਾਨ ਲਹਿਰ ਨੂੰ ਵੱਡੀ ਸੱਟ ਵੱਜੀ ਹੈ। ਮੁੜ 1936 ਦਾ ਵੇਲਾ ਯਾਦ ਕਰਕੇ ਕਿਸਾਨ ਸਭਾ ਦੀ ਲੀਡਰਸ਼ਿਪ ਨੂੰ ਉਹਨਾਂ ਦੇਸ਼ ਭਗਤਾਂ ਦੀ ਭਾਵਨਾ ਅਨੁਸਾਰ ਹੀ ਕਿਸਾਨ ਲਹਿਰ ਨੂੰ ਇੱਕ ਕਰਨ ਲਈ ਸਬਰ, ਸੰਤੋਖ ਤੇ ਤਿਆਗ ਵਿਖਾਉਣਾ ਸਮੇਂ ਦੀ ਲੋੜ ਹੈ। ਅੱਜ ਪਿਛਲੇ ਕਿਸੇ ਵੀ ਸਮੇਂ ਨਾਲੋਂ ਵੱਧ ਸੂਝਮਈ ਕਿਸਾਨ ਸੰਘਰਸ਼ ਦੀ ਲੋੜ ਹੈ, ਕਿਉਂਕਿ ਸਾਡਾ ਦੁਸ਼ਮਣ ਅੱਜ ਵਿਸ਼ਵ-ਵਿਆਪੀ ਕਾਰਪੋਰੇਟ ਜਗਤ ਹੈ, ਜੋ ਹਰ ਤਰ੍ਹਾਂ ਦੇ ਹੱਥਕੰਡੇ ਵਰਤ ਕੇ ਭਾਰਤ ਵਰਗੇ ਦੇਸ਼ ਦੀ ਜ਼ਮੀਨ ਨੂੰ ਹਥਿਆਉਣਾ ਚਾਹੁੰਦਾ ਹੈ, ਕਿਉਂਕਿ ਜਿੱਥੇ 12 ਮਹੀਨੇ 30 ਦਿਨ ਖੇਤੀ ਕੀਤੀ ਜਾ ਸਕਦੀ ਹੈ ਅਤੇ ਇੱਥੋਂ ਦੇ ਵੰਨ-ਸੁਵੰਨੇ ਮੌਸਮ, ਵੰਨ-ਸੁਵੰਨੀਆਂ ਫਸਲਾਂ, ਸਬਜ਼ੀਆਂ, ਫਲ-ਫਰੂਟ ਮਨੁੱਖਤਾ ਦੀ ਝੋਲੀ ਪਾ ਸਕਦੇ ਹਨ, ਜਿਸ ਤੋਂ ਕਾਰਪੋਰੇਟ ਘਰਾਣੇ ਵੱਡੇ ਮੁਨਾਫਿਆਂ ਦੀ ਆਸ ਲਾਈ ਬੈਠੇ ਹਨ। ਆਓ 1936 ਵਾਲੇ ਉਹਨਾਂ ਮਹਾਨ ਯੋਧਿਆਂ ਅੱਗੇ ਸਿਰ ਝੁਕਾਉਂਦਿਆਂ ਮੁੜ ਪ੍ਰਣ ਕਰੀਏ ਕਿ ਅਸੀਂ ਕਿਸਾਨੀ ਤੇ ਪੇਂਡੂ ਮਜ਼ਦੂਰਾਂ, ਮਜ਼ਦੂਰਾਂ ਦੀ ਜ਼ਿੰਦਗੀ ਨੂੰ ਖ਼ੁਸ਼ਹਾਲ ਤੇ ਬਰਾਬਰ ਵੇਖਣ ਲਈ ਮੁੜ ਵਿਗਿਆਨਕ ਸਮਾਜਵਾਦ ਵਾਲਾ ਸੰਘਰਸ਼ ਵਿੱਢਾਂਗੇ ਤਾਂ ਕਿ ਅੱਜ ਦੇ ਅਤਿ-ਅਧੁਨਿਕ ਮਸ਼ੀਨਰੀ ਯੁੱਗ ਵਿੱਚ ਅਸੀਂ ਪੈਦਾਵਾਰ ਵੀ ਰੱਜ ਕੇ ਕਰ ਸਕੀਏ, ਲੋਕਾਂ ਨੂੰ ਵੀ ਰੱਜ ਕੇ ਖਾਣ ਹੰਢਾਉਣ ਨੂੰ ਵੀ ਮਿਲੇ ਤੇ ਸਾਡੇ ਕੋਲ ਮਸ਼ੀਨਰੀ ਨਾਲ ਮਿਲਿਆ ਵਿਹਲਾ ਸਮਾਂ ਸਾਡੇ ਪਰਵਾਰ ਤੇ ਸਾਡੀ ਜ਼ਿੰਦਗੀ ਦੀ ਖ਼ੁਸ਼ਹਾਲੀ ਦੇ ਕੰਮ ਆਵੇ।

ਮੋਬਾ. 81465-55075

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Executive Editor : **Resham Singh** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਕਾਰਜਕਾਰੀ ਸੰਪਾਦਕ : **ਰੇਸ਼ਮ ਸਿੰਘ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

ਸੁਪਨੇ ਅਤੇ ਹਕੀਕਤ ਦਾ ਬਿਰਤਾਂਤ

ਫੋਕਸ

ਚਰਚਾ ਇੱਕ ਪੁਸਤਕ ਦੀ

ਤੇਜਾ ਸਿੰਘ ਤਿਲਕ

ਸੁਪਨਿਆਂ ਦੀ ਤਾਮੀਰ
(ਸਵੈ-ਜੀਵਨੀ ਭਾਗ ਦੂਜਾ)
ਗੁਰਦੇਵ ਪਾਲ
ਸਫ਼ੇ-176, ਕੀਮਤ-395 ਰੁਪਏ
ਲੋਕਗੀਤ ਪ੍ਰਕਾਸ਼ਨ, ਮੁਹਾਲੀ

ਗੁਰਦੇਵ ਪਾਲ ਸਾਹਿਤ ਖੇਤਰ ਵਿੱਚ ਇੱਕ ਨਵ-ਆਮਦ ਹੈ, ਪਰੰਤੂ ਉਹ ਅੰਗਰੇਜ਼ੀ ਦੀ ਲੈਕਚਰਾਰ ਰਹੀ, ਸਾਹਿਤ ਪੜ੍ਹਾਇਆ। ਇਸ ਲਈ ਉਸ ਦੇ ਅੰਦਰਲੇ ਨੂੰ ਸਾਹਿਤ ਦੀ ਪਾਣ ਗਹਿਰੀ ਹੁੰਦੀ ਗਈ। ਇਸ ਨੂੰ ਪ੍ਰਗਟ ਹੋਣ ਦਾ ਵੇਲਾ ਉਸ ਦੇ ਸੇਵਾ-ਮੁਕਤ ਹੋਣ ਤੋਂ ਵੀ ਕੋਈ ਬਾਈ ਵਰ੍ਹੇ ਬਾਅਦ ਮਿਲਿਆ। ਜਦੋਂ ਉਸ ਦੀਆਂ ਅਪ੍ਰੈਲ 1976 ਤੋਂ ਜੁਲਾਈ 1986 ਤੱਕ ਦਸ ਵਰ੍ਹਿਆਂ ਦੀਆਂ ਡਾਇਰੀਆਂ ਨੂੰ ਹਵਾ ਲੱਗੀ, ਕਿਉਂਕਿ ਪਹਿਲਾਂ ਕਮਿਊਨਿਸਟ ਪਾਰਟੀ ਦੇ ਸਰਗਰਮ ਕਾਰਕੁੰਨ ਰਹੇ ਲੇਖਿਕਾ ਦੇ ਜੀਵਨ ਸਾਥੀ ਏ.ਐੱਸ. ਪਾਲ ਪੰਜਾਬ ਬੁੱਕ ਸੈਂਟਰ ਦੇ ਪ੍ਰਬੰਧਕ ਬਣ ਗਏ। ਲੇਖਿਕਾ ਨੂੰ ਪਹਿਲਾਂ ਹੀ ਪੁਸਤਕਾਂ ਪੜ੍ਹਨ ਦਾ ਸ਼ੌਕ ਸੀ ਤੇ ਰੰਗ ਹੋਰ ਗੂੜ੍ਹਾ ਹੋ ਗਿਆ।

ਲੇਖਿਕਾ ਗੁਰਦੇਵ ਪਾਲ ਪ੍ਰਿੰ. ਦੀਆਂ ਡਾਇਰੀਆਂ ਜਿਨ੍ਹਾਂ ਵਿੱਚ ਦਸ ਸਾਲ ਦੇ ਸੰਖੇਪ ਵੇਰਵਿਆਂ ਰਾਹੀਂ ਕਿਸੇ ਵੀ ਇਨਸਾਨ ਦੇ ਜੋ ਜਾਗਦੀ ਜ਼ਮੀਰ ਵਾਲਾ ਹੋਵੇ, ਸਮੁੱਚੇ ਜੀਵਨ ਸੰਘਰਸ਼ ਨੂੰ ਕਲਾਵੇ ਵਿੱਚ ਲੈ ਲਿਆ ਗਿਆ ਹੈ। ਅੰਗਰੇਜ਼ੀ ਦੀ ਲੈਕਚਰਾਰ, ਕਾਲਜਾਂ ਵਿੱਚ ਰੈਗੂਲਰ ਪੜ੍ਹੀ ਗੁਰਦੇਵ ਨੇ ਇੱਕ ਰਾਜਸੀ ਸਰਗਰਮ ਬੇਰੁਜ਼ਗਾਰ ਨੂੰ ਨਿੱਡਰਤਾ ਨਾਲ ਆਪਣਾ ਜੀਵਨ ਸਾਥੀ ਚੁਣਿਆ ਤੇ ਉਸ ਦੀ ਗ਼ੈਰਹਾਜ਼ਰੀ ਵਿੱਚ ਕੁੱਝ ਸੁਹਿਰਦ ਅਤੇ ਜ਼ਿੰਮੇਵਾਰ ਸੱਜਣਾਂ ਦੇ ਉੱਦਮ ਸਦਕਾ ਤਸਵੀਰ ਨਾਲ ਬਿਨਾਂ ਰਿਵਾਜ ਵਿਆਹ ਕਰਵਾ ਲਿਆ। ਨੇੜਲੇ ਲੋਕਾਂ ਨੇ ਮੂੰਹ ਵੀ ਵੱਟੇ, ਇਕੱਲੀ ਨੂੰ ਬੇਪਨਾਹ ਮੁਸ਼ਕਲਾਂ ਵੀ ਸਹਿਣੀਆਂ ਪਈਆਂ, ਪਰ ਉਹ ਅਡੋਲ ਅੱਗੇ ਵਧਦੀ ਗਈ। ਦਸ ਸਾਲਾਂ ਵਿੱਚ ਕੁਝ ਗਿਣਤੀ ਦੇ ਸਮੇਂ ਉਹ ਪਾਲ ਨਾਲ ਮਿਲੀ ਤੇ ਉਸ ਦੇ ਪੁੱਤਰ ਦੇ ਛੇ ਸਾਲ ਦਾ (1986) ਹੋਣ 'ਤੇ ਹੀ ਉਹ ਇਕੱਠੇ ਹੋ ਸਕੇ।

1976 ਤੋਂ 1986 ਤੱਕ ਦੇ ਇਹ ਦਸ ਵਰ੍ਹਿਆਂ ਦੀਆਂ ਡਾਇਰੀਆਂ ਦੇ ਸਫ਼ਿਆਂ 'ਤੇ ਉੱਕਰੇ ਹਰਫ਼ਾਂ ਵਿੱਚ ਪ੍ਰਗਟੇ ਅਹਿਸਾਸ ਤੇ ਜਜ਼ਬਾਤ ਉਸ ਦੀਆਂ ਦੋ ਪੁਸਤਕਾਂ ਦੇ ਰੂਪ ਵਿੱਚ ਸਾਹਮਣੇ ਆਏ। ਪਹਿਲੀ ਪੁਸਤਕ 'ਰੂਹ ਦੀ ਖ਼ੁਰਾਕ ਧੜਕਣ ਦਾ ਰੋਜ਼ਨਾਮਚਾ' ਹੈ ਅਤੇ ਹੱਥਲੀ ਪੁਸਤਕ 'ਸੁਪਨਿਆਂ ਦੀ ਤਾਮੀਰ' ਉਸ ਦਾ ਦੂਜਾ ਹਿੱਸਾ ਹੈ। ਦੋਵੇਂ ਪੁਸਤਕਾਂ ਦੇ 176-176 ਸਫ਼ੇ ਹਨ ਤੇ ਇੱਕ ਸਾਲ ਦੇ ਵਕਫ਼ੇ 2025 ਤੇ 2026 ਵਿੱਚ ਛਪੀਆਂ ਹਨ। ਇਸ ਤੋਂ ਇੱਕ ਪੁਸਤਕ 'ਰੂਹ ਦੀ ਖ਼ੁਰਾਕ ਤੇ ਬੁੱਧੀਜੀਵੀ ਧੜਕਣ' ਇਸ ਉੱਪਰ ਗੁਰਨਾਮ ਕੰਵਰ ਵੱਲੋਂ ਸੰਪਾਦਿਤ ਛਪੀ ਹੈ। ਗੁਰਬਚਨ ਸਿੰਘ ਭੁੱਲਰ ਅਤੇ ਡਾ. ਸਵਰਾਜਬੀਰ ਹੁਰਾਂ ਦੇ ਨਿਬੰਧ ਇਸ ਵਿੱਚ ਸ਼ਾਮਲ ਹਨ।

ਹੱਥਲੀ ਪੁਸਤਕ 'ਸੁਪਨਿਆਂ ਦੀ ਤਾਮੀਰ' ਪਹਿਲੀ ਪੁਸਤਕ ਦਾ ਅਗਲਾ ਹਿੱਸਾ ਹੈ। ਪਹਿਲੀ ਪੁਸਤਕ 'ਰੂਹ ਦੀ ਖ਼ੁਰਾਕ-ਧੜਕਣ ਦਾ ਰੋਜ਼ਨਾਮਚਾ' 11 ਅਪ੍ਰੈਲ 1976 ਤੋਂ 12 ਫਰਵਰੀ 1980 ਤੱਕ ਦੇ ਸਮੇਂ ਦੀ ਡਾਇਰੀ ਹੈ। ਹੱਥਲੀ ਪੁਸਤਕ 'ਸੁਪਨਿਆਂ ਦੀ ਤਾਮੀਰ' ਫਰਵਰੀ 1980 ਤੋਂ ਜੁਲਾਈ 1986 ਤੱਕ ਦੀ ਡਾਇਰੀ ਹੈ। ਇਸ ਵਿੱਚੋਂ 9 ਜੂਨ 1984 ਤੋਂ ਮਾਰਚ 1986 ਤੱਕ ਦੀ ਡਾਇਰੀ ਕਿਧਰੇ ਗੁੰਮ ਹੋ ਗਈ ਜੋ ਲੱਭਣ ਦੇ ਯਤਨਾਂ ਅਧੀਨ ਹੈ। ਇਹ ਪੁਸਤਕ ਪੱਤਰ ਸ਼ੈਲੀ ਵਿੱਚ ਉਸਾਰੀ ਗਈ ਹੈ। ਇਹ ਪੱਤਰ ਵਧੇਰੇ ਕਰਕੇ ਲੇਖਿਕਾ ਦੇ ਆਪਣੇ ਪਿਆਰੇ ਸਾਥੀ ਨੂੰ ਲਿਖੇ ਗਏ ਹਨ। ਜੋ ਤਾਰੀਖਵਾਰ ਵੇਰਵੇ ਹਨ, ਉਹ ਵੀ ਉਸੇ ਦੀ ਯਾਦ ਵਿੱਚ ਉਸੇ ਨੂੰ ਸੰਬੋਧਿਤ ਹਨ। ਉੱਤਰ ਵਿੱਚ ਸਾਥੀ ਦੀਆਂ ਚਿੱਠੀਆਂ ਵੀ ਹਨ। ਮਾਪਿਆਂ ਅਤੇ ਬੱਚੇ ਨੂੰ ਵੀ ਸੰਬੋਧਿਤ ਹਨ। ਇਹ ਸਭ ਉੱਤਮ ਪੁਰਖਵਾਚੀ ਮਨੋ ਬਚਨੀ ਰੂਪ ਵਿੱਚ ਹਨ।

ਪੁਸਤਕ ਵਿੱਚ ਨਾਇਕਾ ਆਪਣੇ ਆਪ ਨੂੰ 'ਤਾਤੂ', ਤੇਰੀ ਮਾਂ, ਮੌਮ' ਕਹਿ ਕੇ ਲਿਖਦੀ ਹੈ। ਉਸ ਦਾ ਨਾਇਕ ਇੱਥੇ 'ਮਿੱਠੂ, ਤੇਰਾ ਆੜੀ, ਲੋਕਾਂ ਦਾ ਸਾਥੀ, ਅੰਮ੍ਰਿਤ' ਹੈ ਅਤੇ ਬੇਟਾ 'ਰਾਹਤ' ਨਾਇਕਾ ਲਈ ਸਮੁੱਚੀ ਕਥਾ ਦਾ ਸੂਤਰਧਾਰ ਹੈ।

ਇਨ੍ਹਾਂ ਸਮਿਆਂ ਵਿੱਚ ਪੰਜਾਬ ਅਤੇ ਦੇਸ਼ ਦੇ ਹਾਲਾਤ ਬੇਹੱਦ ਨਾਜ਼ੁਕ ਰਹੇ ਹਨ। ਲੇਖਿਕਾ ਦੇ ਜੂਨ 1984 ਦੇ ਦਿਨਾਂ ਦੇ ਦੋ-ਤਿੰਨ ਕੁ ਦਿਨਾਂ ਦੀਆਂ ਡਾਇਰੀਆਂ ਵਿੱਚ ਇਸ ਪ੍ਰਤੀ ਆਪਣੀ ਚਿੰਤਾ ਅਤੇ ਦੇਸ਼ ਲਈ ਬੁਰਾ ਤੇ ਘਾਟੇ ਵਾਲਾ ਲਿਖਿਆ ਹੈ। ਪ੍ਰਿੰ. ਗੁਰਦੇਵ ਪਾਲ ਲਿਖਦੇ ਹਨ-5 ਜੂਨ 1984-ਦੁੱਖ ਏ ਕਿ ਭਰਾ, ਭਰਾ ਨੂੰ ਮਾਰ ਰਹੇ ਨੇ, ਲੜ ਰਹੇ ਨੇ। ਏਨੀ ਹੁਸੀਨ ਤੇ ਅਦੁੱਤੀ ਜ਼ਿੰਦਗੀ ਤਬਾਹ ਕਰ ਰਹੇ ਨੇ। ਦਿਲ ਡਰ ਰਿਹਾ ਏ।...ਬਹੁਤ ਮੰਦਭਾਗੀ ਘਟਨਾ ਹੈ, ਦਰਬਾਰ ਸਾਹਿਬ ਵਿੱਚ ਫ਼ੌਜ ਭੇਜਣਾ। ਇਸ ਦੇ ਭਿਆਨਕ ਪ੍ਰਤੀਕਰਮ ਹੋ ਸਕਦੇ ਨੇ।

ਆਮ ਆਦਮੀ, ਇਸ ਮਨੁੱਖੀ ਤਬਾਹੀ ਤੋਂ ਬਹੁਤ ਘਬਰਾਇਆ ਹੋਇਆ ਏ ਤੇ ਦੁਖੀ ਹੈ-ਬਹੁਤ ਡਰ ਲੱਗਦਾ ਏ। 7 ਜੂਨ 1984-ਪੰਜਾਬ ਨੂੰ ਹੀ ਨਹੀਂ, ਇੰਡੀਆ ਨੂੰ ਵੀ ਬਹੁਤ ਨੁਕਸਾਨ ਪਹੁੰਚਿਆ ਏ। ਤੇ ਇਸ ਕਾਰਵਾਈ ਵਿੱਚ ਜਿੱਥੇ ਫ਼ੌਜੀ ਲੋਕ ਬਹੁਤ ਮਾਰੇ ਗਏ, ਉੱਥੇ ਆਮ ਮਨੁੱਖ, ਗੁਨਾਹਗਾਰ ਅਤੇ ਬੇਗੁਨਾਹ ਨੌਜਵਾਨ ਵੀ ਮੌਤ ਦੇ ਮੂੰਹ ਚਲੇ ਗਏ। ਦੋਹਾਂ ਪਾਸਿਆਂ ਤੋਂ ਘਰ ਬਰਬਾਦ ਹੋਏ, ਘਰਾਂ ਦੇ ਘਰ ਉੱਜੜੇ, ਸੰਪਤੀ ਦੀ ਤਬਾਹੀ ਹੋਈ ਤੇ ਸਭ ਤੋਂ ਵੱਡੀ ਗੱਲ, ਦਰਬਾਰ ਸਾਹਿਬ ਦੀ ਬੇਅਦਬੀ-ਇਨ੍ਹਾਂ ਸਭ ਦਾ ਪਛਤਾਵਾ ਸਮਾਜ ਤੇ ਦੇਸ਼ ਨੂੰ ਦੇਰ ਤੱਕ ਰਹੇਗਾ। ਇਸ ਨਾਲ ਹੀ ਬਿਨਾਂ ਕਸੂਰ ਮਾਰੇ ਗਏ ਉਹ ਲੋਕ ਵੀ ਹਨ, ਜਿਨ੍ਹਾਂ ਦਾ ਇਸ ਸਾਰੇ ਨਾਲ ਕੋਈ ਸੰਬੰਧ ਨਹੀਂ। ਮਨ ਬਹੁਤ ਉਦਾਸ ਏ। ਚਾਰੋਂ ਤਰਫ਼ ਤਬਾਹੀ ਹੀ ਤਬਾਹੀ ਏ। ਲਾਸ਼ਾਂ ਨਾਲ ਭਰੀਆਂ ਗੱਡੀਆਂ ਘਰ ਕੋਲੋਂ ਲੰਘ ਰਹੀਆਂ ਨੇ-ਬਹੁਤ-ਬਹੁਤ ਉਦਾਸ ਹਾਂ।(ਸਫ਼ਾ 160-61)

ਲੇਖਿਕਾ ਨੇ ਕਸ਼ਮੀਰ ਦੀਆਂ ਯਾਤਰਾਵਾਂ ਦਾ ਵਰਣਨ ਕਰਦਿਆਂ ਸੁਰਜੀਤ ਸਿੰਘ ਬਰਨਾਲਾ ਦੀ 'ਮਾਈ ਅਦਰ ਟੂ ਡੌਟਰਜ਼' ਦੀ ਯਾਦ ਕਰਾ ਦਿੱਤੀ ਹੈ। ਇੰਜ ਲੱਗਦਾ ਹੈ, ਜਿਵੇਂ ਘਰ ਬੈਠੇ ਕਸ਼ਮੀਰ ਜਾ ਆਏ ਹੋਈਏ। ਇਸ ਪੁਸਤਕ ਦੀ ਡਾਇਰੀ ਦੇ ਪੰਨਿਆਂ ਵਿੱਚ ਇਹ ਉਸ ਦੀ ਦੂਜੀ ਕਸ਼ਮੀਰ ਯਾਤਰਾ ਹੈ। ਸੋਨ ਮਰਗ, ਗੁਲਮਰਗ, ਪਹਿਲਗਾਮ, ਮਟਨ, ਕੁੱਕੜ ਨਾਗ, ਅਨੰਤ ਨਾਗ ਤੇ ਸ੍ਰੀਨਗਰ ਸਮੇਤ ਉੱਥੋਂ ਦੇ ਸਰੂ ਵਰਗੇ ਰੁੱਖ, ਭੇਡਾਂ ਦੇ ਝੁੰਡ, ਕਿਸ਼ਤੀਆਂ-ਸ਼ਿਕਰੇ, ਡੱਲ ਲੇਕ, ਨਿਸ਼ਾਤ ਬਾਗ, ਚਸ਼ਮੇ-ਫੁਹਾਰੇ ਦਿਖਾ ਕੇ ਕਸ਼ਮੀਰ ਦਿਖਾ ਦਿੱਤਾ। ਏਵੇਂ ਹੀ ਕਾਲਜ ਲੜਕੀਆਂ ਦੇ ਦੱਖਣੀ ਭਾਰਤ ਪੰਦਰਾਂ ਦਿਨ ਦੇ ਟਰਿੱਪ ਦੌਰਾਨ ਹੈਦਰਾਬਾਦ, ਮਦਰਾਸ, ਬੰਗਲੌਰ, ਮੈਸੂਰ, ਕੋਇੰਬਟੂਰ, ਉਵੰਦਰਮ, ਮਦੁਰਾਇ ਤੇ ਕੰਨਿਆ ਕੁਮਾਰੀ ਦੇ ਸਾਰੇ ਦੇਖਣਯੋਗ ਸਥਾਨ ਜਿਵੇਂ ਗੋਲਕੰਡਾ ਕਿਲਾ, ਚਾਰ ਮੀਨਾਰ, ਲਾਈਟ ਹਾਊਸ, ਲਾਲ ਬਾਗ, ਮਰੀਨਾ ਬੀਚ ਤੇ ਤਿਰੁਪਤੀ ਮੰਦਰ ਆਦਿ ਜਾਣ ਵਾਲਿਆਂ ਲਈ ਗਾਈਡ ਦਾ ਕਾਰਜ ਵੀ ਕਰ ਦਿੱਤਾ ਹੈ।

ਲੇਖਿਕਾ ਗੁਰਦੇਵ ਪਾਲ ਦੀ ਇਸ ਪੁਸਤਕ ਦੇ ਡਾਇਰੀ ਦੇ ਪੰਨੇ ਦੱਸਦੇ ਹਨ ਕਿ ਉਹ ਬੇਹੱਦ ਸੰਵੇਦਨਸ਼ੀਲ ਨਾਰੀ ਹੈ। ਉਸ ਦੇ ਭਾਵਨਾਤਮਕ ਜਜ਼ਬਾਤ ਹਨ। ਭਾਵੇਂ ਲੇਖਿਕਾ ਦੇ ਸਮਿਆਂ ਵਿੱਚ ਔਰਤ ਦੀ ਉਹ ਦਸ਼ਾ ਤੇ ਦਿਸ਼ਾ ਨਹੀਂ ਰਹੀ, ਜੋ ਅਤੀਤ ਕਾਲ ਸਮੇਂ ਸੀ, ਪਰੰਤੂ ਲੇਖਿਕਾ ਨੂੰ ਇਕੱਲੀ ਔਰਤ ਵਜੋਂ ਰਹਿੰਦਿਆਂ ਅਤੇ ਉਸ ਦੇ ਹੀ ਜਨਮ ਸਮੇਂ ਕੋਈ ਖ਼ੁਸ਼ੀ ਨਾ ਕੀਤੇ ਜਾਣ ਦੀਆਂ ਮਰਦ ਸਮਾਜ ਦੀਆਂ ਵਧੀਕੀਆਂ ਚੁਭਦੀਆਂ ਹਨ। ਇੱਥੋਂ ਤੱਕ ਕਿ ਕਿਰਾਏ 'ਤੇ ਰਹਿਣ ਸਮੇਂ ਇਸਤਰੀ ਮਾਲਕਣ ਨੂੰ ਤੰਗ-ਪ੍ਰੇਸ਼ਾਨ ਕਰਦੀ ਹੈ। ਮਿਸਾਲ ਵਜੋਂ 10 ਜੁਲਾਈ 1981-ਘਰ ਮਾਲਕਣ ਨੇ ਬਹੁਤ ਤੰਗ ਕਰ ਰੱਖਿਆ ਏ। ਘਰ ਖਾਲੀ ਕਰਨ ਨੂੰ ਕਹਿ ਰਹੀ ਏ। ਬੇਟੇ ਜਦੋਂ ਮਰਦ ਘਰ ਨਾ ਹੋਵੇ ਤਾਂ ਸਮਾਜ ਵਿੱਚ ਰਹਿਣਾ ਬਹੁਤ ਹੀ ਮੁਸ਼ਕਿਲ ਏ। ਇਹ ਲੋਕ ਵੀ ਜਾਣਦੇ ਹਨ ਕਿ ਮੈਂ ਇਕੱਲੀ ਹਾਂ, ਇਸ ਲਈ ਤੰਗ ਕਰਦੇ ਹਨ। ਕਦੇ ਬਿਜਲੀ, ਕਦੇ ਪਾਣੀ ਬੰਦ ਕਰ ਦਿੰਦੇ ਹਨ। (ਸਫ਼ਾ 61-62)

ਆਪਣੇ ਜਨਮ ਦਿਨ 15 ਮਾਰਚ ਨੂੰ 1980 ਵਿੱਚ ਚੇਤੇ ਕਰਦਿਆਂ ਉਹ ਬੇਟੇ ਨਾਲ ਸੰਵਾਦ ਰਚਾਉਂਦੀ ਹੈ-ਮੇਰੇ ਬੇਟੇ ਅੱਜ ਮੇਰਾ ਜਨਮ ਦਿਨ ਏ। ਜਿਸ ਨੂੰ ਕਦੇ ਕਿਸੇ ਮਨਾਇਆ ਨਹੀਂ, ਕਿਉਂਕਿ ਮੇਰੇ ਜੰਮਣ ਵੇਲੇ ਘਰ ਵਿੱਚ ਰੋਣ ਪੈ ਗਿਆ ਸੀ ਕਿ ਪੱਥਰ ਆ ਗਿਆ। (ਸਫ਼ਾ 31)

ਏਸੇ ਤਰ੍ਹਾਂ ਅਗਲੇ ਵਰ੍ਹੇ 1982 ਦੇ 15 ਮਾਰਚ ਦੀ ਡਾਇਰੀ-ਜਿਵੇਂ ਕਿ ਮੈਂ ਪਹਿਲਾਂ ਵੀ ਕਹਿ ਚੁੱਕੀ ਹਾਂ ਕਿ ਮੇਰਾ ਜਨਮ ਇੱਕ ਅਣਚਾਹੀ, ਅਣਸੁਖਾਵੀਂ ਘਟਨਾ ਸੀ ਮੇਰੇ ਪਰਵਾਰ ਵਿੱਚ। (ਸਫ਼ਾ 72)

9 ਫਰਵਰੀ 1983-ਜਦੋਂ ਔਰਤ ਦਾ ਮਰਦ ਘਰ ਵਿੱਚ ਨਾ ਹੋਵੇ ਤਾਂ ਦੂਸਰੀਆਂ ਔਰਤਾਂ-ਆਮ ਔਰਤਾਂ ਉਸ ਨੂੰ ਘਟੀਆ ਤੇ ਤਰਸਯੋਗ ਹਾਲਤ ਵਿੱਚ ਮਹਿਸੂਸ ਕਰਦੀਆਂ ਨੇ ਤੇ ਕਿਤੇ ਸੱਟ ਵੀ ਲਾਉਂਦੀਆਂ ਨੇ। (ਸਫ਼ਾ 107)

30 ਮਈ 1986 ਨੂੰ ਲਿਖੀ ਡਾਇਰੀ ਦੇ ਕੁਝ ਅੰਸ਼ ਵੀ ਇਸ ਦੇ ਗਵਾਹ ਹਨ-

ਤੇਰੀ ਮਾਂ-ਦੁਨੀਆ 'ਤੇ ਰਿਸ਼ਤਿਆਂ ਦੀਆਂ ਚੋਭਾਂ ਸਹਿੰਦੀ ਰਹਿੰਦੀ ਏ-ਇਸ ਸਮਾਜਿਕ ਤਾਣੇ ਬਾਣੇ ਵਿੱਚ, ਤੇਰੀ ਮਾਂ ਤੇ ਤੇਰੇ ਬਾਰੇ, ਜੋ ਚੰਗੇ-ਮਾੜੇ ਜ਼ਿਕਰ ਹੁੰਦੇ ਰਹਿੰਦੇ ਨੇ-(ਚਾਹੇ ਤੇਰੀ ਮਾਂ, ਹਰ ਪੱਖੋਂ ਪਾਕੀਜ਼ਗੀ ਨੂੰ ਪ੍ਰਣਾਈ ਹੋਈ ਏ), ਪਰ ਇਸ ਦੋ-ਮੂੰਹੀ ਦੁਨੀਆ ਨੂੰ-ਸੁਆਲ ਕਰਦੀਆਂ, ਲੋਕਾਈ ਦੀਆਂ ਅੱਖਾਂ ਨੂੰ, ਆਪਣੇ ਦੋਹਾਂ ਦੀ ਜ਼ਿੰਦਗੀ ਬਾਰੇ ਆਪੇ ਹੀ ਘੜੀਆਂ ਕਹਾਣੀਆਂ ਨੂੰ, ਤੇਰੇ ਬਾਪ ਦੀ ਵਾਪਸੀ ਆਪੇ ਹੀ ਉਨ੍ਹਾਂ ਦੀ ਗਲਤ ਕਿਆਸੀ ਸੋਚ ਦਾ ਮੂੰਹ ਭੰਨ ਦੇਵੇਗੀ। ਇਸ ਸਮਾਜਿਕ ਤਾਣੇ-ਬਾਣੇ ਵਿੱਚ ਮੇਰੇ ਵਰਗੀਆਂ ਅਜਿਹੀਆਂ ਜ਼ਿੰਦਗੀਆਂ ਚੁਣਦੇ ਹੋਏ ਲੋਕਾਂ ਨੂੰ, ਅਜਿਹੀਆਂ ਮਨਘੜਤ ਗੱਲਾਂ, ਚੋਭਾਂ, ਹੰਢਾਉਣੀਆਂ ਹੀ ਪੈਂਦੀਆਂ ਨੇ। (ਸਫ਼ਾ 169)

ਸਮਕਾਲੀਨ ਸਮਾਜ ਵਿੱਚ ਆਜ਼ਾਦ ਤੇ ਬਰਾਬਰ ਦੀ ਹੋ ਕੇ ਵਿਚਰਨ ਵਾਲੀ ਔਰਤ ਦਾ ਇਹ ਕਰੂਰ ਸੱਚ ਹੈ, ਜੋ ਲੇਖਿਕਾ ਨੇ ਆਪਣੇ ਹੱਡੀਂ ਹੰਢਾਏ ਅਨੁਭਵ ਵਿੱਚੋਂ ਬਿਆਨਿਆ ਹੈ।

ਉਹ ਇੱਕੋ ਸਮੇਂ ਆਪਣੇ ਦੂਰ ਬੈਠੇ ਸਾਥੀ ਨੂੰ ਨਿਹੋਰੇ ਦੇ ਕੇ ਟੁੰਬਦੀ ਵੀ ਹੈ ਤੇ ਪਿਆਰ ਦਾ ਇਜ਼ਹਾਰ ਵੀ ਜਤਲਾਉਂਦੀ ਹੈ। ਉਹ ਖ਼ੁਦਕੁਸ਼ੀ ਕਰਨ ਵਾਲੀ ਮੈਡਮ ਪ੍ਰਤੀ ਗੁਸੈਲ ਭਾਵਨਾ ਪ੍ਰਗਟ ਕਰਦੀ ਇਸ ਨੂੰ ਬੁਜ਼ਦਿਲੀ ਕਹਿੰਦੀ ਹੈ। ਉਹ ਚੇਤੰਨ ਨਾਰੀ ਹੈ। ਸਮਾਨ ਵਿਚਾਰਾਂ ਵਾਲੇ ਮਰਦ ਦੀ ਸਮਾਨ ਆਦਰ ਕਰਨ ਅਤੇ ਸੰਬੰਧ ਤੋੜ ਨਿਭਾਉਣ ਦੀ ਹਾਮੀ ਹੈ। ਦ੍ਰਿੜ੍ਹ ਇਰਾਦੇ ਵਾਲੀ 'ਨਿਸਚੈ ਕਰ ਅਪਨੀ ਜੀਤ ਕਰੋ' ਵਾਲੀ ਹੈ। ਅਜਿਹਾ ਵੀ ਹੈ ਉਹ ਆਪਣੇ ਆਪ ਨੂੰ ਇਨਸਾਨ ਮੰਨ ਕੇ ਕਮਜ਼ੋਰੀਆਂ ਤੇ ਗ਼ਲਤੀਆਂ ਵੀ ਬਿਆਨਦੀ ਹੈ। ਨਾਨਕਸਰ ਵਾਲੇ ਬਾਬੇ ਤੋਂ ਪਾਠ ਕਰਨ ਦੀ ਪ੍ਰੇਰਣਾ ਵੀ ਲੈਣ ਜਾਂਦੀ ਹੈ। ਕਿਸੇ ਜੋਤਸ਼ੀ ਤੋਂ ਭਵਿੱਖ ਵੀ ਜਾਣਨਾ ਤੇ ਉਪਾਅ ਵੀ ਪੁੱਛਦੀ ਹੈ। ਇੱਕੋ-ਇੱਕ ਉਦੇਸ਼ ਆਪਣੇ ਪਿਆਰੇ ਨੂੰ ਮਿਲਣ ਤੇ ਜਲਦੀ ਇਕੱਠੇ ਹੋਣ ਦਾ ਹੈ, ਇਸ ਦਾ ਉਸ ਨੂੰ ਅਡਿੱਗ ਭਰੋਸਾ ਹੈ। ਜਦੋਂ ਉਹ ਦੱਖਣੀ ਭਾਰਤ ਦੇ ਟਰਿੱਪ ਦੌਰਾਨ ਤਿਰੁਪਤੀ ਮੰਦਰ ਦੇਖਣ ਜਾਂਦੀ ਹੈ ਜੋ ਕਿ ਸੰਸਾਰ ਪ੍ਰਸਿੱਧ ਮੰਦਰ ਹੈ। ਰਸਤੇ ਵਿੱਚ ਮਿਲੇ ਲੋਕਾਂ ਦੇ ਸਿਰ ਸਮੇਤ ਔਰਤਾਂ ਸਾਫ ਕਰਕੇ ਟਿੰਡਾਂ ਕੱਢੇ ਹੋਏ ਸਨ, ਕਿਉਂਕਿ ਇਹ ਵਿਸ਼ਵਾਸ ਏ ਕਿ ਖ਼ਾਹਿਸ਼ ਪੂਰੀ ਹੋਣ 'ਤੇ ਲੋਕ ਇੱਥੇ ਆਪਣੇ ਵਾਲ ਕੁਰਬਾਨ ਕਰਨ ਆਉਂਦੇ ਹਨ। ਉੱਥੇ ਸਪੈਸ਼ਲ ਦਰਸ਼ਨ ਕਰਨ ਲਈ 25 ਰੁਪਏ ਹਰ ਇੱਕ ਤੋਂ ਲਏ ਗਏ, ਜਿਸ ਨੂੰ ਮੇਰੇ ਸਮੇਤ ਸਭ ਨੇ ਚੰਗਮ ਨਹੀਂ ਸਮਝਿਆ। ਅੰਦਰ ਸਾਹ ਘੁਟਦਾ ਸੀ, ਜਲਦੀ ਹੀ ਬਾਹਰ ਕੱਢ ਦਿੱਤਾ, ਸਫ਼ਾਈ ਵੀ ਨਹੀਂ ਸੀ। ਪ੍ਰਸ਼ਾਦ ਵੀ ਪੈਸਿਆਂ ਦਾ ਮਿਲਿਆ। ਇਉਂ ਪ੍ਰਭਾਵ ਵਧੀਆ ਨਾ ਲੱਗਿਆ, ਪਰ ਅਚਾਨਕ ਬੇਟਾ 'ਰਾਹਤ' ਬੁਖ਼ਾਰ ਨਾਲ ਬਿਮਾਰ ਹੋ ਗਿਆ। ਮਨ ਡਰ ਗਿਆ ਕਿ ਇਹ ਸਭ ਤਿਰੁਪਤੀ ਮੰਦਰ ਬਾਰੇ ਪ੍ਰਭਾਵ ਕਰਕੇ ਤਾਂ ਨਹੀਂ ਹੋ ਗਿਆ। ਰਾਹਤ ਦੀ ਲੰਬੀ ਉਮਰ ਲਈ ਸਭ ਭੁੱਲਾਂ ਦੀ ਮੁਆਫ਼ੀ ਮੰਗੀ। 14 ਮਾਰਚ 1981 ਦੀ ਡਾਇਰੀ ਦੇ ਪੰਨੇ 'ਤੇ ਉਹ ਲਿਖਦੀ ਹੈ ਆਪਣੇ ਬੱਚੇ 'ਰਾਹਤ' ਨਾਲ ਮਨ ਹੀ ਮਨ ਸੰਵਾਦ ਰਚਾਉਂਦੀ ਕਹਿੰਦੀ ਹੈ-'ਮੇਰੇ ਬੇਟੇ, ਤੇਰੇ ਪਾਪਾ ਬਹੁਤ ਹੀ ਚੰਗੇ ਇਨਸਾਨ ਹਨ, ਉੱਚੀ ਸੋਚ ਤੇ ਕਿਰਦਾਰ ਦੇ ਮਾਲਕ ਹਨ-ਹਰ ਪੱਖੋਂ ਉਨ੍ਹਾਂ ਦੀ ਸ਼ਖ਼ਸੀਅਤ ਪੂਰੀ ਏ, ਬਹੁਤ ਬੁਲੰਦੀ ਏ ਉਨ੍ਹਾਂ ਦੇ ਹਰ ਪਹਿਲੂ ਵਿੱਚ। ਮੇਰੇ ਬੱਚੇ ਜਦੋਂ ਅਜਿਹਾ ਇਨਸਾਨ ਤੁਹਾਨੂੰ ਪਿਆਰ ਕਰੇ ਤਾਂ ਆਪੇ ਦੱਸ ਕਿ ਆਪੇ ਤੇ, ਆਪਣੇ ਆਪ 'ਤੇ ਪਿਆਰ ਕਿਉਂ ਨਾ ਆਏ ?...ਮੈਂ ਤਾਂ ਬਹੁਤ ਕਿਸਮਤ ਵਾਲੀ ਆਂ, ਜਿਸ ਦੇ ਸਾਥੀ ਅਜਿਹੇ ਹੋਣ, ਬੱਚੇ ਮੇਰੇ ਇਹ ਦੂਰੀਆਂ ਇਹ ਮੁਸ਼ਕਲਾਂ ਦੇ ਬੱਦਲ ਛਟ ਜਾਣਗੇ-ਭਵਿੱਖ ਸਾਫ਼-ਸੁਥਰਾ ਆਕਾਸ਼, ਅਸੀਂ ਛੋਹ ਸਕਾਂਗੇ ਤੇ ਜਦੋਂ ਤੇਰਾ ਬਾਪੂ, ਤੂੰ, ਮੈਂ ਇਕੱਠੇ ਇੱਕ ਛੱਤ ਥੱਲੇ ਜਿਉਂਵਾਂਗੇ-ਭਾਵੇਂ ਉਹ ਝੁੱਗੀ ਦੀ ਛੱਤ ਹੀ ਕਿਉਂ ਨਾ ਹੋਵੇ, ਅਸੀਂ ਉਸ ਵਿੱਚ ਵੀ ਜ਼ਿੰਦਗੀਆਂ ਦੀਆਂ ਨਵੀਆਂ ਨੁਹਾਰਾਂ ਭਰ ਦੇਵਾਂਗੇ ਤੇ ਕਈ ਮਹਿਲਾਂ ਵਾਲੇ ਸਾਡੀ ਝੁੱਗੀ ਦੇ ਉਮੜਦੇ ਪਿਆਰ 'ਤੇ ਰਸ਼ਕ ਕਰਿਆ ਕਰਨਗੇ।' ਪਾਠਕ ਅੰਦਾਜ਼ਾ ਲਾ ਸਕਦੇ ਹਨ, ਕਿੰਨੀ ਦਲੇਰੀ ਹੈ ਇਸ ਸੋਚ ਵਿੱਚ, ਅਮੀਰੀ ਦੇ ਮੁਕਾਬਲੇ ਗ਼ਰੀਬੀ ਦੀ ਜ਼ਿੰਦਗੀ ਪਰ ਆਜ਼ਾਦੀ ਦੀ, ਨੂੰ ਕਿੰਨਾ ਮਾਣ ਮਹੱਤਵ ਦਿੱਤਾ ਗਿਆ ਹੈ ? ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਿਆਰਾ ਸ਼ਬਦ ਚੇਤੇ ਆ ਰਿਹਾ ਹੈ-ਯਾਰੜੇ ਦਾ ਸਾਨੂੰ ਸੱਥਰ ਚੰਗਾ, ਭੱਠ ਖੇੜਿਆਂ ਦਾ ਰਹਿਣਾ। ਨਾਲ ਹੀ ਦ੍ਰਿੜ੍ਹ ਨਿਸਚੇ ਦਾ ਸਮੁੰਦਰ ਠਾਠਾਂ ਮਾਰਦਾ ਦਿਖਾਈ ਦੇ ਰਿਹਾ ਹੈ। ਇਹ ਬੁਲੰਦ ਹੌਸਲਿਆਂ ਦੀ ਅਵਸਥਾ ਦੇ ਝਲਕਾਰੇ ਹਨ।

ਇਹ ਹੱਡੀਂ ਹੰਢਾਏ ਪਲਾਂ ਦੀ ਦਾਸਤਾਨ ਹੈ। ਬੜੇ ਹੀ ਪਿਆਰੇ ਮਾਰਮਿਕ ਅੰਦਾਜ਼ ਵਿੱਚ ਬੱਚੇ ਦੇ ਢਿੱਡ ਪੈਣ ਤੋਂ ਜਨਮ ਲੈਣ ਅਤੇ ਪਾਲਣ-ਪੋਸ਼ਣ, ਬੋਲਣ ਲੱਗਣ, ਸ਼ਬਦ ਕਹਿਣ ਤੇ ਵਾਕ ਬਣਾਉਣ ਦੀ ਦਿਲਚਸਪ ਯਾਤਰਾ ਹੈ। ਫੇਰ ਉਸ ਦੁਆਰਾ ਜਗਿਆਸੂ ਪ੍ਰਵਿਰਤੀ ਵੱਸ ਪ੍ਰਸ਼ਨ ਪੁੱਛਣ 'ਤੇ ਮਾਂ ਵੱਲੋਂ ਜੁਆਬ ਦੇਣ ਦੀ ਚਰਿਤ੍ਰ-ਉਸਾਰੀ ਹੈ। ਇਹ ਗੁਰਦੇਵ ਪਾਲ ਦੀ ਹੀ ਨਹੀਂ, ਕਿਸੇ ਵੀ ਮਾਂ ਅਤੇ ਬੱਚੇ ਦੀ ਮਨੋਵਿਗਿਆਨਕ ਕਥਾ ਹੈ, ਜੋ ਭਾਵ-ਪੂਰਤ ਤੇ ਜਾਣਕਾਰੀ ਭਰਪੂਰ ਹੈ। ਪੁਸਤਕ ਦਾ ਇਹ ਇੱਕ ਵੱਡਾ ਹਾਸਲ ਹੈ। ਬੱਚੇ ਨੂੰ ਜਨਮ ਦੇਣ ਨਾਲ ਔਰਤ ਮਾਂ ਬਣਦੀ ਹੈ। ਜਨਮ ਤੋਂ ਪਾਲਣ-ਪੋਸ਼ਣ ਦੌਰਾਨ ਅਨੇਕਾਂ ਸਮੱਸਿਆਵਾਂ ਆਉਂਦੀਆਂ ਹਨ, ਜਿਨ੍ਹਾਂ ਨੂੰ ਮਾਂ ਬੱਚੇ ਦੇ ਹੌਸਲੇ ਨਾਲ ਖ਼ੁਸ਼ੀ-ਖ਼ੁਸ਼ੀ ਸਹਿਣ ਕਰਦੀ ਹੈ। ਹੱਥਲੀ ਪੁਸਤਕ ਦੀ ਡਾਇਰੀ ਦੇ ਪੰਨੇ ਸ਼ੁਰੂ ਤੋਂ ਅੰਤ ਇਸ ਦਾ ਬਾਰੀਕੀ ਨਾਲ ਸੂਖਮ ਬਿਆਨ ਹੈ। ਬੱਚੇ ਦੇ ਵੱਡੇ ਹੋਣ ਤੱਕ ਦੀ ਰੌਚਿਕ ਕਥਾ ਦਾ ਵਰਨਣ ਨਿੱਕੀਆਂ-ਨਿੱਕੀਆਂ ਘਟਨਾਵਾਂ ਦੇ ਵੇਰਵਿਆਂ ਨਾਲ ਕੀਤਾ ਗਿਆ ਹੈ। ਬੱਚੇ 'ਰਾਹਤ' ਦਾ ਜਨਮ ਵੱਡੇ ਅਪਰੇਸ਼ਨ ਨਾਲ 12 ਫਰਵਰੀ 1980 ਨੂੰ ਹੁੰਦਾ ਹੈ। ਉਹ ਕਿਵੇਂ ਤੇ ਕਦੋਂ ਵੱਡਾ ਹੁੰਦਾ ਹੈ, ਸਿਰਫ਼ ਪਹਿਲੇ ਛੇ ਸਾਲਾਂ ਦੇ ਜ਼ਿਕਰ ਇਸ ਪੁਸਤਕ ਵਿੱਚ

ਬਾਕੀ ਸਫ਼ਾ 4 'ਤੇ

ਜੰਗ, ਔਰਤਾਂ, ਸੁੰਨਸਾਨ ਸਟੇਸ਼ਨ 'ਤੇ ਉਡੀਕਾਂ

ਸਾਹਿਤ ਚਿੰਤਨ

ਡਾ. ਚੰਦਰ ਪ੍ਰਕਾਸ਼

ਉਡੀਕਾਂ
ਕੇਵਲ ਧਾਲੀਵਾਲ
ਸਫ਼ੇ 78, ਕੀਮਤ 225 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

ਕੇਵਲ ਧਾਲੀਵਾਲ ਵੱਲੋਂ ਲਿਖੇ ਕਾਵਿ ਨਾਟਕ 'ਉਡੀਕਾਂ' ਦਾ ਸੰਬੰਧ 'ਯੁੱਧ ਵਿਰੁੱਧ' ਹੈ।ਔਰਤਾਂ ਦੀ ਵੇਦਨਾ ਦੇ ਹਵਾਲੇ ਨਾਲ।

ਜੰਗ ਵਿਰੁੱਧ ਬੁੱਧੀਜੀਵੀ, ਲੇਖਕ, ਕਲਾਵਾਨ, ਕਾਰਕੁਨ ਸਰਗਰਮ ਭੂਮਿਕਾ ਨਿਭਾਉਂਦੇ ਰਹੇ ਹਨ।ਇਪਟਾ ਅਤੇ ਅਮਨ ਲਹਿਰ ਨੇ ਵੀ ਇਸ ਵਿੱਚ ਚੋਖਾ ਯੋਗਦਾਨ ਪਾਇਆ ਹੈ। ਇਨ੍ਹਾਂ ਵੇਲਿਆਂ ਵਿੱਚ ਸਾਹਿਤਕ, ਸਮਾਜਕ ਸੰਗਠਨਾਂ ਨੇ 'ਜੰਗ ਬਨਾਮ ਅਮਨ' ਬਾਰੇ ਗੱਲ ਤੋਰਨ ਦੇ ਯਤਨ ਕੀਤੇ ਹਨ, ਪਰ ਸਰਕਾਰੀ ਸਰਪ੍ਰਸਤੀ ਵੱਲੋਂ ਸੰਚਾਲਤ ਮੀਡੀਆ 'ਤੇ ਇਹੋ ਜਿਹੀਆਂ ਖ਼ਬਰਾਂ ਨੂੰ 'ਵਾਂਝੇ' ਰੱਖਿਆ ਜਾਂਦਾ ਹੈ। ਦੂਜੇ ਬੰਨੇ ਠੋਸ ਲਿਖ਼ਤਾਂ, ਕਲਾਵਾਂ ਆਪਣੀ ਜ਼ਿੰਮੇਵਾਰੀ ਨੂੰ ਸਦਾ ਚੇਤੇ ਰੱਖਦੀਆਂ ਹਨ। ਚਰਚਾ ਅਧੀਨ ਕਾਵਿ-ਨਾਟ ਦੇ ਮੁੱਖ ਸਰੋਕਾਰ ਇਸ ਪ੍ਰਕਾਰ ਹਨ:-

ੳ. ਜੰਗ ਅਤੇ ਔਰਤਾਂ: ਕਾਵਿ-ਪ੍ਰਸੰਗ

ਜੰਗ, ਤਾਂ ਜੰਗ ਹੀ ਹੈ।ਚਾਹੇ; ਉਹ ਕਿਸੇ ਸਮੇਂ ਸਥਾਨ ਵਿੱਚ ਵਾਪਰੇ। ਜੰਗ ਕਾਰਨ ਸਿਆਸੀ, ਸਮਾਜਕ, ਸੱਭਿਆਚਾਰਕ, ਆਰਥਿਕ ਸਮੀਕਰਣ ਬਦਲਦੇ ਹਨ।ਇਜ਼ਰਾਇਲ, ਅਮਰੀਕਾ, ਇਰਾਨ ਦੇ ਤਾਜ਼ੇ ਜੰਗੀ ਹਾਲਾਤ ਕਰਕੇ ਹੋਰਨਾਂ ਮੁਲਕਾਂ ਵਿੱਚ ਵੀ ਮੰਦਹਾਲੀ, ਮਹਿੰਗਾਈ ਦਾ ਮਾਹੌਲ ਬਣਿਆ। ਸਕੂਲੀ ਬੱਚੀਆਂ ਸਮੇਤ ਬੇਕਸੂਰ ਜੰਗ ਦੀ ਮਾਰ ਹੇਠ ਵੱਖਰੇ ਆਏ। 'ਇਹ ਬਦੋਬਦੀ ਦੀ ਆਪੇ ਸਹੇੜੀ ਜੰਗ ਤਕਰੀਬਨ ਹਰ ਰੋਜ਼ ਦਾ ਲਗਭਗ ਇੱਕ ਅਰਬ ਡਾਲਰ ਡਕਾਰ ਰਹੀ ਹੈ।' (ਰਾਗ, 22 ਸਫ਼ਾ/06) ਸਰਮਾਏਦਾਰ ਮੁਲਕ, ਮਾਲਕ ਦੀ ਧੌਂਸਬਾਜ਼ੀ ਅਪਰਾਧ-ਅਧਿਕਾਰ ਸਮਝਦੀ ਹੈ ਅਤੇ ਇਸ ਦੀ ਨਿੰਦਾ, ਨਿਖੇਧੀ ਦੇ ਪ੍ਰਸਤਾਵ ਨੂੰ ਠੁਕਰਾਉਣਾ ਹੱਕ।ਇਤਿਹਾਸ ਹਾਮੀ ਭਰਦਾ ਹੈ ਕਿ ਜਬਰੀ ਥੋਪੀ ਜੰਗ ਵਿੱਚ ਅਣਕਿਆਸਿਆ ਵੀ ਵਾਪਰਦਾ ਹੈ।ਉਨੀਵੀਂ ਸਦੀ ਦੇ ਅੰਤਲੇ ਪੜਾਅ 'ਤੇ ਪੰਜਾਬ ਦੇ ਜੰਮੇ-ਜਾਇਆਂ ਨੂੰ ਚੀਨ, ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਦੀਆਂ ਜੰਗਾਂ ਵਿੱਚ ਭੇਜਿਆ ਗਿਆ।ਜ਼ਬਰਦਸਤੀ ਭਰਤੀ ਕਰਕੇ।ਅਣਸੁਖਾਵੀਂ ਸਥਿਤੀ ਵਿੱਚੋਂ ਪੁੱਤ,ਪਤੀ, ਵੀਰ ਨਾਲ ਜੁੜੇ ਨਿੱਘ ਰਿਸ਼ਤੇ ਨੂੰ ਗਹਿਰੀ ਠੇਸ ਪਹੁੰਚੀ।ਦੁੱਖ, ਉਦਾਸੀ, ਡਰ, ਸਹਿਮ ਹੰਢਾਉਂਦੀ ਔਰਤ ਦੇ ਤਨ-ਮਨ 'ਉਡੀਕਾਂ' ਬਣੇ।ਇਹ ਕਾਵਿ-ਨਾਟਕ ਜੰਗ-ਪੀੜਾਂ ਨੂੰ ਸਹਿੰਦੀਆਂ ਔਰਤਾਂ ਦੇ ਜਿਸਮ-ਸਾਹ ਦੀ ਉਡੀਕ ਕਹਾਣੀ 'ਤੇ ਕੇਂਦਰਤ ਹੈ।

ਕਾਵਿ-ਨਾਟਕ ਦਾ ਧਰਾਤਲੀ ਪ੍ਰਸੰਗ ਭਾਵੇਂ ਪੰਜਾਬ, ਸਥਾਨਕਤਾ ਨਾਲ ਜੁੜਿਆ ਹੈ, ਪਰ ਔਰਤ ਵੇਦਨਾ ਦਾ ਸਰੂਪ ਵਿਸ਼ਵ-ਵਿਆਪੀ ਹੋ ਨਿਬੜਦਾ ਹੈ।ਨਾਟਕਕਾਰ ਨੇ ਲੋਕ-ਕਾਵਿ ਨੂੰ ਲੋੜ ਅਨੁਸਾਰ ਚੁਣ, ਰੁਪਾਂਤਰਣ ਕਰਕੇ ਇਸ 'ਬੇਵਸੀ' ਦਾ ਅਰਥ-ਵਿਸਥਾਰ ਕੀਤਾ ਹੈ।ਲੋਕ-ਕਾਵਿ ਜਿੱਥੇ ਭਾਵਾਂ, ਉਮੰਗਾਂ, ਸੱਧਰਾਂ ਦਾ ਵਹਾਅ ਬਣਦਾ ਹੈ,ਉੱਥੇ 'ਇਤਿਹਾਸਕ ਪਰਿਪੇਖ' ਵੀ ਸਿਰਜਦਾ ਹੈ। ਇਉਂ ਭੂਤਕਾਲ, ਵਰਤਮਾਨ ਦਾ ਨਾਤਾ ਬਣਦਾ ਹੈ।ਨਾਟਕ ਦੇ ਆਰੰਭਲੇ ਕਾਵਿ-ਸੰਵਾਦ 'ਨਿੱਘ-ਭਾਵਨਾ ਅਤੇ 'ਇਤਿਹਾਸ' ਦੋਵਾਂ ਦੀ ਪੁਸ਼ਟੀ ਕਰਦੇ ਹਨ :ਮਾਵਾਂ ਦੇ ਸਭ ਬੱਚੜੇ ਸ਼ਾਲਾ ਪਰਦੇਸ/ ਮੌਲਾ ਲਾਮ ਤੋਰੇ ਨੇ, ਅਸੀਂ ਜੀਵੀਏ ਵੇ ਕਿਸ ਵੇਸ/ ਮੁਰਸ਼ਦ ਵੇ, ਫੌਜਾਂ ਦੀ ਸੁਲਾਹ ਕਰਾ/ ਫ਼ੌਜਾਂ ਹੁਸੜ ਗਈਆਂ, ਜਹਾਜ਼ ਕਿਨਾਰੇ ਲਾ।ਛੱਜ ਵਿਚ ਬਾਜਰੇ ਦੇ ਦਾਣੇ/ ਵੀਰ ਮੇਰਾ ਜਵਾਨੀ ਮਾਣੇ/ ਮੁਰਸ਼ਦ ਵੇ, ਫੌਜਾਂ ਦੀ ਸੁਲਾਹ ਕਰਾ..।(ਸਫ਼ਾ/19) ਔਰਤ ਜੰਗ 'ਚੋਣ' ਦੀ ਥਾਂ 'ਸੁਲਾਹ' ਨੂੰ ਤਰਜੀਹ ਦਿੰਦੀ ਹੈ। ਇਉਂ ਕੋਰਸ ਗੀਤ 'ਮੇਰਾ ਲਿਖ ਰੰਡੀਆਂ ਵਿੱਚ ਨਾਵਾਂ, ਬਸਰੇ ਨੂੰ ਜਾਣ ਵਾਲਿਆ' ਦੇ ਨਾਲ-ਨਾਲ ਫ਼ੌਜੀ ਅਤੇ ਉਸ ਦੀ ਪਤਨੀ ਦੇ ਕਾਵਿ-ਬੋਲ 'ਉਦਾਸ ਭਾਵਾਂ' ਦੀ ਪੇਸ਼ਕਾਰੀ ਕਰਦੇ ਹਨ:-

ਫੌਜਣ : ਕਟੋਰਾ ਕਾਂਸੀ ਦਾ/ ਤੇਰੀ ਵੇ ਜੁਦਾਈ ਏਦਾਂ/ ਜਿੱਦਾਂ ਝੂਟਾ ਫਾਂਸੀ ਦਾ

ਫੌਜੀ : ਮੈਂ ਲਿਖਾਂਗਾ ਤੈਨੂੰ ਚਿੱਠੀਆਂ/ ਬੱਸ ਮਿੱਠੀਆਂ/ ਮਿੱਠੀਆਂ, ਮਿੱਠੀਆਂ / ਤੂੰ ਜਾਣ ਦੇ ਮੈਨੂੰ

ਫੌਜਣ : ਮੈਂ ਹਿੱਕ ਨਾਲ ਤਾਂ ਲਾ ਲਾਂਗੀ/ ਚਿੱਠੀਆਂ/ ਤੇਰੀਆਂ ਮਿੱਠੀਆਂ/ ਤੂੰ ਦੱਸ ਤੇ ਜਾ ਮੁਕਾਮ/ ਚਿੱਠੀਆਂ ਦੇਣਾ ਨਹੀਂ ਆਰਾਮ (ਸਫ਼ਾ/44)

ਬਸਰੇ ਦੀ ਲਾਮ ਨੂੰ ਇਤਿਹਾਸ ਨਾਲ ਜੋੜਦਿਆਂ ਸਵਰਾਜਬੀਰ ਨੇ ਲਿਖਿਆ ਹੈ :'ਬਸਰਾ ਇਰਾਕ ਦਾ ਵੱਡਾ ਸ਼ਹਿਰ ਹੈ, ਛਾਉਣੀ, ਬੰਦਰਗਾਹ, ਵਪਾਰਕ ਕੇਂਦਰ।ਪਹਿਲੀ ਆਲਮੀ ਜੰਗ ਸਮੇਂ ਮੈਸੋਪੋਟੇਮੀਆ (ਲਗਭਗ ਆਧੁਨਿਕ ਇਰਾਕ) ਓਟੋਮਨ ਬਾਦਸ਼ਾਹਤ ਦਾ ਹਿੱਸਾ ਸੀ। ਇਸ ਜੰਗ ਦੌਰਾਨ ਅੰਗਰੇਜ਼ਾਂ ਦੀ ਸਾਮਰਾਜੀ ਫ਼ੌਜ ਨੇ ਇਸ 'ਤੇ ਹਮਲਾ ਕੀਤਾ। ਹਮਲਾ ਕਰਨ ਵਾਲੀ ਫ਼ੌਜ ਵਿਚ ਬਹੁਗਿਣਤੀ ਹਿੰਦੋਸਤਾਨ 'ਚੋਂ ਤੇ ਹਿੰਦੋਸਤਾਨ ਵਿੱਚੋਂ ਪੰਜਾਬ 'ਚੋਂ ਭਰਤੀ ਕੀਤੇ ਸੈਨਿਕਾਂ ਦੀ ਸੀ। ਬਸਰੇ ਵਿਚ 5000 ਸੈਨਿਕ, ਜਿਨ੍ਹਾਂ ਦੇ ਨਾਮ-ਪਤੇ ਪਤਾ ਸਨ, ਦਫ਼ਨਾਏ ਗਏ ਤੇ ਲਗਭਗ 40,000 ਗੁੰਮਨਾਮ ਸੈਨਿਕ। ਹਮਲਾ ਕਰਨ ਵਾਲੀ ਫ਼ੌਜ ਦਾ ਨਾਂਅ ਇੰਡੀਅਨ ਐਕਸਪੀਡੀਸ਼ਨਰੀ ਫੋਰਸ 'ਡੀ' (Indian Expeditionery Force '4') ਸੀ।ਬਸਰਾ ਜਲਦੀ ਫ਼ਤਿਹ ਹੋ ਗਿਆ, ਪਰ ਪੂਰੇ ਮੈਸੋਪੋਟੇਮੀਆ 'ਤੇ ਕਬਜ਼ਾ ਕਰਨ ਦੀ ਜੰਗ ਚਾਰ ਸਾਲ ਚੱਲਦੀ ਰਹੀ ਤੇ ਉਸ ਦੌਰਾਨ ਔਰਤਾਂ ਕੀ ਸਹਿ ਰਹੀਆਂ ਸਨ : ਮੌਤ, ਵਿਛੋੜਾ, ਦੂਰੀਆਂ, ਕੋਈ ਸੁੱਖ-ਸੁਨੇਹਾ ਨਹੀਂ, ਕੋਈ ਅਤਾ-ਪਤਾ ਨਹੀਂ ਕਿ ਕੋਈ ਜੀਉਂਦਾ ਹੈ ਜਾਂ ਮਰ ਗਿਆ। ਮੈਸੋਪੋਟੇਮੀਆ 'ਤੇ ਕਬਜ਼ਾ ਕਰਨ ਲਈ ਕਈ ਲੜਾਈਆਂ ਹੋਈਆਂ, ਪਰ ਪੰਜਾਬੀ ਲੋਕ-ਮਨ ਵਿਚ ਇਨ੍ਹਾਂ ਲੜਾਈਆਂ ਦੀ ਲੜੀ ਬਸਰੇ ਦੀ ਜੰਗ ਵਜੋਂ ਅੰਕਿਤ ਹੈ।' ਨਾਟਕ ਵਿਚ ਦਰਜ ਇਕ ਹੋਰ ਲੋਕ ਗੀਤ 'ਕਾਹਨੂੰ ਤੇ ਪੁਆਈਆਂ ਵੇ ਕੋਠੜੀਆਂ / ਕਾਹਨੂੰ ਰੱਖਿਆ ਈ ਵਿਹੜਾ / ਤੂੰ ਦੂਰ ਚੱਲਿਆ ਨੌਕਰੀ / ਵੇ ਪਿੱਛੇ ਵਸੇਗਾ ਕਿਹੜਾ' ਪਹਿਲੀ ਆਲਮੀ ਜੰਗ ਦੇ ਵੇਲੇ ਦਾ ਹੀ ਮੰਨਿਆ ਜਾਂਦਾ ਹੈ।(ਸਫ਼ਾ/13) ਇਸ ਕੜੀ ਅਧੀਨ ਹੀ ਉਘੇ ਕਮਿਊਨਿਸਟ ਆਗੂ ਮਖ਼ਦੂਮ ਮੋਹਿਉਦੀਨ ਦੇ ਗੀਤ 'ਜਾਣ ਵਾਲੇ ਸਿਪਾਹੀ ਸੇ ਪੂਛੋ, ਵੋਹ ਕਹਾਂ ਜਾ ਰਹਾ ਹੈ' ਦਾ ਪੰਜਾਬੀ ਰੁਪਾਂਤਰ 'ਬਲਦੀਆਂ ਲਾਸ਼ਾਂ ਦੀ ਬੋਅ ਆ ਰਹੀ ਹੈ/ ਜ਼ਿੰਦਗੀ ਹੈ ਕਿ ਚਿਲਾ ਰਹੀ ਹੈ/ ਜਾਣ ਵਾਲੇ ਸਿਪਾਹੀ ਨੂੰ ਪੁੱਛੋ/ ਉਹ ਕਿਧਰ ਜਾ ਰਿਹਾ ਹੈ/ ਕਿੱਦਾਂ ਸਹਿਮੇ ਹੋਏ ਨੇ ਨਜ਼ਾਰੇ/ ਕਿੱਦਾਂ ਡਰ-ਡਰ ਕੇ ਤੁਰਦੇ ਨੇ ਤਾਰੇ /ਕੀ ਜਵਾਨੀ ਦਾ ਖ਼ੂਨ ਹੋ ਰਿਹਾ ਹੈ /ਦੁੱਪਟਿਆਂ ਦੇ ਸੁਰਖ ਨੇ ਕਿਨਾਰੇ' (ਸਫ਼ਾ/39) ਦੂਜੀ ਆਲਮੀ ਜੰਗ ਨਾਲ ਸੰਬੰਧਤ ਹੈ।

ਪਹਿਲੀ ਆਲਮੀ ਜੰਗ ਦਾ ਸਮਾਂ 1914-1918 ਹੈ। ਦੂਜੀ 1939-1945। ਇਸ ਬਾਅਦ 1947 ਵਾਲੀ ਪੰਜਾਬ ਵੰਡ ਵੀ ਨਾਟ 'ਚ ਸ਼ਾਮਲ ਹੁੰਦੀ ਹੈ। ਇਹ ਜੰਗ ਤੋਂ ਵੀ ਭਿਆਨਕ ਵੇਲਾ ਹੈ। ਕਤਲੋਗਾਰਤ, ਉਜਾੜਾ, ਉਧਾਲੇ, ਵਿਛੋੜੇ, ਧਰਤੀ, ਧਰਮ ਆਦਿ 'ਅਣਮਨੁੱਖਤਾ' ਵਿੱਚ ਤਬਦੀਲ ਹੁੰਦੇ ਹਨ। ਪੰਜ ਪਾਣੀਆਂ ਦੀ 'ਪਵਿੱਤਰਤਾ' ਖ਼ਤਮ ਹੁੰਦੀ ਹੈ: 'ਇਧਰ ਵੀ ਤੇ ਓਧਰ ਵੀ/ ਭਰ ਦਿੱਤੇ ਲੋਕਾਂ ਖੂਹ/ ਜੀਂਦੀਆਂ ਲਾਸ਼ਾਂ ਨਾਲ।'

ਧਰਮ ਸਮਾਜ ਦੀ ਹੀ ਪੈਦਾਵਾਰ ਹੈ ਅਤੇ ਇਹ ਬੰਦੇ ਨੂੰ ਧਰਤੀ ਨਾਲੋਂ ਪਾੜਦਾ ਹੈ।ਇਸ ਸਮਾਜਕ, ਸੱਭਿਆਚਾਰਕ ਦਵੰਦ ਵਿੱਚ ਔਰਤਾਂ ਪਲ-ਪਲ ਮਰ ਕੇ ਵੀ ਜੀਣ ਲਈ ਹੀਲਾ ਕਰਦੀਆਂ ਹੋਈਆਂ ਜੰਗ ਖ਼ਿਲਾਫ਼ ਹਾਕਮ ਨੂੰ ਸਵਾਲ ਕਰਦੀਆਂ ਹਨ:-'ਪੁੱਤ ਦੀ ਲੋਥ/ ਮੈਂ ਜਦ ਤੱਕੀ/ ਟੁਕੜੇ-ਟੁਕੜੇ/ ਪੁੱਛਿਆ ਸਵਾਲ ਮੈਂ/ ਹਾਕਮ ਨੂੰ/ ਪੁੱਤ ਮੇਰੇ ਨੂੰ ਜਦ ਤੂੰ/ ਭਰਤੀ ਕੀਤਾ ਸੀ/ ਤੈਨੂੰ ਸੌਂਪਿਆ ਸੀ ਮੈਂ/ ਛੇ ਫੁੱਟ ਗੱਭਰੂ/ ਚੌੜੀ ਛਾਤੀ/ ਦਗਦਾ ਮਘਦਾ/ ਸੋਹਣਾ ਚਿਹਰਾ-ਮਾਵਾਂ ਪੁੱਤਾਂ ਨੂੰ ਪਾਲਦੀਆਂ ਨਾ ਟੁਕੜਿਆਂ ਵਿੱਚ।' (ਸਫ਼ਾ/58) ਸੱਤਾ ਜਵਾਨਾਂ, ਸਮਾਜ ਨੂੰ 'ਟੋਟਿਆਂ' ਵਿੱਚ ਵੰਡ ਕੇ ਸ਼ੋਸ਼ਣ ਕਰਦੀ ਹੈ। ਹਾਕਮ ਦੀ 'ਚੁੱਪ' ਵੀ 'ਸਾਜ਼ਿਸ਼' ਦਾ ਪ੍ਰਮਾਣ ਹੈ। ਉਸ ਨੂੰ ਸਵਾਲ ਕਰਨਾ 'ਦੇਸ਼ਧ੍ਰੋਹੀ' ਅਖਵਾਉਣਾ ਹੈ।

ਕਾਵਿ-ਨਾਟ ਦੀ ਕਥਾ ਤੁਰਦੀ ਜਾਂਦੀ ਹੈ; ਸਮਾਂ ਜੰਗ ਨਾਲ਼ ਮੇਚ ਖਾ ਕੇ ਵੀ ਪਾਰ ਚਲਾ ਜਾਂਦਾ ਹੈ ਅਤੇ ਦੰਗੇ, ਨਸਲਕੁਸ਼ੀ ਨਾਲ਼ ਜਾ ਜੁੜਦਾ ਹੈ:- ਮੁਲਕ ਦੇ ਅੰਦਰ/ ਮੁਲਕ ਦੇ ਬਾਹਰ/ ਭਾਂਬੜ-ਭਾਂਬੜ-ਭਾਂਬੜ/ ਦੰਗੇ ਹੋਵਣ/ ਨਸਲਕੁਸ਼ੀ/ਬਲਦੇ ਟੈਰ/ ਹਰ ਪਾਸੇ ਨੇ/ ਭਾਂਬੜ-ਭਾਂਬੜ-ਭਾਂਬੜ। (ਸਫ਼ਾ/59) ਦੰਗੇ ਵੀ ਜੰਗ ਅੰਗ ਹੀ ਹਨ।

ਸਰਹੱਦੀ ਮੁਲਕਾਂ ਨਾਲ ਬਣਦੇ ਤਣਾਅ-ਸਹਿਜ ਨੂੰ ਸੱਤਾ ਆਪਣੇ ਅਨੁਸਾਰ ਮੋੜ ਦਿੰਦੀ ਹੈ। ਬਿਰਤਾਂਤ ਘੜਦੀ ਹੈ।ਨਾਟ-ਸਿਖਰ 'ਤੇ ਬੀਤੇ ਵੇਲੇ ਵਾਪਰੀ ਘਟਨਾ ਨੂੰ ਸ਼ਾਮਲ ਕਰਦੇ ਹੋਏ ਕਥਾ-ਪ੍ਰਸੰਗ ਦਾ ਖੇਤਰ ਹੋਰ ਵਸੀਹ ਕਰ ਦਿੱਤਾ ਜਾਂਦਾ ਹੈ। ਔਰਤ ਦੇ ਦਰਦ ਦਾ ਇਸ਼ਾਰਾ ਵੇਖੋ: 'ਮਨਭਾਉਂਦੇ ਜਿੱਤ ਦੇ ਜਸ਼ਨ/ ਕੁਝ ਪਰਤ ਆਏ/ ਤੇ ਕੁਝ/ ਟੁਕੜੇ-ਟੁਕੜੇ ਹੋ ਕੇ/ ਬੰਦ ਤਾਬੂਤਾਂ/ਵਿੱਚ ਲਿਆ ਧਰੇ/ ਸਾਡੇ ਸਾਹਮਣੇ।' (ਸਫ਼ਾ/58)

ਨਾਟਕਕਾਰ ਨੇ ਕਾਵਿ-ਟੁਕੜੀਆਂ ਆਸਰੇ 'ਔਰਤ ਦੁਖਾਂਤ' ਨੂੰ ਪੇਸ਼ ਕਰਦਿਆਂ ਮਾਂ-ਪੁੱਤ ਦੇ ਖ਼ਤ-ਫੋਨ ਸੰਵਾਦ ਵੀ ਦਰਜ ਕੀਤੇ ਹਨ। ਇਨ੍ਹਾਂ 'ਚ ਜੰਗ ਦੇ ਤਰਕ-ਵਿਤਰਕ ਹਨ; ਦੇਸ਼ ਮੁਹੱਬਤ-ਨਫ਼ਰਤ ਬਾਰੇ ਵਿਚਾਰ ਵਟਾਂਦਰਾ ਹੈ. ਸਾਰ ਤੱਤ ਨਿਕਲਦਾ ਹੈ ਕਿ ਜੰਗ ਵਿੱਚ ਕੁਰਬਾਨ ਹੋਣ ਵਾਲੇ 'ਕਿਰਤੀਆਂ ਦੇ ਹੀ ਪੁੱਤ' ਹਨ। ਸੋ 'ਸੋਗ ਨਾ ਮਨਾਇਓ ਮੇਰਾ/ ਖ਼ਤ ਪੜ੍ਹ ਕੇ/ ਮੈਂ ਪੁੱਤ ਕਿਰਤੀਆਂ ਦਾ/ ਮਾਤ ਭੂਮੀ ਤੋਂ ਵੱਡਾ।' (ਸਫ਼ਾ/52) ਸਰਕਾਰਾਂ ਦੀ ਚਾਬਕ ਸ਼ਕਤੀ ਪੂੰਜੀਵਾਦੀ ਜਮਾਤ ਕੋਲ ਸੁਰੱਖਿਅਤ ਹੈ। ਮਾਨਵਤਾ ਦੇ ਮਾਅਨੇ ਮੁੱਲਹੀਣ।

ਇਉਂ ਨਾਟਕ, ਉਜਾੜਿਆਂ ਦੇ ਕਾਰਨਾਂ ਦੀ ਪੜਚੋਲਵੀਂ ਪੜਤ ਤਿਆਰ ਕਰਦਾ ਹੈ; ਔਰਤਾਂ ਦੇ ਭਾਵ-ਸੰਵਾਦ ਸੰਗ ਕਰਕੇ।

ਅ. ਸੁੰਨਸਾਨ ਸਟੇਸ਼ਨ 'ਤੇ ਉਡੀਕਾਂ : ਵੇਦਨਾਮਈ ਸਫ਼ਰ

ਉਡੀਕ, ਉਡੀਕਾਂ ਦੇ ਉਚਾਰ, ਬੋਲ ਵਿੱਚ ਇਸ ਦੇ ਅਰਥ ਛੁਪੇ ਹੋਏ ਹਨ:- ਇੰਤਜ਼ਾਰ, ਆਸ, ਤਾਂਘ, ਉਮੀਦ, ਦੂਰੀ, ਇੱਛਾ, ਤੜਪ, ਇਕੱਲਤਾ, ਬੇਗਾਨਗੀ, ਉਦਾਸੀ, ਨਿੱਘ ਆਦਿ-ਆਦਿ।ਉਡੀਕ 'ਭਾਵਵਾਚਕ ਨਾਂਵ' ਵਜੋਂ ਮਨ ਦੀ ਉਤਸੁਕਤਾ ਦਰਸਾਉਂਦਾ ਹੈ।ਇਕਵਚਨ-ਬਹੁਵਚਨ ਦੇ ਤੌਰ 'ਤੇ ਫ਼ਰਕ ਕਰਦਿਆਂ 'ਉਡੀਕ' ਥੋੜ੍ਹਚਿਰਾ ਇੰਤਜ਼ਾਰ ਹੈ; 'ਉਡੀਕਾਂ' ਲੰਮੇਰੀਆਂ।ਇਉਂ ਮਾਲਵੇ ਵਿੱਚ ਉਡੀਕਦੀਆਂ ਸ਼ਬਦ ਦਾ ਪ੍ਰਚਲਨ ਹੈ ਅਤੇ ਮਾਝੇ-ਦੁਆਬੇ ਵਿੱਚ ਉਡੀਕਾਂ। ਇਸ ਦੇ ਭੂਗੋਲਿਕ, ਸੱਭਿਆਚਾਰਕ ਕਾਰਨ ਵੀ ਨੇ।ਦੁਆਬੇ 'ਚੋਂ ਜਾਂਦੇ ਵਿਦੇਸ਼ੀ ਰਾਹਾਂ ਨੇ ਉਡੀਕਾਂ ਵੱਡੀਆਂ ਕੀਤੀਆਂ ਹਨ :ਮਾਝੇ ਨੇ ਵੰਡ 'ਚੋਂ ਸੰਤਾਪ ਵਾਲੀਆਂ ਉਡੀਕਾਂ ਝੱਲੀਆਂ ਨੇ। ਨਾਟਕ ਵਿੱਚ ਉਡੀਕਾਂ ਸਮੂਹਕਿਤਾ ਨਾਲ਼ ਜੁੜਦੀਆਂ ਹਨ। ਔਰਤਾਂ ਇਕੱਠੀਆਂ ਬੈਠ ਦੁੱਖ ਹੌਲੇ ਕਰਦੀਆਂ ਹਨ।ਇਕ ਔਰਤ ਦੇ ਬੋਲ 'ਇਸ ਸੁੰਨ-ਮਸਾਣ/ ਸਟੇਸ਼ਨ 'ਤੇ /ਅਸੀਂ ਕਰੀਏ/ ਉਡੀਕਾਂ' ਦਾ ਜਵਾਬ ਇਉਂ ਆਉਂਦਾ ਹੈ : 'ਗੱਡੀਆਂ ਆਵਣ/ ਗੱਡੀਆਂ ਜਾਵਣ/ਪਰ ਉਹ ਨਾ ਆਵਣ/ ਉਡੀਕਾਂ ਜਿਨ੍ਹਾਂ ਦੀਆਂ।' ਸਫ਼ੇ/20-21) ਇੱਥੇ 'ਅਸੀਂ'; ਬਹੁਵਚਨੀ ਅਤੇ ਸਾਂਝ ਅਰਥ ਦਰਸਾ ਰਿਹਾ ਹੈ।ਇਹ ਦੋ ਕਾਵਿ-ਬੰਦ ਨਾਟਕ ਦਾ ਕੇਂਦਰੀ ਭਾਵ ਹਨ।

ਔਰਤਾਂ ਦੇ ਸੀਨਿਆਂ ਵਿੱਚ ਵਸਦੀ ਸੁੰਨ, ਪਾਠਕ ਦੀ ਸੁਰਤਿ ਨੂੰ ਝੰਜੋੜਦੀ ਹੈ।ਸੁੰਨਸਾਨ ਰੇਲਵੇ ਸਟੇਸ਼ਨ ਦੀ ਸੈਨਤ-ਸ਼ਨਾਖਤ ਨਾਲ਼ ਨਾਟਕ ਹੋਰ ਗਹਿਰਾਈ ਪ੍ਰਾਪਤ ਕਰ ਗਿਆ ਹੈ।ਇਹ ਮੈਟਾਫਰ ਪੇਂਡੂ ਪੰਜਾਬੀ ਔਰਤਾਂ, ਲੋਕ ਬੋਲੀ ਅਤੇ ਦਿਹਾਤੀ ਇਲਾਕੇ ਦੇ ਰੇਲਵੇ ਸਟੇਸ਼ਨ ਦੀ ਜੀਵਨ-ਝਾਕੀ ਦਾ ਸੁੰਨਾਪਣ, ਸੱਖਣਾਪਣ ਹੀ ਹੈ। ਸ਼ਹਿਰੀ ਰੇਲਵੇ ਸਟੇਸ਼ਨ 'ਭੀੜ' ਦਾ ਵੀ ਹਿੱਸਾ ਬਣਦੇ ਹਨ; ਦਿਹਾਤੀ 'ਸੁੰਨਸਾਨ'।ਇਹ ਵਿਅੰਗਾਤਮਕ ਵਿਸ਼ੇਸ਼ਣੀ ਜੁਗਤ ਦਾ ਵਿਸ਼ਲੇਸ਼ਣ ਵਿਸ਼ੇਸ਼ ਧਿਆਨ ਮੰਗਦਾ ਹੈ: 'ਰੌਣਕਾਂ ਵਾਲੇ ਘਰਾਂ ਦੀਆਂ/ ਅਸੀਂ ਸੁੰਨ ਉਜਾੜਾਂ/ ਨੈਣ ਸੁੱਕੀਆਂ ਨਦੀਆਂ/ ਦੁੱਖ ਵਾਂਗ ਪਹਾੜਾਂ/ ਦਿਨ ਰਾਤ ਰਾਤ ਦਿਨ/ ਤੇ ਇਹ ਉਡੀਕਾਂ।' (ਸਫ਼ਾ/21)

ਇਹ ਅੰਦਰੂਨੀ ਵਿਛੋੜੇ ਅਤੇ ਮਾਨਸਿਕ ਤੜਪਣ: ਦੇਸ਼-ਕਾਲ ਦੀ ਸਿਆਸੀ ਸਮਾਜਕ ਉਲਝਣ ਵੀ ਹੈ। ਹਿਰਦੇ ਦੀ ਡੂੰਘ ਵਿੱਚ ਪਈ ਦਹਿਸ਼ਤ, ਘਰਾਂ ਦੀ ਸੁੰਨ ਅਤੇ ਉਡੀਕਾਂ; ਸੱਤਾ ਨੂੰ ਸਵਾਲ ਕਰਦੀਆਂ ਹਨ ਅਤੇ ਉਤਰ, ਉਡੀਕਾਂ ਨੇ:-'ਇਹ ਜੰਗ ਤਾਂ/ ਸਾਡੀ ਦਾਦੀ ਵੇਲੇ ਵੀ ਲੱਗੀ ਸੀ/ ਮੇਰੀ ਮਾਂ ਦੇ ਵੇਲੇ ਵੀ/ ਤੇ ਹੁਣ ਮੇਰੇ ਵੇਲੇ ਵੀ : ਭੈਣੇ ਕਈ ਪੀੜ੍ਹੀਆਂ ਬਦਲ ਗਈਆਂ/ ਕਈ ਪੀੜ੍ਹੀਆਂ ਖਾ ਲਈਆਂ/ ਚੰਦਰੀ ਜੰਗ ਨੇ/ ਕਈ ਹਾਕਮ ਆਏ ਤੇ ਗਏ /ਪਰ ਇਹ ਜੰਗ ਨਹੀਂ ਮੁੱਕੀ।' (ਸਫ਼ਾ/46)

ਔਰਤਾਂ ਦੇ ਵਾਰਤਾਲਾਪ ਵਿਚਲੀ ਵੀਰਾਨਗੀ ਸਮਕਾਲ ਤੱਕ ਆਣ ਪਹੁੰਚਦੀ ਹੈ।ਉਹ ਲੰਮੀ ਲੜਾਈ ਲੜਦੀਆਂ ਵੇਦਨਾ ਦਾ ਸਫ਼ਰ ਤੈਅ ਕਰਦੀਆਂ ਹਨ। ਨਾਟਕਕਾਰ ਦੇ ਸ਼ਬਦਾਂ ਅਨੁਸਾਰ: 'ਪਿਛਲੇ ਸਾਲ (ਮਈ 2025) ਵਿਚ ਜਦੋਂ ਭਾਰਤ-ਪਾਕਿਸਤਾਨ ਯੁੱਧ ਦੀ ਸ਼ੁਰੂਆਤ ਹੋਈ, ਤਾਂ ਉਸ ਵਕਤ ਮੈਂ ਉਨ੍ਹਾਂ ਬਹੁਤ ਸਾਰੀਆਂ ਮਾਵਾਂ, ਭੈਣਾਂ, ਪਤਨੀਆਂ ਦੇ ਚਿਹਰਿਆਂ ਦੇ ਹਾਵ-ਭਾਵ ਪੜ੍ਹਦਾ ਰਿਹਾਂ, ਜਿਨ੍ਹਾਂ ਦੇ ਪੁੱਤ ਆਪਣੇ ਮੁਲਕ ਲਈ ਜੰਗ ਲੜ ਰਹੇ ਸਨ। ਔਰਤਾਂ ਦੇ ਚਿਹਰਿਆਂ ਉਤੇ ਉਦਾਸੀ, ਉਡੀਕਾਂ ਵੀ ਨੇ, ਪੀੜਾਂ ਵੀ ਨੇ ਤੇ ਸਵਾਲ ਵੀ। (ਸਫ਼ਾ/07)

ਯੁੱਧ ਵਿੱਚ ਅਣਖ ਲਈ ਭੇਜੇ ਸੂਰਬੀਰਾਂ ਨੂੰ 'ਉਡੀਕਣ' ਵਾਲੀਆਂ ਦੇ ਦਰਦ ਅਵੱਲੜੇ ਹਨ।

ੲ. ਕਾਵਿ-ਨਾਟ: ਮੰਚਣ-ਵਿਧੀ

ਨਾਟਕ ਦੇ ਵਿਵਿਧ ਰੂਪਾਂ ਵਿੱਚ ਕਾਵਿ-ਨਾਟਕ ਦਾ 'ਨੇਮ ਪ੍ਰਬੰਧ' ਭਿੰਨ ਹੈ। ਕਵਿਤਾ ਅਤੇ ਨਾਟਕ ਦੇ ਸੁਮੇਲ ਵਾਲਾ।ਇਸ ਸੁਮੇਲਤਾ ਸਦਕਾ ਕਾਵਿ ਪੱਖ ਸਮੂਰਤ, ਸਥੂਲ ਰੂਪ ਧਾਰਨਾ ਕਰਦੇ ਹੋਏ ਅਤੀਤ ਤੋਂ ਭਵਿੱਖ ਦੀ ਯਾਤਰਾ ਕਰਦਾ ਹੈ। ਘਟਨਾਵਾਂ, ਪਾਤਰਾਂ ਦੀ ਹੋਂਦ-ਹੋਣੀ ਨਿਰਧਾਰਤ ਕਰਦੀਆਂ ਹਨ। ਕਾਵਿ ਅਤੇ ਨਾਟਕੀ ਗੁਣ ਰਚਮਿਚ ਜਾਂਦੇ ਹਨ। ਪਾਤਰਾਂ ਦੀਆਂ ਮਾਨਸਿਕ ਗਤੀਆਂ ਵੱਖ-ਵੱਖ ਹੋਣ ਕਰਕੇ ਲੈਅ, ਗਤੀ ਵੱਖਰੀ ਰਹਿੰਦੀ ਹੈ। ਵਿਸ਼ੇ ਅਤੇ ਰੂਪ ਪੱਖ ਅਨੁਸਾਰ ਸੰਵਾਦ ਵਿੱਚ ਸਰੋਦੀ ਪੱਖ ਦੀ ਸੰਭਾਵਨਾ ਬਣੀ ਰਹਿੰਦੀ ਹੈ। ਬਿੰਬਾਵਲੀ, ਰੂਪਕ, ਉਪਮਾ, ਦ੍ਰਿਸ਼ਟਾਂਤ, ਪ੍ਰਤੀਕ ਆਦਿ ਰੂਪਾਕਾਰਕ ਵਿਸ਼ੇਸ਼ਤਾ 'ਚ ਸ਼ਾਮਲ ਹੁੰਦੇ ਹਨ।ਵਹਾਊ ਬਿੰਬ ਦੀ ਗਤੀਸ਼ੀਲਤਾ ਵਿੱਚ ਤ੍ਰਾਸਦਕ ਸੁਰ, ਵਿਅੰਗ ਹਾਜ਼ਰ ਰਹਿੰਦਾ ਹੈ। ਸਮੂਹ ਗੀਤ ਮਦਦ ਕਰਦੇ ਹਨ।ਮੰਚ ਵਿਉਂਤਕਾਰ ਕੇਵਲ ਧਾਲੀਵਾਲ ਨੇ ਕਾਵਿ ਨੂੰ ਨਾਟ ਵਿੱਚ ਸੂਤਰਬੱਧ ਕਰਦੇ ਹੋਏ ਮੁੱਢ ਤੋਂ ਅੰਤ ਤੱਕ ਕਲਾਤਮਕਤਾ ਬਰਕਰਾਰ ਰੱਖੀ ਹੈ।ਸਕਰੀਨ 'ਤੇ ਲਾਲ ਲਹੂ ਦੇ ਛਿੱਟੇ; ਗੰਭੀਰ ਚਿੰਨ੍ਹ ਹੈ।ਗੀਤ, ਸੰਗੀਤ, ਆਵਾਜ਼ਾਂ, ਰੋਸ਼ਨੀ, ਪੇਂਟਿੰਗ ਆਦਿ ਦੇ ਮੰਚ ਪ੍ਰਭਾਵ ਜ਼ਰੀਏ ਅਦਾਕਾਰਾਂ ਦੀ ਪ੍ਰਤਿਭਾ ਨਿਖਰਦੀ ਹੈ।ਟਰੇਨ ਦੀ ਸੀਟੀ ਆਵਾਜ਼, ਸਟੇਸ਼ਨ-ਸੁੰਨ ਦ੍ਰਿਸ਼, ਔਰਤਾਂ ਦੇ ਕਿਰਦਾਰ 'ਆਦਿ ਉਡੀਕਾਂ 'ਤੇ ਟਿਕੇ ਹੋਏ ਹਨ। ਦਰਾਜ 'ਚ ਸਾਂਭੀਆਂ ਯਾਦਾਂ, ਸੁਪਨੇ, ਦਰਦ, ਉਜਾੜੇ ਬੇਚੈਨ ਕਰਦੇ ਹਨ। ਪੁੱਤਾਂ ਦੇ ਘਰੋਂ ਲਾਂਭੇ ਹੋਣ 'ਤੇ ਸਾਰੀਆਂ ਸਵੇਰਾਂ ਗੁਆਚਦੀਆਂ ਹਨ।ਨਾਟਕ ਦਾ ਇੱਕ ਇੱਕ ਕਾਵਿ-ਬੋਲ, ਦ੍ਰਿਸ਼ ਵਿਸ਼ੇ ਦੀ ਸਾਰਥਕਤਾ ਨਾਲ਼ ਨਿਆਂ ਕਰਦਾ ਹੈ।'ਕੱਚੇ ਦੁੱਧ ਨੂੰ ਜਾਗ ਨਾ ਲਾਵਾਂ/ਉਡੀਕਾਂ ਪੁੱਤਰਾਂ ਦੀਆਂ/ ਜਿੰਦੇ ਮੇਰੀਏ' ਵਰਗੇ ਲੋਕ-ਕਾਵਿ ਬੋਲ ਸੀਨਾ ਵਿੰਨ੍ਹਦੇ ਹਨ।

ਕਹਿਣਾ ਬਣਦਾ ਹੈ ਕਿ ਜੰਗ ਦੇ ਪ੍ਰਸੰਗ ਵਿੱਚ 'ਉਡੀਕਾਂ' ਬਹੁਅਰਥੀ ਨੇ

ਪੋਸਟ ਸਕ੍ਰਿਪਟ: ਅਮਰੀਕਾ ਦੀ ਸਰਮਾਏਦਾਰ ਸ਼੍ਰੇਣੀ ਨੇ ਕੁਦਰਤੀ ਸਰੋਤਾਂ ਦੀ ਲੁੱਟ-ਖਸੁੱਟ ਦੇ ਨਾਲ-ਨਾਲ ਕਮਜ਼ੋਰ ਮੁਲਕਾਂ ਨੂੰ ਡਰਾਉਣ-ਧਮਕਾਉਣ ਲਈ 'ਜੰਗ ਜੁਗਤ' ਦੀ ਚੋਣ ਵਿੱਚ ਰੁਚੀ ਵਿਖਾਈ ਹੈ।ਖ਼ਾਨਾਜੰਗੀ 'ਚ ਦੇਸ਼ ਫਸੇ ਜਾ ਰਹੇ ਨੇ।ਜੰਗ ਵਿੱਚ ਤਬਾਹੀ, ਬਰਬਾਦੀ, ਗ਼ਰੀਬੀ ਨਿਸਚਿਤ ਹੈ।ਜਪਾਨ 'ਚ ਹੋਏ ਐਟਮੀ ਧਮਾਕੇ ਕਿਵੇਂ ਭੁਲਾਏ ਜਾ ਸਕਦੇ ਨੇ। ਤਕਨੀਕ ਨੇ ਜੋ ਮਾਰੂ ਅਤੇ ਵਾਧੂ ਦੂਰੀ ਤੱਕ ਮਾਰ ਕਰਨ ਵਾਲੇ ਹਥਿਆਰ ਔਜ਼ਾਰ ਬਣਾ ਦਿੱਤੇ ਹਨ, ਮਾਨਵੀ ਅਧਿਕਾਰਾਂ ਦੀ ਉਲੰਘਣਾ ਹੈ।ਜੰਗ ਵਿੱਚ ਧੱਕਣ ਵਾਲੀਆਂ ਤਾਕਤਾਂ ਨੂੰ ਠੱਲ੍ਹ ਪਾਉਣੀ ਸਮੇਂ ਦੀ ਲਾਜ਼ਮੀ ਲੋੜ ਹੈ।ਕੇਵਲ ਧਾਲੀਵਾਲ ਨੇ ਸਹੀ ਸਮੇਂ ਇਸ ਨਾਟਕ ਦੀ ਸਿਰਜਣਾ ਕੀਤੀ ਹੈ।ਜੰਗ ਨੂੰ ਭੰਡਿਆ ਹੈ; ਉਡੀਕਾਂ ਨੂੰ ਸਮਝਿਆ ਹੈ: 'ਪੁੱਤ ਦੂਰ ਮਾਵਾਂ ਤੋਂ ਓਹਲੇ/ ਨਾ ਕਾਗ ਬਨੇਰੇ 'ਤੇ ਬੋਲੇ/ ਲੰਘ-ਲੰਘ ਜਾਣ ਤਰੀਕਾਂ/ ਹਾਏ ਮੁਕਣ ਨਾ ਉਡੀਕਾਂ / ਉਡੀਕਾਂ-ਉਡੀਕਾਂ-ਉਡੀਕਾਂ।'

ਸੰਪਰਕ 85281-00088

ਅਜੋਕੇ ਸਮੇਂ ਦੇ ਸਮਾਜਕ ਸਰੋਕਾਰਾਂ ਨੂੰ ਦਰਸਾਉਂਦੀ

ਕੀੜੀਆਂ ਸੁੱਤੀਆਂ ਨਹੀਂ

ਅਰਤਿੰਦਰ ਸੰਧੂ
ਪੰਨੇ-126, ਮੁੱਲ-250 ਰੁਪਏ
ਨਵਯੁਗ ਪਬਲਿਸ਼ਰਜ਼ ਦਿੱਲੀ

ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ ਵਾਰਤਕ ਦੀ ਪੁਸਤਕ ਅਰਤਿੰਦਰ ਸੰਧੂ ਦੁਆਰਾ ਰਚਿਤ 'ਕੀੜੀਆਂ ਸੁੱਤੀਆਂ ਨਹੀਂ' ਵਿੱਚ ਲੇਖਕਾ ਦੇਸ਼ ਦੀ ਸਥਿਤੀ, ਔਰਤਾਂ ਦੇ ਹਾਲਾਤ, ਮਨੁੱਖ ਦੀਆਂ ਆਦਤਾਂ, ਵਾਤਾਵਰਨ ਜਿਹੇ ਵਿਸ਼ਿਆਂ ਨੂੰ ਛੂਹ ਕੇ ਮਨੁੱਖ ਨੂੰ ਸੁਚੇਤ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ ਹੈ। ਇਸ ਪੁਸਤਕ ਵਿੱਚ ਤਿੰਨ ਭਾਗ ਹਨ। ਪੁਸਤਕ ਵਿਚਲੇ ਪਹਿਲੇ ਭਾਗ ਵਿਚਲਾ ਪਹਿਲਾ ਲੇਖ 'ਗੁਲਾਬੂ ਨਿਕਾ ਜਿਹਾ' ਵਿੱਚ ਲੇਖਕਾ ਨੇ ਆਪਣੇ ਬਚਪਨ ਦੀ ਇੱਕ ਯਾਦ ਤਾਜ਼ਾ ਕੀਤੀ ਹੈ, ਜਿਸ ਵਿੱਚ ਔਰਤਾਂ ਨਾਲ ਹੁੰਦੀ ਬੇਇਨਸਾਫ਼ੀ ਬਾਰੇ ਗੱਲ ਕੀਤੀ ਗਈ ਹੈ। ਅੱਜ ਦੇ ਸਮੇਂ ਵਿੱਚ ਵੀ ਕਈ ਪੱਛੜੇ ਰਾਜਾਂ ਵਿੱਚ ਔਰਤਾਂ ਦਾ ਸ਼ੋਸ਼ਣ ਹੁੰਦਾ ਹੈ। 'ਬਹੁਤ ਸਮਝਦਾਰ ਹੁੰਦੇ ਹਨ ਪੇੜ ਪੌਦੇ' ਲੇਖ ਦਰਸਾਉਂਦਾ ਹੈ ਕਿ ਪੇੜ ਪੌਦੇ ਬਨਸਪਤੀ ਵਿੱਚ ਵੀ ਜਾਨ ਹੁੰਦੀ ਹੈ। ਇਹਨਾਂ ਦੀ ਵੀ ਆਪਸੀ ਗੱਲਬਾਤ ਹੁੰਦੀ ਹੈ। 'ਹੁੰਦੀ ਕੀ ਹੈ ਇਹ ਬੋਹਣੀ' ਲੇਖ ਵਿੱਚ ਚੰਗੇ ਤਰੀਕੇ ਨਾਲ ਸਵੈ-ਵਿਸ਼ਵਾਸ ਨਾਲ ਕੰਮ ਕਰਨ ਦੀ ਆਦਤ ਹੀ ਆਪਣੀ ਕਾਰਜ ਵਿੱਚ ਸਫਲਤਾ ਦੀ ਨਿਸ਼ਾਨੀ ਮੰਨੀ ਜਾਂਦੀ ਹੈ ਦੱਸ ਕੇ ਬੋਹਣੀ ਨਾਲ ਤੁਲਨਾ ਕੀਤੀ ਹੈ। 'ਅਜੇ ਵੀ ਪੈਦਾ ਹੋ ਰਹੇ ਨੇ ਬਰੂਟਸ' ਲੇਖ ਵਿੱਚ ਪਦਾਰਥਵਾਦੀ ਯੁੱਗ ਦੀ ਗੱਲ ਕੀਤੀ ਗਈ ਹੈ। 'ਪੰਜਾਬੀਆਂ ਦਾ ਲੰਗਰਵਾਨ ਹੁੰਦੇ ਜਾਣਾ' ਲੇਖ ਪੰਜਾਬੀਆਂ ਦੇ ਖੁੱਲ੍ਹੇ ਸੁਭਾਅ ਨੂੰ ਪੇਸ਼ ਕਰਦਾ ਹੈ, ਪਰ ਨਾਲ-ਨਾਲ ਇਹ ਵੀ ਦੱਸਿਆ ਹੈ ਕਿ ਲੰਗਰ ਇੰਨੇ ਜ਼ਿਆਦਾ ਲੱਗਣ ਲੱਗ ਪਏ ਹਨ ਕਿ ਕਈ ਵਾਰ ਲੰਗਰ ਵਿੱਚ ਬਣਾਈਆਂ ਜਾਣ ਵਾਲੀਆਂ ਚੀਜ਼ਾਂ ਜ਼ਿਆਦਾਤਰ ਬਰਬਾਦ ਹੋ ਜਾਂਦੀਆਂ ਹਨ, ਜੋ ਕਿ ਸਾਰਥਕ ਨਹੀਂ ਹੈ।' ਕੀ ਮਨੁੱਖਾਂ ਦੀਆਂ ਆਦਤਾਂ ਦਾ ਅਸਰ ਜਾਨਵਰਾਂ ਦਾ ਵੀ ਪੈਂਦਾ ਹੈ' ਲੇਖ ਵਿੱਚ ਲੇਖਕਾ ਨੇ ਵੱਖ-ਵੱਖ ਪੰਛੀਆਂ ਦੀਆਂ ਉਦਾਹਰਨਾਂ ਸਹਿਤ ਸਿੱਧ ਕੀਤਾ ਹੈ ਕਿ ਸਾਡਾ ਜਨ ਜੀਵਨ ਤੇ ਬਨਸਪਤੀ ਇਨਸਾਨਾਂ ਦੀਆਂ ਆਦਤਾਂ ਨੂੰ ਕਬੂਲਦਾ ਹੈ। ਇਸ ਤਰ੍ਹਾਂ ਪੁਸਤਕ ਵਿਚਲਾ ਲੇਖ 'ਜਾਨਵਰਾਂ ਦਾ ਜੰਗਲ ਤੇ ਮਨੁੱਖੀ ਘਰਾਂ ਤੱਕ ਸਫਰ' ਵਿੱਚ ਘਰਾਂ ਵਿੱਚ ਰੱਖੇ ਜਾਣ ਵਾਲੇ ਜਾਨਵਰਾਂ ਦਾ ਭਲੀਭਾਂਤ ਵਰਨਣ ਕੀਤਾ ਹੈ। 'ਅਗਰਬੱਤੀਆਂ ਵੇਚਣ ਵਾਲਾ ਪੜਾਕੂ' ਲੇਖ ਵਿੱਚ ਲੇਖਕਾ ਨੇ ਆਪਣੇ ਨਾਲ ਬੀਤੀ ਘਟਨਾ ਦਾ ਵਰਨਣ ਕੀਤਾ ਹੈ ਕਿ ਜਦ ਉਹ ਸਕੂਲ ਵਿੱਚ ਹੈੱਡ ਮਿਸਟਰਸ ਸੀ, ਗਰੀਬ ਬੱਚਿਆਂ ਦੀ ਪੜ੍ਹਾਈ ਵਿੱਚ ਮਦਦ ਕਰਦੀ ਸੀ, ਪਰ ਬੱਚੇ ਜ਼ਿਆਦਾ ਪੈਸੇ ਕਮਾਉਣ ਦੇ ਲਾਲਚ ਵਿੱਚ ਆਪਣਾ ਕੋਈ ਛੋਟਾ-ਮੋਟਾ ਕੰਮ ਕਰ ਲੈਂਦੇ ਸੀ ਜਿਵੇਂ ਲੇਖ ਵਿੱਚ ਨਰਿੰਦਰ ਕੁਮਾਰ ਨਾਂਅ ਦਾ ਲੜਕਾ ਹਰ ਇੱਕ ਨੂੰ ਕਹਿੰਦਾ ਸੀ ਕਿ ਮੇਰੇ ਤੋਂ ਅਗਰਬੱਤੀਆਂ ਖਰੀਦ ਲਓ ਤਾਂ ਜੋ ਮੈਂ ਆਪਣੀ ਸਕੂਲ ਦੀ ਪੜ੍ਹਾਈ ਪੂਰੀ ਕਰ ਲਵਾਂ, ਜਦ ਕਿ ਲੇਖਕਾ ਨੇ ਉਸ ਦੀ ਸਕੂਲ ਦੀ ਪੜ੍ਹਾਈ ਮੁਫਤ ਕੀਤੀ ਹੋਈ ਸੀ। 'ਸੈਰ ਸਪਾਟੇ ਵਾਸਤੇ ਵੀ ਹਨ ਜ਼ਰੂਰੀ ਨਿਯਮ' ਲੇਖ ਵਿੱਚ ਲੇਖਕਾ ਚਿੰਤਤ ਹੁੰਦੇ ਲਿਖਦੀ ਹੈ ਕਿ ਘੁੰਮਣ-ਫਿਰਨ ਜਾਣ ਵਾਲੇ ਸੈਲਾਨੀ ਆਪਣਾ ਆਸ-ਪਾਸ ਦਾ ਵਾਤਾਵਰਨ ਖਰਾਬ ਕਰਦੇ ਹਨ। ਇਹਨਾਂ ਖਿਲਾਫ ਸਰਕਾਰ ਵੱਲੋਂ ਸਖਤ ਕਾਰਵਾਈ ਹੋਣੀ ਜ਼ਰੂਰੀ ਹੈ। ਪੁਸਤਕ ਵਿੱਚ ਹੋਰ ਵੀ ਬਹੁਤ ਲੇਖ ਹਨ, ਜੋ ਜਾਣਕਾਰੀ ਭਰਪੂਰ ਹਨ, ਜਿਵੇਂ ਦੇਸ਼ ਦਾ ਆਪਣਾ ਰਾਹ-ਦਸੇਰਾ, ਇੰਜ ਦੇ ਵੀ ਹੁੰਦੇ ਨੇ ਡਾਕਟਰ, ਕਦੇ-ਕਦੇ ਇਸ ਤਰ੍ਹਾਂ ਵੀ ਹੁੰਦਾ ਹੈ, ਗਤੀ ਦੀ ਪੈੜ ਇੰਜ ਵੀ, ਇਹ ਜਿਹੜੇ ਦੰਦ ਹੁੰਦੇ ਨੇ ਨਾ, ਆਦਿ ਲੇਖਾਂ ਵਿੱਚ ਲੇਖਕਾ ਨੇ ਬਹੁਤ ਸਾਰੀਆਂ ਉਦਾਹਰਨਾਂ ਰਾਹੀਂ ਮਨੁੱਖ ਨੂੰ ਸੁਚੇਤ ਕਰਨ ਦਾ ਯਤਨ ਕੀਤਾ ਹੈ।

ਵਿਸ਼ਵੀਕਰਨ ਦੇ ਦੌਰ ਦਾ 'ਪੰਜਾਬੀ ਸੱਭਿਆਚਾਰ ਤੇ ਸਮੁੱਚੇ ਦੇਸ਼ ਦੀ ਰਹਿਤਲ 'ਤੇ ਅਸਰ' ਲੇਖ ਪੰਜਾਬੀਆਂ ਦੀਆਂ ਬਦਲਦੀਆਂ ਆਦਤਾਂ ਤੇ ਜੀਵਨ ਸ਼ੈਲੀ, ਫੈਸ਼ਨ, ਗਲੋਬਲੀਕਰਨ, ਆਧੁਨਿਕੀਕਰਨ ਨੂੰ ਭਲੀਭਾਂਤ ਪੇਸ਼ ਕਰਦਾ ਹੈ। 'ਚੇਤਿਆਂ ਦੀ ਇੱਕ ਕਤਾਰ' ਲੇਖ ਵਿੱਚ ਲੇਖਕ ਆਪਣੀ ਪੁਰਾਣੀ ਇੱਕ ਬਹੁਤ ਹੀ ਵਧੀਆ ਯਾਦ ਨੂੰ ਤਾਜ਼ਾ ਕਰਦੀ ਹੈ। ਜਦ ਲੋਕ ਬਹੁਤ ਮਿਲਣਸਾਰ ਹੁੰਦੇ ਸਨ। 'ਹੈਲੋ ਹੈਲੋ ਦਾ ਸਫਰ' ਲੇਖ ਵਿੱਚ ਲੇਖਕਾ ਨੇ ਇੰਟਰਨੈੱਟ ਦੇ ਆਉਣ ਨਾਲ ਇਸ ਦੇ ਫਾਇਦੇ ਤੇ ਨੁਕਸਾਨ ਬਾਰੇ ਜ਼ਿਕਰ ਕੀਤਾ ਹੈ। ਪੁਸਤਕ ਦੇ ਸਿਰਲੇਖ ਵਿਚਲਾ ਲੇਖ 'ਕੀੜੀਆਂ ਸੁੱਤੀਆਂ ਨਹੀਂ' ਵਿਚ ਲੇਖਕ ਨੇ ਵਾਤਾਵਰਨ ਵਿੱਚ ਬਦਲ ਰਹੇ ਮਾਹੌਲ ਦਾ ਜ਼ਿਕਰ ਕੀਤਾ ਹੈ ਕਿ ਕਿਸ ਤਰ੍ਹਾਂ ਗਲੇਸ਼ੀਅਰ ਪਿਘਲ ਰਹੇ ਹਨ, ਜੀਵ-ਜੰਤੂ ਸਰਦੀਆਂ ਵਿੱਚ ਵੀ ਬਾਹਰ ਨਜ਼ਰ ਆ ਰਹੇ ਹਨ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਪੁਸਤਕ ਦੇ ਦੂਜੇ ਭਾਗ ਵਿੱਚ ਪਹਿਲਾ ਲੇਖ 'ਰਹਿਣ ਕਥਾਉ ਨਾਹੀ' ਲੇਖ ਸ਼ੇਖ ਫਰੀਦ ਦੇ ਕਥਨ ਨੂੰ ਦਰਸਾਉਂਦਾ ਕਿ ਮਨੁੱਖ ਨੇ ਹਮੇਸ਼ਾ ਇਸ ਸੰਸਾਰ ਵਿੱਚ ਨਹੀਂ ਰਹਿਣਾ, ਆਖਰ ਉਸ ਨੂੰ ਜਾਣਾ ਹੀ ਪੈਣਾ ਹੈ ਤੇ ਇਹ ਗੱਲ ਮਨੁੱਖ ਨੂੰ ਸਮਝਣੀ ਚਾਹੀਦੀ ਹੈ। 'ਮਨ ਜੀਤੇ ਜਗ ਜੀਤ' ਲੇਖ ਵਿੱਚ ਲੇਖਕਾ ਨੇ ਇਨਸਾਨ ਦੇ ਮਨ ਨਾਲ ਸੰਬੰਧਤ ਵੱਖ-ਵੱਖ ਕਹਾਣੀਆਂ ਰਾਹੀਂ ਦਰਸਾਇਆ ਹੈ ਕਿ ਮਨ ਨੂੰ ਕਿਸ ਤਰ੍ਹਾਂ ਜਿੱਤਿਆ ਜਾ ਸਕਦਾ ਹੈ। ਸਾਡੇ ਮਹਾਨ ਵਿਦਵਾਨਾਂ ਤੇ ਪੁਰਾਤਨ ਰਾਜਿਆਂ ਨੇ ਆਪਣੇ ਮਨ ਨੂੰ ਕਿਸ ਤਰ੍ਹਾਂ ਕਾਬੂ ਵਿੱਚ ਰੱਖਿਆ ਹੈ। 'ਕਾਹੇ ਰੇ ਬਨ ਖੋਜਨ ਜਾਈ' ਲੇਖ ਵਿਚ ਲੇਖਕਾ ਨੇ ਮਨੁੱਖ ਦੇ ਸ਼ੁਰੂ ਦੇ ਜੀਵਨ ਕਾਲ ਦਾ ਵਰਨਣ ਕੀਤਾ ਹੈ ਕਿ ਸ਼ੁਰੂ ਤੋਂ ਲੈ ਕੇ ਅੱਜ ਤੱਕ ਕਿਸ ਤਰ੍ਹਾਂ ਮਨੁੱਖਾਂ ਦੀ ਸੋਚਣ ਸ਼ਕਤੀ ਦਾ ਵਿਕਾਸ ਹੋਇਆ ਤੇ ਅਜੋਕੇ ਸਮੇਂ ਮਨੁੱਖ ਦੀ ਕੁਦਰਤ ਨਾਲ ਛੇੜਛਾੜ ਰਾਹੀਂ ਵਾਯੂਮੰਡਲ ਕਿੰਨਾ ਗੰਧਲਾ ਹੋ ਰਿਹਾ ਹੈ। ਪੁਸਤਕ ਵਿਚਲਾ ਭਾਗ ਤੀਜਾ ਵਿੱਚ ਲੇਖਕ ਨੇ ਔਰਤਾਂ ਵੱਲੋਂ ਸ਼ੁਰੂ ਕੀਤੇ ਗਏ ਅੰਦੋਲਨ ਕਾਰਨ ਜੋ ਵੀ ਤਬਦੀਲੀਆਂ ਆਈਆਂ ਹਨ, ਉਸ ਦਾ ਜ਼ਿਕਰ ਬਾਖ਼ੂਬੀ ਕੀਤਾ ਹੈ।ਇਹ ਪੁਸਤਕ ਜੋ ਕਿ ਸਾਡੇ ਸਮਾਜ ਦੇ ਹਾਲਾਤ, ਔਰਤਾਂ ਦੀ ਦੁਰਦਸ਼ਾ, ਜਨਜੀਵਨ, ਵਾਤਾਵਰਨ, ਸੱਭਿਆਚਾਰ ਆਦਿ ਵਿਸ਼ਿਆਂ 'ਤੇ ਖੁੱਲ੍ਹ ਕੇ ਚਾਨਣਾ ਪਾਉਂਦੀ ਹੈ। ਲੇਖਕਾ ਨੇ ਪੁਸਤਕ ਵਿਚਲੇ ਸਾਰੇ ਲੇਖਾਂ ਵਿੱਚ ਵੱਖ-ਵੱਖ ਉਦਾਹਰਨਾਂ, ਕਹਾਣੀਆਂ, ਘਟਨਾਵਾਂ ਰਾਹੀਂ ਸਿੱਧ ਕੀਤਾ ਹੈ ਕਿ ਸਾਡਾ ਸਮਾਜ ਅੱਜ ਕਿੱਧਰ ਨੂੰ ਜਾ ਰਿਹਾ ਹੈ ਤੇ ਇਸ ਸਭ ਦਾ ਕਾਰਨ ਮਨੁੱਖ ਦੀ ਪਦਾਰਥਵਾਦੀ ਸੋਚ ਹੈ। ਸੋ ਇਹ ਪੁਸਤਕ ਪਾਠਕਾਂ ਨੂੰ ਸੇਧ ਦਿੰਦੀ ਹੈ ਤੇ ਮੇਰੇ ਅਨੁਸਾਰ ਹਰ ਇੱਕ ਵਰਗ ਦੇ ਪਾਠਕ ਨੂੰ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ।

-ਇੰਦਰਪ੍ਰੀਤ ਕੌਰ
ਮੋਬਾ. 98886-90280

ਰਘਬੀਰ ਸਿੰਘ ਭਰਤ ਦੀ ਪੁਸਤਕ 'ਬਨ ਫੁਲਵਾੜੀ' ਲੋਕ ਅਰਪਣ

ਲੁਧਿਆਣਾ–ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਪ੍ਰਕਾਸ਼ਿਤ ਪ੍ਰਸਿੱਧ ਲੇਖਕ ਸਵਰਗੀ ਸ. ਰਘਬੀਰ ਸਿੰਘ ਭਰਤ ਦੀ ਪੁਸਤਕ 'ਬਨ ਫੁਲਵਾੜੀ' ਲੋਕ ਅਰਪਣ ਕੀਤੀ ਗਈ। ਪ੍ਰਧਾਨਗੀ ਮੰਡਲ ਵਿਚ ਪ੍ਰੋ. ਗੁਰਭਜਨ ਸਿੰਘ ਗਿੱਲ, ਡਾ. ਪਾਲ ਕੌਰ, ਡਾ. ਜਸਵਿੰਦਰ ਸਿੰਘ, ਪ੍ਰੋ. ਸੁਰਜੀਤ ਜੱਜ, ਡਾ. ਸੰਦੀਪ ਸ਼ਰਮਾ ਅਤੇ ਡਾ. ਗੁਲਜ਼ਾਰ ਸਿੰਘ ਪੰਧੇਰ ਸ਼ਾਮਲ ਸਨ। ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕਿਹਾ ਕਿ ਪ੍ਰਸਿੱਧ ਲੇਖਕ ਜਨਾਬ ਅਫ਼ਜ਼ਲ ਪਰਵੇਜ਼ ਦੀ ਪੁਸਤਕ 'ਬਨ ਫੁਲਵਾੜੀ' (ਪੋਠੋਹਾਰ ਦੇ ਲੋਕ ਗੀਤ) ਦਾ ਲਿੱਪੀ–ਅੰਤਰ ਸ. ਰਘਬੀਰ ਸਿੰਘ ਭਰਤ ਹੁਰਾਂ ਨੇ ਕੀਤਾ, ਜਿਸ ਨੂੰ ਪੰਜਾਬੀ ਸਾਹਿਤ ਅਕਾਡਮੀ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ। ਇਹ ਕੇਵਲ ਅਤੀਤ ਦੀ ਯਾਦ ਨੂੰ ਸੰਭਾਲਣ ਦਾ ਉਪਰਾਲਾ ਨਹੀਂ, ਸਗੋਂ ਭਵਿੱਖ ਦੀਆਂ ਪੀੜ੍ਹੀਆਂ ਨੂੰ ਉਨ੍ਹਾਂ ਦੀਆਂ ਸੱਭਿਆਚਾਰਕ ਜੜ੍ਹਾਂ ਨਾਲ ਜੋੜਨ ਦਾ ਸਾਧਨ ਵੀ ਹੈ। ਅਕਾਡਮੀ ਆਸ ਕਰਦੀ ਹੈ ਕਿ 'ਬਨ ਫੁਲਵਾੜੀ' ਦਾ ਇਹ ਪੰਜਾਬੀ ਰੂਪਾਂਤਰ ਖੋਜਾਰਥੀਆਂ, ਲੋਕ ਸਾਹਿਤ ਦੇ ਅਧਿਐਤਾਵਾਂ, ਗਾਇਕਾਂ, ਵਿਦਿਆਰਥੀਆਂ ਅਤੇ ਆਮ ਪਾਠਕਾਂ ਵੱਲੋਂ ਇਕ ਕੀਮਤੀ ਸੱਭਿਆਚਾਰਕ ਦਸਤਾਵੇਜ਼ ਵਜੋਂ ਸਵੀਕਾਰਿਆ ਜਾਵੇਗਾ। 'ਬਨ ਫੁਲਵਾੜੀ' ਪੁਸਤਕ ਭਰਤ ਜੀ ਕੋਲ ਪਹੁੰਚ ਗਈ ਸੀ, ਪਰ ਬੜੇ ਦੁੱਖ ਅਤੇ ਅਫ਼ਸੋਸ ਦੀ ਗੱਲ ਹੈ ਕਿ ਉਹ ਸਾਨੂੰ ਸਦੀਵੀ ਵਿਛੋੜਾ ਦੇ ਗਏ ਅਤੇ ਪੁਸਤਕ ਲੋਕ ਅਰਪਣ ਸਮਾਗਮ ਵਿਚ ਸ਼ਾਮਲ ਨਾ ਹੋ ਸਕੇ। ਅਕਾਡਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਕਿਹਾ ਕਿ ਅਕਾਡਮੀ ਲਈ ਮਾਣ ਵਾਲੀ ਗੱਲ ਹੈ ਕਿ ਪੋਠੋਹਾਰ ਦੇ ਲੋਕ ਗੀਤਾਂ ਦੀ ਇਹ ਮਹੱਤਵਪੂਰਨ ਪੁਸਤਕ ਅਕਾਡਮੀ ਦੀਆਂ ਪ੍ਰਕਾਸ਼ਨਾਵਾਂ ਦਾ ਹਿੱਸਾ ਬਣੀ ਹੈ। ਗੁਰਭਜਨ ਸਿੰਘ ਗਿੱਲ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਇਕ ਦਿਨ ਪਹਿਲਾਂ ਮੈਂ ਖ਼ੁਦ ਸ. ਰਘਬੀਰ ਸਿੰਘ ਭਰਤ ਨੂੰ ਮਿਲ ਕੇ ਕਿਤਾਬਾਂ ਉਨ੍ਹਾਂ ਨੂੰ ਦੇ ਕੇ ਆਇਆ ਸੀ ਪਰ ਇਹ ਗੱਲ ਚਿੱਤ-ਚੇਤਿਆਂ ਵਿਚ ਵੀ ਨਹੀਂ ਸੀ ਕਿ ਉਹ ਏਨੀ ਜਲਦੀ ਸਾਡੇ ਤੋਂ ਵਿੱਛੜ ਜਾਣਗੇ।

ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਡਾ. ਹਰੀ ਸਿੰਘ ਜਾਚਕ, ਪ੍ਰਭਜੋਤ ਸੋਹੀ, ਕੇ. ਸਾਧੂ ਸਿੰਘ, ਚਰਨਜੀਤ ਸਿੰਘ, ਅਸ਼ਵਨੀ ਜੇਤਲੀ, ਡਾ. ਗੁਰਇਕਬਾਲ ਸਿੰਘ, ਜਨਮੇਜਾ ਸਿੰਘ ਜੌਹਲ, ਡਾ. ਜਗਵਿੰਦਰ ਜੋਧਾ, ਭਗਵਾਨ ਢਿੱਲੋਂ, ਡਾ. ਧਨਵੰਤ ਕੌਰ, ਡਾ. ਗੁਰਚਰਨ ਕੌਰ ਕੋਚਰ, ਇੰਦਰਜੀਤਪਾਲ ਕੌਰ, ਸੁਰਿੰਦਰ ਦੀਪ, ਡਾ. ਬਲਵਿੰਦਰ ਸਿੰਘ ਔਲਖ ਗਲੈਕਸੀ, ਤਰਲੋਚਨ ਝਾਂਡੇ, ਅਮਰਜੀਤ ਸ਼ੇਰਪੁਰੀ, ਸਤਨਾਮ ਸਿੰਘ ਕੋਮਲ, ਨੇਤਰ ਸਿੰਘ ਮੁੱਤੋਂ, ਰਜਿੰਦਰ ਵਰਮਾ, ਹਰਬਖ਼ਸ਼ ਸਿੰਘ ਗਰੇਵਾਲ, ਅਜੀਤ ਪਿਆਸਾ, ਪਰਵਿੰਦਰ ਸਿੰਘ ਕਲਸੀ, ਜਗਪਾਲ ਸਿੰਘ ਜਮਾਲਪੁਰੀ, ਮੇਜਰ ਸਿੰਘ ਛੀਨਾ, ਅਵਤਾਰ ਸਿੰਘ ਜਗਰਾਉਂ, ਦਰਸ਼ਨ ਬੋਪਾਰਾਏ, ਹਰਬੰਸ ਸਿੰਘ ਅਖਾੜਾ, ਡਾ. ਸੋਮਪਾਲ ਹੀਰਾ, ਡਾ. ਕੰਵਲ ਢਿੱਲੋਂ, ਜਗਤਾਰ ਸੇਖਾ, ਸੰਧੇ ਸੁਖਬੀਰ ਸਮੇਤ ਕਾਫ਼ੀ ਗਿਣਤੀ ਵਿਚ ਲੇਖਕ ਅਤੇ ਸਰੋਤੇ ਸ਼ਾਮਲ ਹੋਏ।

ਅਰਤਿੰਦਰ ਸੰਧੂ ਨਾਲ ਸਾਹਿਤਕ ਸੰਵਾਦ

ਕੈਲੀਫੋਰਨੀਆ–ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾ) ਵੱਲੋਂ ਅਕਾਦਮੀ ਦੇ ਪ੍ਰਧਾਨ ਕੁਲਵਿੰਦਰ ਦੇ ਗ੍ਰਹਿ ਮਾਰਟੀਨੇਜ਼ ਵਿਖੇ ਪੰਜਾਬ ਤੋਂ ਆਈ ਲੇਖਿਕਾ ਅਤੇ 'ਏਕਮ' ਦੀ ਸੰਪਾਦਕ ਅਰਤਿੰਦਰ ਸੰਧੂ ਨਾਲ ਸਾਹਿਤਕ ਸੰਵਾਦ ਅਤੇ ਕਵੀ ਦਰਬਾਰ ਕਰਵਾਇਆ ਗਿਆ। ਇਸ ਮੌਕੇ ਸਾਹਿਤਕਾਰਾਂ ਨੇ ਅਰਤਿੰਦਰ ਸੰਧੂ ਦੇ ਸਾਹਿਤਕ ਯੋਗਦਾਨ ਅਤੇ ਪੰਜਾਬੀ ਸਾਹਿਤ ਦੇ ਪ੍ਰਚਾਰ-ਪ੍ਰਸਾਰ ਲਈ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ।

ਪ੍ਰੋ. ਹਰਿੰਦਰ ਕੌਰ ਸੋਹੀ ਨੇ ਮੰਚ ਸੰਚਾਲਨ ਕਰਦਿਆਂ ਹਾਜ਼ਰ ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਆਖਿਆ। ਲਾਜ ਨੀਲਮ ਸੈਣੀ ਨੇ ਅਰਤਿੰਦਰ ਸੰਧੂ ਦੀ ਸਾਹਿਤਕ ਸ਼ਖ਼ਸੀਅਤ ਬਾਰੇ ਕਿਹਾ ਕਿ ਬਹੁ ਵਿਧਾਈ ਲੇਖਿਕਾ ਅਰਤਿੰਦਰ ਸੰਧੂ ਨੇ ਕਵਿਤਾ, ਕਹਾਣੀ, ਵਾਰਤਕ ਅਤੇ ਅਨੁਵਾਦ ਦੇ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਅਰਤਿੰਦਰ ਸੰਧੂ ਨੇ ਆਪਣੇ ਸਾਹਿਤਕ ਸਫ਼ਰ ਬਾਰੇ ਗੱਲ ਕਰਦਿਆਂ ਦੱਸਿਆ ਕਿ ਕਵਿਤਾ ਦੀਆਂ ਸੋਲਾਂ ਪੁਸਤਕਾਂ ਤੋਂ ਇਲਾਵਾ ਉਨ੍ਹਾਂ ਕਹਾਣੀ, ਵਾਰਤਕ ਅਤੇ ਅਨੁਵਾਦ ਦੇ ਖੇਤਰਾਂ ਵਿੱਚ ਵੀ ਕੰਮ ਕੀਤਾ ਹੈ। ਉਨ੍ਹਾਂ ਨੇ ਆਪਣੀ ਕਹਾਣੀ 'ਸੂਬੇਦਾਰਨੀ ਦਾ ਪੋਤਾ' ਅਤੇ ਹੋਰ ਲੇਖਾਂ ਬਾਰੇ ਵੀ ਵਿਚਾਰ ਸਾਂਝੇ ਕੀਤੇ।

ਇਸ ਉਪਰੰਤ ਹੋਏ ਕਵੀ ਦਰਬਾਰ ਵਿੱਚ ਡਾ. ਜਸਵੀਰ ਸਿੰਘ ਗਿੱਲ, ਅਰਤਿੰਦਰ ਸੰਧੂ, ਅਮਰਜੀਤ ਜੌਹਲ, ਅਜ਼ੀਮ, ਕਾਕਾ ਕਲੇਰ, ਸੁਖਜੀਤ ਸਿੰਘ, ਜਗਜੀਤ ਨੌਸ਼ਹਿਰਵੀ, ਹਰਪ੍ਰੀਤ ਕੌਰ ਧੂਤ, ਕੁਲਵਿੰਦਰ ਅਤੇ ਲਾਜ ਨੀਲਮ ਸੈਣੀ ਸਮੇਤ ਹੋਰ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

ਡਾ. ਸੁਖਦੇਵ ਸਿੰਘ ਸਿਰਸਾ ਨੇ ਵੋਟਰਾਂ ਦਾ ਕੀਤਾ ਧੰਨਵਾਦ

ਬਰਨਾਲਾ : ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਇਸ ਵਾਰ ਗਰੈਜੂਏਟ ਹਲਕੇ ਤੋਂ ਚੁਣੇ ਸੈਨੇਟਰ ਡਾ.ਸੁਖਦੇਵ ਸਿੰਘ ਸਿਰਸਾ ਨੇ ਬਰਨਾਲਾ ਪਹੁੰਚ ਕੇ ਸੈਨੇਟ ਦੇ ਵੋਟਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਸਥਾਨਕ ਗ਼ਜ਼ਲ ਹੋਟਲ ਵਿਖੇ ਭਰਵੇਂ ਇਕੱਠ ਨੂੰ ਸੰਬੋਧਨ ਹੁੰਦਿਆਂ ਉਹਨਾ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਮਿਲੇ ਅਧਿਕਾਰਾਂ ਦੀ ਦਿਨ ਬ ਦਿਨ ਦਿੱਤੀ ਜਾ ਰਹੀ ਬਲੀ ਨੂੰ ਠੱਲ੍ਹਣ ਲਈ ਇਹ ਚੋਣ ਲੜਨੀ ਜ਼ਰੂਰੀ ਸੀ। ਤੁਹਾਡੇ ਵੱਲੋਂ ਮਿਲੇ ਸਤਿਕਾਰ ਨੇ ਮੇਰਾ ਹੌਸਲਾ ਵੀ ਵਧਾਇਆ ਹੈ ਤੇ ਮੈਨੂੰ ਬਲ ਵੀ ਬਖ਼ਸ਼ਿਆ ਹੈ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਸਾਬਕਾ ਜਨਰਲ ਸਕੱਤਰ ਸੁਰਜੀਤ ਜੱਜ ਨੇ ਕਿਹਾ ਅੱਜ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਹਰ ਪਾਸੇ ਤੋਂ ਮਿਲ ਰਹੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਲੋਕ ਪੱਖੀ ਵਿਚਾਰਾਂ 'ਤੇ ਪਹਿਰਾ ਦੇਣਾ ਸਮੇਂ ਦੀ ਮੁੱਖ ਮੰਗ ਹੈ। ਇਹ ਲੜਾਈ ਤਾਂ ਹੀ ਲੜੀ ਜਾ ਸਕਦੀ ਹੈ ਜੇ ਅਸੀਂ ਯੋਗ ਆਗੂਆਂ ਨੂੰ ਅੱਗੇ ਲੈ ਕੇ ਆਵਾਂਗੇ। ਇਸ ਵਾਰ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਦੇ ਅਹੁਦੇ ਲਈ ਚੋਣ ਲੜ ਰਹੇ ਸਾਹਿਤ ਹਰਮੀਤ ਵਿਦਿਆਰਥੀ ਨੇ ਕਿਹਾ ਕਿ ਕੇਂਦਰੀ ਸਭਾ ਨੂੰ ਫਿਰ ਸਰਗਰਮ ਕਰਨ ਲਈ ਤੁਹਾਡੇ ਸਹਿਯੋਗ ਦੀ ਲੋੜ ਹੈ। ਸਮਾਗਮ ਦੇ ਆਰੰਭ ਵਿੱਚ ਜਿੱਥੇ ਡਾ.ਹਰਿਭਗਵਾਨ ਨੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਉੱਥੇ ਭੋਲਾ ਸਿੰਘ ਸੰਘੇੜਾ ਤੇ ਤਰਸੇਮ ਨੇ ਬਰਨਾਲਾ ਦੇ ਵੋਟਰਾਂ ਵੱਲੋ ਮਿਲੇ ਸਹਿਯੋਗ ਦਾ ਵਿਸਥਾਰ ਵਿੱਚ ਜ਼ਿਕਰ ਕੀਤਾ।

ਸਫ਼ਾ 3 ਦੀ ਬਾਕੀ

ਸੁਪਨੇ ਅਤੇ ਹਕੀਕਤ ਦਾ ਬਿਰਤਾਂਤ..

ਦਰਜ ਹਨ। ਮਾਂ ਨੂੰ ਉਸ ਦੇ 'ਲੜਕਾ' ਹੋਣ ਦਾ ਪਤਾ 'ਬੀਬੀ' ਦੇ ਉਹ ਕੰਨਾਂ ਵਿੱਚ ਰਸ ਘੋਲਣ ਵਾਲੇ ਲਫ਼ਜ਼ ਕਿ 'ਦੇਖ ਕਿੰਨੀਆਂ ਸੋਹਣੀਆਂ ਅੱਖਾਂ ਨਾਲ ਦੇਖਦਾ ਏ, ਤੇ 'ਦਾ' ਲਫ਼ਜ਼ ਸੁਣਿਆ ਸੀ, ਇਸ ਬੇਹੋਸ਼ੀ ਵਿੱਚ ਤੇ ਚੰਗਾ ਵੀ ਲੱਗਾ ਸੀ। ਬੱਚਾ ਹੋਣ ਤੋਂ 10 ਦਿਨ ਬਾਅਦ ਮਾਂ ਨੂੰ ਜਦੋਂ ਕੁਝ ਹੋਸ਼ ਆਉਂਦੀ ਹੈ ਤਾਂ ਉਹ ਆਪਣੇ ਆਪ ਨਾਲ ਗੱਲਾਂ ਕਰਦੀ ਹੈ। ਉਸ ਦਾ ਜ਼ਰੀਆ ਨਵਜੰਮਿਆਂ ਬੱਚਾ ਹੈ। ਉਹ ਮਨ ਹੀ ਮਨ ਕਹਿ ਰਹੀ ਹੈ–"ਦੇਖ ਮੈਂ ਕਿੰਨੀ ਖ਼ੁਸ਼ ਹਾਂ ਤੇਰੀ ਮਾਂ–ਕਿੰਨਾ ਪਿਆਰਾ ਤੇ ਸੋਹਣਾ ਲਫ਼ਜ਼ ਏ। ਮੇਰੇ ਬੇਟੇ, ਮੇਰੇ ਗੁਗਲੂ।" "ਬੇਟੇ ਮੈਂ ਥੱਕ ਜਾਂਦੀ ਹਾਂ–ਖ਼ੁਸ਼ੀਆਂ ਵੰਡਦੀ, ਖ਼ੁਸ਼ੀ ਲੈਂਦੀ ਥੱਕ ਜਾਂਦੀ ਹਾਂ। ਮੈਨੂੰ ਮੇਰੇ ਬੇਟੇ ਤੇਰਾ ਏਨਾ ਚਾਅ ਏ ਕਿ ਮੈਨੂੰ ਪਤਾ ਹੀ ਨਈਂ ਲੱਗਦਾ ਕਿੱਥੋਂ ਸ਼ੁਰੂ ਕਰਾਂ, ਕਿੱਥੇ ਬੰਦ ਕਰਾਂ–ਹੁਣ ਅਸੀਂ ਤਿੰਨ ਹਾਂ–ਤੇਰੇ ਪਾਪਾ, ਮੇਰੇ ਬੱਚੇ ਤੂੰ ਤੇ ਤੁਹਾਡੇ ਦੋਹਾਂ ਦੀ ਦੀਵਾਨੀ ਤੇਰੀ ਮਾਂ।" (ਸਫ਼ਾ 26–27)

ਅਗਲੇ ਪੰਨਿਆਂ 'ਤੇ 'ਭੰਡ ਆਏ ਨੱਚ ਗਏ ਤੇ ਆਪਣਾ ਬਣਦਾ ਲੈ ਗਏ। ਖੁਸਰੇ ਆਏ, ਮਰਾਸਣ ਆਈ, ਮੰਗ ਕੇ ਲੈ ਗਏ। ਬੇਟੇ ਨਾਲ ਗੱਲਾਂ ਕਰ ਰਹੀ ਹੈ, ਜੋ ਅਜੇ ਕੁਝ ਦਿਨਾਂ ਦਾ ਹੈ। ਲਿਖਦੀ ਹੈ ਕਿ ਤੂੰ ਦਿਨੇ ਸੁੱਤਾ ਰਹਿੰਦਾ ਏਂ ਤੇ ਸਾਰੀ ਰਾਤ ਜਾਗਦਾ ਰਹਿੰਦਾ ਏਂ। ਮਹੀਨੇ ਦਾ ਹੋ ਜਾਣ 'ਤੇ ਫ਼ੋਟੋ ਖਿਚਵਾਈਆਂ। ਫੇਰ ਹੈਦਰਾਬਾਦ ਉਸ ਦੇ ਪਾਪਾ ਨੂੰ ਮਿਲਣ ਗਏ। ਬਿਮਾਰੀ ਤੇ ਹੋਰ ਮਸਲੇ ਆਉਂਦੇ ਰਹੇ, ਨਜਿੱਠਦੇ ਰਹੇ। ਜਨਮ ਸਰਟੀਫਿਕੇਟ ਬਣ ਕੇ ਆਇਆ। ਸੇਬ ਦਾ ਰਸ ਤੇ ਅੰਡਾ ਸ਼ੁਰੂ ਕੀਤਾ। ਪਰੈਮ ਲਿਆ ਕੇ ਸੈਰ ਕਰਾਉਣੀ ਆਰੰਭੀ। ਪੋਲੀਓ ਡਰਾਪਸ ਤੇ ਟੀਕੇ ਲੱਗੇ। ਪਹਿਲਾਂ ਦੰਦ ਉੱਪਰ ਵਾਲਾ ਆਇਆ। ਪਹਿਲੀ ਵਾਰ ਸ਼ਬਦ 'ਆਜਾ' ਕਿਹਾ। ਖਲੋ ਕੇ ਛਾਲ ਮਾਰਨ ਦੀ ਕੋਸ਼ਿਸ਼ ਕੀਤੀ। 'ਮੰਮਾ' ਕਹਿ ਕੇ ਬੁਲਾਇਆ। 'ਕਾਕਾ' ਸ਼ਬਦ ਕਿਹਾ। ਦਹੀਂ ਖਾਣ ਲੱਗਾ। ਮਾਂ ਦੇ ਕਦੇ ਠੁੱਡੇ ਮਾਰਦਾ ਤੇ ਕਦੇ ਥੱਪੜ। ਫੇਰ ਪੂਰਾ ਵਾਕ ਬੋਲਣ ਲੱਗਿਆ। ਕਿਤੇ–ਕਿਤੇ ਮਾਂ ਬੱਚੇ ਦੀ ਆਵਾਜ਼ ਹੀ ਬੋਲਣ ਲੱਗ ਜਾਂਦੀ ਹੈ ਉਹ ਕਹਿੰਦੀ ਹੈ–"ਤੇਰੇ ਗੁਲੇ ਮੁਲੇ ਹੱਥ ਮੇਰੀਆਂ ਗੱਲਾਂ ਭੰਨ ਸੁੱਟਦੇ ਨੇ।" ਤੂੰ ਕਦਮ ਪੁੱਟਦਾ ਏਂ ਡਿੱਗ ਪੈਂਦਾ ਏਂ। ਤੇਰੀ ਇਹ ਚਾਲ–ਤੇਰਾ ਡਿੱਗ ਪੈਣਾ, ਫਿਰ ਕੋਸ਼ਿਸ਼ ਕਰਕੇ ਉੱਠਣਾ–ਇਹ ਵਿਕਾਸ ਅਤੇ ਵੱਡੇ ਹੋਣ ਦਾ ਰਾਹ ਏ। ਇਹ ਕਦਮ ਇੱਕ ਦਿਨ ਅਜਿਹੇ ਤੇਜ਼ ਚੱਲਣਗੇ ਕਿ ਤੂੰ ਡਾਹ ਨਹੀਂ ਦੇਵੇਂਗਾ। (ਸਫ਼ਾ 57)

ਇਨ੍ਹਾਂ ਬੋਲਾਂ ਵਿੱਚ ਬੱਚੇ ਦੇ ਵੱਡਾ ਹੋਣ ਦੀ ਵਾਰਤਾ ਹੈ। ਇੱਕ ਮਾਂ ਦੀ ਭਵਿੱਖ ਮੁਖੀ ਕਲਪਨਾ ਹੈ। ਉਸਾਰੂ ਸੋਚ ਹੈ। ਅਗਲੇ ਪੰਨਿਆਂ 'ਤੇ ਹੋਰ ਵੀ ਰੌਚਿਕ ਬਿਰਤਾਂਤ ਹਨ।

ਇੱਕ ਪੱਖ ਹੋਰ ਕਿ ਮਾਂ ਬੱਚੇ ਦੀਆਂ ਗੱਲਾਂ ਕਰਦੇ ਹੋਏ ਆਪਣੇ ਪਤੀ, ਉਸ ਦੇ ਦੂਰ ਬੈਠੇ ਪਾਪੇ ਨੂੰ ਵੀ ਹਰ ਗੱਲ, ਹਰ ਘਟਨਾ, ਹਰ ਬੋਲ ਵਿੱਚ ਚੇਤਿਆਂ ਵਿੱਚ ਰੱਖਦੀ ਹੈ। ਇਹ ਇੱਕ ਭਾਰਤੀ ਮਾਂ ਦਾ ਆਦਰਸ਼ ਰੂਪ ਹੈ।

ਕਾਲਜ ਦੇ ਦਿਨਾਂ ਵਿੱਚ ਸਾਹਿਰ ਲੁਧਿਆਣਵੀ ਦੀ ਉਹ ਫੈਨ ਹੋ ਜਾਂਦੀ ਹੈ ਤੇ ਉਸ ਦੀ ਕਵਿਤਾ ਯਾਦ ਕਰ ਲੈਂਦੀ ਹੈ। ਭਾਈ ਵੀਰ ਸਿੰਘ, ਰਵਿੰਦਰ ਨਾਥ ਟੈਗੋਰ ਅਤੇ ਰੂਸੀ ਲੇਖਕ ਚੈਖਵ ਦੇ ਹਵਾਲੇ ਉਸ ਦੇ ਵਿਸਤ੍ਰਿਤ ਸਾਹਿਤਕ ਗਿਆਨ ਦੇ ਪ੍ਰਮਾਣ ਹਨ। ਅੰਗਰੇਜ਼ੀ ਦੀ ਕਾਲਜ ਲੈਕਚਰਾਰ ਕਸ਼ਮੀਰ ਦੀ ਸੈਰ 'ਤੇ ਗਿਆਂ ਉੱਥੋਂ ਦੀ ਸੁੰਦਰਤਾ ਨਾਲ ਅੰਗਰੇਜ਼ੀ ਕਵੀ ਵਰਡਜ਼ਵਰਥ ਦੀ ਕਵਿਤਾ 'ਟਿਨਟਰਨ ਐਬੇ' ਨੂੰ ਯਾਦ ਕਰਦੀ ਹੈ। ਏਵੇਂ ਹੀ ਆਪਣੇ ਪਤੀ 'ਮਿੱਠੂ' ਦੀ ਚਿੱਠੀ ਪੜ੍ਹ ਕੇ ਬੇਟੇ 'ਰਾਹਤ' ਨਾਲ ਗੱਲਾਂ ਕਰਦੀ ਸ਼ਿਵ ਕੁਮਾਰ ਬਟਾਲਵੀ ਦੇ ਗੀਤ 'ਕੀ ਪੁੱਛਦੇ ਹੋ ਹਾਲ ਫਕੀਰਾਂ ਦਾ। ਸਾਡਾ ਨਦੀਓਂ ਪਿਛੜੇ ਨੀਰਾਂ ਦਾ' ਗੁਣਗੁਣਾਉਂਦੀ ਪਤੀ ਨਾਲ ਕਲਪਨਾ ਦੀ ਉਡਾਰੀ ਵਿੱਚ ਇੱਕ ਹੋਰ ਸ਼ਿਅਰ ਸਾਂਝਾ ਕਰਦੀ ਹੈ–

ਖ਼ੁਸ਼ਬੂ ਆਤੀ ਰਹੇ, ਦੂਰ ਸੇ ਹੀ ਸਹੀ,
ਸਾਹਮਣੇ ਹੋ ਚਮਨ ਕੋਈ ਕਮ ਤੋ ਨਹੀਂ–
ਚਾਂਦ ਮਿਲਤਾ ਨਹੀਂ ਸਭ ਕੋ ਸੰਸਾਰ ਮੇਂ–
ਹੈ ਦੀਆ ਹੀ ਬਹੁਤ ਰੋਸ਼ਨੀ ਕੇ ਲੀਏ। (ਸਫ਼ਾ 127)

30 ਮਈ 1986 ਦੀ ਡਾਇਰੀ ਦੇ ਪੰਨੇ 'ਤੇ ਬੇਟੇ ਨੂੰ ਸੰਬੋਧਨ ਕਰਦਿਆਂ ਬੀ.ਏ. ਫਾਈਨਲ ਦੀ ਕਲਾਸ ਲੈ ਰਹੀ ਲੇਖਿਕਾ ਸ਼ੈਕਸਪੀਅਰ ਦੇ ਨਾਟਕ 'ਦ ਮਰਚੈਂਟ ਆਫ਼ ਵੀਨਸ' ਦਾ ਕੁਝ ਲਾਈਨਾਂ ਵਿੱਚ ਪੂਰਾ ਸਾਰ ਸੁਣਾ ਦਿੰਦੀ ਹੈ। ਨਾਲ ਹੀ ਅੰਤ ਵਿੱਚ ਉਹ ਰਹਿਮ ਬਾਰੇ ਅਤੀ ਸੁੰਦਰ ਕਥਨ ਕਹਿ ਜਾਂਦੀ ਹੈ, ਜੋ ਵਿਚਾਰਨੇ ਬਣਦੇ ਹਨ–

ਸ਼ਾਈ ਲੋਕ ਨੂੰ ਪੋਰਸ਼ੀਆ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਰਹਿਮ ਕਰਨ ਦੀ ਅਪੀਲ ਕਰਦੀ ਰਹਿੰਦੀ ਏ–

"ਰਹਿਮ ਅਜਿਹਾ ਗੁਣ ਹੈ, ਜਿਸ ਨੂੰ ਜ਼ਬਰਦਸਤੀ ਨਹੀਂ ਮਾਨਿਆ ਜਾ ਸਕਦਾ। ਰਹਿਮ ਤਾਂ ਮਿੱਠੀਆਂ ਜਿਹੀਆਂ ਅਸਮਾਨ ਤੋਂ ਡਿੱਗਦੀਆਂ ਮੀਂਹ ਦੀਆਂ ਕਣੀਆਂ ਦੀ ਤਰ੍ਹਾਂ ਏ, ਰਹਿਮ, ਦਿਖਾਉਣ ਵਾਲੇ ਨੂੰ ਤੇ ਜਿਸ 'ਤੇ ਰਹਿਮ ਕੀਤਾ ਜਾਵੇ, ਉਨ੍ਹਾਂ ਦੋਹਾਂ ਨੂੰ ਸਕੂਨ ਦਿੰਦਾ ਏ, ਆਸ਼ੀਰਵਾਦ ਦਿੰਦਾ ਏ–ਤੇ ਰਹਿਮ, ਜੇ ਕਦੇ ਵੱਡਿਆਂ ਵਿੱਚ ਆ ਜਾਵੇ ਤਾਂ ਉਹ ਹੋਰ ਵੀ ਵੱਡੇ ਹੋ ਜਾਂਦੇ ਨੇ–ਰਹਿਮ ਤਾਂ ਰਾਜੇ–ਮਹਾਰਾਜੇ ਦੇ ਤਾਜ ਤੋਂ ਵੀ ਵੱਧ ਉੱਚਾ ਤੇ ਕੀਮਤੀ ਏ।" (ਸਫ਼ਾ 168)

ਇਹ ਪੁਸਤਕ ਲੇਖਿਕਾ ਦੀ ਵਾਰਤਕ–ਸ਼ੈਲੀ ਦੇ ਸਿਖ਼ਰ ਦਾ ਰੂਪ ਹੈ। ਲੇਖਿਕਾ ਦੀ ਸਿਰਜਣ ਪ੍ਰਕਿਰਿਆ ਦੇ ਉਦਭਵ ਦੀ ਗੱਲ ਵੀ ਉਨ੍ਹਾਂ ਦੀ ਇਸ ਪੁਸਤਕ ਦੇ 10 ਅਪ੍ਰੈਲ 1981 ਦੇ ਸਫ਼ਾ 59 'ਤੇ ਦਰਜ ਮਨ–ਬਚਨੀ ਵਿੱਚੋਂ ਆਪਣੇ ਬੇਟੇ ਨਾਲ ਰਚਾਏ ਸੰਵਾਦ ਰਾਹੀਂ ਇੰਜ ਪ੍ਰਗਟ ਹੁੰਦੀ ਹੈ–

ਮੇਰੇ ਮਨ ਦੇ ਵਲਵਲੇ, ਮੇਰੇ ਬੱਚੇ ਜੋ ਤੇਰੇ ਬਾਪ ਲਈ ਉੱਠਦੇ ਹਨ– ਉਹ ਮੈਂ ਤੇਰੀ ਸਮਝ ਮੁਤਾਬਿਕ ਤੇਰੇ ਨਾਲ ਸਾਂਝੇ ਕਰ ਸਕਾਂਗੀ। ਤੇ ਮੇਰੇ ਬੇਟੇ, ਮੈਂ ਆਪਣੀ ਸੰਤੁਸ਼ਟੀ ਲਈ ਤੇਰੇ ਨਾਲ ਤੇਰੇ ਪਾਪਾ ਦੀਆਂ ਗੱਲਾਂ ਕਰਿਆ ਕਰਾਂਗੀ। ਤੇ ਇੰਝ ਆਪਣੇ ਜਜ਼ਬਾਤ ਨੂੰ ਹੁੰਗਾਰਾ ਮਿਲਣ ਨਾਲ ਮੈਂ ਰਿਲੈਕਸ ਹੋਵਾਂਗੀ।

ਅੰਗਰੇਜ਼ੀ ਦੀ ਸ਼ਬਦਾਵਲੀ ਅਤੇ ਪੱਤਰ ਉਸ ਦੀ ਵਿਸ਼ੇ ਵਿੱਚ ਪਰਪੱਕਤਾ ਦਾ ਸਬੂਤ ਹਨ। ਪੁਸਤਕ ਪੜ੍ਹਨ ਸਮੇਂ ਲੇਖਿਕਾ ਪਾਠਕ ਨੂੰ ਨਾਲ ਜੋੜੀ ਰੱਖਦੀ ਹੈ ਤੇ ਪਾਠਕ ਉਕਤਾਉਂਦਾ ਨਹੀਂ ਹੈ। ਉਸ ਦਾ ਵੀ ਲੇਖਿਕਾ ਵਾਂਗ ਕਥਾਰਸਿਜ਼ ਹੁੰਦਾ ਜਾਂਦਾ ਹੈ। ਇਹ ਉੱਤਮ ਸਾਹਿਤ ਦੀ ਨਿਸ਼ਾਨੀ ਹੈ।

ਪੰਜਾਬੀ ਸਾਹਿਤ ਵਿੱਚ ਸਵੈਜੀਵਨੀ, ਨਾਵਲ, ਸੰਸਮਰਣ, ਯਾਦਾਂ ਤੇ ਚਿੱਠੀਆਂ ਆਦਿ ਵਿੱਚ ਬਹੁਤ ਸਾਰਾ ਸਾਹਿਤ ਹੈ ਪਰੰਤੂ ਇਹ ਉਸ ਦੇ ਵਿਕਾਸ ਦਾ ਅਗਲਾ ਪੜਾਅ ਹੈ। ਪ੍ਰਿੰ. ਗੁਰਦੇਵ ਪਾਲ ਨੇ ਆਪਣੇ ਪਹਿਲੇ ਹੀ ਕਦਮ ਨਾਲ ਆਪਣੀ ਸਾਹਿਤਕ ਸਥਾਪਤੀ ਕਰ ਲਈ ਹੈ। ਉਸ ਦੀ ਲਿਖਤ ਵਿੱਚ ਕਿਧਰੇ ਵੀ ਪੱਖਪਾਤੀ, ਈਰਖਾਲੂ ਭਾਅ ਨਹੀਂ ਮਾਰਦੀ। ਉਸ ਦੀ ਰਚਨਾ ਵਿੱਚੋਂ ਪ੍ਰੇਮ, ਮੁਹੱਬਤ, ਉਡੀਕ, ਮਿਲਾਪ ਅਤੇ ਨਾਰੀ ਸੰਵੇਦਨਾ ਝਲਕਦੀ ਹੈ। ਪ੍ਰਿੰ. ਗੁਰਦੇਵ ਪਾਲ ਅਨੁਸ਼ਾਸ਼ਿਤ ਨਰ–ਨਾਰੀ ਦੀ ਹਾਮੀ ਹੈ। ਔਰਤ–ਮਰਦ ਬਰਾਬਰ ਦੇ ਪਹੀਏ ਬਣ ਕੇ ਸੰਤੁਲਿਤ ਖ਼ੁਸ਼ੀ ਭਰਿਆ ਜੀਵਨ ਬਤੀਤ ਕਰਨ, ਇਹ ਉਸ ਦੀ ਦਿਲੀ ਤਮੰਨਾ ਹੈ। ਪ੍ਰਿੰ. ਗੁਰਦੇਵ ਪਾਲ ਦੀ ਪੁਸਤਕ 'ਸੁਪਨਿਆਂ ਦੀ ਤਾਮੀਰ' ਦਾ ਆਖ਼ਰੀ ਪੈਰ੍ਹਾ ਜੋ 2 ਜੁਲਾਈ 1986 ਨੂੰ ਉਨ੍ਹਾਂ ਤਿੰਨਾਂ ਦੇ ਪੱਕੇ ਤੌਰ 'ਤੇ ਮਿਲ ਕੇ ਰਹਿਣ ਦੀਆਂ ਘੜੀਆਂ ਦੇ ਪਹਿਲੇ ਦਿਨ ਦਾ ਦ੍ਰਿਸ਼ ਬਿਆਨ ਕਰਦਾ ਇੱਕ ਸੁੰਦਰ, ਸਿਹਤਮੰਦ, ਖ਼ੁਸ਼ਹਾਲ, ਨਿਰਭੈ ਸਮਾਜ ਦਾ ਸੁਨੇਹਾ ਦੇ ਕੇ ਪਾਠਕਾਂ ਨੂੰ ਚੇਤੰਨ ਕਰਦਾ ਹੈ। ਇੱਕ ਲੰਮੀ ਉਡੀਕ, ਘਾਲਣਾ, ਇਕੱਲਤਾ ਲੋਕ ਹੱਕਾਂ ਦੇ ਸੰਗਰਾਮੀ ਦੇ ਦੁੱਖਾਂ ਦੀਆਂ ਘੜੀਆਂ ਦੀ ਸਮਾਪਤੀ ਦਾ ਸੰਦੇਸ਼ ਹੈ। ਉਸ ਦੀਆਂ ਕੁਝ ਪੰਗਤੀਆਂ ਦਾ ਹਵਾਲਾ ਦੇਣਾ ਅਤੀ ਜ਼ਰੂਰੀ ਰਹੇਗਾ ਜੋ ਕਿ ਇੰਜ ਹੈ–ਮੈਨੂੰ ਪੂਰਾ ਯਕੀਨ ਏ–ਆਪਾਂ ਰਲ–ਮਿਲ ਕੇ ਇਸ ਦੁਨੀਆ ਨੂੰ ਹੋਰ ਖ਼ੂਬਸੂਰਤ ਬਣਾਵਾਂਗੇ–ਤੇ ਲੱਗਦਾ ਏ ਮਿੱਤਰਾ 'ਜ਼ਿੰਦਗੀ ਖ਼ੂਬਸੂਰਤ ਹੈ' ਇਸ ਗੱਲ ਨੂੰ ਅਸੀਂ ਜਿਉਂਦੇ ਹੋਏ ਅਜਿਹਾ ਆਲਾ–ਦੁਆਲਾ ਸਿਰਜਦੇ ਰਹਾਂਗੇ, ਜਿਸ ਵਿੱਚ ਸਭ ਦੇ ਭਲੇ ਦੇ ਸੁਪਨੇ ਹੀ ਨਹੀਂ, ਸਗੋਂ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਦਾ ਸਭ ਲੋਕਾਂ ਦੇ ਚੰਗੇ ਜੀਵਨ ਵਿੱਚ ਯੋਗਦਾਨ ਪਾ ਸਕੀਏ। ਆਪਾਂ ਇਸ ਸਾਂਝੇ ਅਹਿਦ ਨਾਲ ਅੱਗੇ ਤੁਰੀਏ। (ਸਫ਼ਾ 175)

ਪਾਠਕ ਪੁਸਤਕ ਪੜ੍ਹ ਕੇ ਅਨੰਦਿਤ, ਉਤਸ਼ਾਹਿਤ ਤੇ ਚੰਗੇਰੇ ਜੀਵਨ ਦੇ ਪਾਂਧੀ ਬਣਨ। ਪ੍ਰਿੰ. ਗੁਰਦੇਵ ਪਾਲ ਅਜਿਹਾ ਹੋਰ ਸਾਹਿਤ ਮਾਂ–ਬੋਲੀ ਦੀ ਝੋਲੀ ਪਾਉਣ! ਉਨ੍ਹਾਂ ਨੂੰ ਇਸ ਕਾਰਜ ਲਈ ਮੁਬਾਰਕਾਂ!

ਸੰਪਰਕ : 98766-36159

ਸਫ਼ਾ 1 ਦੀ ਬਾਕੀ

ਬੱਬਰ ਅਕਾਲੀਆਂ ਦੀ ਸ਼ਹਾਦਤ...

ਵੱਲੋਂ 27 ਫਰਵਰੀ 1926 ਨੂੰ ਫਾਂਸੀ ਲਾਏ ਜਾਣ ਤੋਂ ਪਹਿਲਾਂ ਭੇਦ ਕੱਢਣ ਲਈ ਉਸ 'ਤੇ ਅੰਨ੍ਹਾ ਤਸ਼ੱਦਦ ਕੀਤਾ ਗਿਆ ਸੀ, ਜਿਸ ਬਾਰੇ ਉਸ ਨੇ ਇੱਕ ਲੰਮੇ ਬਿਆਨ ਵਿੱਚ ਲਿਖਿਆ ਵੀ ਹੈ।

4. ਸ਼ਹੀਦ ਦਲੀਪ ਸਿੰਘ ਧਾਮੀਆਂ ਦਾ ਜਨਮ 1908 ਨੂੰ ਲਾਭ ਸਿੰਘ ਦੇ ਘਰ ਪਿੰਡ ਧਾਮੀਆਂ (ਹੁਸ਼ਿਆਰਪੁਰ) ਵਿੱਚ ਹੋਇਆ। ਛੋਟੀ ਉਮਰੇ ਹੀ ਉਹ ਸਾਰੇ ਕਾਰਨਾਮਿਆਂ ਵਿੱਚ ਸ਼ਾਮਲ ਸੀ, ਜੋ ਪਾਰਟੀ ਵੱਲੋਂ ਤਜਵੀਜ਼ ਕੀਤੇ ਗਏ ਸਨ, ਖਾਸ ਕਰਕੇ ਝੋਲੀ–ਚੁੱਕਾਂ ਨੂੰ ਖਤਮ ਕਰਨ ਲਈ। 'ਭੁਜੰਗੀ' ਕਹਿਲਾਏ ਜਾਣ ਵਾਲੇ ਦਲੀਪ ਸਿੰਘ ਦੀ ਉਮਰ 18 ਸਾਲ ਤੋਂ ਘੱਟ ਸੀ, ਜਦੋਂ ਉਹ ਸ਼ਹੀਦ ਕੀਤਾ ਗਿਆ। ਸ਼ਹੀਦ ਭਗਤ ਸਿੰਘ ਨੇ ਉਸਦੇ ਜੀਵਨ ਬਾਰੇ ਲਿਖਿਆ ਸੀ।

5. ਸ਼ਹੀਦ ਧਰਮ ਸਿੰਘ ਦਾ ਜਨਮ 1876 ਨੂੰ ਸ. ਸੋਭਾ ਸਿੰਘ ਦੇ ਘਰ ਪਿੰਡ ਹਯਾਤਪੁਰ ਰੁੜਕੀ (ਹੁਸ਼ਿਆਰਪੁਰ) ਵਿੱਚ ਹੋਇਆ। ਪਿੰਡ ਦੇ ਅੰਗਰੇਜ਼ ਝੋਲੀ–ਚੁੱਕ ਦੇ ਕਤਲ ਕੇਸ ਵਿੱਚ 6 ਜੁਲਾਈ 1923 ਨੂੰ ਗ੍ਰਿਫ਼ਤਾਰ ਕਰਕੇ ਉਸ ਨੂੰ ਸਾਥੀਆਂ ਨਾਲ ਫਾਂਸੀ ਦਿੱਤੀ ਗਈ।

6. ਸ਼ਹੀਦ ਕਰਮ ਸਿੰਘ ਦਾ ਜਨਮ 1894 ਨੂੰ ਸ. ਭਗਵਾਨ ਸਿੰਘ (ਸੁਨਿਆਰ) ਦੇ ਘਰ ਪਿੰਡ ਹਰੀਪੁਰ (ਥਾਣਾ ਆਦਮਪੁਰ) ਵਿੱਚ ਹੋਇਆ। ਜੇਲ੍ਹ ਅੰਦਰਲੇ ਦੂਜੇ ਬਬਰਾਂ ਵੱਲੋਂ ਰਿਹਾ ਹੋਣ ਪਿਛੋਂ ਦੱਸਿਆ ਗਿਆ ਸੀ ਕਿ ਇਹ ਸ਼ਹੀਦ ਸਾਰੀ ਰਾਤ ਸ਼ਬਦ ਪੜ੍ਹਦਾ ਤੇ ਜੈਕਾਰੇ ਬੁਲਾਉਂਦਾ ਰਿਹਾ, ਤਾਂ ਕਿ ਜੀਵਨ ਦੀ ਇਸ ਆਖਰੀ ਰਾਤ ਲਾੜੀ ਨੂੰ ਵਰਨਾਉਣ ਦੀ ਖੁਸ਼ੀ ਵਿੱਚ ਬਿਤਾਇਆ ਜਾਵੇ।

ਇਕੋ ਸਮੇਂ ਫਾਂਸੀ ਲਾਕੇ, ਜੇਲ੍ਹ ਅਧਿਕਾਰੀ ਇਨ੍ਹਾਂ ਦੀਆਂ ਲਾਸ਼ਾਂ ਵਾਰਸਾਂ ਨੂੰ ਦੇਣੀਆਂ ਨਹੀਂ ਚਾਹੁੰਦੇ ਸਨ, ਪ੍ਰੰਤੂ ਜਨਤਕ ਰੋਹ ਨੇ ਉਨ੍ਹਾਂ ਦੀ ਚੱਲਣ ਨਾ ਦਿੱਤੀ। ਸਿੱਟੇ ਵਜੋਂ ਵਾਰਸਾਂ ਨੂੰ ਲਾਸ਼ਾਂ ਦਿੱਤੀਆਂ ਗਈਆਂ। ਲਾਹੌਰ ਜੇਲ੍ਹ ਤੋਂ ਛੇ–ਸੱਤ ਮੀਲ ਦੀ ਦੂਰੀ 'ਤੇ ਡੇਰਾ ਸਾਹਿਬ ਗੁਰਦੁਆਰਾ ਦੇ ਨੇੜੇ ਰਾਮੂ ਬਾਗ਼ ਦੇ ਸ਼ਮਸ਼ਾਨਘਾਟ, ਜੋ ਰਾਵੀ ਦੇ ਲਾਗੇ ਸੀ, ਫੁੱਲਾਂ ਨਾਲ ਸਜਾਈਆਂ ਅਰਥੀਆਂ ਵਿਸ਼ਾਲ ਜਲੂਸ ਦੀ ਸ਼ਕਲ ਵਿੱਚ ਲਿਜਾਈਆਂ ਗਈਆਂ। ਸ਼ਹੀਦਾਂ ਦੀ ਇੱਛਾ ਅਨੁਸਾਰ ਅੰਗੀਠੇ ਵਿੱਚ ਛੇਆਂ ਸ਼ਹੀਦਾਂ ਦਾ ਇਕੱਠਾ ਸਸਕਾਰ ਕੀਤਾ ਗਿਆ। 3 ਮਾਰਚ 1926 ਨੂੰ ਉਨ੍ਹਾਂ ਦੀਆਂ ਅਸਥੀਆਂ ਰਾਵੀ ਦਰਿਆ ਵਿੱਚ ਜਲ–ਪ੍ਰਵਾਹ ਕੀਤੀਆਂ ਗਈਆਂ ਸਨ।

12 ਦਸੰਬਰ 1923 ਨੂੰ ਪਿੰਡ ਮੰਡੇਰਾਂ ਵਿੱਚ ਬਬਰਾਂ ਦਾ ਮੁਕਾਬਲਾ ਪੁਲਸ ਤੇ ਫੌਜ਼ ਨਾਲ ਹੋਇਆ, ਜਿਸ ਵਿੱਚ ਬਬਰ ਜੁਆਲਾ ਸਿੰਘ ਫਤਿਹਪੁਰ ਕੋਠੀ ਤੇ ਬਬਰ ਧੰਨਾ ਸਿੰਘ ਧਾਮੀਆਂ ਸ਼ਹਾਦਤ ਪਾ ਗਏ। ਵਰਿਆਮ ਸਿੰਘ ਧੁੱਗਾ ਸਖ਼ਤ ਜ਼ਖ਼ਮੀ ਹੋਣ ਦੇ ਬਾਵਜੂਦ ਉਥੋਂ ਬਚ ਨਿਕਲਿਆ। ਉਹ ਠੀਕ ਹੋ ਕੇ ਬਾਰ ਦੇ ਇਲਾਕੇ, ਜ਼ਿਲ੍ਹਾ ਲਾਇਲਪੁਰ ਵਿੱਚ ਚਲਾ ਗਿਆ, ਜਿੱਥੋਂ ਉਸ ਨੇ ਬਬਰ ਲਹਿਰ ਨੂੰ ਨਵੇਂ ਸਿਰਿਉਂ ਲਾਮਬੰਦ ਕਰਕੇ ਹਕੂਮਤ ਤੇ ਉਸ ਦੇ ਝੋਲੀ–ਚੁੱਕਾਂ ਨੂੰ ਚਿੰਤਾ 'ਚ ਪਾ ਦਿੱਤਾ ਸੀ।

ਬਬਰ ਵਰਿਆਮ ਸਿੰਘ, ਚੱਕ ਨੰ. 54 ਵਿੱਚ ਪੁਲਸ ਨਾਲ ਹੋਏ ਮੁਕਾਬਲੇ ਵਿੱਚ 8 ਜੂਨ 1924 ਨੂੰ ਸ਼ਹੀਦ ਹੋ ਗਿਆ ਸੀ। ਉਸ ਦੇ ਬਾਕੀ ਸਾਥੀਆਂ ਬਾਰੇ ਗੱਦਾਰ ਆਸਾ ਸਿੰਘ ਭੁਕੜੁਦੀ ਤੇ ਧੰਨਾ ਸਿੰਘ ਕੋਟਲੀ ਦੋਨਾਂ ਵੱਲੋਂ ਸਰਕਾਰ ਨੂੰ ਭੇਦ ਦੱਸਣ 'ਤੇ 37 ਬਬਰ ਦੇਸ਼ ਭਗਤਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਜ਼ਿਲ੍ਹਾ ਲਾਹੌਰ ਦੇ ਐਡੀਸ਼ਨਲ ਸੈਸ਼ਨ ਜੱਜ ਐੱਸ.ਐੱਸ.ਹੈਰੀਸਨ ਦੀ ਅਦਾਲਤ ਵਿੱਚ ਮੁਕੱਦਮਾ ਚੱਲਿਆ। ਜੱਜ ਨੇ ਇਨ੍ਹਾਂ ਵਿੱਚੋਂ ਛੇ ਦੇਸ਼ ਭਗਤ ਬਬਰਾਂ 1. ਨਿੱਕਾ ਸਿੰਘ ਪੁੱਤਰ ਧੌਕਲ ਸਿੰਘ, ਪਿੰਡ ਗਿੱਲ (ਲੁਧਿਆਣਾ), 2. ਮੁਕੰਦ ਸਿੰਘ ਪੁੱਤਰ ਸਰਮੁੱਖ ਸਿੰਘ ਜਵੱਧੀ ਕਲਾਂ (ਲੁਧਿਆਣਾ), 3. ਬੰਤਾ ਸਿੰਘ ਪੁੱਤਰ ਹਜ਼ਾਰਾ ਸਿੰਘ, ਪਿੰਡ ਗੁਰੂਸਰ, ਥਾਣਾ ਦਾਖਾ, 4. ਸੁੰਦਰ ਸਿੰਘ ਪੁੱਤਰ ਬਸਾਵਾ ਸਿੰਘ ਪਨੂੰ, ਪਿੰਡ ਲਹੁਕਾ, ਥਾਣਾ ਸਰਹਾਲੀ ਕਲਾਂ (ਅੰਮ੍ਰਿਤਸਰ), 5. ਗੁੱਜਰ ਸਿੰਘ ਪੁੱਤਰ ਕਾਬਲ ਸਿੰਘ, ਪਿੰਡ ਢੱਪਈ (ਲੁਧਿਆਣਾ) ਅਤੇ 6. ਨਿੱਕਾ ਸਿੰਘ ਦੂਜਾ ਪੁੱਤਰ ਬੂਟਾ ਸਿੰਘ ਪਿੰਡ ਆਲੋਵਾਲ (ਅੰਮ੍ਰਿਤਸਰ) ਨੂੰ ਫਾਂਸੀ ਅਤੇ ਬਾਕੀਆਂ ਨੂੰ ਉਮਰ ਕੈਦ ਦੀਆਂ ਸਜ਼ਾਵਾਂ ਦਾ ਹੁਕਮ ਸੁਣਾਇਆ ਗਿਆ। ਪੂਰੇ ਇੱਕ ਸਾਲ ਪਿੱਛੋਂ ਉਸੇ ਤਾਰੀਕ, ਉਸੇ ਦਿਨ 27 ਫਰਵਰੀ 1927 ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਇਨ੍ਹਾਂ ਨੂੰ ਤਿੰਨਾਂ–ਤਿੰਨਾਂ ਦੇ ਜੁੱਟਾਂ ਵਿੱਚ ਫਾਂਸੀ ਦਿੱਤੀ ਗਈ। ਸ਼ਹੀਦਾਂ ਦੇ ਵਾਰਸਾਂ ਤੇ ਲੋਕਾਂ ਦੀ ਵਿਸ਼ਾਲ ਭੀੜ ਵੱਲੋਂ ਪਹਿਲਾਂ ਵਾਂਗ ਹੀ ਇਨ੍ਹਾਂ ਦੀਆਂ ਅਰਥੀਆਂ ਦਾ ਜਲੂਸ ਕੱਢ ਕੇ ਸਸਕਾਰ ਉਸੇ ਰਾਮੂ ਦੇ ਬਾਗ਼ ਵਾਲੇ ਸ਼ਮਸ਼ਾਨਘਾਟ ਵਿੱਚ ਅੰਗੀਠਾ ਸਜਾ ਕੇ ਕੀਤਾ ਗਿਆ ਸੀ। ਇਸ ਵਾਰ ਵੀ ਇਨ੍ਹਾਂ ਦੀਆਂ ਅਸਥੀਆਂ ਰਾਵੀ ਵਿੱਚ ਜਲ–ਪ੍ਰਵਾਹ ਕਰ ਦਿੱਤੀਆਂ ਗਈਆਂ ਸਨ। ਸ਼ਹੀਦ ਭਗਤ ਸਿੰਘ ਨੇ ਲਿਖਿਆ,"ਉਹ ਨਿਡੱਰ ਦੇਸ਼ ਭਗਤ ਸਨ। ਉਹ ਅਨਿਆਂ ਨਾ ਸਹਾਰ ਸਕੇ ਅਤੇ ਨਾ ਹੀ ਦੇਸ਼ ਦੀ ਢਹਿੰਦੀ ਹਾਲਤ ਵੇਖ ਸਕੇ, ਨਿਰਬਲਾਂ ਉੱਤੇ ਕੀਤੇ ਜਾਣ ਵਾਲੇ ਜ਼ੁਲਮ ਉਨ੍ਹਾਂ ਲਈ ਅਸਹਿ ਹੋ ਗਏ, ਆਮ ਜਨਤਾ ਦੀ ਲੁੱਟ ਘਸੁੱਟ ਉਹਨਾਂ ਕੋਲੋਂ ਸਹਾਰੀ ਨਾ ਗਈ। ਉਹਨਾਂ ਨੇ ਲਲਕਾਰਿਆ ਅਤੇ ਉਹ ਕੁੱਦ ਪਏ ਕਰਮ ਖੇਤਰ ਵਿੱਚ। ਉਹ ਸਜੀਵ ਸਨ, ਸੁਹਿਰਦ ਸਨ। ਕਰਮ ਖੇਤਰ ਵਿੱਚ ਜੂਝਣ ਵਾਲੇ ਧੰਨ ਸਨ।"

ਅੰਗਰੇਜ਼ੀ ਸਰਕਾਰ ਦੇ ਜ਼ੋਰ ਜੁਲਮ ਨੇ ਇਸ ਤਹਿਰੀਕ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਪਰ ਬੱਬਰ ਅਕਾਲੀਆਂ ਦੀਆਂ ਕੁਰਬਾਨੀਆਂ ਦੇ ਅਸਰ ਸਦਕਾ ਅਗੋਂ ਹੋਰ ਸਿਰਲੱਥ ਦੇਸ਼ ਭਗਤ ਇਸੇ ਰਸਤੇ 'ਤੇ ਚਲੇ, ਇਸ ਦੀ ਨਿਰੰਤਰਤਾ ਨੂੰ ਸੰਨ 1947 ਤੱਕ ਬਣਾਈ ਰਖਿਆ, ਜਿਵੇਂ ਮਾਣਕੋ ਕੇਸ, ਵੱਡੇ ਗੱਦਾਰ ਬੇਲਾ ਸਿੰਘ ਜਿਆਨ ਦਾ ਖਾਤਮਾ, ਗੁਰੂ ਕੇ ਬਾਗ਼ ਦੇ ਬੁੱਚੜ ਅੰਗਰੇਜ਼ ਪੁਲਸ ਅਧਿਕਾਰੀ ਬੀ.ਟੀ. ਅਤੇ ਮਾਇਕਲ ਉਡਵਾਇਰ ਦਾ ਖਾਤਮਾ ਕਰਨ ਵਾਲੇ ਬੱਬਰ ਅਕਾਲੀ ਲਹਿਰ ਦੀਆਂ ਮਹੱਤਵਪੂਰਨ ਅਗਲੀਆਂ ਕੜੀਆਂ ਦੇ ਨਾਇਕ ਹਨ।

ਇਨ੍ਹਾਂ ਸ਼ਹੀਦੀਆਂ ਤੋਂ ਬਾਅਦ ਬੱਬਰ ਅਕਾਲੀਆਂ ਨੂੰ ਦਬਾਉਣ ਅਤੇ ਲੋਕਾਂ ਉਪਰ ਤਸ਼ੱਦਦ ਦਾ ਦੌਰ ਸ਼ੁਰੂ ਕਰ ਦਿੱਤਾ ਗਿਆ ਸੀ। ਸ਼ਹੀਦ ਹੋਏ ਅਤੇ ਉਮਰ ਕੈਦਾਂ ਭੁਗਤਣ ਵਾਲੇ ਦੇਸ਼ ਭਗਤਾਂ ਦੇ ਬੁੱਢੇ ਮਾਪਿਆਂ ਅਤੇ ਬੱਚਿਆਂ ਨੂੰ ਸਹਾਰਾ ਦੇਣ ਵਾਲਾ ਕੋਈ ਨਹੀਂ ਸੀ। ਪਿੰਡਾਂ ਵਿੱਚ ਪੁਲਸ ਚੌਕੀਆਂ ਬਿਠਾ ਕੇ ਲੋਕਾਂ ਦਾ ਆਉਣਾ ਜਾਣਾ ਦੁਭਰ ਕਰ ਦਿੱਤਾ ਸੀ। ਦਹਿਸ਼ਤ ਦੇ ਦੌਰ ਵਿੱਚ ਕੋਈ ਭੀ ਦੇਸ਼ ਭਗਤਾਂ ਤੇ ਸ਼ਹੀਦਾਂ ਦੇ ਪਰਿਵਾਰਾਂ ਵੱਲ ਦੇਖਣ ਤੋਂ ਮਜ਼ਬੂਰ ਸੀ। ਅਜਿਹੇ ਹਾਲਾਤਾਂ ਬਾਰੇ ਅਰਜਨ ਸਿੰਘ 'ਸੱਚ' ਖੜੌਂਦੀ ਨੇ ਪੀੜ੍ਹਤ ਪ੍ਰਵਾਰਾਂ ਦੇ ਦਰਦ ਨੂੰ ਆਪਣੀ ਕਵਿਤਾ ਰਾਹੀਂ ਪੇਸ਼ ਕੀਤਾ :

ਬੱਬਰ ਸ਼ਹੀਦਾਂ ਦੇ ਬਾਲ ਬੱਚਿਆਂ ਦੀ ਸਾਰ ਲਉ!

ਐ! ਸਜਨਾਂ! ਤੂੰ ਗਿਰੇਵਾਨ ਅੰਦਰ, ਜਰ੍ਹਾ ਸੋਚ ਖਾ ਗਿਆ ਖਿਆਲ ਕਿਧਰ,

ਫ਼ਖ਼ਰੇ ਕੌਮ ਮਾਸਟਰ ਮੋਤਾ ਸਿੰਘ ਵਰਗਾ, ਤੇਰਾ ਗਿਆ ਅਨ–ਮੁੱਲੜਾ ਲਾਲ ਕਿਧਰ।

ਕਈ ਵੀਰ ਤੇਰੇ ਭੋਗਣ ਉਮਰ ਕੈਦਾਂ, ਲਟਕੇ ਫਾਂਸੀਆਂ ਪੁਰ ਜਫ਼ਰ ਜਾਲ ਕਿਧਰ।

ਕਦੇ ਤੱਕਿਆ ਤੈਂ? ਉਨ੍ਹਾਂ ਦੇ ਬਾਲ ਬੱਚੇ, ਭੁੱਖੇ ਮਰਨ ਫਿਰਦੇ ਬੁਰੇ ਹਾਲ ਕਿਧਰ।

ਆਖਰੀ ਸਫ਼ਾ ਦੀ ਬਾਕੀ

ਤੇਰਾਂ/ਪੰਦਰਾਂ ਜਾਂ ਸੋਲਾਂ/ਅਠਾਰਾਂ ਨਹੀਂ, 'ਉੱਨੀ'...

ਇਹ ਪਹਿਲੀ (ਲੱਗਭੱਗ ਨਾ–ਕਾਰਆਮਦ) ਮਸ਼ੀਨ 'ਤੇ ਬੱਬਰ ਕਰਮ ਸਿੰਘ ਹੁਰੀਂ ਛਾਪਿਆ। ਬੱਬਰ ਸਫ਼ਾ ਲਈ ਇਹ ਬੜਾ ਉਤੇਜਨਾ ਭਰਪੂਰ ਸੀ। ਦਰ–ਹਕੀਕਤ; ਬਾਬੂ ਸੰਤਾ ਸਿੰਘ ਨੂੰ ਗਦਾਰਾਂ ਨੇ 20 ਜੂਨ, 1923 ਨੂੰ ਮਾਲਵਾ ਤਪਾ ਸਟੇਸ਼ਨ ਤੋਂ ਗ੍ਰਿਫਤਾਰ ਕਰਵਾ ਦਿੱਤਾ। ਕੁੱਝ ਬੇਹੱਦ ਤਸ਼ੱਦਦ ਕਾਰਨ, ਪਰ ਬਹੁਤਾ ਕਰਕੇ ਦਾਅ–ਪੇਚ ਵਜੋਂ (ਕਿਹਾ ਜਾਂਦਾ ਹੈ ਕਿ ਸ਼ੰਕਾ ਨਵਿਰਤੀ ਵਜੋਂ ਉਹਨੀਂ ਆਪਣੇ ਜੇਲ੍ਹੀ ਸਾਥੀਆਂ ਨੂੰ ਇਵੇਂ ਸਫ਼ਾਈ ਦਿੱਤੀ ਸੀ।) ਮਰ–ਚੁੱਕਿਆ, ਸ਼ਹੀਦ ਹੋ ਚੁੱਕਿਆ ਤੇ ਗਦਾਰਾਂ/ ਵਾਅਦਾ–ਮੁਆਫ਼ਾਂ ਜਾਂ ਆਪਣੇ ਜ਼ਾਹਰਾ–ਸਬੂਤ ਕੁੱਝ ਕਾਰਜਾਂ ਦੀ ਜਾਣਕਾਰੀ ਸਰਕਾਰ ਨੂੰ ਦੇ ਦਿੱਤੀ, ਮਗਰੋਂ ਜਿਸ ਨੂੰ ਸਰਕਾਰ ਨੇ ਵਧਾ–ਚੜ੍ਹਾ ਕੇ ਬੱਬਰਾਂ ਨੂੰ ਬਦਨਾਮ ਕਰਨ ਅਤੇ ਸਫ਼ਾਂ ਵਿੱਚ ਬੇ–ਭਰੋਸਗੀ ਪੈਦਾ ਕਰਨ ਹਿੱਤ ਪਰਚਾਰਨਾ–ਛਪਵਾਉਣਾ ਸ਼ੁਰੂ ਕਰ ਦਿੱਤਾ। ਇਸ ਤੋਂ ਹੀ ਉਪਰਾਮ ਹੋ ਕੇ ਬੱਬਰ ਕਰਮ ਸਿੰਘ ਨੇ ਬੇਹੱਦ ਦੁੱਖ ਅਤੇ ਰੋਸ ਜ਼ਾਹਰ ਕਰਦਿਆਂ ਲਾਹਣਤਾਂ ਪਾਈਆਂ।

ਆਖਰੀ ਗੱਲ; ਉੱਪਰ ਦਿੱਤਿਆਂ ਵਿੱਚੋਂ 13 (ਜਾਂ 15) ਕੁ ਪਰਚੇ ਬਤੌਰ ਪੁਖਤਾ ਸਬੂਤ ਦੇਸ਼ ਭਗਤ ਬੱਬਰ ਅਕਾਲੀਆਂ ਵਿਰੁੱਧ, ਖਾਸ ਕਰਕੇ ਬੱਬਰ ਸਾਜਿਸ਼ ਕੇਸ ਪਹਿਲਾ ਅਤੇ ਦੂਜਾ, ਅਦਾਲਤਾਂ ਵਿੱਚ ਪੇਸ਼ ਕੀਤੇ ਜਾਂਦੇ ਰਹੇ ਸਨ। ਸਰਕਾਰ ਅੰਗਰੇਜ਼ੀ ਅਨੁਸਾਰ, "ਹਥਿਆਰਬੰਦ ਬਗਾਵਤ, ਬੇ–ਵਜ੍ਹਾ ਕਤਲੋਗਾਰਤ, ਗੈਰ–ਕਾਨੂੰਨੀ ਕਾਰਵਾਈਆਂ ਅਤੇ ਹਥਿਆਰਬੰਦ ਫੋਰਸਾਂ ਨੂੰ ਬਗਾਵਤ ਲਈ ਉਕਸਾਉਣਾ ਆਦਿ ਗੱਲ ਕੀ ਇੱਕ ਤੋਂ ਬਾਅਦ ਇੱਕ ਦੋਸ਼ਾਂ ਦੀ ਇਹ ਅਖ਼ਬਾਰ ਮੁਕੰਮਲ ਪੁਸ਼ਟੀ ਕਰਦੀ ਹੈ।" (ਸ੍ਰੋਤ: ਅਦਾਲਤੀ ਰਿਕਾਰਡ/ਮੁਕੱਦਮੇ 'ਬੱਬਰ ਅਕਾਲੀ ਸਾਜਿਸ਼')

ਪਰਚਾ 'ਬੱਬਰ ਅਕਾਲੀ ਦੋਆਬਾ' ਨੂੰ ਛਾਪਣ ਵਾਲੇ ਛਾਪਾਖਾਨੇ, ਅਸਲ ਵਿੱਚ ਦੋ ਲਿਥੋ ਪੇਪਰ ਐਲਮਾ ਡੁਪਲੀਕੇਟਰ ਜਾਂ ਸਾਈਕਲੋਸਟਾਇਲ ਮਸ਼ੀਨਾਂ, ਜਿਹੜਾ ਯੁੱਧਨੀਤਿਕ/ਗੁਰੀਲਾ ਜੰਗ ਦੇ ਪੱਖ ਤੋਂ ਸਫ਼ਰ–ਦਰ–ਸਫ਼ਰ ਕਰਦਾ ਰਹਿੰਦਾ ਸੀ, ਨੂੰ ਕਿਤੇ ਚਲਦੀ–ਫਿਰਦੀ ਪ੍ਰੈੱਸ ਜਾਂ ਸਫਰੀ ਪ੍ਰੈੱਸ, ਕਿਸੇ ਥਾਂ ਉਡਣੀ ਪ੍ਰੈੱਸ ਜਾਂ ਉਡਾਰੂ ਪ੍ਰੈੱਸ ਕਿਹਾ ਗਿਆ, ਪਰ ਪਰਚਾ 'ਜੰਗਲ ਮੇਂ ਛਪਾ', ਸ਼ਬਦ ਹਰ ਥਾਂ ਸਾਂਝਾ ਹੀ ਰਿਹਾ। ਉਹ ਪਰਚਾ, ਜਿਸ ਦੇ ਮੱਥੇ ਉੱਤੇ ਮਹਾਂ–ਦਾਰਸ਼ਨਿਕ ਕਬੀਰ ਜੀ ਦਾ ਇਹ ਦੋਹਾ ਉੱਕਰਿਆ ਹੁੰਦਾ ਸੀ, "ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ। ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥" ਦੀ ਛਪਣ ਗਿਣਤੀ, ਅਸਲ 'ਚ ਕਿੰਨੀ ਸੀ ਤੇ ਅਸਲ ਮੇਂ ਕਿੰਨੇ ਪਰਚੇ ਛਾਪੇ ਗਏ? ਇਹ ਸਵਾਲ ਖੋਜਾਰਥੀਆਂ ਅਤੇ ਪਾਠਕਾਂ ਦੀ ਸੱਥ ਵਿੱਚ ਪੇਸ਼ ਕਰਦਿਆਂ ਮੇਰਾ ਮੰਨਣਾ ਇਹ ਹੈ ਕਿ ਇਹ 13/15 ਜਾਂ 16/18 ਨਹੀਂ, 19 ਸਨ।

ਮੋਬਾ. 94634-39075

ਪਾਠਕਾਂ ਦੇ ਝਰੋਖੇ 'ਚੋਂ

ਔਰਤ ਦੇ ਹੱਕਾਂ ਦੀ ਗੱਲ

25 ਅਕਤੂਬਰ ਦੇ ਸੰਡੇ ਅੰਕ ਵਿਚ 'ਖੱਬੇ ਪੱਖੀ ਲਹਿਰ' ਬਾਰੇ ਛਪੀ ਕਿਤਾਬ ਦਾ ਵਿਸ਼ਲੇਸ਼ਣ ਬਹੁਤ ਗਹਿਰਾਈ ਨਾਲ ਕੀਤਾ ਹੈ।ਪੰਜਾਬ ਵਿਚ ਖੱਬੇ ਪੱਖੀ ਕਮਨਿਊਨਿਸਟ ਪਾਰਟੀ 70ਵੀਆਂ 'ਚ ਪੂਰੇ ਜ਼ੋਰ 'ਤੇ ਸੀ।ਕਈ ਕਮਿਊਨਿਸਟ ਲੀਡਰ ਚੋਣਾ ਵਿਚ ਜਿੱਤੇ ਵੀ ਸਨ ਤੇ ਪੰਜਾਬ ਵਿਧਾਨ ਸਭਾ ਦੀਆਂ ਪੌੜੀਆ ਵੀ ਚੜ੍ਹੇ।ਰਘਬੀਰ ਸਿੰਘ ਮਹਿਮੀ ਦੀ ਸਵੈ–ਜੀਵਨੀ ਬਾਰੇ ਡਾ. ਜਸਵਿੰਦਰ ਕੌਰ ਬਿੰਦਰਾ ਨੇ ਸਾਹਿਤ ਚਿੰਤਨ ਤਹਿਤ ਚੰਗੇ ਵਿਚਾਰ ਲਿਖੇ ਹਨ।ਮਹਿਮੀ ਦੀ ਇਹ ਸਵੈਜੀਵਨੀ ਵਿੱਚ ਜ਼ਿੰਦਗੀ ਦੀ ਵਿਸ਼ਾਲ ਤਸਵੀਰ ਪੇਸ਼ ਕੀਤੀ ਹੈ। ਸਰਗਰਮੀਆ ਵਿਚ ਗੁਰਮੀਤ ਕੜਿਆਲਵੀ ਦੀ ਖਿਤਾਬ ਦਾ ਲੋਕ ਅਰਪਣ ਕਣ ਕਣ ਕਥਾਂ ਦੀ ਗੋਸ਼ਟੀ, ਰਵਿਦਾਸ ਬਾਣੀ ਦਾ ਸੈਮੀਨਾਰ ਬਾਰੇ ਜਾਣ ਕੇ ਖੁਸ਼ੀ ਹੋਈ। ਬਲਜਿੰਦਰ ਕੌਰ ਸ਼ੇਰਗਿਲ ਨੇ ਭਾਵਪੂਰਤ ਕਵਿਤਾਵਾਂ ਵਿਚ ਜ਼ਿੰਦਗੀ ਦੇ ਕਈ ਰੰਗ ਪੇਸ਼ ਕੀਤੇ। ਸੁਕੀਰਤ ਦੇ ਲੇਖ ਵਿਚ ਔਰਤ ਦੇ ਹੱਕਾਂ ਦੀ ਗੱਲ ਕੀਤੀ ਹੈ।

ਜੈਨ ਜ਼ੀ ਅੰਦੋਲਨ ਵਿੱਚ ਔਰਤ ਦੇ ਹੱਕ ਖੋਹੇ ਗਏ।ਪੁਲਸ ਤਸ਼ਦਦ ਹੋਇਆ। ਕਮਲਜੀਤ ਬਾਬਲ ਕੇ ਬਚਪਨ ਦੀਆ ਅੱਲ੍ਹੜ ਬਾਤਾਂ ਲਿਖੀਆ ਹਨ।ਟਰਾਂਸਜੈਂਡਰ ਬਾਰੇ ਵਿਗਿਆਨਕ ਜਾਣਕਾਰੀ ਮਿਲੀ।ਇਸ ਬਾਰੇ ਖੋਜਾ ਜਾਰੀ ਹਨ।ਇਸ ਬਾਰੇ ਪੰਜਾਬੀ ਨਾਵਲ ਵਿਚ ਬਹੁਤ ਕੁਝ ਹੈ ਖਾਸ ਤੌਰ 'ਤੇ ਹਰਕੀਰਤ ਚਾਹਲ ਦਾ ਨਾਵਲ ਹੈ ਆਦਮ ਗ੍ਰਹਿਣ।ਇਸ ਬਾਰੇ ਕੁਝ ਕਹਾਣੀਆਂ ਵੀ ਮਿਲਦੀਆਂ ਹਨ।

-ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਇਨਕਲਾਬ ਨੂੰ ਦੇਵਤਾ ਕਹਿਣਾ ਵਾਲਾ ਭਗਤ ਸਿੰਘ : ਪ੍ਰਿੰ. ਛਬੀਲ ਦਾਸ

ਯੂਰਪ ਦੀ ਚਮਕ ਪਿੱਛੇ ਧੁੰਦਲਾਉਂਦਾ ਕਿਰਤ ਦਾ ਚਿਹਰਾ : ਪਰਮਜੀਤ ਸਿੰਘ ਦੁਸਾਂਝ

'ਰਾਜੇ ਭੂਰਿਆਂ ਵਾਲੇ' : ਡਾ. ਗੁਰਦੇਵ ਸਿੰਘ ਸਿੱਧੂ (ਫੋਕਸ) ਡਾ. ਪਰਮਜੀਤ ਢੀਂਗਰਾ

ਮਦਨ ਵੀਰਾ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

ਸਮਕਾਲ

---- ਭਗਵੰਤ ਰਸੂਲਪੁਰੀ----

ਸੰਵਾਦ : ਚਿੰਤਨ ਨਾਲ ਸੰਵਾਦ ਰਚਾਉਂਦਾ ਡਾ. ਮਹਿਲ ਸਿੰਘ ਦਾ ਲੇਖ 'ਅਜੋਕਾ ਪੰਜਾਬੀ ਨਾਵਲ: ਦਿੱਖ ਤੇ ਦਿਸ਼ਾ'

ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ ਵੱਲੋਂ ਪ੍ਰਕਾਸ਼ਤ ਛਿਮਾਹੀ ਖੋਜ ਰਸਾਲੇ ਦਾ ਜੁਲਾਈ–ਦਸੰਬਰ,2026, 24 ਵਾਂ ਅੰਕ ਛਪ ਗਿਆ ਹੈ। ਸੰਪਾਦਕੀ 'ਚ ਦਾਅਵਾ ਕੀਤਾ ਗਿਆ ਹੈ ਕਿ ਇਕ ਅੰਕ ਵਿੱਚ ਨਾਮਵਰ ਵਿਦਵਾਨਾਂ, ਅਧਿਆਪਕਾਂ ਤੇ ਖੋਜ ਵਿਦਿਆਰਥੀਆਂ ਵੱਲੋਂ ਗਲੋਬਲ ਬੌਧਿਕ ਸੰਵਾਦ ਤੋਰਨ ਵਾਲੇ ਖੋਜ ਪੱਤਰ ਸਾਮਿਲ ਕੀਤੇ ਗਏ ਹਨ। ਇਸੇ ਪ੍ਰਸੰਗ ਵਿੱਚ ਡਾ. ਮਹਿਲ ਸਿੰਘ ਦਾ ਲੇਖ 'ਅਜੋਕਾ ਪੰਜਾਬੀ ਨਾਵਲ ਦਿੱਖ ਤੇ ਦਿਸ਼ਾ' ਪੰਜਾਬੀ ਨਾਵਲ ਪ੍ਰੰਪਰਾ 'ਤੇ ਗੰਭੀਰ ਸੰਵਾਦ ਤੋਰਦਾ ਹੈ। ਚਰਚਾ ਅਧੀਨ ਨਾਵਲਾਂ ਬਾਰੇ ਉਨ੍ਹਾਂ ਆਪਣਾ ਨਿਰਣਾ ਦੇ ਵੀ ਦਿੱਤਾ ਤੇ ਕਹਿ ਵੀ ਦਿੱਤਾ ਹੈ ਕਿ ਸਮੇਂ ਦੀ ਛਾਨਣੀ ਵਿਚੋਂ ਛਣ ਕੇ ਚੰਗੀ ਰਚਨਾ ਸਪੱਸ਼ਟ ਹੋਵੇਗੀ। ਇਸ ਤੋਂ ਇਲਾਵਾ ਸੰਵਾਦ ਵਿੱਚ ਭਾਰਤੀ ਭਾਸ਼ਾਵਾਂ ਤੇ ਪੰਜਾਬੀ (ਡਾ. ਸੁਖਵਿੰਦਰ ਸਿੰਘ ਸੰਘਾ), ਬਹੁ ਸਭਿਆਚਾਰਵਾਦ ਤੇ ਭਾਰਤੀ ਸਮਾਜ (ਡਾ. ਰਵੀ ਰਵਿੰਦਰ), ਸਾਹਿਤ ਖੋਜ ਦੀਆਂ ਵਿਧੀਆਂ (ਡਾ. ਗੁਰਮੁੱਖ ਸਿੰਘ–ਡਾ. ਗੁਰਪ੍ਰੀਤ ਕੌਰ), ਦਰਦ ਵਿਛੋੜੇ ਦਾ ਹਾਲ (ਡਾ. ਨਰੇਸ਼ ਕੁਮਾਰ–ਦਵਿੰਦਰ ਕੁਮਾਰ), ਇਪਟਾ ਲਹਿਰ (ਡਾ. ਗੁਰਸੇਵਕ ਸਿੰਘ ਲੰਬੀ), ਸਾਹਿਤਕ ਟੈਕਸਟ ਦੀ ਬਿਰਤਾਂਤਕਾਰੀ (ਡਾ. ਅਕਾਲ ਅੰਮ੍ਰਿਤ ਕੌਰ), ਜੇਰਾਲਡ ਯੈਨੇ (ਡਾ. ਕੁਲਜੀਤ ਸਿੰਘ), ਕਾਵਿ ਪੁਸਤਕ 'ਤੇਗ' ਬਾਰੇ (ਡਾ. ਜਸਪ੍ਰੀਤ ਕੌਰ), ਲੇਖਕ ਦੀ ਰਚਨਾਈ ਸ਼ਖ਼ਸੀਅਤ (ਮਨਜੀਤ ਸਿੰਘ), ਲਤੀਫ਼ੇ ਤੋਂ ਬਾਅਦ ਡਿੱਗਿਆ ਹੰਝੂ (ਡਾ. ਪਰਦੀਪ ਕੌਰ), ਹੁਕਮ ਦਾ ਸੰਕਲਪ (ਡਾ. ਲਖਵਿੰਦਰ ਸਿੰਘ), ਨਾਟਕ ਕੱਲ੍ਹ ਅੱਜ ਤੇ ਭਲਕ (ਡਾ. ਚੰਦਰ ਪ੍ਰਕਾਸ਼), ਈਕੋਕ੍ਰਿਟੀਸਿਜ਼ਮ (ਡਾ. ਕਾਰਜ ਸਿੰਘ), ਯਸ਼ੋਧਰਾ (ਡਾ. ਮਨੀਸ਼ ਕੁਮਾਰ), ਪੰਜਾਬੀ ਚਿੰਤਨ (ਸਤਿਨਾਮ ਸਿੰਘ), ਚਿੱਟਾ ਲਹੂ (ਸੁਖਪਾਲ ਕੌਰ, ਡਾ. ਸੁਖਮਨਪ੍ਰੀਤ ਕੌਰ), ਮਿੱਟੀ ਮਾਨਸ ਅਤੇ ਰਸ (ਹਰਮਨਜੋਤ ਕੌਰ), ਨਾਰੀਵਾਦੀ ਚਿੰਤਨ (ਮਨਪ੍ਰੀਤ ਕੌਰ, ਹਰਵਿੰਦਰ ਕੌਰ), ਹੀਰ ਵਾਰਿਸ (ਅਮਨਦੀਪ ਕੌਰ), ਦੈਰਿਦਾ ਦੀ ਵਿਰਚਨਾ ਵਿਧੀ (ਨੀਸ਼ਾ ਰਾਣੀ) ਆਦਿ ਵੱਖ–ਵੱਖ ਵਿਸ਼ਿਆਂ ਉੱਤੇ ਸੰਵਾਦ ਰਚਾਇਆ ਗਿਆ ਹੈ। ਅੰਤ ਵਿੱਚ ਕੁਝ ਪੁਸਤਕ ਦੇ ਰੀਵਿਊ ਹਨ।

ਸੰਵਾਦ ਦੇ ਮੁੱਖ ਸੰਪਾਦਕ : ਡਾ. ਆਤਮ ਸਿੰਘ ਰੰਧਾਵਾ (98722–17273), ਸੰਪਾਦਕ : ਡਾ. ਪਰਮਿੰਦਰ ਸਿੰਘ, 172 ਸਫ਼ੇਆਂ 'ਚ ਫੈਲੇ ਇਸ ਅੰਕ ਦੀ ਕੀਮਤ : 200 ਰੁਪਏ। ਰਚਨਾਵਾਂ ਭੇਜਣ ਲਈ : e-mail: sanvadpunjabi@gmail.com

ਪੰਖੜੀਆਂ : ਸਤੰਬਰ, 2026

ਮਾਸਿਕ 'ਪੰਖੜੀਆਂ' ਦੇ ਹੱਥਲੇ ਅੰਕ ਵਿੱਚ ਮਾਂ ਦਾ ਜਨਮ ਦਿਨ (ਓਮਕਾਰ ਸੂਦ ਬਹੋਨਾ), ਰੁੱਖ ਹੀ ਰੁੱਖ (ਡਾ. ਹਰਨੇਕ ਸਿੰਘ ਕਲੇਰ) ਦੀਆਂ ਕਹਾਣੀਆਂ ਤੋਂ ਇਲਾਵਾ ਲੋਕ ਨਾਥ ਸ਼ਰਮਾ, ਕੁਲਵੰਤ ਸਿੰਘ ਢੰਡ, ਕਰਮਜੀਤ ਕੌਰ, ਕੁਲਦੀਪ ਸਿੰਘ, ਸਰਬਜੀਤ ਸਿੰਘ, ਬਲਜੀਤ ਸ਼ਰਮਾ, ਲਲਿਤ ਗੁਪਤਾ, ਰਮੇਸ਼ ਬੱਗਾ ਚੋਹਲਾ, ਰਛਪਾਲ ਸਿੰਘ ਰੈਸਲ ਤੇ ਗੀਤੇਸ਼ਵਰ ਸਿੰਘ ਦੇ ਬੱਚਿਆਂ ਨੂੰ ਬੌਧਿਕ ਗਿਆਨ ਦੇਣ ਵਾਲੇ ਲੇਖ ਅਤੇ ਕੁਝ ਕਵਿਤਾਵਾਂ ਛਪੀਆਂ ਹਨ। ਪਰਮਿੰਦਰ ਕੌਰ ਨੇ ਭਗਤ ਸਿੰਘ ਦੀ ਸ਼ਹਾਦਤ ਤੇ ਸੰਪਾਦਕੀ ਲਿਖੀ ਹੈ। ਰੰਗੀਨ ਤਸਵੀਰਾਂ ਆਰਟ ਪੇਪਰ ਉੱਤੇ ਛਪੀਆਂ ਹਨ। ਇਸ ਅੰਕ ਦੇ ਸਫ਼ੇ : 40, ਮੁੱਲ: 20 ਰੁਪਏ ਹੈ। 'ਪ੍ਰਾਇਮਰੀ ਸਿੱਖਿਆ' ਦੇ ਸੰਪਾਦਕ : ਪਰਮਿੰਦਰ ਕੌਰ, ਸੰਪਰਕ–0172–5227395.

ਪ੍ਰਾਇਮਰੀ ਸਿੱਖਿਆ : ਅਕਤੂਬਰ, 2026

ਪ੍ਰਾਇਮਰੀ ਸਿੱਖਿਆ ਦੇ ਸੰਪਾਦਕ ਪਰਮਿੰਦਰ ਕੌਰ ਨੇ ਅਨੁਸ਼ਾਸਨ ਤੇ ਜੀਵਨ ਉੱਤੇ ਸੰਪਾਦਕੀ ਲਿਖੀ ਹੈ। ਕਹਾਣੀਆਂ ਵਿੱਚ ਕੁਛ ਨਹੀਂ (ਰਜਵੰਤ ਕੌਰ ਢੋਲਣਮਾਜਰਾ), ਸਟੇਜ ਦਾ ਡਰ (ਡਾ. ਰਾਜਵੀਰ ਕੌਰ), ਗੋਲ ਗੱਪਿਆਂ ਦੀ ਰੇੜ੍ਹੀ (ਰਜਨੀ ਰਾਣੀ) ਰੰਗੀਨ ਤਸਵੀਰਾਂ ਨਾਲ ਛਪੀਆਂ ਹਨ। ਆਤਮਾ ਸਿੰਘ ਚਿੱਟੀ, ਮਹਿੰਦਰ ਮਾਨ, ਤਰਸੇਮ ਲੰਡੇ, ਮੇਜਰ ਸਿੰਘ ਨਾਭਾ, ਹਰਪ੍ਰੀਤ ਪੱਤੋ ਤੇ ਹੋਰਨਾਂ ਦੀ ਕਵਿਤਾਵਾਂ ਹਨ। ਰਸਾਲਾ ਰੰਗੀਨ ਤਸਵੀਰਾਂ ਤੇ ਗਲੇਜ਼ਡ ਪੇਪਰ ਉੱਤੇ ਪ੍ਰਕਾਸ਼ਤ ਹੁੰਦਾ ਹੈ। ਇਸ ਅੰਕ ਦੇ ਸਫ਼ੇ : 36, ਮੁੱਲ: 20 ਰੁਪਏ ਹੈ। 'ਪੰਖੜੀਆਂ' ਦੇ ਸੰਪਾਦਕ : ਪਰਮਿੰਦਰ ਕੌਰ, ਸੰਪਰਕ–0172–5227–395. ਪਤਾ–ਸੰਪਾਦਕ ਪੰਖੜੀਆਂ , ਮੈਗਜ਼ੀਨ ਸੈੱਲ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼–8, ਮੁਹਾਲੀ–2, ਸੰਪਰਕ–0172–5227395, ਰਚਨਾਵਾਂ ਭੇਜਣ ਲਈ email: pankhrianpseb@gmail.com

ਸ਼ਬਦ ਤ੍ਰਿੰਜਣ : ਜੁਲਾਈ-ਸਤੰਬਰ, 2026

'ਸ਼ਬਦ ਤ੍ਰਿੰਜਣ' ਦੇ ਇਸ ਅੰਕ ਵਿੱਚ ਸੰਪਾਦਕੀ- ਕਿਤਾਬਾਂ, ਪ੍ਰਕਾਸ਼ਕ ਤੇ ਪਾਠਕਾਂ ਬਾਰੇ ਹੈ। ਪਰਮਜੀਤ ਡੀਂਗਰਾ ਨੇ 'ਕੁੱਤਿਆਂ ਦਾ ਇਜਲਾਸ' 'ਚ ਕੁੱਤਿਆਂ ਦੇ ਚਿਹਨ ਨਾਲ ਤਿੱਖਾ ਵਿਅੰਗ ਸਿਰਜਿਆ ਹੈ। ਹਰੀ ਸ਼ੰਕਰ ਪਰਸਾਈ (ਇਮਾਨਦਾਰਾਂ ਦੇ ਸੰਮੇਲਨ ਵਿੱਚ), ਜਗਦੀਸ਼ ਰਾਏ ਕੁਲਰੀਆਂ (ਨਾ ਤੇਲ...), ਸੁਖਦੇਵ ਸਿੰਘ ਔਲਖ (ਵਰਤ), ਮੰਗਤ ਕੁਲਜਿੰਦ (ਉਧ ਪਾਤਾਲ), ਮਾਲਵਿੰਦਰ ਸ਼ਾਇਰ (ਪੱਟ ਤੇ ਸਰਪੰਚੀ ਨੇ), ਸੁਖਮਿੰਦਰ ਸੇਖੋਂ (ਮੈਥੋਂ ਟੈਨਸ਼ਨ ਲੈ ਲਵੋ), ਸਤੀਸ਼ ਧਵਨ ਭਲੂਰ (ਸਟੇਜ ਸੈਕਟਰੀ ਦਾ ਦਰਦ), ਡਾ. ਸਾਧੂ ਰਾਮ ਲੰਗੇਆਣਾ (ਪੜ੍ਹੀ ਚੱਲੋ ਅਤੇ ਹੱਸੀ ਚੱਲੋ), ਜਗਜੀਤ ਸਿੰਘ ਲੋਹਟਬੱਦੀ (ਕੈਨੇਡਾ ਦਾ ਰਾਣੀ ਸ਼ਹਿਰ, ਜੂ ਟੂਪ ਵਾਲੇ ਅੰਕਲ) ਆਦਿ ਵਿਅੰਗ ਲਿਖਤਾਂ ਛਪੀਆਂ ਹਨ। ਕਹਾਣੀਆਂ 'ਚ 'ਦਸਵਾਂ ਗ੍ਰਹਿ' ਤਰਸੇਮ ਸਿੰਘ ਭੰਗੂ ਅਤੇ 'ਸਿਲਵਰ ਜੁਬਲੀ' ਹਰਿੰਦਰ ਕੁਮਾਰ ਹਨੀ ਦੀਆਂ ਕਹਾਣੀਆਂ ਹਨ। ਕੁਝ ਹੋਰ ਰਚਨਾਵਾਂ ਦੇ ਨਾਲ ਨਾਲ ਅੰਤ ਵਿੱਚ ਕਿਤਾਬਾਂ ਦੇ ਰੀਵਿਊ ਹਨ। ਪਰਚਾ ਰੌਚਿਕ ਤੇ ਸੋਚਣ ਸਮਝਣ ਵਾਲੀਆਂ ਲਿਖਤਾਂ ਪ੍ਰਕਾਸ਼ਤ ਕਰਦਾ ਹੈ। ਰਸਾਲਾ ਮੰਗਵਾਉਣ ਲਈ ਪਾਠਕ, ਸੰਪਾਦਕ ਮੰਗਤ ਰਾਏ ਮਿੱਤਲ (94177–53892, 001–425–286–0163) ਨਾਲ ਸੰਪਰਕ ਕਰ ਸਕਦੇ ਹਨ।

ਅੱਖਰਕਾਰੀ : ਅਕਤੂਬਰ-ਦਸੰਬਰ, 2026

ਅੱਖਰਕਾਰੀ ਵੱਡੇ ਅਕਾਰ ਵਿੱਚ ਮਹਿੰਗੇ ਪੇਪਰ ਉੱਤੇ ਛਪਿਆ ਰਸਾਲਾ ਹੈ। ਪਰਚੇ ਦੇ ਸੰਪਾਦਕ ਸਰਬਜੀਤ ਕੌਰ ਹਾਜੀਪੁਰ ਹਨ। ਰਸਾਲਾ ਨਵੇਂ ਲੇਖਕਾਂ ਨੂੰ ਪ੍ਰਮੁੱਖਤਾ ਨਾਲ ਛਾਪਦਾ ਹੈ। ਇਸ ਅੰਕ ਵਿੱਚ ਅਨਮੋਲ ਕੌਰ ਦਾ ਲੜੀਵਾਰ ਨਾਵਲ 'ਕੁੜੀ ਕਨੇਡਾ ਦੀ' ਛਪ ਰਿਹਾ ਹੈ। ਸ਼ਿਵਚਰਨ ਜੱਗੀ ਕੁੱਸਾ ਦਾ ਵਿਅੰਗ 'ਰੌਂਭੜੇ ਪਾਉ ਸਟੇਜ ਸੈਕਟਰੀ' ਤੇ ਸੁਰਿੰਦਰ ਕੁਮਾਰ ਬਿਰਹਾ ਦੀ ਕਹਾਣੀ 'ਮਾਮਾ ਜੀ' ਛਪੀ ਹੈ। ਨਵਨੀਤ ਕੌਰ (ਤਕਦੀਰ), ਡਾ. ਆਸ਼ਾ ਸਿੰਘ ਘੁੰਮਣ (ਕਿਵੇਂ ਹੋਈ ਤੀਆਂ ਦੀ ਸ਼ੁਰੂਆਤ), ਰਿਦਮ ਮਨਦੀਪ (ਅਮੁੱਕ ਸਫ਼ਰ), ਰੂਪੀ ਹੁੰਦਲ (ਮੁਹੱਬਤ ਇੱਕ ਅਹਿਸਾਸ), ਗਗਨਪ੍ਰੀਤ ਕੌਰ (ਪੁਰਾਤਨ ਔਰਤਾਂ ਦੇ ਗਹਿਣੇ), ਅਵਤਾਰ ਕੌਰ ਮਹਿਮੀ (ਪੁਰਜ਼ਾ), ਦਵਿੰਦਰ ਸੰਧੂ (ਅੱਗ ਤੇ ਧੂੰਆਂ), ਪਰਮਿੰਦਰ ਕੌਰ ਕਲੇਰ (ਮਾਂ ਮਹਿੱਟਰ) ਤੋਂ ਇਲਾਵਾ ਹੋਰ ਬਹੁਤ ਸਾਰੇ ਨਵੇਂ ਲੇਖਕਾਂ ਦੀਆਂ ਰਚਨਾਵਾਂ ਹਨ। ਸੰਪਾਦਕੀ ਅਮਲੇ ਨੂੰ ਚਾਹੀਦਾ ਹੈ ਕਿ ਪਰਚੇ ਵਿੱਚ ਨਵੇਂ ਲੇਖਕਾਂ ਨੂੰ ਚੰਗਾ ਤੇ ਉੱਤਮ ਦਰਜੇ ਦਾ ਸਾਹਿਤ ਪੜ੍ਹਨ ਬਾਰੇ ਜਾਣਕਾਰੀ ਭਰਪੂਰ ਲੇਖ ਛਾਪੇ ਜਾਣ ਤੇ ਵਿਸ਼ਵ ਦੇ ਉੱਤਮ ਸਾਹਿਤ ਦੀਆਂ ਕਿਤਾਬਾਂ ਬਾਰੇ ਜਾਣਕਾਰੀ ਦਿੱਤੇ ਜਾਵੇ ਤਾਂ ਨਵੇਂ ਲੇਖਕ ਇਨ੍ਹਾਂ ਨੂੰ ਪੜ੍ਹ ਕੇ ਆਪਣਾ ਬੌਧਿਕ ਮਿਆਰ ਉੱਚਾ ਚੁੱਕਾ ਸਕਣ।

ਪਰਚਾ ਮੰਗਵਾਉਣ ਲਈ ਪਾਠਕ, ਪ੍ਰਬੰਧਕੀ ਸੰਪਾਦਕ ਹੈਪੀ ਸ਼ਾਹਕੋਟੀ (94640–15200) ਨਾਲ ਸੰਪਰਕ ਕਰ ਸਕਦੇ ਹਨ। ਰਚਨਾਵਾਂ ਭੇਜਣ ਲਈ email: Akharkaari@outlook.com

ਝੰਡੇ ਦਾ ਗੀਤ

ਬਦਲ ਦਿਓ ਸਮਾਜ

ਝਾਕੀ: ਪਹਿਲੀ

ਸੌ ਸਾਲ ਹੋਏ ਬੱਬਰ ਸ਼ਹਾਦਤਾਂ ਨੂੰ,
ਅਸੀਂ ਅਜੇ ਵੀ ਨਹੀਂ ਆਜ਼ਾਦ ਹੋਏ।
ਦੂਹਰੀ ਤੀਹਰੀ ਗ਼ੁਲਾਮੀ ਦੇ ਵਿੱਚ ਨੂੜੇ,
ਪਹਿਲਾਂ ਨਾਲੋਂ ਵੀ ਹਾਂ ਬਰਬਾਦ ਹੋਏ।

ਜਾਰੀ ਰਹੇਗੀ ਹੱਕਾਂ ਦੀ ਜੰਗ ਏਥੇ,
ਰਾਜ ਨੇਰੇ ਦਾ ਦੇਵਣਾ ਹੂੰਝ ਲੋਕੋ।
ਲਹੂ ਰੱਤਿਆਂ ਰਾਹਾਂ ਦੀ ਸਹੁੰ ਸਾਨੂੰ,
ਜਾਰੀ ਰੱਖਾਂਗੇ ਬੱਬਰ ਦੀ ਗੂੰਜ ਲੋਕੋ।

ਝਾਕੀ: ਦੂਜੀ

ਗ਼ਦਰ ਅਖਬਾਰ ਦੇ ਮੁੱਖ ਪੰਨੇ ’ਤੇ ਲਿਖਿਆ ਹੁੰਦਾ ਸੀ:
“ਜੇ ਤਉ ਪ੍ਰੇਮ ਖੇਲਣ ਕਾ ਚਾਉ
ਸਿਰ ਧਰ ਤਲੀ ਗਲੀ ਮੇਰੀ ਆਉ”
ਬੱਬਰ ਲਹਿਰ ਦੇ ਸਾਹਾਂ ’ਚ ਸਮੋਏ ਸੀ ਇਹ ਬੋਲ:
ਸੂਰਾ ਸੋ ਪਹਿਚਾਨੀਐ,
ਜੁ ਲਰੈ ਦੀਨ ਕੇ ਹੇਤੁ।
ਪੁਰਜਾ ਪੁਰਜਾ ਕਟਿ ਮਰੈ,
ਕਬਹੂ ਨਾ ਛਾਡੈ ਖੇਤੁ।

ਬੱਬਰਾਂ ਦੀ ਉਡਾਰੂ ਪ੍ਰੈਸ ਫੜਨ ਲਈ ਅੰਗਰੇਜ਼ ਹਾਕਮ ਪਾਗਲ ਹੋ ਗਏ। ‘ਬੱਬਰ ਅਕਾਲੀ ਦੋਆਬਾ’ ਅਖ਼ਬਾਰ ਨੇ ਸੁੱਤੇ ਲੋਕਾਂ ਨੂੰ ਜਗਾਇਆ:

ਆਜ਼ਾਦੀ ਦਾ ਪੈਗ਼ਾਮ ਦੇਣ ਲਈ ਤਾਕਤ ਜੁੜੀ ਪ੍ਰਚਾਰ ਦੀ, ਅਖ਼ਬਾਰ ਦੀ ਸਾਰੇ ਹੀਲੇ ਮੁੱਕ ਜਾਣ ਤੇ ਆਪਣੀ ਰਾਖੀ ਲਈ ਆਪਣੇ ਹੱਕਾਂ ਲਈ ਲਿਸ਼ਕਦੀ ਤਲਵਾਰ ਦੀ। ਜੱਥੇਬੰਦਕ ਤਾਕਤ ਵਾਲੇ ਪਰਿਵਾਰ ਦੀ। ਇਹਨਾਂ ਸਭਨਾਂ ਦੀ ਸਾਂਝ ਨਾਲ ਗੂੰਜੇ ਬੋਲ:

ਝਾਕੀ: ਤੀਜੀ

ਬੱਬਰ ਉਡਾਰੂ ਪ੍ਰੈਸ ਨੇ,
ਜਦ ਛਾਪੇ ਸੀ ਅਖ਼ਬਾਰ
ਇਉਂ ਫਿਰ ਬੱਬਰਾਂ ਦੇ ਅਖ਼ਬਾਰ ਨੇ
ਸੀ ਕਰਿਆ ਇਹ ਪ੍ਰਚਾਰ
ਲੋਕੋ! ਕੱਲੀ ਕੰਮ ਨਹੀਂ ਆਵਣੀ
ਇਹ ਹੱਥ ਫੜੀ ਤਲਵਾਰ
ਜੀ ਤਲਵਾਰੋਂ ਤਿੱਖੜੀ ਹੋਂਵਦੀ
ਹੈ ਸ਼ਬਦਾਂ ਦੀ ਤਾਂ ਧਾਰ
ਇਉਂ ਸੀ ਕਲਮ ਅਤੇ ਤਲਵਾਰ ਦਾ
ਰਲ਼ ਬਣਿਆਂ ਇੱਕ ਵਿਚਾਰ
ਆਪਾ ਰਲ਼ ਮਿਲ ਜੋਟੀ ਪਾ ਲਈਏ
ਇੰਝ ਆਉਣੀ ਨਵੀਂ ਬਹਾਰ

ਝਾਕੀ: ਚੌਥੀ

ਰਲ਼ ਤੁਰੇ ਆਜ਼ਾਦੀ ਲਿਆਣ
ਹਿੰਦੂ, ਸਿੱਖ ਤੇ ਮੁਸਲਮਾਨ
ਇਹ ਹੈ ਬੱਬਰਾਂ ਦੀ
ਬੱਬਰਾਂ ਦੀ ਪਹਿਚਾਣ
ਇਹ ਹੈ ਬੱਬਰਾਂ ਦੀ

ਮੈਂ ਨੰਦ ਸਿੰਘ ਘੁੜਿਆਲ ਦੀ ਪਤਨੀ ਬੋਲਦੀ ਹਾਂ। ਉਹਨਾਂ ਦਾ ਜਨਮ ਪਿੰਡ ਘੁੜਿਆਲ ਮਿਸਤਰੀ ਪਰਿਵਾਰ ’ਚ ਹੋਇਆ। ਉਹ ਅਜੇ 20 ਵਰੇ ਦੇ ਸਨ ਜਦੋਂ ਉਹ ਰਾਵਲਪਿੰਡੀ ਚਲੇ ਗਏ, ਮਿਸਤਰੀ ਦਾ ਕੰਮ ਕਰਦੇ ਉਹ ਭਰਤੀ ਹੋ ਕੇ ਬਸਰੇ ਚਲੇ ਗਏ।

ਜਦੋਂ ਬੱਬਰ ਅਕਾਲੀ ਲਹਿਰ ਨੇ ਅੰਗੜਾਈ ਲਈ ਤਾਂ ਉਹ ਸਰਕਾਰੀ ਫੌਜ ਦੀ ਨੌਕਰੀ ਛੱਡ ਕੇ ਬਸਰੇ ਤੋਂ ਆ ਗਏ। ਉਹ ਲੋਕਾਂ ਦੀ ਫੌਜ, ਬੱਬਰ ਅਕਾਲੀ ਫੌਜ ’ਚ ਭਰਤੀ ਹੋ ਗਏ। ਉਹ ਕਿਹਾ ਕਰਦੇ ਕਿ, “ਹਿੰਦ ਨੂੰ ਆਜ਼ਾਦ, ਬੱਬਰ ਕਰਾਉਣਗੇ।” ਹਾਕਮ ਜੋ ਕਰਦੇ ਸੀ ਉਹੀ ਕੀਤਾ। ਉਹਨਾਂ ਨੂੰ ਫੜਕੇ ਫਾਂਸੀ ਦਾ ਹੁਕਮ ਸੁਣਾ ਦਿੱਤਾ।

ਮੈਂ ਆਪਣੇ ਲਾਡਲੇ ਪੁੱਤ ਨੂੰ ਨਾਲ ਲੈ ਕੇ 26 ਫਰਵਰੀ 1926 ਨੂੰ ਉਹਨਾਂ ਨੂੰ ਮਿਲਣ ਗਈ। ਉਹਨਾਂ ਨੂੰ ਮਿਲ਼ ਕੇ ਇਉਂ ਲੱਗਿਆ ਕਿ,“ਮੌਤ ਦਾ ਖੌਫ਼ ਨਾ ਕੋਈ ਸੱਜਣ ਪਿਆਰੇ ਨੂੰ।”(2)

ਇਤਿਹਾਸ ਰਿਹਾ ਏ ਬੋਲ
ਕਿਹੜਾ ਜੰਮਿਆਂ ਦੇਊ ਰੋਲ਼
ਇਹਦੀ ਕੌਣ ਮਿਟਾਊ ਸ਼ਾਨ
ਇਹ ਹੈ ਬੱਬਰਾਂ ਦੀ
ਬੱਬਰਾਂ ਦੀ ਪਹਿਚਾਣ
ਇਹ ਹੈ ਬੱਬਰਾਂ ਦੀ

ਝਾਕੀ: ਪੰਜਵੀਂ

(ਧਰਮ ਸਿੰਘ ਦੀ ਪਤਨੀ ਅਤੇ ਪੁੱਤ ਦੀ ਮਿਲਣੀ)

ਮੇਰੇ ਪਤੀ ਧਰਮ ਸਿੰਘ ਦਾ ਭਰਾ ਸੁੰਦਰ ਸਿੰਘ ਅਤੇ ਦਾਦਾ ਸੁਰਜਨ ਸਿੰਘ ਜੇਲ ’ਚ ਹੀ ਸ਼ਹੀਦੀ ਪਾ ਗਏ। ਧਰਮ ਸਿੰਘ 31 ਨੰਬਰ ਰਸਾਲੇ ਫੌਜ ਵਿੱਚੋਂ ਆਏ। ਉਹ ਬੱਬਰ ਅਕਾਲੀ ਲਹਿਰ ’ਚ ਸ਼ਾਮਲ ਹੋ ਗਏ।

ਜਿਸ ਦਿਨ ਮੈਂ ਅਤੇ ਮੇਰਾ ਪੁੱਤ ਉਹਨਾਂ ਨੂੰ ਜੇਲ ’ਚ ਮਿਲਣ ਗਏ ਤਾਂ ਉਹਨਾਂ ਦੇ ਬਾਕੀ ਸਾਥੀਆਂ ਨੂੰ ਫਾਂਸੀ ਦੇ ਤਖ਼ਤੇ ਵੱਲ ਲੈ ਗਏ ਸੀ। ਮੇਰੇ ਪਤੀ ਨੂੰ ਲਿਜਾਣ ਦੀ ਤਿਆਰੀ ਸੀ।

ਜਦੋਂ ਅਸੀਂ ਕਿਹਾ ਕਿ, ਤੁਹਾਡੇ ਬਗੈਰ ਅਸੀਂ ਕੀ ਕਰਾਂਗੇ? ਉਹਨਾਂ ਦਾ ਜਵਾਬ ਸੀ:

ਜਵਾਬ: ਜੇ ਮੈਂ ਸਰਕਾਰੀ ਫੌਜ ਵਿੱਚ ਹੀ ਮਾਰਿਆ ਜਾਂਦਾ ਫੇਰ ਕੀ ਕਰਦੇ। ਹੁਣ ਵਾਲੀ ਮੌਤ ਤਾਂ ਮੈਂ ਆਪ ਹੱਸਕੇ ਲਈ ਹੈ। ਤੁਸੀਂ ਘਬਰਾਉਣਾ ਨਹੀਂ। ਸਾਡੇ ਸਾਥੀ ਤੁਹਾਡਾ ਖਿਆਲ ਰੱਖਣਗੇ।

ਇਹ ਜੰਗ ਜਾਰੀ ਰੱਖਣਗੇ।
ਹੁਣ ਮੇਰੇ ਜਾਣ ਦਾ ਵੇਲ਼ਾ ਹੋ ਗਿਆ:
“ਮਨਾਂ ਪ੍ਰਦੇਸੀਆ, ਇਹ ਨਹੀਂ ਤੇਰਾ ਦੇਸ਼”
ਕਿੱਥੇ ਤੇਰਾ ਦੇਸ, ਮਨਾਂ ਪ੍ਰਦੇਸੀਆ।
ਇਹ ਨਹੀਓਂ ਪਰੀ ਕਹਾਣੀ
ਇਹ ਤਾਂ ਹੈ ਬੱਬਰਾਂ ਦੀ ਬਾਣੀ
ਇਹ ਇਤਿਹਾਸ ਹੈ ਬੜਾ ਮਹਾਨ
ਇਹ ਹੈ ਬੱਬਰਾਂ ਦੀ
ਬੱਬਰਾਂ ਦੀ ਪਹਿਚਾਣ

ਝਾਕੀ: ਛੇਵੀਂ

ਮੇਰੇ ਪਤੀ ਕਿਸ਼ਨ ਸਿੰਘ ਗੜਗੱਜ ਨੂੰ ਜਦੋਂ ਅਸੀਂ ਮਿਲੇ ਤਾਂ ਉਹਨਾਂ ਕਿਹਾ:

ਕਿਸ਼ਨ ਸਿੰਘ: ਤੁਸੀਂ ਜਜ਼ਬਾਤੀ ਨਹੀਂ ਹੋਣਾ। ਨਾ ਫ਼ਿਕਰ ਕਰਨਾ। ਲੋਕ ਬਹੁਤ ਮਹਾਨ ਹੁੰਦੇ ਨੇ। ਹਾਕਮ ਜੋ ਮਰਜ਼ੀ ਚਾਲਾਂ ਖੇਡਦੇ ਰਹਿਣ, ਲੋਕ ਹਮੇਸ਼ਾਂ ਸੱਚ ਦੇ ਨਾਲ਼ ਖੜ ਦੇ ਨੇ।

ਪਤਨੀ: ਮੇਰਾ ਤਾਂ ਆਪ ਚਿੱਤ ਕਰਦੈ ਕਿ ਮੈਂ ਆਪਣੇ ਹੱਥੀਂ ਫੁੱਲਾਂ ਦੇ ਗੁੰਦੇ ਹਾਰ ਦਾ ਸਿਹਰਾ ਬਣਾ ਕੇ ਤੁਹਾਨੂੰ ਲਾੜੀ ਮੌਤ ਨੂੰ ਵਿਆਹੁਣ ਤੋਰਾਂ। ਸੱਚੇ ਮਾਰਗ ਚੱਲਦਿਆਂ ਤੁਹਾਨੂੰ ਫੁੱਲਾਂ ਦਾ ਹਾਰ ਪਾ ਕੇ ਮੈਂ ਆਪਦੇ ਹੱਥ ਪਵਿੱਤਰ ਕਰ ਲਵਾਂ।

(ਦੋਵੇਂ ਇੱਕ ਦੂਜੇ ਨੂੰ ਪ੍ਰਣਾਮ ਕਰਦੇ ਨੇ)

ਇਉਂ ਪੰਜਾਬੀ ਨਾਰ
ਕਰਕੇ ਸੱਜਣ ਦਾ ਸ਼ਿੰਗਾਰ
ਤੋਰਕੇ ਪਤੀ ਨੂੰ ਬਣੀ ਮਹਾਨ
ਇਹ ਹੈ ਬੱਬਰਾਂ ਦੀ
ਬੱਬਰਾਂ ਦੀ ਪਹਿਚਾਣ।

ਝਾਕੀ: ਸੱਤਵੀਂ

ਕਰਮ ਸਿੰਘ ਮਾਣਕੋ, ਦਲੀਪ ਸਿੰਘ ਧਾਮੀਆਂ, ਸੰਤਾ ਸਿੰਘ ਹਰਿਓਂ ਸਭ ਅਜੇਹੀਆਂ ਨਵੀਆਂ ਕਹਾਣੀਆਂ ਲਿਖਦੇ ਹੀ ਫਾਂਸੀ ਦੇ ਤਖ਼ਤੇ ਵੱਲ ਗਏ।

ਕਈ ਬੱਬਰ ਮਿੰਟਗੁਮਰੀ ਜੇਲ ’ਚ ਸੁਰੰਗ ਖੋਦਕੇ ਫਰਾਰ ਹੋ ਗਏ। ਹੂਟਰ ਅਤੇ ਸੀਟੀਆਂ ਵੱਜਦੀਆਂ ਰਹੀਆਂ।

ਬੱਬਰ ਔਹ ਗਏ ਕਿ ਔਹ ਗਏ। (2)
ਜੱਥੇ ਚਕਰਵਰਤੀ ਬਣ ਗਏ
ਛਾਤੀ ਜ਼ਬਰ ਦੇ ਅੱਗੇ ਤਣ ਗਏ
ਹੱਸ ਕੇ ਹੋਏ ਸੀ ਕੁਰਬਾਨ ਇਹਦੈ,
ਬੱਬਰਾਂ ਦੀ ਬੱਬਰਾਂ ਦੀ ਪਹਿਚਾਣ

ਰਚਨਾ : ਅਮੋਲਕ ਸਿੰਘ

ਬਬੇਲੀ ਸਮੇਤ ਕਿੰਨੀਆਂ ਥਾਵਾਂ ’ਤੇ ਟੱਕਰਾਂ, ਮੁਕਾਬਲੇ, ਸ਼ਹਾਦਤਾਂ ਹੋਈਆਂ। ਖ਼ਾਸ ਕਰਕੇ ਦੋਆਬੇ ਦੇ ਚੱਪੇ-ਚੱਪੇ ਤੇ ਬੱਬਰ ਅਕਾਲੀ ਲਹਿਰ ਦਾ ਸੂਹਾ ਇਤਿਹਾਸ ਹੈ।

ਭਾਵੇਂ ਅੱਗਾਂ ਲਾ ਕੇ ਸਾੜੇ
ਭਾਵੇਂ ਜੇਲ੍ਹਾਂ ਦੇ ਵਿੱਚ ਤਾੜੇ
ਬੱਬਰ ਕਰ ਗਏ ਜ਼ਿੰਦ ਕੁਰਬਾਨ
ਇਹ ਹੈ ਬੱਬਰਾਂ ਦੀ
ਬੱਬਰਾਂ ਦੀ ਪਹਿਚਾਣ
ਇਹ ਹੈ ਬੱਬਰਾਂ ਦੀ

ਝਾਕੀ: ਅੱਠਵੀਂ

ਕਿਸ਼ਨ ਸਿੰਘ: (ਪਤਨੀ ਨੂੰ) ਅੱਖ ਨਹੀਂ ਭਰਨੀ। ਐਵੇਂ ਦੁਸ਼ਮਣ ਗੱਲਾਂ ਕਰਨਗੇ। ਮੇਰੀ ਗੱਲ ਸੁਣ: ਦੇਖਣਾ ਕਿਤੇ ਫਾਂਸੀ ਚੜ ਨ ਮਗਰੋਂ ਮੈਨੂੰ ਮੇਰੇ ਸਾਥੀਆਂ ਨਾਲੋਂ ਅਲੱਗ ਨਾ ਕਰ ਦੇਣਾ।

ਜਦੋਂ ਅਸੀਂ ਆਜ਼ਾਦੀ ਦੀ ਲਹਿਰ ’ਚ ਕੰਮ ਕੱਠਿਆਂ ਕੀਤਾ ਸਾਡੀ ਸਾਰਿਆਂ ਦੀ ਸਾਂਝੀ ਚਿਖ਼ਾ ਤਿਆਰ ਕਰਨੀ। ਅਸੀਂ ਮਰਕੇ ਵੀ ਇੱਕ ਦੂਜੇ ਤੋਂ ਅਲੱਗ ਨਹੀਂ ਹੋਣਾ।

(ਸੂਤਰਧਾਰ)
ਹੋਇਆ ਵੀ ਇਉਂ ਹੀ,
ਫਾਂਸੀ ਮਗਰੋਂ ਛੇ ਬੱਬਰਾਂ ਦੀਆਂ ਮ੍ਰਿਤਕ ਦੇਹਾਂ ਨੂੰ ਇੱਕੋ ਚਿਖ਼ਾ ’ਚ ਸਲਾਮੀ ਅਤੇ ਵਿਦਾਇਗੀ ਦਿੱਤੀ।

ਇੱਕੋ ਚਿਖ਼ਾ ਬਣਾ ਕੇ ਤੋਰੇ
ਬਿੱਟ ਬਿੱਟ ਤੱਕਦੇ ਰਹਿ ਗਏ ਗੋਰੇ
ਸਾਨੂੰ ਮਾਰ ਨਾ ਸਕੇ ਸ਼ੈਤਾਨ
ਇਹ ਹੈ ਬੱਬਰਾਂ ਦੀ
ਬੱਬਰਾਂ ਦੀ ਪਹਿਚਾਣ
ਇਹ ਹੈ ਬੱਬਰਾਂ ਦੀ

ਝਾਕੀ: ਨੌਵੀਂ

ਸੂਤਰਧਾਰ: ਇੱਕ ਬੰਨੇ ਬੱਬਰ ਸ਼ਾਨਦਾਰ ਇਤਿਹਾਸ ਸਿਰਜ ਰਹੇ ਸਨ, ਦੂਜੇ ਬੰਨੇ ਲੋਕਾਂ ਦੀ ਮੱਤ ਮਾਰਨ ਲਈ ਤਰ ਾਂ-ਤਰ ਾਂ ਦੇ ਪਾਪੜ ਵੇਲੇ ਜਾ ਰਹੇ ਸਨ। ਜਿਵੇਂ ਅੱਜ ਵੀ ਨੌਜਵਾਨ ਪੀੜ ੀ ਨੂੰ ਨਸ਼ਿਆਂ ਦੇ ਦਰਿਆ ’ਚ ਡਬੋ ਕੇ ਮਾਰਨ ਲਈ ਹੱਲਾ ਬੋਲਿਆ ਜਾ ਰਿਹਾ ਹੈ। ਅਜਿਹੇ ਵੇਲੇ ਮਾਂਵਾਂ ਦੀ ਇੱਕ ਆਵਾਜ਼ ਇਉਂ ਵੀ ਸੁਣਾਈ ਦਿੰਦੀ ਹੈ:

ਸੁੱਖਾਂ ਸੁੱਖਦਿਆਂ ਮਾਵਾਂ ਪੁੱਤ ਮੰਗਿਆ
ਪੁੱਤ ਉੱਡ ਗਏ ਨੇ ਬੁਰੀਆਂ ਹਵਾਵਾਂ ਤੇ
ਪੁੱਛੇ ਅੰਮੜੀ ਤੂੰ ਕਿਹੜੇ ਰੰਗ ਰੰਗਿਆ
ਕੀ ਰੱਖਿਐ ਵੇ ਇਹਨਾਂ ਰਾਹਵਾਂ ਤੇ
ਜਿਹੜੇ ਧਰਤੀ ਮਾਂ ਦੇ ਹੋ ਗਏ ਨੇ
ਇੱਕ ਉਹ ਵੀ ਪੁੱਤ ਨੇ ਮਾਵਾਂ ਦੇ
ਜਿਨ੍ਹਾ ਮੋੜ ਲਿਆਉਣਾ ਬਹਾਰਾਂ ਨੂੰ
ਫੁੱਲ ਖਿੜਨੇ ਸੱਧਰਾਂ ਚਾਵਾਂ ਦੇ
ਨਵੇਂ ਯੁੱਗ ਦਾ ਲਿਖਦੇ ਸਿਰਨਾਵਾਂ,
ਅੰਬਰਾਂ ਤੇ, ਧਰਤ, ਹਵਾਵਾਂ ਤੇ
ਪੁੱਛੇ ਅੰਮੜੀ ਤੂੰ ਕਿਹੜੇ...

ਸੂਤਰਧਾਰ: ਲੋਕਾਂ ਨੂੰ ਜ਼ਿੰਦਗੀ ਦੇ ਹਕੀਕੀ ਰੰਗਾਂ ਤੋਂ ਦੂਰ ਰੱਖਣ ਲਈ ਰਵਾਇਤੀ ਰੰਗਾਂ ’ਚ ਰੰਗ ਕੇ ਇਉਂ ਮਦਹੋਸ਼ ਕੀਤਾ ਜਾਂਦਾ ਹੈ:

ਝਾਕੀ: ਦਸਵੀਂ

ਹੋਲੀ ਆਈ ਐ
ਆਈ ਐ ਹੋਲੀ ਆਈ ਐ
ਹੋਲੀ ਆਈ ਐ, ਜੀ ਖੁਸ਼ੀਆਂ ਲਿਆਈ ਐ
ਬਈ ਆ ਜੋ ਰੰਗਾਂ ਨਾਲ ਖੇਡੀਏ

ਹੋਲੀ ਰੰਗਲੀ ਹੈ ਰੰਗਲੇ ਪੰਜਾਬ ਦੀ
ਜੀ ਰੰਗਲੀ ਬਹਾਰ ਆ ਗਈ।

ਗਿੱਧੇ ਭੰਗੜੇ ਤੇ ਨਾਲ਼ੇ ਪਾਉਣ ਬੋਲੀਆਂ
ਜੀ ਅਣਖ਼ੀ ਪੰਜਾਬ ਦੇਸ਼ ਦੇ
ਅੱਜ ਰਲ਼ ਮਿਲ ਸਾਰਿਆਂ ਨੇ ਨੱਚਣਾ
ਬਈ ਹੋਲੀ ਵਾਲੇ ਰੰਗ ਖਿੜਨੇ

ਦੁੱਲੇ ਸ਼ੇਰ ਅਣਖੀਲੇ ਨੇ ਪੰਜਾਬ ਦੇ
ਇਹ ਕਿਸੇ ਦੀ ਨਾ ਈਨ ਮੰਨਦੇ
ਦਿਨ ਹੋਲੀ ਦਾ ਨਾ ਰੋਜ਼ ਰੋਜ਼ ਆਉਣਾ
ਬਈ ਆ ਜੋ ਆਪਾਂ ਰੰਗ ਸੁੱਟੀਏ
ਜ਼ਿੰਦੇ ਮੇਰੀਏ ਤੂੰ ਨੱਚ ਲੈ ਤੇ ਹੱਸ ਲੈ
ਰੰਗਾਂ ਵਿੱਚ ਜ਼ਿੰਦ ਰੰਗ ਕੇ

ਝਾਕੀ: ਗਿਆਰਵੀਂ

ਹੋਲੀ ਦੇ ਰੰਗਾਂ ’ਚ ਰੰਗਿਓ ਲੋਕੋ!
ਥੋਨੂੰ ਕਿਉਂ ਚੇਤਾ ਨਾ ਆਇਆ
ਹੋਲੀ ਦੇ ਦਿਨ ਛੇ ਬੱਬਰਾਂ ਨੂੰ
ਫਾਂਸੀ ਤੇ ਲਟਕਾਇਆ
ਕੋਲੋਂ ਦੀ ਲੰਘੇ ਵੇ ਅਰਥੀਆਂ ਵਾਲ਼ੇ
ਕਿਉਂ ਨਾ ਦੇਣ ਦਿਖਾਈ
ਪੁੱਛਦੈ ਵੀਰ ਭਗਤ ਸਿੰਘ ਸਾਨੂੰ
ਓ ਕਿੱਥੇ ਗਈ ਲੋਕਾਈ!
ਹੋਲੀ ਦੇ ਦਿਨ ਖ਼ੂਨ ਦੇ ਛਿੱਟੇ
ਮਾਂ ਧਰਤੀ ਹਿੱਸੇ ਆਏ
ਕਿੱਥੇ ਸੌਂ ਗਈ ਅਣਖ ਅਸਾਡੀ
ਅਸਾਂ ਕਾਹਦੇ ਜਸ਼ਨ ਮਨਾਏ
ਹੋਲੀ ਦੇ ਰੰਗ ਕੱਚੇ ਵੇ ਲੋਕਾ!
ਬੂੰਦ ਪਏ ਲੱਥ ਜਾਏ
ਸੂਹੀ ਰੱਤ ਸ਼ਹੀਦਾਂ ਵਾਲੀ
ਨਿੱਤ ਗੂਹੜੀ ਹੁੰਦੀ ਜਾਏ।

ਝਾਕੀ: ਬਾਰ੍ਹਵੀਂ

ਬੱਬਰਾਂ ਦੀ ਅਮਰ ਕਹਾਣੀ
ਦੇਵੇ ਹੋਕਾ ਵੇ!
ਬਣ ਸਮੇਂ ਦਾ ਹਾਣੀ
ਉੱਠਕੇ ਲੋਕਾ ਵੇ!
ਕੁੱਲ ਦੁਨੀਆਂ ਵਿੱਚ
ਜਿੱਥੇ ਕਿਰਤੀ ਲੜਦੇ ਨੇ
ਗ਼ਦਰੀ ਵਾਰਸ
ਉਹਨਾਂ ਦੇ ਸੰਗ ਖੜ ਦੇ ਨੇ
ਅੱਜ ਬੱਬਰਾਂ ਦੀ ਬਾਣੀ
ਦੇਵੇ ਹੋਕਾ ਵੇ
ਬਣ ਸਮੇਂ ਦਾ ਹਾਣੀ
ਉੱਠਕੇ ਲੋਕਾ ਵੇ!

ਜਾਤ ਧਰਮ ਦੀ ਵੰਡ ਤੋਂ
ਕਿਰਤੀ ਉੱਚੇ ਨੇ
ਇਹ ਅਸੂਲਾਂ ਤੇ ਅਮਲਾਂ ਤੋਂ
ਸੁੱਚੇ ਨੇ
ਨਾ ਛੱਡਣੀ ਵੰਡ-ਕਾਣੀ
ਦੇਵੇ ਹੋਕਾ ਵੇ
ਬਣ ਸਮੇਂ ਦਾ ਹਾਣੀ
ਉੱਠ ਕੇ ਲੋਕਾ ਵੇ!

ਖੜ ਝੰਡੇ ਦੀ ਛਾਵੇਂ
ਕਸਮਾਂ ਖਾ ਲਈਏ
ਯੁੱਗ ਲੋਕਾਂ ਦਾ ਲਿਆਉਣਾ
ਜੋਟੀ ਪਾ ਲਈਏ
ਸਮਝ ਉਹਨਾ ਨੂੰ
ਜੋ ਕਰਦੇ ਨੇ ਧੋਖਾ ਵੇ
ਬਣ ਸਮੇਂ ਦਾ ਹਾਣੀ
ਉੱਠ ਕੇ ਲੋਕਾ ਵੇ!

ਝਾਕੀ: ਤੇਰ੍ਹਵੀਂ

ਸੂਤਰਧਾਰ: ਸਾਡੇ ਪਿਆਰੇ ਦੇਸ਼ ਦੀ ਰਾਜਧਾਨੀ ਅੰਦਰ ਜਿਵੇਂ ਧਰਤੀ ਦੀਆਂ ਧੀਆਂ ਨੂੰ ਕੁੱਟਣ, ਧੂਹ ਘੜੀਸ, ਬੇਪਤ ਕਰਨ, ਜੇਲ੍ਹੀਂ ਡੱਕਣ ਅਤੇ ਗੁੰਡਿਆਂ ਮੂਹਰੇ ਸੁੱਟਣ ਦੇ ਬੇਸ਼ਰਮ ਕਾਰੇ ਕੀਤੇ ਜਾ ਰਹੇ ਨੇ ਤਾਂ ਬੱਬਰ ਅਕਾਲੀ ਲਹਿਰ ਦੀਆਂ ਸ਼ਹਾਦਤਾਂ ਦਾ ਲਹੂ ਪੁੱਛਦਾ ਹੈ ਕਿ ਕਿੱਥੇ ਹੈ ਆਜ਼ਾਦੀ? ਜਮਹੂਰੀਅਤ, ਕਾਇਦੇ ਕਾਨੂੰਨ।

ਦਿੱਲੀ ਦੀਆਂ ਸੜਕਾਂ ਬਹਿਰੀਆਂ ਨਹੀਂ। ਅੰਨ ੀਆਂ ਨਹੀਂ। ਗੂੰਗੀਆਂ ਨਹੀਂ। ਦਿੱਲੀ ਦੀਆਂ ਸੜਕਾਂ ਬੋਲ ਰਹੀਆਂ ਨੇ। ਹਾਕਮ ਹੁਕਮ ਚਲਾਉਂਦੇ ਨੇ। ਕਹਿਰ ਵਰ ਾਉਂਦੇ ਨੇ। ਇਸ ਮੌਕੇ ਖ਼ਾਸ ਕਰਕੇ ਕੁੜੀਆਂ ਸੜਕਾਂ ਤੇ ਇਉਂ ਗਾਉਂਦੀਆਂ ਨੇ:

ਦਿੱਲੀ ਦੀਆਂ ਸੜਕਾਂ, ਅੱਜ ਕੱਲ ਤਾਂ
ਨਵੀਆਂ ਹੀ ਬਾਤਾਂ ਪਾਉਂਦੀਆਂ ਨੇ
ਮੋਢੇ ਤੇ ਕਿੱਟਾਂ ਪਾ ਕੁੜੀਆਂ
ਸੜਕਾਂ ਤੇ ਕਲਾਸਾਂ ਲਾਉਂਦੀਆਂ ਨੇ

ਬਣੀ ਯੂਨੀਵਰਸਿਟੀ ਸੜਕਾਂ ਤੇ
ਓਥੇ ਪੜ ਦੀਆਂ ਅਤੇ ਪੜ ਾਉਂਦੀਆਂ ਨੇ
ਨਿੱਤ ਕਹਿਰ ਉਨ ਾ ਸਿਰ ਵਰ ਦੇ ਨੇ (2)
ਉਹ ਗੀਤ ਨਵੇਂ ਹੀ ਗਾਉਂਦੀਆਂ ਨੇ

ਹਮ ਦੇਖੇਂਗੇ, ਹਮ ਦੇਖੇਂਗੇ
ਦਾਅਵਾ ਹੈ ਹਮਾਰਾ ਦੇਖੇਂਗੇ
ਹਮ ਦੇਖੇਂਗੇ, ਹਮ ਦੇਖੇਂਗੇ। (2)

ਹਾਕਮ ਨੇ ਸ਼ਰਮ ਹੀ ਲਾਹ ਲਈ ਏ
ਬਾਰਡਰ ਤੋਂ ਫੌਜ ਬੁਲਾ ਲਈ ਏ
ਗੁੰਡੇ ਟੋਲੇ, ਫ਼ਿਰਕੂ ਵਣਜਾਰੇ
ਸਭਨਾਂ ਨੇ ਜੋਟੀ ਪਾ ਲਈ ਏ
ਲਾ ਜ਼ੋਰ ਹਾਕਮਾਂ ਆਪਣਾ ਤੂੰ
ਉਹ ਮੂੰਹ ਤੇ ਆਖ ਸੁਣਾਉਂਦੀਆਂ ਨੇ
ਉਹ ਗੀਤ ਨਵੇਂ ਹੀ ਗਾਉਂਦੀਆਂ ਨੇ
ਉਹ ਗੀਤ ਨਵੇਂ ਹੀ ਗਾਉਂਦੀਆਂ ਨੇ
ਹਮ ਦੇਖੇਂਗੇ, ਹਮ ਦੇਖੇਂਗੇ (2)

ਸੜਕਾਂ ਤੇ ਨੰਗੀਆਂ ਕਰ ਕੁੜੀਆਂ
ਜਰਵਾਣਿਆਂ ਰਲ਼ ਕੇ ਕੁੱਟੀਆਂ ਨੇ
ਏਥੇ ਕਾਇਦੇ ਕਾਨੂੰਨ ਤੇ ਨਿਆਂ ਮੰਦਰ
ਸਭਨਾਂ ਦੀਆਂ ਅੱਖੀਆਂ ਫੁੱਟੀਆਂ ਨੇ।
ਸਭ ਬੈਰੀਕੇਡ ਨੇ ਟੁੱਟ ਜਾਂਦੇ
ਜਦ ਧਮਕ ਸੜਕ ਤੇ ਪਾਉਂਦੀਆਂ ਨੇ
ਮੋਢੇ ਤੇ ਕਿੱਟਾਂ ਪਾ ਕੁੜੀਆਂ
ਸੜਕਾਂ ਤੇ ਕਲਾਸਾਂ ਲਾਉਂਦੀਆਂ ਨੇ
ਨਿੱਤ ਕਹਿਰ ਉਹਨਾਂ ਸਿਰ ਵਰ ਦੇ ਨੇ
ਉਹ ਗੀਤ ਨਵੇਂ ਹੀ ਗਾਉਂਦੀਆਂ ਨੇ
ਹਮ ਦੇਖੇਂਗੇ, ਹਮ ਦੇਖੇਂਗੇ
ਹਮ ਦੇਖੇਂਗੇ, ਹਮ ਦੇਖੇਂਗੇ

ਝਾਕੀ: ਚੌਦਵੀਂ

ਸਮਿਆਂ ਦੇ ਨਾਲ ਤੁਰੀ
ਫੜਕੇ ਮਸ਼ਾਲ ਤੁਰੀ
ਨਵਾਂ ਸਾਲ ਹੋਵੇ ਤੇਰੇ ਨਾਮ
ਸਲਾਮ! ਨੀ ਜੁਆਨੀਏਂ ਸਲਾਮ!
ਆਉਣ ਵਾਲਾ ਕੱਲ ਤੇਰੇ ਨਾਮ

ਬਾਬਾ ਭਕਨਾ, ਭਗਤ ਸਿੰਘ ਤੇ
ਬਣ ਗਈ ਜੋਤ ਸਰਾਭਿਆਂ ਦੀ
ਬਿਸਮਿਲ ਤੇ ਅਸਫ਼ਾਕ ਉੱਲਾ
ਤੂੰ ਵਾਰਸ ਗ਼ਦਰੀ ਬਾਬਿਆਂ ਦੀ
ਵੇਖ ਲਈ ਮੈਂ ਧੀਆਂ ਵਿੱਚ
ਵਸਦੀ ਗੁਲਾਬ ਕੌਰ
ਉੱਠ ਪਈ ਏ ਬਣਕੇ ਤੂਫ਼ਾਨ
ਸਲਾਮ ਨੀ ਜੁਆਨੀਏਂ ਸਲਾਮ!
ਆਉਣ ਵਾਲਾ ਕੱਲ ਤੇਰੇ ਨਾਮ
ਟੇਢੇ ਮੇਢੇ ਰਸਤੇ ਆਉਣੇ
ਲੰਮੇ ਪੈਂਡੇ ਕਰਨੇ ਤੂੰ
ਹਿਟਲਰ ਸ਼ਾਹੀ ਦੀ ਮਾਂ ਸਿਸਟਮ
ਟੋਏ ਟਿੱਬੇ ਭਰਨੇ ਤੂੰ
ਪਾਸ਼ ਤੇ ਉਦਾਸੀ ਆਖੇ
ਲੜਾਂਗੇ ਵੇ ਸਾਥੀ ਆਖੇ
ਲੜਿਆਂ ਹੀ ਪਾਈਦੈ ਮੁਕਾਮ
ਸਲਾਮ! ਨੀ ਜੁਆਨੀਏਂ ਸਲਾਮ!!
ਆਉਣ ਵਾਲਾ ਕੱਲ ਤੇਰੇ ਨਾਮ

ਝਾਕੀ: ਪੰਦਰਵੀਂ

ਗ਼ਦਰੀ ਮੇਲਾ ਦੇਵੇ ਹੋਕਾ
ਪੱਲੇ ਬੰਨ ਲੈ ਭਲਿਆ ਲੋਕਾ
ਜੋ ਲੋਕਾਂ ਨੂੰ ਲੁੱਟਦਾ ਕੁੱਟਦਾ
ਚੰਦਰਾ ਏਹੇ ਰਿਵਾਜ਼ ਬਦਲ ਦਿਓ
ਤਖ਼ਤ ਬਦਲ ਦਿਓ, ਤਾਜ਼ ਬਦਲ ਦਿਓ
ਰਾਜ ਬਦਲ ਦਿਓ, ਇਹ ਸਮਾਜ ਬਦਲ ਦਿਓ

ਔਰਤ ਸ਼ਕਤੀ, ਜੁੜੇ ਜੁਆਨੀ
ਕਿਰਤੀ ਦੇ ਗਲ਼ ਲੱਗ ਕਿਰਸਾਨੀ
ਕਲਮਾਂ ਵਾਲੇ, ਸਾਜ਼ਾਂ ਵਾਲੇ
ਮਿਲ਼ ਕੇ ਲੋਕ ਆਵਾਜ਼ਾਂ ਵਾਲੇ
ਸਾਂਝੀਵਾਲ ਦਾ ਰਾਜ ਕਰਨਗੇ
ਲੋਕਾਂ ਦੇ ਸਿਰ ਤਾਜ਼ ਧਰਨਗੇ
ਕੁੱਲ ਦੁਨੀਆਂ ਤੇ ਹੋਏ ਖੁਸ਼ਹਾਲੀ
ਹਰ ਚਿਹਰੇ ਤੇ ਖਿੜ ਜਾਏ ਲਾਲੀ
ਭਗਤ ਸਿੰਘ ਦੇ ਇਨਕਲਾਬ ਸੰਗ
ਉੱਠੋ! ਸਭੇ ਨਵਾਬ ਬਦਲ ਦਿਓ
ਰਾਜ ਬਦਲ ਦਿਓ
ਇਹ ਸਮਾਜ ਬਦਲ ਦਿਓ

ਝਾਕੀ: ਸੋਲ੍ਹਵੀਂ

ਆ ਮਜ਼ਦੂਰ ਕਿਸਾਨਾ ਆ
ਪਾੜ੍ਹਿਆ ਵੀਰ ਜੁਆਨਾ ਆ
ਆ ਨੀ ਭੈਣੇਂ ਕਦਮ ਮਿਲਾ
ਲੋਕ ਲਹਿਰ ਤੇ ਜ਼ੋਬਨ ਲਿਆ
ਕਰਦੇ ਚੂਰ ਜੰਜ਼ੀਰਾਂ ਨੂੰ
ਆਪੇ ਲਿਖ ਤਕਦੀਰਾਂ ਨੂੰ
ਅਮਰ ਸ਼ਹੀਦਾਂ ਏਹੋ ਕਿਹਾ
ਜਿੱਤਣ ਲਈ ਸੰਸਾਰ ਪਿਆ

ਅਜੇ ਤਾਂ ਜ਼ਹਿਰੀ ਨਾਗ ਅਸਾਡੇ
ਡੰਗ ਕਾਲਜੇ ਮਾਰ ਰਹੇ
ਕਲਾ, ਕਿਰਤ ਦੇ ਸਿਰਜਕ ਜਿਹੜੇ
ਉਹਨਾਂ ਨੂੰ ਦੁਰਕਾਰ ਰਹੇ
ਅਜੇ ਤਾਂ ਕੁੱਲ ਦੁਨੀਆਂ ਵਿੱਚ ਹੋਏ
ਲੋਥਾਂ ਦਾ ਵਿਓਪਾਰ ਪਿਆ
ਅਮਰ ਸ਼ਹੀਦਾਂ ਏਹੋ ਕਿਹਾ
ਜਿੱਤਣ ਲਈ ਸੰਸਾਰ ਪਿਆ

ਸੁੱਤਿਓ ਜਾਗੋ! ਹੱਥ ਪਾ ਲਵੋ
ਉੱਠ ਕੇ ਸ਼ਾਹੀ ਤਾਜ਼ਾਂ ਨੂੰ
ਫੇਰ ਤੁੜਾਉਣਾ ਪੈਣਾ ਮਿੱਤਰੋ
ਚਿੜੀਆਂ ਕੋਲੋਂ ਬਾਜ਼ਾਂ ਨੂੰ
ਮੁਕਤੀ ਦੇ ਲਈ ਜੋਟੀ ਪਾਵੋ
ਲਾਵੋ ਚੋਟ ਨਗਾਰੇ ’ਤੇ
ਗੋਡਿਆਂ ਪਰਨੇ ਵੈਰੀ ਹੋਣੇ
ਖ਼ਲਕਤ ਦੇ ਵੰਗਾਰੇ ’ਤੇ
ਜੰਗਬਾਜ਼ਾਂ ਨੂੰ ਕਬਰੀਂ ਪਾ ਕੇ
ਜੀਵਨ ਵਿੱਚ ਬਹਾਰ ਲਿਆ
ਅਮਰ ਸ਼ਹੀਦਾਂ ਏਹੋ ਕਿਹਾ
ਜਿੱਤਣ ਲਈ ਸੰਸਾਰ ਪਿਆ

‘ਕਿਰਤੀ’ ਦੀ ਪ੍ਰਕਾਸ਼ਨਾ ਸ਼ਤਾਬਦੀ ਮੌਕੇ

ਫਰਵਰੀ 1926 ਵਿਚ ‘ਕਿਰਤੀ’ ਅਖ਼ਬਾਰ ਦੇ ਪ੍ਰਕਾਸ਼ਨ ਨਾਲ ਪੰਜਾਬ ਦੇ ਸਿਆਸੀ ਇਤਿਹਾਸ ਵਿਚ ਇੱਕ ਨਵੇਂ ਪੰਨੇ ਦਾ ਆਗਾਜ਼ ਹੋਇਆ। ਭਾਈ ਸੰਤੋਖ ਸਿੰਘ ਇਸ ਦੇ ਮੋਢੀ ਸੰਪਾਦਕ ਬਣੇ। ‘ਕਿਰਤੀ’ ਦੀ ਪਹਿਲੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵਿਚ ਸੰਪਾਦਕ ਭਾਈ ਸੰਤੋਖ ਸਿੰਘ ਤੋਂ ਇਲਾਵਾ ਕਰਮ ਸਿੰਘ ਚੀਮਾ, ਮਾ. ਊਧਮ ਸਿੰਘ ਕਸੇਲ ਤੇ ਇੰਦਰ ਸਿੰਘ ਸੁਰ ਸਿੰਘ ਸ਼ਾਮਿਲ ਸਨ। ਇਸ ਕਮੇਟੀ ਨੇ ਬਾਬਾ ਭਾਗ ਸਿੰਘ ਕਨੇਡੀਅਨ ਨੂੰ ‘ਕਿਰਤੀ’ ਅਖ਼ਬਾਰ ਦਾ ਮੈਨੇਜਿੰਗ ਡਾਇਰੈਕਟਰ ਬਣਾਉਣ ਦਾ ਫੈਸਲਾ ਕੀਤਾ। ਰਾਮ ਸਿੰਘ ਮਜੀਠਾ ਦੇ ਸ਼ਬਦਾਂ ਵਿਚ, “ਇਸ ਅਖ਼ਬਾਰ ਦੇ ਲਿਖਣ, ਛਾਪਣ, ਵੰਡਣ ਤੇ ਪੜ੍ਹਨ ਸੁਣਨ ਵਾਲਿਆਂ ਤੇ ਤਾਣੇ-ਬਾਣੇ ਦੇ ਸਾਥੀਆਂ ਨੂੰ ਹੀ ਕਿਰਤੀ ਪਾਰਟੀ ਦਾ ਨਾਂ ਦਿੱਤਾ ਗਿਆ। ਕਿਰਤੀ ਪਾਰਟੀ ਦੇ ਦੋ ਸੋਮੇ ਸਨ। ਪੜ੍ਹਾਈ ਮਾਸਕੋ ਦੀ, ਆਦਮੀ ਤੇ ਪੈਸਾ ਗ਼ਦਰ ਪਾਰਟੀ ਦਾ।”

‘ਕਿਰਤੀ’ ਦੀ ਵਿਚਾਰਧਾਰਾ ਤੇ ਇਸ ਦੇ ਸੰਪਰਕ-ਸੂਤਰਾਂ ਨੂੰ ਜਾਨਣ ਲਈ ਫਰਵਰੀ 1926 ਵਿਚ ਪ੍ਰਕਾਸ਼ਤ ਹੋਏ ਇਸ ਦੇ ਸਭ ਤੋਂ ਪਹਿਲੇ ਅੰਕ ਉੱਤੇ ਝਾਤੀ ਮਾਰਨੀ ਜ਼ਰੂਰੀ ਹੈ। ਇਹ ਅੰਕ ਰਾਗ ਵਡਹੰਸ ਮਹਲਾ 5 ਛੰਤ ਘਰ 4 ਦੇ ਵਾਕ ‘ਗੁਰ ਮਿਲ ਲਧਾ ਜੀ ਰਾਮ ਪਿਆਰਾ ਰਾਮ॥’ ਦੇ ਪੂਰੇ ਸ਼ਬਦ ਨਾਲ ਸ਼ੁਰੂ ਹੁੰਦਾ ਹੈ, ਜਿਸਦੇ ਅਖੀਰ ਵਿਚ ਨੋਟ ਹੈ: ‘ਕਿਰਤੀ’ ਨੇ ਇਸ ਮਹਾਨ ਵਾਕ ਦੀ

ਹਰਵਿੰਦਰ ਭੰਡਾਲ

ਆਗਿਆ ਅਨੁਸਾਰ ਸੇਵਾ ਅਰੰਭ ਕੀਤੀ ਹੈ। ਇਸ ਪੰਨੇ ਦੇ ਸਭ ਤੋਂ ਉੱਪਰ ਪੰਕਤੀ ਹੈ: ‘ਆਪਨੀ ਹਥੀ ਆਪਨਾ ਆਪੇ ਹੀ ਕਾਰਜ ਸਵਾਰੀਏ’। ਇਸ ਤੋਂ ਅਗਲੇ ਟਾਈਟਲ ਪੰਨੇ ਉੱਤੇ ਇੱਕ ਸ਼ਹੀਦ ਦੀ ਅਰਥੀ ਦੀ ਤਸਵੀਰ ਹੈ। ਇਹ ਟਾਈਟਲ ਪੰਨੇ ‘ਕਿਰਤੀ’ ਨੂੰ ਪੰਜਾਬ ਦੇ ਸਿੱਖ ਅਤੇ ਗ਼ਦਰ ਵਿਰਸੇ ਨਾਲ ਜੋੜਦੇ ਹਨ। ਇਸ ਪਿਛੋਂ ‘ਫੁੱਲਵਾੜੀ’ ਪਰਚੇ ਦੇ ਐਡੀਟਰ ਹੀਰਾ ਸਿੰਘ ‘ਦਰਦ’, ‘ਦੇਸ਼ ਸੇਵਕ’ ਜਲੰਧਰ ਦੇ ਸ੍ਰ. ਰਛਪਾਲ ਸਿੰਘ ਸੁਪਰਵਾਈਜ਼ਰ, ਮੰਗਲ ਸਿੰਘ ਐਡੀਟਰ ‘ਅਕਾਲੀ’, ‘ਰਿਆਸਤੀ ਕੇਹਰ’ ਅਤੇ ‘ਦਲੇਰ ਹਿੰਦ’ ਦੇ ਮੈਨੇਜਿੰਗ ਡਾਇਰੈਕਟਰ ਸਰਦਾਰ ਸਾਧੂ ਸਿੰਘ, ਅਖ਼ਬਾਰ ‘ਕਿਰਪਾਨ ਬਹਾਦਰ’ ਦੇ ਮੈਨੇਜਰ ਸ੍ਰ. ਠਾਕਰ ਸਿੰਘ ‘ਅਦਲ’ ਦੇ ਸੰਦੇਸ਼ਾਂ ਤੋਂ ਇਲਾਵਾ ਭਾਈ ਪ੍ਰਲੋਕ ਸਿੰਘ ਅਕਾਲੀ ਜਥੇਦਾਰ ਤੇ ਸ੍ਰ. ਮਤਾਬ ਸਿੰਘ ਜੀ “ਕਲਸੀਆ” ਦੇ ਜੀ-ਆਇਆਂ ਸੰਦੇਸ਼ ਪ੍ਰਕਾਸ਼ਤ ਕੀਤੇ ਗਏ ਹਨ।40 ਇਹ ਸੰਦੇਸ਼ ਉਸ ਸਮੇਂ ਦੇ ਪੰਜਾਬ ਵਿਚ ਅਕਾਲੀ ਲਹਿਰ ਦੇ ਜ਼ੋਰ ਤੇ ਪ੍ਰਭਾਵ ਵੱਲ ਸੰਕੇਤ ਕਰਦੇ ਹਨ। ‘ਕਿਰਤੀ’ ਨੂੰ ਇਸੇ ਸਮਾਜਕ ਪਿੱਠ-ਭੂਮੀ ਵਿਚ ਕੰਮ ਕਰਨਾ ਪੈਣਾ ਸੀ।

‘ਕਿਰਤੀ ਕਿਉਂ ਆਇਆ’ ਲਿਖਤ ਲਿਖਦਿਆਂ ਭਾਈ ਸੰਤੋਖ ਸਿੰਘ ਨੇ ਗ਼ਦਰ ਪਾਰਟੀ ਦੀ ਹੀ ਵਿਚਾਰਧਾਰਾ ਪੇਸ਼ ਕਰਦਿਆਂ ਮਹਾਤਮਾ ਗਾਂਧੀ ਦੇ ਅਸਹਿਯੋਗ ਦੇ ਪੈਂਤੜੇ ਦੀ ਅਸਫ਼ਲਤਾ ਨੂੰ ਸਪਸ਼ਟ ਕੀਤਾ ਹੈ। ਇਸ ਤੋਂ ਅਗਲਾ ਨੁਕਤਾ “ਕਿਰਤੀ ਦਾ ਪੈਂਤੜਾ ਹੈ ਕਿ ਅਸੀਂ ਸੁਤੰਤਰਤਾ ਦੇ ਪ੍ਰਵਾਨਿਆਂ ਦੀ ਦਿਲੋਂ ਕਦਰ ਕਰੀਏ ਭਾਵੇਂ ਉਹ ਸੰਸਾਰ ਦੀ ਕਿਸੇ ਨੁੱਕਰ ਦੇ ਵਸਨੀਕ ਹੋਣ ਅਤੇ ਉਨ੍ਹਾਂ ਦੇ ਕੰਮ ਤੋਂ ਜੋ ਸਿਖਿਆ ਸਾਨੂੰ ਮਿਲੇ, ਗ੍ਰਹਿਣ ਕਰੀਏ” ਵੀ ਗ਼ਦਰ ਪਾਰਟੀ ਦੇ ਸੰਵਿਧਾਨ ਵਿਚਲੀ ਕੌਮਾਂਤਰੀ ਦ੍ਰਿਸ਼ਟੀ ਅਨੁਸਾਰ ਹੀ ਹੈ, ਜਿਸ ਵਿਚ ਸੰਸਾਰ ਦੀ ਕਿਤੇ ਵੀ ਚੱਲ ਰਹੀ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਪਾਉਣ ਦੀ ਗੱਲ ਕੀਤੀ ਗਈ ਸੀ। ਇਸ ਲਿਖਤ ਵਿਚਲਾ ਤੀਸਰਾ ਨੁਕਤਾ ਗ਼ਦਰੀਆਂ ਦੀ ਉਸ ਨਵੀਂ ਚੇਤਨਾ ਨੂੰ ਪੇਸ਼ ਕਰਦਾ ਹੈ, ਜੋ ਉਨ੍ਹਾਂ ਨੇ ਰੂਸੀ-ਕ੍ਰਾਂਤੀ ਦੇ ਪ੍ਰਭਾਵਾਂ ਤੇ ਮਾਸਕੋ ਦੇ ਸੰਪਰਕਾਂ ਰਾਹੀਂ ਗ੍ਰਹਿਣ ਕੀਤਾ ਸੀ। ਇਸ ਨੁਕਤੇ ਵਿਚ ਵਿਰੋਧ ਰਾਸ਼ਟਰਾਂ ਜਾਂ ਹਕੂਮਤਾਂ ਦਰਮਿਆਨ ਨਹੀਂ, ਕਿਰਤੀ ਤੇ ਸਰਮਾਏਦਾਰਾਂ ਦਰਮਿਆਨ ਬਣ ਗਿਆ ਹੈ। ਇਸ ਵਿਚ ਸਾਮੰਤਵਾਦ ਉੱਤੇ ਸਰਮਾਏਦਾਰੀ ਦੀ ਜਿੱਤ ਤੋਂ ਬਾਅਦ, ਰੂਸ ਅੰਦਰ ਕਿਰਤੀਆਂ ਦੀ ਕ੍ਰਾਂਤੀ ਵੱਲ ਵੀ ਇਸ਼ਾਰਾ ਕੀਤਾ ਗਿਆ ਹੈ। ਇਹ ਸਮੁੱਚਾ ਪੈਰ੍ਹਾ ਇਸ ਤਰ੍ਹਾਂ ਹੈ:

“ਹਿੰਦੁਸਤਾਨ ਵਿਚ ਕਿਰਤੀ ਸ਼੍ਰੇਣੀ ਦੀ ਇਤਨੀ ਬੁਰੀ ਹਾਲਤ ਹੈ ਕਿ ਬਿਆਨ ਤੋਂ ਬਾਹਰ ਹੈ। ਵਰਤਮਾਨ ਸਮੇਂ ਵਿਚ ਜਿਸ ਦੇਸ਼ ਵਿਚ ਕਿਰਤੀ ਆਪਣੇ ਪੈਰਾਂ ਤੇ ਨਹੀਂ ਖਲੇ, ਉਹ ਦੇਸ ਭੀ ਆਪਨੇ ਪੈਰਾਂ ਤੇ ਖਲਾ, ਪਿਛੇ ਜਿਸ ਸਮੇਂ ਵਿਚ ਸੰਸਾਰ ਦੀ ਬਾਗਡੋਰ ਜ਼ਮੀਨਾਂ ਦੇ ਰਾਈਸਾਂ ਪਾਸੋਂ ਸਰਮਾਇਆਦਾਰਾਂ ਦੇ ਹੱਥ ਵਿਚ ਆ ਰਹੀ ਸੀ, ਉਸ ਸਮੇਂ ਵਿਚ ਕੁਰਬਾਨੀ ਦਾ ਬਹੁਤਾ ਭਾਰ ਭਾਵੇਂ ਕਿਰਤੀਆਂ ਦੇ ਸਿਰ ਹੀ ਪੈਂਦਾ ਸੀ, ਕਿਰਤੀ ਸ਼੍ਰੇਣੀ ਦੇ ਉਧਾਰ ਦਾ ਪ੍ਰੋਗਰਾਮ ਕੌਮ ਦੀ ਸੁਤੰਤਰਤਾ ਦੇ ਪ੍ਰੋਗਰਾਮ ਵਿਚ ਮਾਮੂਲੀ ਵਜ਼ਨ ਰੱਖਦਾ ਸੀ। ਪਰ ਵਰਤਮਾਨ ਸਮੇਂ ਵਿਚ ਸਾਫ਼ ਨਜ਼ਰ ਆ ਰਿਹਾ ਹੈ ਕਿ ਸੰਸਾਰ ਦੀ ਬਾਗਡੋਰ ਕਿਰਤੀ ਸ਼੍ਰੇਣੀ ਦੇ ਹੱਥ ਵਿਚ ਆ ਰਹੀ ਹੈ ਅਤੇ ਗੁਲਾਮ ਕੌਮਾਂ ਦੇ ਪ੍ਰੋਗਰਾਮ ਦਾ ਨਾਮ ਹੀ ਕੀ ਲੈਣਾ ਹੈ, ਵੱਡੀ ਤੋਂ ਵੱਡੀ ਜ਼ੋਰਾਵਰ ਹਕੂਮਤਾਂ ਭੀ ਇਸ ਗੱਲ ਵਿਚ ਆਪਣੀ ਤਾਕਤ ਦਾ ਵਾਧਾ ਸਮਝਦੀਆਂ ਹਨ ਕਿ ਉਨ੍ਹਾਂ ਦੇ ਕੌਮੀ ਪ੍ਰੋਗਰਾਮ ਵਿਚ ਕਿਰਤੀਆਂ ਦੀ ਆਵਾਜ਼ ਦੀ ਕਦਰ ਕੀਤੀ ਜਾਏ। “ਕਿਰਤੀ” ਕੌਮ ਨੂੰ ਕਿਰਤੀਆਂ ਦੇ ਇਤਿਹਾਸ ਅਤੇ ਕਿਰਤੀਆਂ ਦੇ ਹੱਕਾਂ ਦੀ ਆਵਾਜ਼ ਸੁਣਾਏਗਾ।”

ਇਸ ਪਿੱਛੋਂ ਕਿਰਤੀਆਂ ਦੀ ਯੂਨੀਅਨ ਦੀ ਲੋੜ ਬਾਰੇ ਦੱਸਿਆ ਗਿਆ ਹੈ। ਪੈਦਾਵਾਰ ਦੇ ਸਾਧਨ, ਭਾਈਚਾਰੇ ਦੀ ਸਾਂਝੀ

ਮਲਕੀਅਤ ਅਤੇ ਸਾਂਝਾ ਵਸ, ਟੋਲੀਆਂ (ਕੰਪਨੀਆਂ) ਦੀ ਅਗਰੀ ਮਾਲਕੀ ਤੇ ਵਸ, ਕਰਤਾਰ ਦੇ ਉਦਰਕਾਰ (ਐਵੋਲਸ਼ਨ) ਦਾ ਪਰਵਾਹ, ਕਾਰ ਦੀ ਦਿਹਾੜੀ ਆਦਿ ਸ਼ਬਦ ਅਤੇ ਸੰਕਲਪ ਕਿਰਤੀ ਕਲਮ ਉੱਤੇ ਸਮਾਜਵਾਦੀ ਪ੍ਰਭਾਵ ਦੇ ਹੀ ਲਖਾਇਕ ਹਨ।

ਅਗਲੇ ਪੰਨਿਆਂ ਉੱਤੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਕਾਨਪੁਰ ਵਿਚ ਹੋਏ ਚਾਲੀਵੇਂ ਸਮਾਗਮ ਦੀ ਰਿਪੋਰਟ ਹੈ। ਇਸ ਸਮਾਗਮ ਵਿਚ ਭਾਈ ਸੰਤੋਖ ਸਿੰਘ ਨੇ ਵੀ ਸ਼ਿਰਕਤ ਕੀਤੀ ਸੀ। ਇਸ ਰਿਪੋਰਟ ਵਿਚ ਵੀ ਕਾਂਗਰਸ ਵਲੋਂ ਤਜਵੀਜ਼ ਹੋਏ ਪ੍ਰੋਗਰਾਮ ਦੀ ਆਲੋਚਨਾ ਦੇ ਨਾਲ ਕਾਂਗਰਸ ਵੱਲੋਂ ਕਿਰਤੀਆਂ ਦੀ ਜਥੇਬੰਦੀ ਕਰਨ ਬਾਰੇ ਮਤੇ ਦੇ ਕਿਰ ਜਾਣ ਦਾ ਕਾਰਨ ਦੱਸਦਿਆਂ ਲਿਖਿਆ ਹੈ, “ਕੁਝ ਸੱਜਣਾਂ ਨੇ ਸਭਾ ਦੇ ਸਾਹਮਣੇ ਇਹ ਗੁੱਝਾ ਭੇਦ ਲਿਆਂਦਾ, ਕਿ ਕਿਰਤੀਆਂ ਦੀ ਜਥੇਬੰਦੀ ਕਰਨ ਕਰਕੇ ਕਾਂਗਰਸ ਕਿਰਤੀਆਂ ਦੇ ਪੱਖ ਦੀ ਸਭਾ ਸਮਝੀ ਜਾਏਗੀ ਅਤੇ ਕਾਂਗਰਸ ਦੇ ਮਿਤ੍ਰ ਸਰਮਇਆਦਾਰਾਂ ਨਾਲ ਵਿਰੋਧਤਾ ਪੈ ਜਾਏਗੀ।

ਇਸ ਕਾਂਗਰਸ ਦੌਰਾਨ ਹੀ ਕਾਨਪੁਰ ਵਿਚ ਸਰਬ-ਹਿੰਦ ਕਮਿਊਨਿਸਟ ਕਾਨਫਰੰਸ ਤੋਂ ਇਲਾਵਾ ਹੋਰ ਕਾਨਫਰੰਸਾਂ ਵੀ ਹੋਈਆਂ। ‘ਕਿਰਤੀ’ ਨੇ ਇਨ੍ਹਾਂ ਸਾਰੀਆਂ ਕਾਨਫਰੰਸਾਂ ਦੀਆਂ ਰਿਪੋਰਟਾਂ ਛਾਪੀਆਂ ਹਨ। ਕਮਿਊਨਿਸਟ ਕਾਨਫਰੰਸ ਵਿਚ ਮੌਲਾਨਾ ਹਸਰਤ ਮੋਹਾਨੀ ਤੇ ਸਿੰਗਾਰਾ ਵੇਲੂ ਚੇਤੀਅਰ ਦੁਆਰਾ ਕੀਤੇ ਭਾਸ਼ਣਾਂ ਦੇ ਸਾਰ ਦਿੱਤੇ ਗਏ ਹਨ। ਅਗਲੇ ਪੰਨਿਆਂ ਉੱਤੇ ਮਹਾਰਾਜਾ ਨਾਭਾ ਨੂੰ ਗੱਦੀ ਤੋਂ ਉਤਾਰੇ ਜਾਣ ਦਾ ਵਿਰੋਧ ਕਰਦੀ ਲਿਖਤ ਹੈ, ਜਿਸ ਵਿਚ ਮਸਲੇ ਦਾ ਇੱਕ ਹੀ ਚਾਰਾ ਦੱਸਿਆ ਗਿਆ ਹੈ; ਉਹ ਹੈ “ਖਲਕਤ ਦਾ ਬਲ”। “ਇਹ ਬਲ ਪੈਦਾ ਕਰਨ ਦਾ ਪਹਿਲਾ ਕਦਮ ਹੈ, ਹਿੰਦੁਸਤਾਨ ਦੇ ਕਿਰਤੀਆਂ ਦੀ ਦੁਰਦਸ਼ਾ ਦੂਰ ਕਰਨੀ, ਉਨ੍ਹਾਂ ਨੂੰ ਉਨ੍ਹਾਂ ਦੇ ਬਲ ਦੀ ਖ਼ਬਰ ਦੇਣੀ ਅਤੇ ਇਸ ਬਲ ਨੂੰ ਵਰਤਣ ਦੀ ਜਾਚ ਸਖਾਉਣੀ।”

ਇਸ ਤੋਂ ਬਾਅਦ ਸੰਸਾਰ ਦੇ ਅੰਤਰ-ਰਾਸ਼ਟਰੀ ਦ੍ਰਿਸ਼ ਬਾਰੇ ਲਿਖਤ ਦਿਲਚਸਪ ਸਿਰਲੇਖ ਹੇਠ ਦਿੱਤੀ ਗਈ ਹੈ। ਸਿਰਲੇਖ ਹੈ- ਮੂਸਲ ਵਾਲਾ ਝਗੜਾ। ‘ਵਰਤਮਾਨ ਚੀਨ’ ਦੀ ਸਥਿਤੀ ਬਾਰੇ ਲੇਖ ਤੋਂ ਬਾਅਦ ਅਖਬਾਰ ‘ਫਾਰਵਰਡ’ ਵਿਚੋਂ ਲੈ ਕੇ ਸੰਖੇਪ ਕਰਕੇ, ਸੰਸਾਰ ਸਿਆਸਤ ਬਾਰੇ ਛਾਪਿਆ ਗਿਆ ਹੈ।

ਭਗਵਾਨ ਜੋਸ਼ ਨੇ ਲਿਖਿਆ ਹੈ, “ਕਿਰਤੀ ਪੂਰਨ ਆਜ਼ਾਦੀ ਤੇ ਸਮਾਜਵਾਦੀ ਵਿਚਾਰਾਂ ਦਾ ਪ੍ਰਚਾਰ ਕਰਨ ਵਾਲਾ ਪੰਜਾਬੀ ਦਾ ਪਹਿਲਾ ਪਰਚਾ ਸੀ। ਇਸ ਵਿਚਾਰਧਾਰਕ ਕੇਂਦਰ ਨੂੰ ਖੜ੍ਹਾ ਕਰਨ ਲਈ ਪੰਜਾਬ ਦੇ ਇਨਕਲਾਬੀਆਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਤੀਜੀ ਇੰਟਰਨੈਸ਼ਨਲ ਦੀ ਇੱਕ ਦਸਤਾਵੇਜ਼ ਵਿਚ ‘ਕਿਰਤੀ’ ਵੱਲੋਂ ਕੀਤੇ ਜਾਣ ਵਾਲੇ ਕੰਮ ਦੀ ਸ਼ਲਾਘਾ ਕੀਤੀ ਸੀ। ਇਸ ਵਿਚ ਲਿਖਿਆ ਸੀ: “ਖ਼ਾਸ ਤੌਰ ਉੱਤੇ ਪੰਜਾਬ ਦੇ ਕਿਸਾਨਾਂ ਵਿਚ, ਜਿਨ੍ਹਾਂ ਨੇ 1919-22 ਦੀ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲਿਆ, ਸਿਆਸੀ ਚੇਤਨਤਾ ਕਾਫ਼ੀ ਅੱਗੇ ਵਧ ਚੁੱਕੀ ਹੈ। ਪੰਜਾਬ ਕਿਸਾਨਾਂ ਦੀ ਸਿਆਸੀ ਪਾਰਟੀ ਜਿਸ ਦਾ ਨਾਂ ਗ਼ਦਰ ਪਾਰਟੀ ਹੈ, ਨੇ ਆਪਣਾ ਪ੍ਰਭਾਵ ਵਧਾ ਲਿਆ ਹੈ ਤੇ ਵਿਚਾਰਧਾਰਕ ਤੌਰ ਉੱਤੇ ਇਸ ਨੇ ਮਿਹਨਤਕਸ਼ ਅਵਾਮ ਦੀ ਪਾਰਟੀ ਬਣਨ ਵੱਲ ਵਿਕਾਸ ਕਰਨਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਕਿਸਾਨ ਲਹਿਰ ਦੇ ਰਸਾਲੇ ਵਿਚ ਜਿਹੜਾ ਕਿ ਭਾਰਤ ਵਿਚ ਆਪਣੀ ਹੀ ਪ੍ਰਕਾਰ ਦਾ ਰਸਾਲਾ ਹੈ, ਸਾਨੂੰ ਮਜ਼ਦੂਰ ਜਮਾਤ ਦੇ ਅੰਤਰ-ਰਾਸ਼ਟਰਵਾਦ ਵੱਲ ਵਧਣ ਦਾ ਚੇਤੰਨ ਯਤਨ ਵੇਖਣ ਵਿੱਚ ਮਿਲੇਗਾ।” ਹਾਲਾਂਕਿ ਬਾਦ ਵਿਚ ਉਹ ਇਹ ਵੀ ਪਛਾਣਦਾ ਹੈ ਕਿ ਤੀਜੀ ਇੰਟਰਨੈਸ਼ਨਲ ਦੇ ਇਸ ਖੱਬੇ ਦੌਰ (1928-34) ਸਮੇਂ ਅਸਲੀਅਤ ਨੂੰ ਬਹੁਤ ਵਧਾ ਚੜ੍ਹਾ ਕੇ ਪੇਸ਼ ਕੀਤਾ ਗਿਆ। ਇਹ ਉਪਰਲੀ ਟੂਕ ਤੋਂ ਵੀ ਸਪਸ਼ਟ ਹੈ ਅਤੇ ਤੀਜੀ ਇੰਟਰਨੈਸ਼ਨਲ ਦੀਆਂ ਭਾਰਤ ਸੰਬੰਧੀ ਉਸ ਸਮੇਂ ਦੀਆਂ ਸਾਰੀਆਂ ਦਸਤਾਵੇਜ਼ਾਂ ਵਿਚ ਦੇਖਣ ਨੂੰ ਮਿਲਦਾ ਹੈ।

‘ਕਿਰਤੀ’ ਦੇ ਯੋਗਦਾਨ ਬਾਰੇ ਉਸ ਨੇ ਅੱਗੇ ਲਿਖਿਆ ਹੈ, “ਇਸ ਨੇ ਨਵੀਂ ਪ੍ਰਕਾਰ ਦੀ ਦੁਨੀਆ ਦਾ ਸੁਪਨਾ ਪੰਜਾਬੀ ਲੋਕਾਂ ਅੱਗੇ ਆਮ ਕਰਕੇ ਤੇ ਨੌਜਵਾਨਾਂ ਅੱਗੇ ਖ਼ਾਸ ਕਰਕੇ ਰੱਖਿਆ, ਜਿਸ ਨੂੰ ਜਦੋ-ਜਹਿਦ ਰਾਹੀਂ ਸਾਕਾਰ ਕੀਤਾ ਜਾ ਸਕਦਾ ਸੀ। ਇਸ ਪ੍ਰਭਾਵ ਦਾ ਸਧਾਰਨੀਕਰਨ ਅਸੀਂ ਇੰਝ ਵੀ ਕਰ ਸਕਦੇ ਹਾਂ, ਕਿ ਉਹ ਲੋਕ ਜੋ ਪੰਜਾਬ ਵਿਚ ਕਮਿਊਨਿਸਟ ਲਹਿਰ ਦੇ ਮੋਢੀ ਬਣੇ, ਮਾਰਕਸਵਾਦ ਦੇ ਸਿਧਾਂਤਾਂ ਤੋਂ ਨਹੀਂ, ਰੂਸੀ ਇਨਕਲਾਬ ਦੀਆਂ ਠੋਸ ਪ੍ਰਾਪਤੀਆਂ ਤੋਂ ਪ੍ਰਭਾਵਤ ਹੋਏ ਸਨ।”

ਬਦਕਿਸਮਤੀ ਨਾਲ ਭਾਈ ਸੰਤੋਖ ਸਿੰਘ ਦੀ 19 ਮਈ 1927 ਨੂੰ ਮੌਤ ਹੋ ਗਈ। ਉਨ੍ਹਾਂ ਦੀ ਮੌਤ ਪਿਛੋਂ ਸੋਹਣ ਸਿੰਘ ਜੋਸ਼ ਨੂੰ ਇਸ ਦੀ ਸੰਪਾਦਨਾ ਦੀ ਜ਼ਿੰਮੇਵਾਰੀ ਸੌਂਪੀ ਗਈ। ਪ੍ਰੰਤੂ ਜੋਸ਼ ਨੂੰ ਵੀ ਬਰਤਾਨਵੀ ਸਰਕਾਰ ਨੇ ਮੇਰਠ ਸਾਜ਼ਿਸ਼ ਕੇਸ ਵਿਚ ਗ੍ਰਿਫਤਾਰ ਕਰ ਲਿਆ। ਇਸ ਪਿਛੋਂ ਵੱਖ-ਵੱਖ ਵਿਅਕਤੀ ਵੱਖ-ਵੱਖ ਨਾਵਾਂ ਉੱਤੇ ‘ਕਿਰਤੀ’ ਦਾ ਸੰਪਾਦਨ ਕਰਦੇ ਰਹੇ। ਜਿਵੇਂ ਅਰਜਨ ਸਿੰਘ ਗੜਗੱਜ ਨੇ ਸੰਪਾਦਕਾਂ ਵਜੋਂ ਕੰਮ ਕਰਨ ਵਾਲਿਆਂ ਵਿਚ ਆਪਣਾ ਤੇ ਦਲਜੀਤ ਸਿੰਘ ਭਾਗੋਵਾਲ ਦਾ ਨਾਂ ਲਿਖਿਆ ਹੈ। ‘ਕਿਰਤੀ’ ਦਾ ਉਰਦੂ ਐਡੀਸ਼ਨ ਸ਼ੁਰੂ ਕਰਨ ਨਾਲ ਪਹਿਲੀ ਵਾਰ ਇਸ ਦੇ ਪਾਠਕਾਂ ਦਾ ਘੇਰਾ ਹਿੰਦੂਆਂ ਅਤੇ ਮੁਸਲਮਾਨਾਂ ਤੱਕ ਵੀ ਵਧ ਗਿਆ। ਅਪ੍ਰੈਲ 1926 ਵਿਚ ਭਗਤ ਸਿੰਘ ਨੂੰ ਉਰਦੂ ਸੰਪਾਦਕ ਦੀ ਜ਼ਿੰਮੇਵਾਰੀ ਨਿਭਾਉਣ ਲਈ ਸੱਦਿਆ ਗਿਆ। ਉਹ ਸਿਰਫ਼ ਤਿੰਨ ਮਹੀਨੇ ਇਸ ਹੈਸੀਅਤ ’ਚ ਕੰਮ ਕਰਨ ਪਿੱਛੋਂ ਗਾਇਬ ਹੋ ਗਿਆ ਪਰ ਉਸ ਦੇ ਲੇਖ ਅਪ੍ਰੈਲ 1927 ਤੋਂ ਲੈ ਕੇ ਸਤੰਬਰ 1928 ਤੱਕ ਲਗਾਤਾਰ ਛਪਦੇ ਰਹੇ।

‘ਕਿਰਤੀ’ ਅਖਬਾਰ ਨੇ ਆਪਣੇ ਆਲੇ-ਦੁਆਲੇ ਜਿਨ੍ਹਾਂ ਹਮ-ਖਿਆਲਾਂ ਨੂੰ ਇਕੱਠਾ ਕੀਤਾ, ਉਨ੍ਹਾਂ ਨੇ ਹੀ ਮਿਲ ਕੇ ਪੰਜਾਬ ਦੀ ਕਿਰਤੀ-ਕਿਰਸਾਨ ਪਾਰਟੀ ਦੀ ਕਾਇਮੀ ਕੀਤੀ।

ਤੇਰਾਂ/ਪੰਦਰਾਂ ਜਾਂ ਸੋਲਾਂ/ਅਠਾਰਾਂ ਨਹੀਂ, ‘ਉੱਨੀ’

(ਪ੍ਰਸੰਗ: ਪਰਚਾ ਬੱਬਰ ਅਕਾਲੀ ਦੋਆਬਾ)

ਬੱਬਰ ਅਕਾਲੀ ਲਹਿਰ ਦੇ ਪਹਿਲੇ ਪੜਾਅ (1921-1924) ਤੱਕ ਬੱਬਰਾਂ ਵੱਲੋਂ ਛਾਪੇ ਜਾਂਦੇ ਪੇਪਰ ‘ਬੱਬਰ ਅਕਾਲੀ ਦੋਆਬਾ’ (ਉਡਾਰੂ ਪ੍ਰੈੱਸ, ਜੰਗਲ ਮੇਂ ਛਪਾ) ਦੇ ਪਰਚਿਆਂ ਦੀ ਗਿਣਤੀ, ਬਹੁਤੇ ਥਾਂਵੀਂ, 13 (ਕਿਤੇ-ਕਿਤੇ 15) ਹੀ ਲਿਖੀ-ਕਹੀ ਜਾਂਦੀ ਹੈ। ਕਾਰਨ; ਬੱਬਰ ਅਕਾਲੀਆਂ ਵਿਰੁੱਧ ਚੱਲੇ ਮੁਕੱਦਮਿਆਂ ਵਿੱਚ ਇੰਨੇ (13) ਪੇਪਰ ਹੀ ਅਦਾਲਤਾਂ/ਕਮਿਸ਼ਨਾਂ ਵਿੱਚ ਪੇਸ਼ ਕੀਤੇ ਜਾਂਦੇ ਰਹੇ ਸਨ, ਜਦਕਿ ਗੂੜ੍ਹੇ ਤੇ ਕੌਮਾਂਤਰੀ ਇਤਿਹਾਸਕਾਰ ਬਖ਼ਸ਼ੀਸ਼ ਸਿੰਘ ਨਿੱਜਰ, ਡੁਮੇਲੀ ਆਪਣੀ ਦਸਤਾਵੇਜ਼ੀ ਅੰਗਰੇਜ਼ੀ ਪੁਸਤਕ ‘ਬੱਬਰ ਅਕਾਲੀ’ ਮੁਤਾਬਿਕ ਇਹ ਗਿਣਤੀ 16 13+1+(2) ’ਚ ਸੀ। ਉੱਘਾ ਹਿਸਟੋਰੀਅਨ ਡਾ. ਗੁਰਚਰਨ ਸਿੰਘ ਜ਼ੀਰਾ ਦੀ ਅੰਗਰੇਜ਼ੀ ਲਿਖਤ ‘ਬੱਬਰ ਅਕਾਲੀ ਮੂਵਮੈਂਟ’ (ਏ ਹਿਸਟੋਰੀਕਲ ਸਰਵੇ) ਮੁਤਾਬਿਕ ਪਰਚੇ 15 (13+2) ਸਨ।

ਡਾ. ਬਖਸ਼ੀਸ਼ ਸਿੰਘ ਨਿੱਜਰ ਅਨੁਸਾਰ 20 ਅਗਸਤ, 1922 ਤੋਂ 21 ਮਈ 1923 ਤੱਕ ਕੁੱਲ 14 ਅਤੇ ਜੇ ਇਸ ਵਿੱਚ ਦਸੰਬਰ 1922 ਵਾਲਾ ਇੱਕ (ਸੀਮਤ) ਅੰਕ ਅਤੇ ਦੂਜਾ ਵਿਸ਼ੇਸ਼ (ਕਲਗੀਧਰ ਅੰਕ) ਜੋੜ ਲਈਏ, ਤਦ ਕੁੱਲ ਗਿਣਤੀ 16 ਬਣਦੀ ਹੈ। ਉਹਨਾਂ ਮੁਤਾਬਿਕ, ਅਗਸਤ 1922 ਵਾਲੇ ਤਿੰਨ ਅੰਕਾਂ ਵਿੱਚੋਂ ਪਹਿਲੇ ਦੋ ਭਾਈ ਕਰਮ ਸਿੰਘ ਦੌਲਤਪੁਰ ਨੇ, ਜਦਕਿ ਆਖਰੀ ਬਾਬੂ ਸੰਤਾ ਸਿੰਘ ਵੱਲੋਂ ਤੇ ਬਾਕੀ ਸਾਰੇ ਬੱਬਰ ਕਿਸ਼ਨ ਸਿੰਘ ਗੜਗੱਜ ਵਾਲੇ ਹਨ।

ਪਰ ਇਹ ਗੱਲ ਦਰੁਸਤ ਨਹੀਂ ਜਾਪਦੀ, ਕਿਉਂਕਿ ਦੋਵਾਂ ਚੱਕਰਵਰਤੀ ਜਥਿਆਂ ਦੀ ਏਕਤਾ ਅਖੀਰ ਅਗਸਤ 1922 ’ਚ ਹੋਈ ਸੀ। ਇਸ ਉਪਰੰਤ ਹੀ ਗ਼ਦਰੀ/ਬੱਬਰ/ਐਡੀਟਰ ਕਰਮ

ਵਿਜੈ ਬੰਬੇਲੀ

ਸਿੰਘ ਦੌਲਤਪੁਰ ਦੇ ਚੱਕਰਵਰਤੀ ਜਥੇ ਵੱਲੋਂ ਛਾਇਆ ਕੀਤੇ ਜਾ ਰਹੇ ਪੇਪਰ ‘ਬੱਬਰ ਅਕਾਲੀ ਦੋਆਬਾ’ ਦੀ ਗੜਗੱਜ ਜੀ ਨੇ ਸੰਪਾਦਕ ਦੀ ਜ਼ਿੰਮੇਵਾਰੀ ਸੰਭਾਲੀ ਸੀ। ਭਾਵੇਂ ਕਿ ਸੰਪਾਦਕ ਵਜੋਂ ਦੌਲਤਪੁਰ ਜੀ ਦਾ ਨਾਂਅ ਹੀ ਛਪਦਾ ਰਿਹਾ। ਮੌਖਿਕ ਅਤੇ ਦਸਤਾਵੇਜ਼ਾਂ ਅਨੁਸਾਰ ਸਤੰਬਰ, 1922 ਵਿੱਚ ਹੀ ਗੜਗੱਜ ਜੀ ਨੇ ਬੱਬਰ ਊਧਮ ਸਿੰਘ ਪੁੱਤਰ ਰਲਾ ਸਿੰਘ ਨਿੱਜਰ (ਉਦੋਂ 16 ਵਰ੍ਹਿਆਂ ਦਾ ਵਿਦਿਆਰਥੀ) ਪਿੰਡ ਪੰਡੋਰੀ ਨਿੱਜਰਾਂ ਨੂੰ ਪੇਪਰ ਦੀ ਡਿਕਟੇਸ਼ਨ ਦਿੱਤੀ ਸੀ। ਸੋ, ਪਹਿਲੇ ਤਿੰਨ/ਚਾਰ ਦੌਲਤਪੁਰ ਵੱਲੋਂ ਹੀ ਸਨ। ਗੜਗੱਜ ਜੀ ਦੀ ਗ੍ਰਿਫ਼ਤਾਰੀ 26 ਫਰਵਰੀ, 1923 ਨੂੰ ਹੋਈ ਸੀ। ਇੰਜ, ਮਾਰਚ-ਅਪਰੈਲ-ਮਈ 1923 ਵਾਲੇ ਜ਼ਰੂਰ ਹੋਰ ਬੱਬਰਾਂ (ਜਾਂ ਮੁੜ ਦੌਲਤਪੁਰ) ਸਮੇਤ “ਆਖਰੀ” ਮਈ 1923, (18ਵਾਂ) ਬਾਬੂ ਜੀ ਵਾਲਾ ਸੀ ਅਤੇ ਅਖੀਰਲਾ, (19ਵਾਂ) ਅਗਸਤ 1923, ਦੌਲਤਪੁਰੀ ਜੀ ਵੱਲੋਂ ਸੀ। (ਸ੍ਰੋਤ: ਪੁਸਤਕ ‘ਬੱਬਰ ਅਕਾਲੀ ਲਹਿਰ ਨੂੰ ਮੁੜ ਫਰੋਲਦਿਆਂ ਦਾ ਪਾਠ ‘ਪਰਚਾ, ਬੱਬਰ ਅਕਾਲੀ ਦੋਆਬਾ’)

ਡਾ. ਗੁਰਚਰਨ ਸਿੰਘ ਜ਼ੀਰਾ ਅਨੁਸਾਰ 20 ਅਗਸਤ 1922 ਤੋਂ 21 ਮਈ 1923 ਤੱਕ ਕੁੱਲ 15 ਪਰਚੇ ਛਪੇ, ਜਿਸ ਵਿੱਚ 25 ਅਗਸਤ, 1922 ਵਾਲਾ ਕਲਗੀਧਰ ਵਿਸ਼ੇਸ਼ ਤੇ 21 ਮਈ, 1923 ਵਾਲਾ ਅੰਕ ਵੀ ਸ਼ਾਮਲ ਹਨ।

ਪ੍ਰੰਤੂ ਵਿਸ਼ੇਸ਼ ਤੌਰ ’ਤੇ, ਦੋਵੇਂ ਵਿਦਵਾਨਾਂ ਦੀਆਂ ਪੁਸਤਕਾਂ ਸਮੇਤ ਬੱਬਰ ਲਹਿਰ ਨਾਲ ਸੰਬੰਧਤ ਹੋਰ ਕਿਤਾਬਾਂ ਅਤੇ ਦਸਤਾਵੇਜ਼ਾਂ ਤੇ ਨਵਾਂ ਜ਼ਮਾਨਾ (ਐਤਵਾਰਤਾ) ’ਚ ਸੰਦਰਭ ਬੱਬਰ ਸ਼ਤਾਬਦੀ ਵਰ੍ਹਾ ਛਪ ਰਹੇ ਲੇਖਾਂ ਦੀ ਪੁਣ-ਛਾਣ ਕਰਨ ਉਪਰੰਤ ਨਿਤਾਰਾ ਇਵੇਂ ਹੁੰਦਾ ਹੈ ਕਿ ਅਦਾਲਤ ’ਚ ਭਾਵੇਂ 13 (ਜਾਂ 15 ਅੰਕ) ਹੀ ਪੇਸ਼ ਕੀਤੇ ਗਏ, ਪਰ ਕੁੱਲ ਮਿਲਾ ਕੇ 19 ਪਰਚੇ ਛਾਪੇ ਗਏ ਸਨ।

ਉੱਘਾ ਇਤਿਹਾਸਕ ਖੋਜੀ ਕਮਲੇਸ਼ ਮੋਹਨ ਆਪਣੀ ਚਰਚਿਤ ਪੁਸਤਕ ‘ਪੰਜਾਬ ਦੇ ਹਥਿਆਰਬੰਦ ਸੰਘਰਸ਼ ਦੀ ਰਾਸ਼ਟਰੀ ਸੁਤੰਤਰਤਾ ਅੰਦੋਲਨ ਨੂੰ ਦੇਣ’ ਦੇ ਪੰਨਾ 78-79 ’ਤੇ ਦਰਜ ਕਰਦਾ ਹੈ, ‘ਬੱਬਰ ਅਕਾਲੀ ਦੋਆਬਾ’ ਦੇ ਪਹਿਲੇ ਤਿੰਨ ਅੰਕ, ਜਿਨ੍ਹਾਂ ਦਾ ਸੰਪਾਦਨ ਕਰਮ ਸਿੰਘ ਦੌਲਤਪੁਰ ਨੇ ਕੀਤਾ ਸੀ, 21-22 ਅਗਸਤ 1922 ਤੱਕ ਗੁਰਚਰਨ ਸਿੰਘ ਸਾਧੜਾ ਨੇ ਲਿਥੋਗ੍ਰਾਫ਼ ਮਸ਼ੀਨ ’ਤੇ ਛਾਪੇ ਸਨ। ਬਾਅਦ ’ਚ ਲਿਖਣ ਤੇ ਸੰਪਾਦਨ ਦਾ ਕਾਰਜ ਕਿਸ਼ਨ ਸਿੰਘ ‘ਗੜਗੱਜ’ ਦੇ ਸਪੁਰਦ ਕਰ ਦਿੱਤਾ ਗਿਆ। ਉਸ ਨੇ 26 ਫਰਵਰੀ 1923 ਨੂੰ ਆਪਣੀ ਗ੍ਰਿਫਤਾਰੀ ਹੋ ਜਾਣ ਤੱਕ ਇਹ ਕੰਮ ਜਾਰੀ ਰੱਖਿਆ। ਤੈਅ ਕੀਤਾ ਗਿਆ ਸੀ ਕਿ ਬਤੌਰ ਸੰਪਾਦਕ ਕਰਮ ਸਿੰਘ ਦਾ ਨਾਂਅ ਦਿੱਤਾ ਜਾਵੇਗਾ। 20 ਅਗਸਤ 1922 ਤੋਂ ਮਈ 1923 ਵਿਚਕਾਰ ਬੱਬਰ ਅਕਾਲੀ ਦੋਆਬਾ ਦੇ ਪੰਦਰਾਂ ਅੰਕ ਲਿਥੋਗ੍ਰਾਫ਼ ਕੀਤੇ ਗਏ। ਇਸ ਦਾ ਹਰੇਕ ਅੰਕ, ਜੋ ਐਲਮਾ ਡੁਪਲੀਕੇਟਰ ’ਤੇ ਛਾਪਿਆ ਜਾਂਦਾ ਸੀ, ਜਾਣ-ਬੁੱਝ ਕੇ ਵੱਖ-ਵੱਖ ਕੇਂਦਰਾਂ ’ਤੇ ਕਾਪੀ ਕੀਤਾ ਜਾਂਦਾ ਸੀ, ਜਿਵੇਂ ਗੁਰਦੁਆਰਾ ਕਿਸ਼ਨਪੁਰਾ, ਫਤਿਹਪੁਰ ਕੋਠੀ, ਕੋਟ ਫਤੂਹੀ, ਜੱਸੋਵਾਲ, ਪੰਡੋਰੀ (ਨਿੱਜਰਾਂ) ਆਦਿ। ਬੱਬਰ ਅਕਾਲੀ ਦੋਆਬਾ, ਜੋ ਗੁਰਮੁਖੀ ਲਿੱਪੀ ਵਿੱਚ ਲਿਖਿਆ ਜਾਂਦਾ ਸੀ, ਜਲੰਧਰ, ਹੁਸ਼ਿਆਰਪੁਰ, ਲੁਧਿਆਣਾ ਜ਼ਿਲ੍ਹਿਆਂ ਤੇ ਕਪੂਰਥਲਾ ਰਿਆਸਤ ਦੇ ਪੇਂਡੂ ਲੋਕਾਂ ਦਾ ਮਨ-ਭਾਉਂਦਾ ਪਰਚਾ ਰਿਹਾ। ਇੰਜ ਦਲੀਪ ਸਿੰਘ ਗੋਸਲ, ਕੋਟਫਤੂਹੀ ਤੋਂ ਗਰੰਥੀ ਅਮਰ ਸਿੰਘ ਅਤੇ ਊਧਮ ਸਿੰਘ ਪੰਡੋਰੀ (ਨਿੱਜਰਾਂ), ਜੋ ਵਿਦਿਆਰਥੀ ਸੀ, ਨੂੰ ਬੱਬਰ ਅਕਾਲੀ ਦੋਆਬਾ ਦੇ ਵੱਖ-ਵੱਖ ਅੰਕ ਤਿਆਰ ਕਰਨ ਤੇ ਲਿਖਣ ਦਾ ਜ਼ਿੰਮਾ ਦਿੱਤਾ ਗਿਆ। ਬੱਬਰ ਅਕਾਲੀ ਦੋਆਬਾ ਵਾਸਤੇ ਬਹੁਤੇ ਲੇਖ ਆਪਣੀ ਗ੍ਰਿਫਤਾਰੀ ਤੱਕ, ਗੜਗੱਜ ਜੀ ਨੇ ਲਿਖੇ ਸਨ। ਹੋਰ ਬੱਬਰਾਂ ਜਿਵੇਂ ਕਰਮ ਸਿੰਘ ਦੌਲਤਪੁਰ, ਹਰੀ ਸਿੰਘ ਚੇਲਾ, ਪਿਆਰਾ ਸਿੰਘ ਗ੍ਰੰਥੀ ਬਾਉਲੀ ਸਾਹਿਬ ਅਤੇ ਅਮਰ ਸਿੰਘ ਗ੍ਰੰਥੀ ਨੇ ਵੱਖ-ਵੱਖ ਸਮੇਂ ਤੁਕਬੰਦੀ ਤੇ ਕਵਿਤਾਵਾਂ ਦਾ ਯੋਗਦਾਨ ਪਾਇਆ; ਬਾਬੂ ਸੰਤਾ ਸਿੰਘ ਤੇ ਦਲੀਪ ਸਿੰਘ ਗੋਸਲ (ਗ਼ਦਰੀ/ਬੱਬਰ) ਨੇ ਵੀ ਕੁਝ ਦੋਹੇ ਲਿਖ ਕੇ ਯੋਗਦਾਨ ਪਾਇਆ।

- ਪਹਿਲਾ ਅੰਕ; 20 ਅਗਸਤ, 1922 ਨੂੰ ਬੱਬਰ ਕਰਮ ਸਿੰਘ ਦੌਲਤਪੁਰ ਦੀ ਅਗਵਾਈ ਹੇਠ ਛਪਿਆ, ਜਿਸ ਵਿੱਚ ਅਖ਼ਬਾਰ ਦਾ ਐਲਾਨ, ਚਲੰਤ ਹਾਲਾਤਾਂ, ਪੂਰਵ-ਇਤਿਹਾਸ, ਖੁੱਲ੍ਹੀ ਹਥਿਆਰਬੰਦ ਬਗਾਵਤ ਸਮੇਤ ਸਰਕਾਰ ਤੇ ਸਰਕਾਰ ਹਿਮੈਤੀਆਂ ਤੇ ਝੋਲੀ ਚੁੱਕਾਂ ਨੂੰ ਬਾਜ਼ ਆ ਜਾਣ ਦੀ ਚਿਤਾਵਨੀ ਦਿੱਤੀ ਗਈ ਸੀ।

-ਅੰਕ ਦੂਜਾ; ਇਸ ਦਾ ਜ਼ਿਕਰ ਸਿਰਫ ਇਤਿਹਾਸਕਾਰ ਨਿੱਜਰ ਕਰਦਾ ਹੈ, ਜ਼ੀਰਾ ਜੀ ਨਹੀਂ। ਜਿਹੜਾ 21 ਅਗਸਤ 1922 ਨੂੰ ਦੌਲਤਪੁਰੀ ਜੀ ਦੀ ਐਡੀਟਰੀ ਤੇ ਬੱਬਰ ਊਦੇ ਸਿੰਘ ਰਾਮਗੜ੍ਹ ਝੂੰਗੀਆਂ ਦੇ ਸਰਗਰਮ ਯੋਗਦਾਨ ਨਾਲ ਛਪਿਆ। ਜਿਸ ਵਿੱਚ ਲੋਕਾਂ ਨੂੰ ਜੰਗਿ-ਆਜ਼ਾਦੀ ਲਈ ਉਕਸਾਉਣ ਸਮੇਤ ਨਰਮਦਲੀਆਂ ਨੂੰ ਨਸੀਹਤਾਂ ਵੀ ਸਨ।

- ਤੀਜਾ ਅੰਕ; 22 ਅਗਸਤ, 1922 ਨੂੰ, ਇਹ ਬੱਬਰ ਦੌਲਤਪੁਰ ਦੀ ਨਿਗਰਾਨੀ, ਬਿਨਾਂ ਸ਼ੱਕ ਹੇਠ ਹੀ ਛਪਿਆ। ਤੁਰਤ-ਫੁਰਤ ਛਾਪਣ ਦਾ ਵੱਡਾ ਕਾਰਨ ਬਗਾਵਤੀ ਅਕਾਲੀਆਂ ਦੇ ਥਿੰਕ-ਟੈਂਕ ਮਾਸਟਰ ਮੋਤਾ ਸਿੰਘ ਜੀ ਨੂੰ ਦਿੱਤੇ ਘੋਰ-ਤਸੀਹਿਆਂ ਦਾ ਪਤਾ ਲੱਗਣ, ਗ੍ਰਿਫਤਾਰੀ ਜਿਹੜੀ ਹੋਈ ਤਾਂ 16 ਜੂਨ 1922 ਨੂੰ ਸੀ ਅਤੇ ਉਹਨਾਂ ਵਿਰੁੱਧ ਭੁਗਤਣ ਵਾਲੇ ਦੇਸੀ ਗਵਾਹਾਂ ਤੇ ਸਰਕਾਰੀ ਮਸ਼ੀਨਰੀ ਨੂੰ ਸਖ਼ਤ ਚੇਤਾਵਨੀ ਦੇਣਾ ਸੀ।

- ਪਰਚਾ ਚੌਥਾ; ਇਸ ਦੀ ਪੁਸ਼ਟੀ ਇਤਿਹਾਸਕਾਰ ਜ਼ੀਰਾ ਜੀ ਤਾਂ ਕਰਦੇ ਹਨ, ਨਿੱਜਰ ਜੀ ਨਹੀਂ।

ਨਿਰਸੰਦੇਹ, 23 (ਜਾਂ 24) ਅਗੱਸਤ, 1922 ਨੂੰ ਇਹ ਵੀ ਦੌਲਤਪੁਰ ਵੱਲੋਂ ਹੀ ਛਾਇਆ ਕੀਤਾ ਗਿਆ ਹੋਵੇਗਾ। ਜ਼ਰੂਰ ਇਹ ਸੀਮਿਤ ਤੇ ਛੋਟਾ ਪਰਚਾ ਹੋਵੇਗਾ, ਜਿਸ ਵਿੱਚ ਏਕਤਾ ਦੀ ਮਾਰਮਿਕ ਅਪੀਲ (ਸੰਦਰਭ ਬੱਬਰ ਅਕਾਲੀ) ਛਾਪੀ ਗਈ ਸੀ। ਉਦੋਂ ਦੋਵਾਂ ਚੱਕਰਵਰਤੀ ਜਥਿਆਂ ਦੀ ਏਕਤਾ ਦੀ ਗੱਲ ਤੁਰੀ ਹੋਈ ਸੀ।

ਆਪਣੇ 24 ਅਗਸਤ 1922 ਦੇ ਅੰਕ ਵਿਚ ਬੱਬਰ ਅਕਾਲੀ ਦੋਆਬਾ ਨੇ ਉਨ੍ਹਾਂ ਸਿੱਖ ਸ਼ਰਧਾਲੂਆਂ ਦੀ ਦਿਲ-ਹਿਲਾਊ ਹਾਲਤ ਬਿਆਨ ਕੀਤੀ, ਜੋ ਵਿਦੇਸ਼ੀ ਹਾਕਮਾਂ ਤੇ ਅਫਸਰਸ਼ਾਹੀ ਦੇ ਦਾਬੇ ਹੇਠ ਪਿਸ ਰਹੇ ਸਨ। ਖਾਲਸਾ ਭਾਈਚਾਰੇ ਨੂੰ ਸੰਬੋਧਿਤ ਕਰਦਿਆਂ ਪਰਚਾ ਕਹਿੰਦਾ ਹੈ, “ਜੇ ਤੁਸੀਂ ਹਾਲਤ ਦੀ ਨਜ਼ਾਕਤ ਨਹੀਂ ਸਮਝਦੇ ਤਾਂ ਅੰਗਰੇਜ਼ ਜਾਦੂਗਰਨੀ ਤੁਹਾਨੂੰ ਨਿਗਲ ਜਾਵੇਗੀ।” ਹੋਰ ਅੱਗੇ, ਇਸ ਨੇ ਏਕਤਾ ਦਾ ਪ੍ਰਚਾਰ ਇੰਜ ਕੀਤਾ, “ਮੁਸਲਮਾਨ ਤੇ ਹਿੰਦੂ ਖਾਲਸੇ ਨਾਲ ਮਿਲ ਕੇ ਬਗਾਵਤ ਕਰੋ। ਸਮੇਂ ਨੂੰ ਹੱਥੋਂ ਨਾ ਜਾਣ ਦਿਓ। ਜਦੋਂ ਤੱਕ ਸਾਡੇ ਆਗੂ ਜੇਲ੍ਹਾਂ ਵਿਚ ਹਨ, ਬੁਰਕੀ ਲੰਘਾਉਣੀ ਵੀ ਹਰਾਮ ਹੈ।” (ਸ੍ਰੋਤ: ਪੰਜਾਬ ਦੇ ਹਥਿਆਰਬੰਦ ਸੰਘਰਸ਼ ਦੀ ਰਾਸ਼ਟਰੀ ਸੁਤੰਤਰਤਾ ਅੰਦੋਲਨ ਨੂੰ ਦੇਣ, ਪੰਨਾ-79)

- ਪੰਜਵਾਂ ਪੇਪਰ; 9 ਸਤੰਬਰ, 1922 ਦੇ ਇਸ ਪਰਚੇ ਦਾ ਜ਼ਿਕਰ ਵੀ ਸਿਰਫ ਡਾ. ਜ਼ੀਰਾ ਜੀ ਹੀ ਕਰਦੇ ਹਨ। ਏਕਤਾ ਉਪਰੰਤ, ਇੱਕ ਬੱਬਰ ਜਥਾ ਬਣਨ ਮਗਰੋਂ ਭਾਈ ਕਿਸ਼ਨ ਸਿੰਘ ਬਿਣਗਾ ਫਿਰ ਤਖੱਲਸ ਗੜਗੱਜ ਨੂੰ ਸੰਪਾਦਕੀ ਜ਼ਿੰਮੇਵਾਰੀ ਸੰਭਾਲ ਦਿੱਤੀ ਗਈ ਸੀ (ਭਾਵੇਂ ਕਿ ਸੰਪਾਦਕ ਵਜੋਂ ਨਾਂਅ ਦੌਲਤਪੁਰ ਜੀ ਦਾ ਹੀ ਛਪਦਾ ਰਿਹਾ, ਦਾਅ-ਪੇਚੀ ਕਾਰਨਾਂ ਤੋਂ ਬਿਨਾਂ ਇੱਕ ਕਾਰਨ ਇਹ ਵੀ ਸੀ ਕਿ ਜਥੇਦਾਰ ਦੌਲਤਪੁਰ ਦੇ ਤਖੱਲਸ ‘ਬੱਬਰ’ ਦੇ ਨਾਂਅ ’ਤੇ ਹੀ ਨਾਮਕਰਨ ‘ਬੱਬਰ ਅਕਾਲੀ ਦੋਆਬਾ’ ਹੋਇਆ ਸੀ।) ਪਹਿਲਾਂ ਨਾਲੋਂ ਵੱਧ 500 ਕਾਪੀਆਂ ਛਾਪੀਆਂ ਗਈਆਂ। ਲੇਖਾਂ ਤੋਂ ਬਿਨਾਂ ਗੜਗੱਜ ਜੀ ਦੀ ਕਵਿਤਾ ‘ਖੰਡੇ ਦਾ ਗੀਤ’ ਵੀ ਛਾਪਿਆ ਗਿਆ, ਇਸ ਨੂੰ ਸਟੈਨਸਿਲ ’ਤੇ ਕਲਮਬੱਧ ਊਧਮ ਸਿੰਘ ਪੰਡੋਰੀ ਨਿੱਜਰਾਂ ਨੇ ਕੀਤਾ।

-ਪੇਪਰ ਛੇਵਾਂ; ਇਹ ਪਰਚਾ 21 ਸਤੰਬਰ, 1922 ਨੂੰ ਛਪਿਆ, ਅਸਲ ਵਿੱਚ ਜ. ਕਿਸ਼ਨ ਸਿੰਘ ਦੀ ਅਗਵਾਈ ਹੇਠ ਦੂਜਾ, ਇਸ ਪਰਚੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਾਂਤਮਈ ਤੇ ਵਿਸ਼ੇਸ਼ ਕਰਕੇ ਰਿਵਾਇਤੀ ਅਕਾਲੀਆਂ ਦੇ ਬੱਬਰਾਂ ਪ੍ਰਤੀ ਵਤੀਰੇ ਦੀ ਨੁਕਤਾਚੀਨੀ ਸਮੇਤ ਫੌਜੀਆਂ ਨੂੰ ਬਗਾਵਤ ਕਰਕੇ ਖਾੜਕੂਆਂ ਵਿੱਚ ਆ ਰਲਣ ਦੀ ਜਜ਼ਬਾਤੀ ਅਪੀਲ ਵੀ ਸੀ। ਇਹ ਪਰਚਾ ਗੁਰਦੁਆਰਾ ਕਿਸ਼ਨਪੁਰਾ ਵਿੱਚ ਛਾਪਿਆ ਗਿਆ, ਹੱਥ ਵੰਡਾਉਣ ਲਈ ਮਾਸਟਰ ਦਲੀਪ ਸਿੰਘ ਗੋਸਲ, ਬਾਬੂ ਸੰਤਾ ਸਿੰਘ ਅਤੇ ਬੱਬਰ ਊਦੇ ਸਿੰਘ ਝੂੰਗੀਆਂ ਤੇ ਕਰਮ ਸਿੰਘ ਦੌਲਤਪੁਰ ਵੀ ਹਾਜ਼ਰ ਸਨ।

ਸ੍ਰੀ ਕਮਲੇਸ਼ ਮੋਹਨ ਆਪਣੀ ਪੁਸਤਕ ‘ਪੰਜਾਬ ਦੇ ਹਥਿਆਰਬੰਦ ਸੰਘਰਸ਼ ਦੀ ਰਾਸ਼ਟਰੀ ਸੁਤੰਤਰਤਾ ਅੰਦੋਲਨ ਨੂੰ ਦੇਣ’ ਦੇ ਪੰਨਾ 79-80 ’ਤੇ ਦਰਜ ਕਰਦਾ ਹੈ, “21 ਸਤੰਬਰ ਦੇ ਅੰਕ ਨੇ ਸਿੱਖਾਂ ਨੂੰ ਉਨ੍ਹਾਂ ਦੇ ਬੀਤੇ ਦੇ ਸ਼ਾਨਦਾਰ ਕਾਰਨਾਮੇ ਯਾਦ ਕਰਾਏ ਅਤੇ ਉਨ੍ਹਾਂ ਸਰਕਾਰੀ ਅੱਤਿਆਚਾਰਾਂ ਮੂਹਰੇ ਝੁਕਣ ਤੇ ਗੁਰਦੁਆਰਿਆਂ ਨੂੰ ਪਲੀਤ ਕਰਨ ਲਈ ਫਿਟਕਾਰ ਪਾਈ। ਖਾਸ ਤੌਰ ’ਤੇ ਯਾਦ ਕਰਾਇਆ ਕਿ ਨਨਕਾਣਾ ਦੇ ਸਾਕੇ ’ਚ ਉਨ੍ਹਾਂ ਨੂੰ ਕਿਵੇਂ ਜ਼ਲੀਲ ਤੇ ਬੇਵੱਸ ਕੀਤਾ ਗਿਆ ਸੀ। ਸਤੰਬਰ 1922 ਵਿਚ ਜਦੋਂ ਗੁਰੂ ਕੇ ਬਾਗ ਦਾ ਘੋਲ ਚੱਲ ਰਿਹਾ ਸੀ, ਇਸ ਸਮੇਂ ਅੰਮ੍ਰਿਤਸਰ ਤੇ ਹੋਰ (ਸੰਬੰਧਤ) ਥਾਵਾਂ ’ਤੇ ‘ਬੱਬਰ ਅਕਾਲੀ ਦੋਆਬਾ’ ਵਿਸ਼ੇਸ਼ ਤੌਰ ’ਤੇ ਵੰਡਿਆ ਗਿਆ ਅਤੇ ਪੜ੍ਹ ਕੇ ਸੁਣਾਇਆ ਗਿਆ।”

-ਪਰਚਾ ਸੱਤਵਾਂ; 23 ਸਤੰਬਰ, 1922 ਨੂੰ ਛਪੇ ਇਸ ਪੇਪਰ ਦਾ ਜ਼ਿਕਰ ਸਿਰਫ ਡਾ. ਨਿੱਜਰ ਹੀ ਕਰਦੇ ਹਨ, ਜ਼ੀਰਾ ਜੀ ਨਹੀਂ।

ਪਰਚੇ ਵਿੱਚ ਪੋਠੋਹਾਰ, ਕਸ਼ਮੀਰ, ਮਾਲਵਾ, ਰਿਆੜਕੀ,



(ਪੰਜਾ ਸਿੰਘ ਤੇ ਚੌਂਆਮ ਸਿੰਘ “ਸ਼ਹੀਦ”)

ਬੱਬਰ ਗੂੰਜ

Acc. No. 11527,

ਜੁਗਾਂਤ੍ਰ ਆਸ਼੍ਰਮ, ਸੰਤ ਦਰਾਂਮਿਸੰਕ, ਆਰੀਆ ਵਿਚ ਛਪਕੇ ਪ੍ਰਕਾਸ਼ਤ ਹੋਈ ॥

ਜੂਨ ੧੯੨੫

P.O. Box 895, S.F. Calif, USA,

ਸ਼ਹੀਦ

S.F. Calif, USA

ਬਾਚਾਰ ਦੇ ਮੁਕਦਮੇਂ ਦਾ ਫੈਸਲਾ

ਸਿੰਧ, ਚੀਨ, ਮਲਾਇਆ, ਅਮਰੀਕਾ ਦੇ ਲੋਕਾਂ ਨੂੰ ਬੱਬਰ ਸਫਾਂ ਵਿੱਚ ਸ਼ਾਮਲ ਹੋਣ ਦੀ ਵੀ ਅਪੀਲ ਇਹ ਕਹਿੰਦਿਆਂ ਕੀਤੀ ਜਾਂਦੀ ਸੀ, “ਉਸ ਨੇ (ਹਕੂਮਤ) ਸਮਰੱਥਾ ਤੋਂ ਵਧ ਕੇ ਉਨ੍ਹਾਂ ਦੇ ਘੋਲ ਉੱਤੇ ਚੜ੍ਹਾਈ ਕੀਤੀ ਹੋਈ ਹੈ।”

-ਅੱਠਵਾਂ ਪੇਪਰ; ਮਿਤੀ 6 ਅਕਤੂਬਰ, 1922 ਨੂੰ ਛਪਿਆ।

ਪਰਚਾ, ਅਕਸਰ, ਹਾਲਾਤ ਮੁਤਾਬਿਕ ਅਹਿੰਸਾ ਨੂੰ ਵਿਅਰਥ ਦੱਸਦਾ ਹੋਇਆ ਦੂਜੇ ਦੇਸ਼ਾਂ ਦੇ ਹਥਿਆਰਬੰਦ ਘੋਲਾਂ/ਸਫਲਤਾ ਵੀ ਦਰਸਾਉਂਦਾ।

-ਪੇਪਰ ਨੌਵਾਂ; ਛਪਣ ਮਿਤੀ 20 ਅਕਤੂਬਰ, 1922 ਵਿੱਚ ਗੁਰਦੁਆਰਿਆਂ ’ਤੇ ਕਾਬਜ਼ ਮਹੰਤਾਂ ਤੇ ਉਹਨਾਂ ਦੇ ਜਗੀਰੂ ਝੋਲੀ ਚੁੱਕਾਂ ਦੀ ਕਰੜੀ ਨੁਕਤਾਚੀਨੀ ਸਮੇਤ ਸ਼੍ਰੋ.ਗੁ.ਪ੍ਰ.ਕ ਦੀ ਵੀ ਕੁੱਝ “ਖਾਸ ਕਾਰਨਾਂ” ਕਰਕੇ ਝਾੜ-ਝੰਬ ਕੀਤੀ ਗਈ ਸੀ। ਯਾਦ ਰਹੇ, ਉਦੋਂ ਰਵਾਇਤੀ ਅਕਾਲੀ ਖਾਸ ਕਰਕੇ ਸ਼੍ਰੋਮਣੀ ਕਮੇਟੀ ਬੱਬਰਾਂ ਤੋਂ ਸਿਫ਼ਤੀ ਦੂਰੀ ਬਣਾ ਰਹੀ ਸੀ।

ਪੁਸਤਕ ‘ਪੰਜਾਬ ਦੇ ਹਥਿਆਰਬੰਦ ਸੰਘਰਸ਼ ਦੀ ਰਾਸ਼ਟਰੀ ਸੁਤੰਤਰਤਾ ਅੰਦੋਲਨ ਨੂੰ ਦੇਣ’ ਦੇ ਪੰਨਾ 80 ’ਤੇ ਦਰਜ ਹੈ, “20 ਅਕਤੂਬਰ ਦੇ ਅੰਕ ਵਿਚ ਕਿਹਾ ਗਿਆ ਕਿ ਭਾਈ ਮਨੀ ਸਿੰਘ ਦਾ ਤਿਆਗ ਤੇ ਸ਼ਹਾਦਤ ਖਾਲਸਾ ਭਾਈਚਾਰੇ ਲਈ ਦੋ ਮਹਾਨ ਸਬਕ ਹਨ। ਵਿਆਖਿਆ ਕੀਤੀ: ‘ਭਾਈ ਮਨੀ ਸਿੰਘ ਦੀ ਸ਼ਹਾਦਤ ਸਿੱਖਿਆ ਦਿੰਦੀ ਹੈ ਕਿ ਦੀਵਾਲੀ ਦੇ ਪਵਿੱਤਰ ਤਿਉਹਾਰ ਨੂੰ ਜੂਏਬਾਜ਼ੀ ਤੇ ਸ਼ਰਾਬਨੋਸ਼ੀ ’ਚ ਲੰਘਾਉਣ ਦੀ ਬਜਾਏ ਅਕੀਦੇ ਦੀ ਪਵਿੱਤਰ ਸੇਵਾ ’ਚ ਲਾਇਆ ਜਾਣਾ ਚਾਹੀਦਾ ਹੈ।’ ਇਸੇ ਅੰਕ ਵਿਚ ਹਰੀ ਸਿੰਘ ਨਲਵਾ (ਜਰਨੈਲ) ਅਤੇ ਫੂਲਾ ਸਿੰਘ (ਅਕਾਲੀ) ਦੀ ਬਹਾਦਰੀ ਤੇ ਦਲੇਰੀ ਨੂੰ ਵਡਿਆਉਣ ਲਈ ਪ੍ਰਤੀਕਾਂ ਦੀ ਵਰਤੋਂ ਕੀਤੀ ਗਈ ਸੀ ਅਤੇ ਜਾਬਰ ਬਰਤਾਨਵੀ ਰਾਜ ਵਿਰੁੱਧ ਮੌਜੂਦਾ ਜੰਗ ਲੜ ਰਹੇ ਯੋਧਿਆਂ ਪ੍ਰਤੀ ਫਰਜ਼ ਕਵਿਤਾਵਾਂ ਰਾਹੀਂ ਯਾਦ ਕਰਾਏ ਤੇ ਸਰਦੂਲ ਸਿੰਘ ਕਵੀਸ਼ਰ, ਸਰਦਾਰ ਖੜਕ ਸਿੰਘ ਅਤੇ ਮੋਤਾ ਸਿੰਘ ਦੇ ਕਠਿਨ ਜੇਲ੍ਹ ਜੀਵਨ ਦੀਆਂ ਮਿਸਾਲਾਂ ਦਿੱਤੀਆਂ।

-ਦਸਵਾਂ ਅੰਕ; 25 ਅਕਤੂਬਰ, 1922 ਨੂੰ ਛਪਿਆ।

ਅਕਤੂਬਰ ਦੇ ਅੰਕਾਂ ਵਿਚ ਪੰਥ ਦੇ ਫੰਡ ਡਕਾਰਨ ਵਾਲੇ ਗੁਰਦੁਆਰਾ ਪ੍ਰਬੰਧਕਾਂ ਦੀ ਖੁੰਬ ਵੀ ਠੱਪੀ ਗਈ ਸੀ ਅਤੇ ਐੱਸ.ਜੀ.ਪੀ.ਸੀ ਦੇ ਕਾਮਿਆਂ ਨੂੰ ਬਿਨਾਂ ਕਿਸੇ ਲੋਭ ਦੀ ਝਾਕ ਰੱਖੇ ਪੰਥ ਅਤੇ ਭਾਈਚਾਰੇ ਦੀ ਸੇਵਾ ਲਈ ਸਮਰਪਿਤ ਹੋ ਜਾਣ ਦੀ ਅਪੀਲ ਕਰਦਿਆਂ ਕਮੇਟੀ ਨੂੰ ਕਿਹਾ ਕਿ ਉਹ ਗੁਰਦੁਆਰਾ ਸੁਧਾਰ ਲਹਿਰ ਦਾ ਸਿਆਸੀ ਆਜ਼ਾਦੀ ਦੇ ਘੋਲ ਨਾਲ (ਵੀ) ਸੁਮੇਲ ਕਰੇ। ਸ੍ਰੋਤ: ਉਕਤ ਪੁਸਤਕ ਪੰਨਾ-80

- ਅੰਕ ਗਿਆਰ੍ਹਵਾਂ; 19 ਨਵੰਬਰ, 1922 ਨੂੰ ਛਾਪੇ ਗਏ ਇਸ ਅੰਕ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੱਬਰ ਅਕਾਲੀਆਂ ਵਿਰੁੱਧ ਧਾਰਨ ਕੀਤੇ ਵਤੀਰੇ ਅਤੇ ਜਾਰੀ ਕੀਤੇ ਫਤਵਿਆਂ ਵਿਰੁੱਧ ਸਖ਼ਤ ਗੁੱਸੇ ਦਾ ਪ੍ਰਗਟਾਵਾ ਵੀ ਕੀਤਾ ਗਿਆ ਸੀ।

-ਲਿਖ਼ਤ ਬਾਰ੍ਹਵੀਂ; 2 ਦਸੰਬਰ, 1922 ਨੂੰ ਛਪੇ ਇਸ ਪਰਚੇ ਬਾਰੇ ਵੀ ਸਿਰਫ਼ ਇਤਿਹਾਸਕਾਰ ਬਖਸ਼ੀਸ਼ ਸਿੰਘ ਨਿੱਜਰ ਹੀ ਗੱਲ ਕਰਦੇ ਹਨ, ਜ਼ੀਰਾ ਜੀ ਬਿਲਕੁੱਲ ਨਹੀਂ।

-ਤੇਰ੍ਹਵਾਂ ਅੰਕ; ਹੋਰ ਲਿਖਤਾਂ ਤੋਂ ਬਿਨਾਂ ਬਾਗੀ ਸਿਪਾਹੀਆਂ ਦੇ ਖਤਾਂ ਵਾਲਾ ਇਹ ਅੰਕ 8 ਦਸੰਬਰ, 1922 ਨੂੰ ਛਪਿਆ ਸੀ।

(ਉਕਤ ਤਿੰਨਾਂ ਪੈਰਿਆਂ ਜਾਂ ਉੱਪ-ਸਿਰਲੇਖਾਂ ਦਾ ਸ੍ਰੋਤ: ਡਾ. ਨਿੱਜਰ ਅਤੇ ਡਾ. ਜ਼ੀਰਾ ਜੀ ਆਦਿ ਦੀਆਂ ਪੁਸਤਕਾਂ ਵੀ ਹਨ।)

-14ਵੀਂ ਲਿਖ਼ਤ; 25 ਦਸੰਬਰ, 1922 ਨੂੰ ਛਾਇਆ ਕੀਤਾ ਇਹ ਅੰਕ ਕਲਗੀਧਰ ਵਿਸ਼ੇਸ਼ ਸੀ।

ਪੁਸਤਕ ‘ਪੰਜਾਬ ਦੇ ਹਥਿਆਰਬੰਦ ਸੰਘਰਸ਼ ਦੀ ਰਾਸ਼ਟਰੀ ਸੁਤੰਤਰਤਾ ਅੰਦੋਲਨ ਨੂੰ ਦੇਣ’ ਦੇ ਪੰਨਾ 80 ਮੁਤਾਬਿਕ ਇਹ ਅੰਕ 25 ਨੂੰ ਨਹੀਂ, 22 ਦਸੰਬਰ ਨੂੰ ਛਪਿਆ ਸੀ, “ਇਸ ਵਿਚ ਦਸਮ ਗੁਰੂ ਜੀ ਦੇ ਫ਼ੌਜੀ ਕਾਰਨਾਮਿਆਂ ਅਤੇ (ਹਕੀਕੀ) ਖਾਲਸਾ ਰਾਜ ਕਾਇਮ ਕਰਨ ਲਈ ਉਨ੍ਹਾਂ ਵੱਲੋਂ ਜ਼ਿੰਦਗੀ ਭਰ ਲੜੇ ਸੰਘਰਸ਼ ਦੀ ਮਿਸਾਲ ਦੇ ਕੇ ਉਨ੍ਹਾਂ ਦੇ ਰਾਹ ’ਤੇ ਚੱਲਣ ਲਈ ਕਿਹਾ ਗਿਆ।”

-ਪੰਦਰਵਾਂ ਪਰਚਾ; ਜਥੇਦਾਰ ਕਿਸ਼ਨ ਸਿੰਘ ਗੜਗੱਜ ਦੀ ਅਗਵਾਨੀ ਹੇਠ ਇਹ ਆਖਰੀ ਪੇਪਰ ਸੀ, ਜਿਹੜਾ 12 ਜਨਵਰੀ, 1923 ਨੂੰ ਛਪਿਆ। (ਭਾਈ ਗੜਗੱਜ ਜੀ 26 ਫਰਵਰੀ, 1923 ਫੜੇ ਗਏ ਸਨ।) ਧੜੱਲੇਦਾਰ ਮੈਟਰ ਤੋਂ ਬਿਨਾਂ ਇਸ ਵਿੱਚ ਵੀ ਫੌਜੀਆਂ ਦੇ ਖ਼ਤ ਸ਼ੁਮਾਰ ਸਨ ਤੇ ਬਾਗੀ ਸੂਰਾਂ ਦੀ ਡਿਪਟੀ ਕਮਿਸ਼ਨਰ ਜਲੰਧਰ ਨਾਲ ਹੋਈ ਵਾਰਤਾਲਾਪ ਵੀ।

-ਅੰਕ ਸੋਲਵਾਂ; 22 ਮਾਰਚ, 1923 ਵਾਲਾ ਇਹ ਹੈਰਤ-ਅੰਗੇਜ਼ ਅੰਕ ਮੁੜ ਨਿਰੋਲ ਕਰਮ ਸਿੰਘ ਦੌਲਤਪੁਰ ਦੀ ਕਮਾਂਡ ਹੇਠ ਬਾਬੂ ਸੰਤਾ ਸਿੰਘ ਦਾ ਉੱਘਾ ਯੋਗਦਾਨ ਛਪਿਆ, ਜਿਸ ਵਿੱਚ ਵਤਨੇ-ਆਜ਼ਾਦੀ ਖਾਤਰ ਕੀਤੇ ਸਾਰੇ ਕਤਲਾਂ ਦੀ ਮੁਕੰਮਲ ਜ਼ਿੰਮੇਵਾਰੀ ਅਤੇ ਅਗਾਮੀ ਕੀਤੇ ਜਾਣ ਵਾਲੇ ਕਤਲਾਂ ਤੇ ਲਹੂ-ਵੀਟਵੇਂ ਸੰਘਰਸ਼ਾਂ ਦੀ ਯੋਜਨਾਬੰਦੀ ਵੀ ਓਟੀ ਗਈ ਸੀ। ਸੰਸਾਰ ਭਰ ਦੀ ਇਨਕਲਾਬੀ ਤਵਾਰੀਖ ਵਿੱਚ ਇਹ, *ਐਲਾਨ-ਏ-ਜ਼ਿੰਮੇਵਾਰੀ ਖੁਦ*, ਇੱਕ ਤਰਥੱਲੀ ਭਰਿਆ ਫ਼ੈਸਲਾ ਸੀ, ਜਿਸ ਨੂੰ ਗਵਰਨਰ ਪੰਜਾਬ ਦੇ ਨਾਂਅ ਇੱਕ ਖੁੱਲ੍ਹਾ ਖਤ ਦੇ ਰੂਪ ਵਿੱਚ ਛਾਪਿਆ ਗਿਆ ਸੀ। ਮੁਕੰਮਲ ਜ਼ਿੰਮੇਵਾਰੀ ਓਟਣ ਵਾਲੇ ਸਨ, ਬੱਬਰ ਸੂਰਮੇ; ਭਾਈ ਕਰਮ ਸਿੰਘ ਦੌਲਤਪੁਰ ਐਡੀਟਰ, ਬੱਬਰ ਉਦੇ ਸਿੰਘ ਝੂੰਗੀਆਂ ਅਤੇ ਯੋਧਾ ਧੰਨਾ ਸਿੰਘ ਬਹਿਬਲਪੁਰ।

ਪੁਸਤਕ ‘ਪੰਜਾਬ ਦੇ ਹਥਿਆਰਬੰਦ ਸੰਘਰਸ਼ ਦੀ ਰਾਸ਼ਟਰੀ ਸੁਤੰਤਰਤਾ ਅੰਦੋਲਨ ਨੂੰ ਦੇਣ’ ਦੇ ਪੰਨਾ 81 ’ਤੇ ਦਰਜ ਹੈ, “ਇਕ ਇਸ਼ਤਿਹਾਰ 22 ਮਾਰਚ 1923 ਨੂੰ ਤਿੰਨ ਬੱਬਰਾਂ ਦੇ ਦਸਤਖ਼ਤਾਂ ਹੇਠ ਜਾਰੀ ਹੋਇਆ। ਉਨ੍ਹਾਂ ਨੇ ਰਾਣੀ ਥੂਆ ਦੇ ਜ਼ੈਲਦਾਰ ਬਿਸ਼ਨ ਸਿੰਘ, ਨੰਗਲ ਸ਼ਾਮਾ ਦੇ ਲੰਬੜਦਾਰ ਬੂਟਾ ਸਿੰਘ ਅਤੇ ਸਾਬਕਾ ਪੁਲਸੀਏ ਲਾਭ ਸਿੰਘ ਦੇ ਕਤਲਾਂ ਦੀ ਜ਼ਿੰਮੇਵਾਰੀ ਲਈ।”

ਪੁਸਤਕ ‘ਬੱਬਰ ਅਕਾਲੀ ਲਹਿਰ: ਸਮਕਾਲੀ ਦਸਤਾਵੇਜ਼’ ਦੇ ਪੰਨਾ 82-83 ’ਤੇ ਦਰਜ ਬਾਬੂ ਸੰਤਾ ਸਿੰਘ, ਉੱਘੇ ਬੱਬਰ ਦੇ ਲਿਖਤੀ ਬਿਆਨ ਅਨੁਸਾਰ, ‘8-9 ਅਪਰੈਲ ਕੋ ਮੈਂ ਸ਼ਾਮ ਚੁਰਾਸੀ ਏਕ ਦੁਕਾਨ ਪਰ ਬੈਠਾ ਹੁਆ ਥਾ। ਏਕ ਅਕਾਲੀ ਨੇ ਆਕਰ ਮੁਝੇ ਫਤੇਹ ਬੁਲਾਈ, ਔਰ ਮੇਰੇ ਪਾਸ ਬੈਠ ਗਿਆ, ਔਰ ਮੇਰੇ ਸਾਥ ਗੁਫਤਗੂ ਕਰਨੇ ਲਗਾ ਜਿਸ ਪਰ ਮੈਨੇ ਉਸ ਕਾ ਨਾਮ ਪੂਛਾ। ਉਸਨੇ ਅਪਨਾ ਨਾਮ ਦਲੀਪ ਸਿੰਘ (ਭੁਚੰਗੀ ਦਲੀਪ ਸਿੰਘ, ਪਿੰਡ ਧਾਮੀਆਂ, ਨੇੜੇ ਸ਼ਾਮ ਚੁਰਾਸੀ) ਬਤਲਾਇਆ, ਮੈਨੇ ਉਸ ਕੋ ਚੰਦ 22 ਮਾਰਚ 1923 ਕੇ ਬਬਰ ਅਕਾਲੀ ਅਖਬਾਰ ਕੇ ਪਰਚੇ ਨਿਕਾਲ ਕਰ ਦੀਏ। ਜਿਨ ਕੋ ਉਸ ਦੇਖ ਕਰ ਕਹਾ ਕਿ ਮੈਂ ਪੜ੍ਹ ਚੁਕਾ ਹੂੰ, ਉਸਨੇ ਕਹਾ ਕਿ ਮੈਂ ਬਬਰ ਅਕਾਲੀਓ ਕੇ ਸਾਥ ਮਿਲਨਾ ਚਾਹਤਾ ਹੂੰ, ਇਸ ਪਰ ਮੈਨੇ ਕਹਾ ਕਿ ਤੁਮ ਕੋ ਨਾਬਾਲਗ ਹੋਨੇ ਕੀ ਵਜ੍ਹਾ ਸੇ ਵੋਹ ਤੁਮ ਕੋ ਸਾਥ ਨਹੀਂ ਰਖੇਂਗੇ। ਉਸਨੇ ਕਹਾ ਕਿ ਮੁਝੇ ਏਕ ਦਫਾ ਉਨ ਕੇ ਪਾਸ ਜਰੂਰ ਲੇ ਚਲੋ, ਚੁਨਾਂਚਿ ਮੈਨੇ ਉਸ ਕੋ ਦੋ ਤੀਨ ਦਿਨ ਕੇ ਬਾਦ ਮੁਖਤਿਲਿਫ ਗਾਉਂ ਮੇਂ ਸੇ ਹੋਤੇ ਹੁਏ ਕੰਡੀ (ਕੰਢੀ, ਲੋਅਰ ਸ਼ਿਵਾਲਿਕ ਦੇ ਪੈਰਾਂ ਵਿੱਚ ਪੈਂਦਾ ਖਿੱਤਾ) ਕੀ ਤਰਫ ਲੇ ਜਾ ਕਰ ਬਬਰੋਂ ਸੇ ਮਿਲਾ ਦੀਆ।’

-ਸਤਾਰ੍ਹਵਾਂ ਅੰਕ; ਛਪਣ ਤਾਰੀਖ਼ 14 ਅਪ੍ਰੈਲ, 1923। ਬਹੁਤਾ ਕਾਰਜ ਬਾਬੂ ਸੰਤਾ ਸਿੰਘ ਜੀ ਦਾ ਹੀ ਸੀ। ਇਸ ਵਿੱਚ ਲੋਕਾਂ ਖਾਸ ਕਰ ਸਿੱਖ ਗਭਰੂਟਾਂ ਨੂੰ ਵੱਡੀ ਪੱਧਰ ’ਤੇ ਇਨਕਲਾਬੀ/ਬੱਬਰ ਸਫ਼ਾਂ ’ਚ ਭਰਤੀ ਹੋਣ ਦੀ ਬੁਲੰਦ ਅਪੀਲ ਵੀ ਕੀਤੀ ਗਈ ਸੀ, ਕਿਉਂਕਿ ਇਸ ਤੋਂ ਪਹਿਲਾਂ 22-23 ਮਾਰਚ, 1923 ਦੀ ਦਰਮਿਆਨੀ ਰਾਤ ਨੂੰ ਸਰਕਾਰ ਨੇ ਬੱਬਰ ਹਿਮੈਤੀ ਪਿੰਡਾਂ ਅਤੇ ਬੱਬਰਾਂ ਦੇ ਭਰੋਸੇਯੋਗ ਅੱਡਿਆਂ ’ਤੇ ਵੱਡੀਆਂ ਧਾੜਾਂ ਅਤੇ ਦੇਸੀ ਪਿੱਠੂਆਂ ਦੀ ਮਦਦ ਨਾਲ ਯਕਮੁਸ਼ਤ ਛਾਪੇ ਮਾਰ ਕੇ ਸਮੂਹਿਕ ਗ੍ਰਿਫਤਾਰੀਆਂ ਕਰ ਲਈਆਂ ਸਨ। ਇਹ ਪਰਚਾ ਬਿਭੌਰ ਸਾਹਿਬ ਵਿਖੇ ਛਾਪਿਆ ਗਿਆ ਸੀ, ਕਿਉਂਕਿ ਲਗਾਤਾਰ ਦੇ ਛਾਪਿਆਂ ਕਾਰਨ ਬੱਬਰ ਜਥਾ ਪਹਾੜੀਂ, ਸੰਤੋਖਗੜ੍ਹ (ਊਨਾ) ਖਿੱਤਾ ਜਾਣੀ ਉੱਤਲੀ ਬੀਤ ਦੇ ਜੱਟ ਬਹੁਲ ਪਿੰਡਾਂ ਵੱਲ ਚੜ੍ਹ ਆਇਆ ਸੀ। ਪਹਿਲਾਂ, ਮੁਤਾਬਿਕ ਬਿਆਨ ਵਾਅਦਾ ਮੁਆਫ਼ ਅਨੂਪ ਸਿੰਘ ਮਾਣਕੋ ਅਤੇ ਧੰਨਾ ਸਿੰਘ ਕੋਟਲੀ, ਮੁੱਖ ਤੌਰ ’ਤੇ ਤਿੰਨ ਬੱਬਰਾਂ, ਦੌਲਤਪੁਰ, ਝੂੰਗੀਆਂ ਤੇ ਬਹਿਬਲਪੁਰ ਦਾ ਜ਼ਿਕਰ ਕੀਤਾ ਜਾਂਦਾ ਸੀ, ਪਰ ਇਸ ਵਿੱਚ ਸੱਤ ਬੱਬਰਾਂ ਬੱਬਰ ਕਰਮ ਸਿੰਘ, ਉਦੇ ਸਿੰਘ, ਧੰਨਾ ਸਿੰਘ, ਬਾਬੂ ਜੀ, ਬਿਸ਼ਨ ਸਿੰਘ ਮਾਂਗਟ, ਦਲੀਪ ਸਿੰਘ ਧਾਮੀਆ ਅਤੇ ਅਨੂਪ ਸਿੰਘ ਮਾਣਕੋ ਦਾ ਸਰਗਰਮ ਜ਼ਿਕਰ ਕੀਤਾ ਗਿਆ। ਦੋ ਹੋਰ ਸਰਗਰਮਾਂ, ਧੰਨਾ ਸਿੰਘ ਕੋਟਲੀ ਤੇ ਬੰਤਾ ਸਿੰਘ ਧਾਮੀਆਂ ਦੇ ਨਾਂਅ ਜਾਣ-ਬੁੱਝ ਕੇ ਛੱਡ ਦਿੱਤੇ ਗਏ ਕਿਉਂਕਿ ਉਦੋਂ ਇਹਨਾਂ ਬਾਬਤ ਬਹੁਤੀ ਜਾਣਕਾਰੀ ਸਰਕਾਰ ਕੋਲ ਨਹੀਂ ਸੀ।

‘ਬੱਬਰ ਅਕਾਲੀ ਲਹਿਰ: ਸਮਕਾਲੀ ਦਸਤਾਵੇਜ਼’ ਦੇ ਪੰਨਾ 83 ’ਤੇ ਦਰਜ ਬਾਬੂ ਸੰਤਾ ਸਿੰਘ ਬੱਬਰ ਦੇ ਹੱਥ ਲਿਖਤ ਬਿਆਨ, ‘ਦੋ-ਤੀਨ ਬਾਦ ਜਬ ਹਮ ਬਬਰੋਂ ਕੇ ਪਾਸ ਗਏ ਤੋ ਵੋਹ 14 ਅਪਰੈਲ 1923 ਅਕਾਲੀ ਪਰਚਾ ਨਿਕਾਲ ਰਹੇ ਥੇ, ਔਰ ਉਨ ਕੇ ਪਾਸ ਏਕ ਅਕਾਲੀ ਬੈਠਾ ਹੁਆ ਥਾ। ਬਬਰ ਪਰਚੇ ਕੋ ਪੜ੍ਹ ਕਰ ਭਾਈ ਦਲੀਪ ਸਿੰਘ ਨੇ ਪੂਛਾ ਕਿ ਮੇਰਾ ਨਾਮ ਨਹੀਂ ਨਿਕਾਲਾ ਹੈ। ਇਸ ਪਰ ਭਾਈ ਕਰਮ ਸਿੰਘ ਜੀ ਐਡੀਟਰ ਨੇ ਜਵਾਬ ਦੀਆ, ਕਿ ਭਾਈ ਬਿਸ਼ਨ ਸਿੰਘ ਜੀ (ਮਾਂਗਟ) ਅਕਾਲੀ, ਪਾਸ ਬੈਠੇ ਅਕਾਲੀ ਤਰਫ ਇਸ਼ਾਰਾ ਕਰਕੇ, ਵਾ ਦਲੀਪ ਸਿੰਘ ਜੀ ਅਕਾਲੀ ਔਰ ਬਾਬੂ ਸੰਤਾ ਸਿੰਘ ਜੀ ਕਾ ਨਾਮ ਆਇੰਦਾਂ ਪਰਚੇ ਮੇਂ ਸ਼ਾਇਆ ਕਰੇਂਗੇ।’

-ਪੇਪਰ ਅਠਾਰਵਾਂ; ਬਾਬੂ ਸੰਤਾ ਸਿੰਘ ਬੱਬਰ ਦੀ ਬੇਹੱਦ ਸਰਗਰਮ ਸ਼ਮੂਲੀਅਤ ਵਾਲਾ ਇਹ ਆਖਰੀ ਪਰਚਾ ਹੇਠਲੇ ਸ਼ਿਵਾਲਕ ਪਹਾੜਾਂ ’ਚ ਛਾਪਿਆ ਤਾਂ ਅੱਧ ਮਈ ਤੋਂ ਬਾਅਦ ਸੀ, ਪਰ ਜਾਰੀ ਕਰਨ ਦੀ ਮਿਤੀ, ਕੀਤੇ ਗਏ ਕੁੱਝ ਬਹੁਤ ਵਿਸ਼ੇਸ਼ ਐਕਸ਼ਨਾਂ ਕਾਰਨ, ਜਾਣ-ਬੁੱਝ ਕੇ 21 ਮਈ, 1923 ਛਾਪੀ ਗਈ। ਇਸ ਬਾਰੇ ਮਗਰੋਂ ਵਾਅਦਾ-ਮੁਆਫ਼ ਬਣੇ ਅਨੂਪ ਸਿੰਘ ਮਾਣਕੋ ਘੁੜਿਆਲ ਅਤੇ ਧੰਨਾ ਸਿੰਘ ਕੋਟਲੀ ਬਾਵਾ ਦਾਸ ਨੇ ਸਰਕਾਰ ਨੂੰ ਦੱਸਿਆ, “ਕਿ ਝੋਲੀ ਚੁੱਕਾਂ/ਸਰਕਾਰ ਹਮਾਇਤੀਆਂ ਸਰਬਰਾਹ ਲੰਬੜਦਾਰ ਹਜ਼ਾਰਾ ਸਿੰਘ ਬਹਿਬਲਪੁਰ ਦਾ ਕਤਲ 27 ਮਾਰਚ, ਸੂਬੇਦਾਰ ਗੇਂਦਾ ਸਿੰਘ ਦਾ ਕਤਲ 17 ਅਪ੍ਰੈਲ ਅਤੇ ਕੋਲਗੜ੍ਹੀਏ ਰਲਾ ਤੇ ਦਿੱਤੂ ਦਾ ਸੁਧਾਰ ਤਾਂ 20-21 ਦੀ ਦਰਮਿਆਨੀ ਰਾਤ ਨੂੰ ਕੀਤਾ ਗਿਆ ਸੀ, ਪਰ ਸਰਕਾਰ ਨੂੰ ਭੰਬਲਭੂਸੇ ’ਚ ਪਾਉਣ ਹਿੱਤ ਇਸ ਨੂੰ ਲਿਖ਼ਤੀ ਨਸ਼ਰ ਇਸ ਪਰਚੇ ’ਚ ਕੀਤਾ ਗਿਆ।”

ਬੱਬਰ ਸੰਤਾ ਸਿੰਘ ਦੇ ਲਿਖਤੀ, ਇਕਬਾਲੀਆ ਬਿਆਨ ਮੁਤਾਬਿਕ, ‘ਚੁਨਾਂਚਿ 21 ਮਈ 1923 ਕੇ ਬਬਰ ਅਕਾਲੀ ਅਖਬਾਰ ਮੇਂ ਸਾਤ ਬਬਰ ਅਕਾਲੀਉਂ ਕੇ ਨਾਮ ਸ਼ਾਇਆ ਹੂਏ, ਜੋ ਇਸ ਵਕਤ ਜ਼ੈਲ ਕੇ ਸਾਤ ਆਦਮੀਉ ਕੇ ਬਗੈਰ ਕੋਈ ਵੀ ਸ਼ਖਸ ਬਬਰ ਜਥੇ ਮੇਂ ਸ਼ਾਮਲ ਨਹੀਂ ਹੂਆਂ: 1. ਭਾਈ ਕਰਮ ਸਿੰਘ ਜੀ ਐਡੀਟਰ ਪਿੰਡ ਦੌਲਤਪੁਰ ਜ਼ਿਲ੍ਹਾ ਜਲੰਧਰ 2. ਭਾਈ ਉਦੇ ਸਿੰਘ ਜੀ ਬਬਰ ਪਿੰਡ ਰਾਮਗੜ੍ਹ ਜ਼ਿਲ੍ਹਾ ਹੁਸ਼ਿਆਰਪੁਰ 3. ਭਾਈ ਧੰਨਾ ਸਿੰਘ ਜੀ ਬਬਰ ਪਿੰਡ ਬੈਹਬਲਪੁਰ ਜ਼ਿਲ੍ਹਾ ਹੁਸ਼ਿਆਰਪੁਰ 4. ਭਾਈ ਬਿਸ਼ਨ ਸਿੰਘ ਜੀ ਬਬਰ ਪਿੰਡ ਮਾਂਗਟ ਜ਼ਿਲ੍ਹਾ ਜਲੰਧਰ 5. ਭਾਈ ਦਲੀਪ ਸਿੰਘ ਜੀ ਬਬਰ ਪਿੰਡ ਧਾਮੀਆਂ ਜ਼ਿਲ੍ਹਾ ਹੁਸ਼ਿਆਰਪੁਰ 6. ਅਨੂਪ ਸਿੰਘ ਵਾਹਦਾ ਮੁਆਫ ਸਾਕਨ ਮਾਨਕੋ ਜ਼ਿਲ੍ਹਾ ਜਲੰਧਰ 7. ਮੈਂ ਖੁਦ। (ਬਾਬੂ ਸੰਤਾ ਸਿੰਘ ਹਰੀਓ ਖੁਰਦ, ਸਮਰਾਲਾ)’ (ਕਿਤਾਬ: ਬੱਬਰ ਅਕਾਲੀ ਲਹਿਰ: ਸਮਕਾਲੀ ਦਸਤਾਵੇਜ਼ ਸਫ਼ਾ : 85)

ਕਿਤਾਬ ਪੰਜਾਬ ਦੇ ਹਥਿਆਰਬੰਦ ਸੰਘਰਸ਼ ਦੀ ਰਾਸ਼ਟਰੀ ਸੁਤੰਤਰਤਾ ਅੰਦੋਲਨ ਨੂੰ ਦੇਣ’ ਦੇ ਪੰਨਾ 81 ’ਤੇ ਇਹ ਵੀ ਅੰਕਿਤ ਹੈ ਕਿ, “17 ਮਈ 1923 ਨੂੰ ਇਕ ਹੋਰ ਇਸ਼ਤਿਹਾਰ ਰੱਲੇ ਦੇ ਘਰ ਦੇ ਅੰਦਰ ਦਲਾਨ ’ਤੇ ਲੱਗਿਆ ਮਿਲਿਆ। ਇਸ ’ਤੇ ਭਾਈ ਕਰਮ ਸਿੰਘ ਦੌਲਤਪੁਰ, ਧੰਨਾ ਸਿੰਘ ਬਹਿਬਲਪੁਰ, ਭਾਈ ਊਦੇ ਸਿੰਘ ਰਾਮਗੜ੍ਹ ਝੂੰਗੀਆਂ, ਭਾਈ ਬਿਸ਼ਨ ਸਿੰਘ ਮਾਂਗਟ ਸਮੇਤ ਸੱਤ ਬੱਬਰਾਂ ਦੇ ਦਸਤਖ਼ਤ ਸਨ।”

ਹਾਂ; 13 ਪਰਚਿਆਂ ਦਾ ਜ਼ਿਕਰ ਤਾਂ ਦੋਵੇਂ ਇਤਿਹਾਸਕਾਰ ਸਾਂਝੇ ਤੌਰ ’ਤੇ ਕਰਦੇ ਹਨ, 3 ਹੋਰ ਦਾ ਜ਼ਿਕਰ ਸਿਰਫ ਡਾ. ਨਿੱਜਰ ਜੀ (ਕੁੱਲ 16) ਅਤੇ 2 ਹੋਰ ਪੇਪਰਾਂ ਦਾ ਜ਼ਿਕਰ ਸਿਰਫ ਡਾ. ਜ਼ੀਰਾ ਜੀ ਹੀ ਕਰਦੇ ਹਨ (ਕੁੱਲ 15)। ਇੰਜ: ਜੋੜ (13+3+2) ਅਠਾਰਾਂ। ਪਰ ਦੋਵਾਂ ਵੱਲੋਂ ਦਰਸਾਏ ਆਖਰੀ (ਅੰਕਿਤ 21 ਮਈ, 1923 ਵਾਲਾ) ਤੋਂ ਬਾਅਦ ਅਗਸਤ 1923 ਵਾਲੇ ਪਰਚੇ, ਜਾਣੀ 19ਵਾਂ, (ਜਿਹੜਾ ਨਿਰੋਲ ਬੱਬਰ ਕਰਮ ਸਿੰਘ ਦੌਲਤਪੁਰ ਹੁਰੀਂ, ਜਿਸ ਵਿੱਚ ਬਾਬੂ ਸੰਤਾ ਸਿੰਘ ਬੱਬਰ ਦੀ 20 ਜੂਨ, 1923 ’ਚ ਹੋਈ ਗ੍ਰਿਫਤਾਰੀ ਬਾਅਦ ਅਦਾਲਤੀ ਬਿਆਨਾਂ ਬਾਰੇ ਫੈਲੇ, ਜਾਂ ਸਰਕਾਰ ਵੱਲੋਂ ਜਾਣਬੁੱਝ ਕੇ ਫੈਲਾਏ ਭਰਮਜਾਲ ਦੀ ਸੰਦਰਭ ਟੀਕਾ ਟਿੱਪਣੀ ਵਿਸ਼ੇਸ਼ ਸੀ, ਜਾਰੀ ਕੀਤਾ ਸੀ।) ਦਾ ਜ਼ਿਕਰ ਇਹ ਇਤਿਹਾਸਕਾਰ ਨਹੀਂ ਕਰਦੇ। ਹਾਂ; ਇਸ ਇਲਾਕੇ ’ਚੋਂ ਫਿਰ ਇਹ ਛਾਪਾ ਮਸ਼ੀਨ ਫਤਿਹਪੁਰ ਕੋਠੀ ਆ ਗਈ, ਜਿੱਥੋਂ ਜੂਨ/ਜੁਲਾਈ 1923 ਨੂੰ ਫੜੀ ਗਈ। ਇਹ ਦੂਜੀ ਮਗਰੋਂ ਖ੍ਰੀਦੀ ਮਸ਼ੀਨ ਸੀ, ਜਦਕਿ ਪਹਿਲੀ ਉਸ ਵਕਤ ਹਿਆਤਪੁਰ ਸੀ, ਜਿਹੜੀ ਮਜਬੂਰੀਵੱਸ ਸ਼ੁਰੂ ਸਤੰਬਰ 1923 ਨੂੰ ਟੋਬ੍ਹੇ ’ਚ ਦਫਨ ਕਰਨੀ ਪਈ। ਮੇਰੇ ਵੱਲੋਂ ਸੰਖੇਪ ਵੇਰਵਿਆਂ ਸਮੇਤ ਪੁਸਤਕ ‘ਬੱਬਰ ਅਕਾਲੀ ਲਹਿਰ ਨੂੰ ਮੁੜ ਫਰੋਲਦਿਆਂ’ ਵਿੱਚ ਦਰਸਾਏ ਗਏ 19 ਪਰਚਿਆਂ, ਗਿਣਤੀ ਬਾਰੇ ਕੋਈ ਵੀ ਤੱਥ ਅਧਾਰਿਤ ਦਰੁਸਤੀ ਕਰ ਸਕਦਾ ਹੈ।

-ਪਰਚਾ ਉਨੀਵਾਂ; ਬਿਨਾਂ ਤਾਰੀਖ ਅਗਸਤ 1923 ਨੂੰ

ਬਾਕੀ ਸਫ਼ਾ 4 ’ਤੇ